PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

24th - 31st October 2024 • Issue No. 3053

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com



IMMIGRATION ADVICE BUREAU

SPECIALISTS ESTD 1989

FOR FREE INITIAL ADVICE

Contact: S.S.RAI

ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680

India:+91-181 5086389


## ਯੂ ਕੇ ਨੇਵੀ ਦੇ ਐਡਮਿਰਲ ਤੇ ਸੀਨੀਅਰ ਨੇਵੀ ਅਫ਼ਸਰਾਂ ਦਾ ਨੈਸ਼ਨਲ ਸਿੱਖ ਅਜਾਇਬਘਰ ਡਰਬੀ ਵਿੱਚ ਨਿੱਘਾ ਸੁਆਗਤ





















## ਕੈਨੇਡਾ ਵਿੱਚ ਸਰੀ ਦੇ ਗੁਰਦੁਆਰੇ ਅਤੇ ਖਾਲਸਾ ਸਕੂਲ ਸਰੀ ਵੱਲੋਂ ਸਿੱਖੀ ਲਈ ਕੀਤੇ ਜਾਂਦੇ ਯਤਨਾਂ ਦੀ ਸ: ਪੁਰੇਵਾਲ ਵੱਲੋਂ ਸ਼ਲਾਘਾ






Little bits for a big celebration.
Happy Diwali.
nectar prices
Nectar Price £1
Without Nectar £1.30
Cofresh Bombay mix 325g
Cofresh
BOMBAY MIX
SAVOURY INDIAN SNACK
Nectar Price £2.50
Without Nectar £3
Bikano Besan laddu 200g
BIKANO
BESAN LADDU
Nectar Price £4
Without Nectar £5
Royal Jalebi 300g
ROYAL
JALEBI
Handmade Traditional Indian Sweets
Nectar Price £1.30
Without Nectar £1.60
Jaimin Softy chakli 200g
Jaimin
SOFTY CHAKLI
Sainsbury's
Good food for all of us
18+. Nectar card/app required. Available in selected supermarkets, excludes Locals. Nectar Price products vary by store size/online. T&Cs and further exclusions apply. Cofresh Bombay mix 325g (with Nectar 31p/100g, without Nectar 40p/100g), Jaimin Softy chakli 200g (with Nectar 65p/100g, without Nectar 80p/100g), Royal Jalebi 300g (with Nectar £1.33/100g, without Nectar £1.67/100g), Bikano Besan laddu 200g (with Nectar £1.25/100g, without Nectar £1.50/100g). Prices valid until 03/11. Subject to availability. For full terms see nectar.com/nectar-prices

# ਜਿਮਨੀ ਚੋਣਾਂ ਅਕਾਲੀ ਦਲ, 'ਆਪ' ਤੇ ਕਾਂਗਰਸ ਲਈ ਹੋਂਦ ਦਾ ਸਵਾਲ

**ਖਾਸ ਖਬਰ** ○ 'ਆਪ', ਕਾਂਗਰਸ ਤੇ ਭਾਜਪਾ, ਅਕਾਲੀ ਦਲ ਮਾਨ ਨੇ ਉਮੀਦਵਾਰ ਐਲਾਨੇ ○ ਅਕਾਲੀ ਦਲ ਨੇ ਉਮੀਦਵਾਰਾਂ ਦਾ ਨਹੀਂ ਕੀਤਾ ਐਲਾਨ, ਬਾਗੀ ਨਹੀਂ ਲੜਨਗੇ ਚੋਣ ○ ਅਕਾਲੀ ਦਲ ਨੂੰ ਝਟਕਾ, ਜ਼ਿਮਨੀ ਚੋਣ ਲਈ ਸੁਖਬੀਰ ਸਿੰਘ ਬਾਦਲ ਨੂੰ ਸਿੰਘ ਸਾਹਿਬਾਨ ਵਲੋਂ ਨਹੀਂ ਮਿਲੀ ਛੋਟ





ਸੂਬੇ ਦੇ ਚਾਰ ਵਿਧਾਨ ਸਭਾ ਹਲਕਿਆਂ ਗਿੱਦੜਬਾਹਾ, ਡੇਰਾ ਬਾਬਾ ਨਾਨਕ, ਚੱਬੇਵਾਲ (ਰਾਖਵਾਂ ਹਲਕਾ) ਅਤੇ ਬਰਨਾਲਾ ਦੀ ਜ਼ਿਮਨੀ ਚੋਣ ਲਈ ਵੋਟਾਂ 13 ਨਵੰਬਰ ਨੂੰ ਪੈਣਗੀਆਂ। ਆਪ ਪਾਰਟੀ ਨੇ ਆਪਣੇ ਭਾਜਪਾ, ਅਕਾਲੀ ਦਲ ਅੰਮ੍ਰਿਤਸਰ ਅਤੇ ਕਾਂਗਰਸ ਨੇ ਆਪਣੇ ਉਮੀਦਵਾਰਾਂ ਬਾਰੇ ਐਲਾਨ ਕਰ ਦਿਤਾ ਹੈ ਹਾਲਾਂਕਿ ਸਾਰੀਆਂ ਸਿਆਸੀਆਂ ਪਾਰਟੀਆਂ ਦੇ ਆਗੂ ਜਿੱਤਣ ਦਾ ਦਾਅਵਾ ਕਰ ਰਹੇ ਹਨ ਪਰ ਇਹ ਚੋਣਾਂ ਜਿੱਥੇ ਹੁਕਮਰਾਨ ਧਿਰ ਆਪ ਪਾਰਟੀ, ਕਾਂਗਰਸ ਲਈ ਵੱਕਾਰ ਦਾ ਸਵਾਲ ਹੋਣਗੀਆਂ, ਉਥੇ ਅਕਾਲੀ ਦਲ ਦੀ ਹੋਂਦ ਦਾ ਸਵਾਲ ਹਨ। ਸਿਆਸੀ ਤੌਰ 'ਤੇ ਹਾਸ਼ੀਏ 'ਤੇ ਪੁੱਜੇ ਅਕਾਲੀ ਦਲ ਨੂੰ ਆਪਣੀ ਹੋਂਦ ਬਰਕਰਾਰ ਰੱਖਣ ਦੀ ਲੜਾਈ ਲੜਨੀ ਪਵੇਗੀ। ਹਾਲਾਂਕਿ ਸੋਸ਼ਲ ਮੀਡੀਆਂ ਵਿਚ ਅਕਾਲੀ ਦਲ ਬਾਰੇ ਜ਼ਿਮਨੀ ਚੋਣਾਂ ਨਾ ਲੜਨ ਦੀਆਂ ਖ਼ਬਰਾਂ ਵਾਇਰਲ ਹੋ ਰਹੀਆਂ ਹਨ। ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ ਵੀ ਇਹ ਫੈਸਲਾ ਨਹੀਂ ਲੈ ਸਕੀ ਹਾਲਾਂਕਿ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਬਿਕਰਮ ਸਿੰਘ ਮਜੀਠੀਆ ਦਾ ਕਹਿਣਾ ਹੈ ਕਿ ਅਕਾਲੀ ਦਲ ਜਿਮਨੀ ਚੋਣਾਂ ਲੜੇਗਾ,ਜਲਦੀ ਅਗਲੇ ਦਿਨਾਂ ਦੌਰਾਨ ਐਲਾਨ ਕਰ ਦੇਵੇਗਾ।

ਜੇ ਸ਼੍ਰੋਮਣੀ ਅਕਾਲੀ ਦਲ ਇਹ ਚੋਣਾਂ ਲੜਦਾ ਹੈ ਤਾਂ ਇਹ ਚੋਣਾਂ ਹੋਂਦ ਦੀ ਲੜਾਈ ਹੋਣਗੀਆਂ। ਅਕਾਲੀ ਦਲ ਲਗਾਤਾਰ ਦੋ ਵਾਰ ਵਿਧਾਨ ਸਭਾ ਚੋਣਾਂ ਹਾਰ ਚੁੱਕਿਆ ਹੈ ਤੇ ਲੋਕ ਸਭਾ ਚੋਣਾਂ ਵਿਚ ਪਾਰਟੀ ਦਾ ਨਤੀਜਾ ਵਧੀਆ ਨਹੀਂ ਰਿਹਾ। ਦਸ ਹਲਕਿਆਂ ਵਿਚ ਪਾਰਟੀ ਦੇ ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋਈ ਸੀ।

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨ ਨੇ ਪਾਰਟੀ ਪ੍ਰਧਾਨ ਨੂੰ ਤਨਖਾਹੀਆ ਘੋਸ਼ਿਤ ਕਰਾਰ ਦਿੱਤਾ ਹੈ ਪਰ ਹੁਣ ਤੱਕ ਕੋਈ ਸਜ਼ਾ ਨਹੀਂ ਲਗਾਈ। ਅਜਿਹੇ ਵਿਚ ਸੁਖਬੀਰ ਬਾਦਲ ਲਈ ਸਿਆਸੀ ਸਰਗਰਮੀਆਂ ਕਰਨ ਵਿਚ ਦਿੱਕਤ ਆ ਸਕਦੀ ਹੈ। ਸੁਖਬੀਰ ਬਿਨਾਂ ਅਕਾਲੀ ਦਲ ਅਧੂਰਾ ਮਹਿਸੂਸ ਕਰ ਰਿਹਾ ਹੈ।

ਅਕਾਲੀ ਦਲ ਬਾਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਅਗਵਾਈ ਵਿਚ ਪਾਰਟੀ ਦੇ ਇਕ ਉੱਚ ਪੱਧਰੀ ਵਫ਼ਦ ਨੇ ਬੀਤੇ ਦਿਨੀਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਉਨ੍ਹਾਂ ਦੇ ਨਿਵਾਸ ਅਸਥਾਨ ਵਿਖੇ ਮੁਲਾਕਾਤ ਕੀਤੀ। ਵਫ਼ਦ ਵਿਚ ਸ. ਭੂੰਦੜ ਤੋਂ ਇਲਾਵਾ ਡਾ. ਦਲਜੀਤ ਸਿੰਘ ਚੀਮਾ, ਜਥੇਦਾਰ ਗੁਲਜ਼ਾਰ ਸਿੰਘ ਰਣੀਕੇ, ਜਨਮੇਜਾ ਸਿੰਘ ਸੇਖੋਂ, ਜਥੇਦਾਰ ਹੀਰਾ ਸਿੰਘ ਗਾਬੜੀਆ, ਇਕਬਾਲ ਸਿੰਘ ਝੂੰਦਾ, ਅਰਸ਼ਦੀਪ ਸਿੰਘ ਕਲੇਰ ਆਦਿ ਸੀਨੀਅਰ ਆਗੂ ਸ਼ਾਮਿਲ ਸਨ। ਡਾ. ਦਲਜੀਤ ਸਿੰਘ ਚੀਮਾ ਕਿਹਾ ਕਿ ਸੁਖਬੀਰ ਸਿੰਘ ਬਾਦਲ ਤਨਖ਼ਾਹੀਏ ਕਰਾਰ ਦਿੱਤੇ ਜਾਣ ਤੋਂ ਬਾਅਦ ਕਰੀਬ ਪੌਣੇ ਦੋ ਮਹੀਨੇ ਤੋਂ ਘਰ ਬੈਠ ਕੇ ਸਮਾਂ ਬਤੀਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹੁਣ ਅਚਾਨਕ ਹੀ ਜ਼ਿਮਨੀ ਚੋਣਾਂ ਦਾ ਐਲਾਨ ਕਰ ਦਿੱਤਾ ਗਿਆ ਹੈ, ਮੌਜੂਦਾ ਹਾਲਾਤ ਦੇ ਮੱਦੇਨਜ਼ਰ ਤੇ ਪੰਥ ਤੇ ਪੰਜਾਬ ਦੀ ਚੜ੍ਹਦੀ ਕਲਾ ਲਈ ਪਾਰਟੀ ਦੇ ਵਰਕਰ ਤੇ ਆਗੂ ਇਹ ਚਾਹੁੰਦੇ ਹਨ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਪਾਰਟੀ ਇਨ੍ਹਾਂ ਚੋਣਾਂ ਵਿਚ ਹਿੱਸਾ ਲਵੇ।

ਉਨ੍ਹਾਂ ਕਿਹਾ ਸੀ ਕਿ ਅੱਜ ਸਿੱਖ ਪੰਥ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਅਸੀਂ ਸਰਕਾਰਾਂ ਦੇ ਜ਼ੁਲਮ ਦਾ ਟਾਕਰਾ ਕਰਨ ਲਈ ਦ੍ਰਿੜ ਹਾਂ ਅਤੇ ਸੁਖਬੀਰ ਦੇ ਮਾਮਲੇ 'ਤੇ ਜਲਦ ਫ਼ੈਸਲਾ ਲੈਣ ਲਈ ਜਥੇਦਾਰ ਸਾਹਿਬ ਨੂੰ ਅਪੀਲ ਕੀਤੀ ਹੈ।

ਪੰਜਾਬ ਦੀਆਂ ਜ਼ਿਮਨੀ ਚੋਣਾਂ ਲਈ ਸੁਖਬੀਰ ਸਿੰਘ ਬਾਦਲ ਨੂੰ ਅਕਾਲ ਤਖਤ ਵੱਲੋਂ ਕੋਈ ਛੋਟ ਨਹੀਂ ਦਿੱਤੀ ਗਈ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਕਿਹਾ ਕਿ ਤਨਖਾਹ ਪੂਰੀ ਕਰਨ ਤੱਕ ਤਨਖਾਹੀਆ ਹੀ ਰਹਿੰਦਾ ਹੈ। ਉਨ੍ਹਾਂ ਨੇ ਕਿਹਾ ਕਿ ਇਸ ਸਬੰਧੀ ਅਗਲਾ ਫੈਸਲਾ ਪੰਜ ਸਿੰਘ ਸਾਹਿਬਾਨਾਂ ਦੀ ਬੈਠਕ ਵਿਚ ਲਵਾਂਗੇ। ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਤਨਖਾਹੀਆ ਤਨਖਾਹ ਪੂਰੀ ਹੋਣ ਤੱਕ ਤਨਖਾਹੀਆ ਹੀ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਅਕਾਲ ਤਖਤ ਦੀ ਅਗਲੀ ਮੀਟਿੰਗ ਦੀਵਾਲੀ ਤੋਂ ਬਾਅਦ ਰੱਖੀ ਜਾਵੇਗੀ ਅਤੇ ਅਗਲਾ ਫੈਸਲਾ ਮੀਟਿੰਗ ਵਿੱਚ ਹੀ ਲਿਆ ਜਾਵੇਗਾ।

ਇਸੇ ਦੌਰਾਨ ਅਕਾਲੀ ਦਲ ਸੁਧਾਰ ਲਹਿਰ ਨਾਲ ਸੰਬੰਧਿਤ ਇਕ ਆਗੂ ਨੇ ਅਕਾਲੀ ਵਫ਼ਦ ਦੀ ਸਿੰਘ ਸਾਹਿਬ ਨਾਲ ਮੁਲਾਕਾਤ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਅਕਾਲੀ ਆਗੂ ਤਨਖ਼ਾਹੀਏ ਸੁਖਬੀਰ ਦੇ ਮਾਮਲੇ ਵਿਚ ਜਲਦੀ ਫ਼ੈਸਲਾ ਦੇਣ ਲਈ ਬੇਨਤੀ ਦੇ ਰੂਪ ਵਿਚ ਇਕ ਤਰ੍ਹਾਂ ਦਬਾਅ ਬਣਾਉਣ ਲਈ ਆਏ ਹਨ।

ਅਕਾਲੀ ਦਲ ਦੇ ਇਤਿਹਾਸ ਵਿਚ ਪਹਿਲੀ ਵਾਰ ਹੈ ਕਿ ਪਾਰਟੀ ਪ੍ਰਧਾਨ ਤਨਖਾਹੀਆ ਘੋਸ਼ਿਤ ਹੋਵੇ ਉਪਰੋਂ ਚੋਣਾਂ ਦਾ ਬਿਗਲ ਵੱਜ ਗਿਆ ਹੋਵੇ।

ਦੂਜੇ ਪਾਸੇ ਅਕਾਲੀ ਦਲ ਸੁਧਾਰ ਲਹਿਰ ਦੇ ਆਗੂ ਚਰਨਜੀਤ ਸਿੰਘ ਬਰਾੜ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਸੁਧਾਰ ਲਹਿਰ ਜ਼ਿਮਨੀ ਚੋਣਾਂ ਵਿਚ ਹਿੱਸਾ ਨਹੀਂ ਲਵੇਗੀ।

ਬਾਕੀ ਹਿਸਾ ਸਫ਼ਾ 4 ਤੇ ਪੜ੍ਹੋ

## ਸਾਬਕਾ ਕਾਂਗਰਸੀ ਵਿਧਾਇਕ ਦਲਵੀਰ ਸਿੰਘ ਗੋਲਡੀ ਛਡ ਸਕਦੇ ਨੇ 'ਆਪ' ਪਾਰਟੀ



ਧੂਰੀ-ਹਲਕਾ ਧੂਰੀ ਤੋਂ ਕਾਂਗਰਸ ਪਾਰਟੀ ਦੇ ਰਹਿ ਚੁੱਕੇ ਵਿਧਾਇਕ ਅਤੇ ਲੰਘੀਆਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਦੀ ਹਾਜ਼ਰੀ ਵਿਚ ਆਪ ਪਾਰਟੀ ਵਿਚ ਸ਼ਾਮਿਲ ਹੋਣ ਵਾਲੇ ਦਲਵੀਰ ਸਿੰਘ ਗੋਲਡੀ ਨੇ ਦਿਲੋਂ ਆਪ ਪਾਰਟੀ ਤੋਂ ਦੂਰੀ ਬਣਾ ਲਈ ਜਾਪਦੀ ਹੈ ਜਦੋਂਕਿ ਅਜੇ ਤੱਕ ਉਨ੍ਹਾਂ ਨੇ ਸਪੱਸ਼ਟ ਤੌਰ ਉੱਤੇ ਪਾਰਟੀ ਛੱਡਣ ਬਾਰੇ ਕੋਈ ਇਸ਼ਾਰਾ ਨਹੀਂ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸਿਆਸਤ ਦੇ ਖੇਤਰ ਵਿਚ ਪਿਤਾ ਪੁਰਖੀ ਤਜਰਬਾ ਨਾ ਹੋਣ ਕਾਰਨ ਉਨ੍ਹਾਂ ਨੂੰ ਆਪਣੇ ਫ਼ੈਸਲਿਆਂ 'ਤੇ ਖ਼ੁਦ ਹੀ ਚਿੰਤਨ ਕਰਨਾ ਪੈ ਰਿਹਾ ਹੈ ਤੇ ਮੈਨੂੰ ਕਾਂਗਰਸ ਪਾਰਟੀ ਛੱਡ ਕੇ ਨੁਕਸਾਨ ਹੋਇਆ ਹੈ। ਉਨ੍ਹਾਂ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਵਿਚ ਆਪਣੇ ਮਿੱਤਰ ਹੋਣ ਦੀ ਗੱਲ ਕਬੂਲਦਿਆਂ ਕਿਹਾ ਕਿ ਮੈਂ ਹਲਕੇ ਧੂਰੀ ਨੂੰ ਸਮਰਪਿਤ ਹਾਂ, ਮੈਂ ਕਦੀ ਕੋਈ ਹੋਰ ਜਗ੍ਹਾ ਤੋਂ ਟਿਕਟ ਨਹੀਂ ਮੰਗੀ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਧੂਰੀ ਤੋਂ ਹੀ ਚੋਣ ਲੜਾਂਗਾ ਪ੍ਰੰਤੂ ਕਿਹੜੀ ਪਾਰਟੀ ਵਲੋਂ ਲੜਨਗੇ ਸਪੱਸ਼ਟ ਨਹੀਂ ਕੀਤਾ। ਜੇਕਰ ਇਹ ਮੁਕਾਬਲਾ ਮੁੱਖ ਮੰਤਰੀ ਨਾਲ ਵੀ ਹੋਇਆ ਤਾਂ ਆਪਣੇ ਲੋਕਤੰਤਰ ਹੱਕ ਅਨੁਸਾਰ ਚੋਣ ਲੜਨਾ ਯਕੀਨੀ ਬਣਾਉਣਗੇ। ਕਾਂਗਰਸ ਪਾਰਟੀ ਵਿਚ ਘਰ ਵਾਪਸੀ ਬਾਰੇ ਉਨ੍ਹਾਂ ਕਿਹਾ ਕਿ ਅਜੇ ਇਹ ਫ਼ੈਸਲਾ ਇਕੱਲੇ ਲੈਣ ਵਾਲਾ ਨਹੀਂ ਹੈ। ਜ਼ਿਕਰਯੋਗ ਹੈ ਕਿ ਗੋਲਡੀ ਵਲੋਂ ਅਜੇ ਪੂਰੀ ਤਰ੍ਹਾਂ ਭਾਵੇ ਆਪ ਪਾਰਟੀ ਨੂੰ ਅਲਵਿਦਾ ਕਹਿਣ ਦੀ ਗੱਲ ਵੀ ਨਹੀਂ ਕੀਤੀ ਪ੍ਰੰਤੂ ਸਿਆਸੀ ਮਾਹਿਰਾਂ ਅਨੁਸਾਰ ਉਹ ਆਉਣ ਵਾਲੇ ਸਮੇਂ ਵਿਚ ਉਹ ਕਿਸੇ ਨਵੀਂ ਸਿਆਸੀ ਪਾਰਟੀ ਵਿਚ ਜਾ ਸਕਦੇ ਹਨ।


## ਦੀਵਾਲੀ ਵਿਸ਼ੇਸ਼ ਅੰਕ ਅਗਲੇ ਹਫ਼ਤੇ

ਬੰਦੀਛੋੜ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਬੰਦੀਛੋੜ ਦਿਵਸ ਅਤੇ ਦੀਵਾਲੀ ਮੌਕੇ ਪੰਜਾਬ ਟਾਈਮਜ਼ ਵੱਲੋਂ 'ਦੀਵਾਲੀ' ਵਿਸ਼ੇਸ਼ ਅੰਕ (31 ਅਕਤੂਬਰ) ਨੂੰ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਅੰਕ ਵਿਚ ਪ੍ਰਸਿੱਧ ਲੇਖਕਾਂ ਦੀਆਂ ਰਚਨਾਵਾਂ, ਲੇਖ, ਕਹਾਣੀਆਂ, ਕਵਿਤਾਵਾਂ ਆਦਿ ਛਾਪੀਆਂ ਜਾ ਰਹੀਆਂ ਹਨ। ਇਸ ਅੰਕ ਵਿਚ ਕਾਫ਼ੀ ਰੰਗਦਾਰ ਸਫ਼ੇ ਹੋਣਗੇ। ਪਹਿਲਾਂ ਆਉਣ ਵਾਲੇ ਇਸ਼ਤਿਹਾਰਾਂ ਨੂੰ ਪਹਿਲ ਦਿੱਤੀ ਜਾਵੇਗੀ। ਪਾਠਕ ਅਤੇ ਪੇਪਰ ਵਿਕਰੇਤਾ ਆਪਣੀਆਂ ਵਾਧੂ ਕਾਪੀਆਂ ਹੁਣੇ ਬੁੱਕ ਕਰਵਾ ਲੈਣ। ਵਿਸ਼ੇਸ਼ ਅੰਕ ਆਮ ਨਾਲੋਂ ਵੱਧ ਗਿਣਤੀ ਵਿੱਚ ਛਾਪਿਆ ਜਾਂਦਾ ਹੈ। ਤੁਹਾਡੇ ਲਈ ਇਹ ਵਧੀਆ ਮੌਕਾ ਹੈ, ਪੇਪਰ ਦੇ ਨਾਲ ਇੰਟਰਨੈਟ 'ਤੇ ਵੀ ਛਪੇਗਾ। ਇਸ ਅੰਕ ਵਿੱਚ ਬਹੁਤ ਸਾਰੇ ਗੁਰੂ ਘਰਾਂ ਦੇ ਪ੍ਰੋਗਰਾਮ ਵੀ ਛਾਪੇ ਜਾਂਦੇ ਹਨ। ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:

**Office: 01332-372 851/ WhatsApp Number 07966 388 388**
**Email:panjabtimes@aol.com / www.panjabtimes.uk**

### 3 ਸਫ਼ੇ ਦੀ ਬਾਕੀ

ਹੁਕਮਰਾਨ ਧਿਰ 'ਆਪ' ਲਈ ਵੱਡੀ ਚੁਣੌਤੀ ਇਸ ਕਰਕੇ ਹੈ ਕਿਉਂਕਿ ਬਰਨਾਲਾ ਹਲਕੇ ਵਿਚ ਪਾਰਟੀ ਨੇ ਲਗਾਤਾਰ ਦੋ ਵਾਰ ਜਿੱਤ ਹਾਸਲ ਕੀਤੀ ਹੈ। ਇਸੇ ਤਰ੍ਹਾਂ ਚੱਬੇਵਾਲ ਤੋਂ ਡਾ. ਰਾਜ ਕੁਮਾਰ ਚੱਬੇਵਾਲ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਚੁੱਕੇ ਹਨ। 'ਆਪ' ਨੇ ਚੱਬੇਵਾਲ ਦੇ ਬੇਟੇ ਇਸ਼ਾਨ ਚੱਬੇਵਾਲ ਨੂੰ ਉਮੀਦਵਾਰ ਬਣਾਇਆ ਹੈ।

ਜਦਕਿ ਬਰਨਾਲਾ ਵਿਧਾਨ ਸਭਾ ਹਲਕੇ ਤੋਂ ਹਰਿੰਦਰ ਸਿੰਘ ਧਾਲੀਵਾਲ ਨੂੰ ਉਮੀਦਵਾਰ ਬਣਾਇਆ ਗਿਆ ਹੈ।ਇਸੇ ਲੜੀ ਵਿਚ ਗਿੱਦੜਬਾਹਾ ਹਲਕੇ ਤੋਂ ਹਰਦੀਪ ਸਿੰਘ ਡਿੰਪੀ ਢਿੱਲੋਂ ਨੂੰ ਉਮੀਦਵਾਰ ਬਣਾਇਆ ਗਿਆ ਹੈ।

ਜ਼ਿਕਰਯੋਗ ਹੈ ਕਿ ਉਕਤ ਚਾਰੇ ਵਿਧਾਨ ਸਭਾ ਹਲਕੇ ਦੀਆਂ ਸੀਟਾਂ ਸੁਖਜਿੰਦਰ ਸਿੰਘ ਰੰਧਾਵਾ, ਗੁਰਮੀਤ ਸਿੰਘ ਮੀਤ ਹੇਅਰ, ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਰਾਜ ਕੁਮਾਰ ਚੱਬੇਵਾਲ ਸੰਸਦ ਮੈਂਬਰ ਬਣ ਜਾਣ 'ਤੇ ਖ਼ਾਲੀ ਹੋਈਆਂ ਸਨ। ਜ਼ਿਮਨੀ ਚੋਣਾਂ 13 ਨਵੰਬਰ ਨੂੰ ਕਰਵਾਈਆਂ ਜਾਣਗੀਆਂ, ਜਦਕਿ ਨਤੀਜੇ 23 ਨਵੰਬਰ ਨੂੰ ਐਲਾਨੇ ਜਾਣਗੇ 'ਆਪ' 'ਤੇ ਇਨ੍ਹਾਂ ਦੋਵਾਂ ਸੀਟਾਂ ਉਤੇ ਜਿੱਤ ਬਰਕਰਾਰ ਰੱਖਣ ਦਾ ਦਬਾਅ ਰਹੇਗਾ, ਉਥੇ ਗਿੱਦੜਬਾਹਾ ਤੇ ਡੇਰਾ ਬਾਬਾ ਨਾਨਕ ਵਿਖੇ ਕਾਂਗਰਸ ਦੇ ਕਿਲ੍ਹੇ ਨੂੰ ਤੋੜਨ ਲਈ ਵੱਡੀ ਮਿਹਨਤ ਕਰਨੀ ਪਵੇਗੀ। ਇਨ੍ਹਾਂ ਹਲਕਿਆਂ ਤੋਂ ਕ੍ਰਮਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਸੁਖਜਿੰਦਰ ਸਿੰਘ ਰੰਧਾਵਾ ਲਗਾਤਾਰ ਤਿੰਨ-ਤਿੰਨ ਵਾਰ ਚੋਣ ਜਿੱਤ ਚੁੱਕੇ ਹਨ। ਵੜਿੰਗ ਪੰਜਾਬ ਕਾਂਗਰਸ ਦੇ ਪ੍ਰਧਾਨ ਹਨ ਤੇ ਸੁਖਜਿੰਦਰ ਰੰਧਾਵਾ ਉਪ ਮੁੱਖ ਮੰਤਰੀ ਰਹਿ ਚੁੱਕੇ ਹਨ। ਇਹੀ ਨਹੀਂ ਕਾਂਗਰਸ ਲਈ ਵੀ ਡੇਰਾ ਬਾਬਾ ਨਾਨਕ, ਚੱਬੇਵਾਲ ਤੇ ਗਿੱਦੜਬਾਹਾ ਦੀ ਸੀਟ 'ਤੇ ਮੁੜ ਜਿੱਤਣ ਦਾ ਦਬਾਅ ਬਰਕਰਾਰ ਰਹੇਗਾ।ਪੰਜਾਬ ਦੀਆਂ 4 ਵਿਧਾਨ ਸਭਾ ਸੀਟਾਂ 'ਤੇ ਹੋਣ ਵਾਲੀਆਂ ਜ਼ਿਮਨੀ ਚੋਣਾਂ ਲਈ ਕਾਂਗਰਸ ਨੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਕਾਂਗਰਸ ਨੇ ਆਪਣੀ ਸੂਚੀ ਵਿਚ ਦੋ ਸੀਟਾਂ 'ਤੇ ਆਪਣੇ ਪੁਰਾਣੇ ਵਿਧਾਇਕਾਂ, ਜੋ ਸੰਸਦ ਮੈਂਬਰ ਬਣ ਚੁੱਕੇ ਹਨ, ਦੀਆਂ ਪਤਨੀਆਂ ਨੂੰ ਮੈਦਾਨ ਵਿਚ ਉਤਾਰਿਆ ਹੈ। ਇਸ ਦੇ ਨਾਲ ਹੀ ਦੋ ਸੀਟਾਂ 'ਤੇ ਨਵੇਂ ਚਿਹਰੇ ਮੈਦਾਨ ਵਿਚ ਹਨ।

ਦਰਅਸਲ, ਗਿੱਦੜਬਾਹਾ ਤੋਂ ਪਹਿਲਾਂ ਅਮਰਿੰਦਰ ਸਿੰਘ ਰਾਜਾ ਵੜਿੰਗ ਵਿਧਾਇਕ ਸਨ। ਉਨ੍ਹਾਂ ਨੇ ਲੋਕ ਸਭਾ ਚੋਣਾਂ ਜਿੱਤਣ ਤੋਂ ਬਾਅਦ ਆਪਣੀ ਸੀਟ ਛੱਡ ਦਿੱਤੀ ਸੀ। ਹੁਣ ਕਾਂਗਰਸ ਨੇ ਉਨ੍ਹਾਂ ਦੀ ਪਤਨੀ ਅੰਮ੍ਰਿਤਾ ਵੜਿੰਗ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ। ਇਸ ਤੋਂ ਪਹਿਲਾਂ ਸੁਖਜਿੰਦਰ ਸਿੰਘ ਰੰਧਾਵਾ ਖੁਦ ਡੇਰਾ ਬਾਬਾ ਨਾਨਕ ਸੀਟ ਤੋਂ ਵਿਧਾਇਕ ਸਨ। ਉਨ੍ਹਾਂ ਨੇ ਸੰਸਦ ਮੈਂਬਰ ਬਣਨ ਤੋਂ ਬਾਅਦ ਆਪਣਾ ਅਹੁਦਾ ਛੱਡ ਦਿੱਤਾ ਸੀ। ਹੁਣ ਕਾਂਗਰਸ ਨੇ ਜ਼ਿਮਨੀ ਚੋਣਾਂ ਵਿੱਚ ਉਨ੍ਹਾਂ ਦੀ ਪਤਨੀ ਜਤਿੰਦਰ ਕੌਰ ਨੂੰ ਟਿਕਟ ਦਿੱਤੀ ਹੈ।

ਕਾਂਗਰਸ ਨੇ ਬਰਨਾਲਾ ਤੋਂ ਕੁਲਦੀਪ ਸਿੰਘ ਉਰਫ਼ ਕਾਲਾ ਢਿੱਲੋਂ ਨੂੰ ਉਮੀਦਵਾਰ ਬਣਾਇਆ ਹੈ। ਕਾਲਾ ਢਿੱਲੋਂ ਲੰਬੇ ਸਮੇਂ ਤੋਂ ਇਲਾਕੇ ਵਿੱਚ ਕਾਂਗਰਸ ਲਈ ਕੰਮ ਕਰ ਰਹੇ ਹਨ। ਇਸ ਸਮੇਂ ਉਹ ਬਰਨਾਲਾ ਕਾਂਗਰਸ ਦੇ ਪ੍ਰਧਾਨ ਵਜੋਂ ਸੇਵਾ ਨਿਭਾਅ ਰਹੇ ਸਨ। ਸੂਬਾ ਕਾਂਗਰਸ ਵਿੱਚ ਉਨ੍ਹਾਂ ਦਾ ਚੰਗਾ ਪ੍ਰਭਾਵ ਹੈ।

ਜਦਕਿ ਚੱਬੇਵਾਲ ਤੋਂ ਕਾਂਗਰਸ ਨੇ ਰਣਜੀਤ ਸਿੰਘ ਨੂੰ ਟਿਕਟ ਦਿੱਤੀ ਹੈ। ਪੇਸ਼ੇ ਤੋਂ ਵਕੀਲ ਰਣਜੀਤ ਕੁਮਾਰ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਹਨ। ਰਣਜੀਤ ਨੇ ਬਸਪਾ ਦੀ ਟਿਕਟ 'ਤੇ ਵਿਧਾਨ ਸਭਾ ਚੋਣ ਲੜੀ ਸੀ। ਰਣਜੀਤ ਕਰੀਬ ਇੱਕ ਹਫ਼ਤਾ ਪਹਿਲਾਂ ਚੰਡੀਗੜ੍ਹ ਵਿੱਚ ਸਾਬਕਾ ਮੰਤਰੀ ਸੁੰਦਰ ਸ਼ਿਆਮ ਅਰੋੜਾ ਰਾਹੀਂ ਗੁਪਤ ਰੂਪ ਵਿੱਚ ਕਾਂਗਰਸ ਵਿੱਚ ਸ਼ਾਮਲ ਹੋ ਗਏ ਸਨ।

ਭਾਜਪਾ ਵੱਲੋਂ ਵੀ ਜਿਮਨੀ ਚੋਣਾਂ ਲਈ ਉਮੀਦਵਾਰਾਂ ਦੀ ਸੂਚੀ ਜਾਰੀ ਕਰ ਦਿੱਤੀ ਗਈ ਹੈ। ਮਨਪ੍ਰੀਤ ਸਿੰਘ ਬਾਦਲ ਗਿੱਦੜਬਾਹਾ ਤੋਂ ਚੋਣ ਲੜਨਗੇ। ਡੇਰਾ ਬਾਬਾ ਨਾਨਕ ਤੋਂ ਰਵੀਕਰਨ ਕਾਹਲੋਂ, ਗਿੱਦੜਬਾਹਾ ਤੋਂ ਮਨਪ੍ਰੀਤ ਬਾਦਲ ਅਤੇ ਬਰਨਾਲਾ ਤੋਂ ਕੇਵਲ ਸਿੰਘ ਢਿੱਲੋਂ ਨੂੰ ਉਮੀਦਵਾਰ ਐਲਾਨਿਆ ਗਿਆ ਹੈ। ਭਾਜਪਾ ਨੇ ਅਜੇ ਚੱਬੇਵਾਲ ਸੀਟ ਤੋਂ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਹੈ।

'ਆਪ' ਤੇ ਕਾਂਗਰਸ ਲਈ ਅਸਲ ਚੁਣੌਤੀ ਗਿੱਦੜਬਾਹਾ ਅਤੇ ਡੇਰਾ ਬਾਬਾ ਨਾਨਕ ਰਹੇਗੀ। ਬਹੁਜਨ ਸਮਾਜ ਪਾਰਟੀ ਨੇ ਵੀ ਅਜੇ ਪੱਤੇ ਨਹੀਂ ਖੋਲ੍ਹੇ।

### ਅਕਾਲੀ ਦਲ ਅੰਮ੍ਰਿਤਸਰ ਚੋਣ ਲੜੇਗਾ

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪੰਜਾਬ ਵਿੱਚ ਪੰਥਕ ਇਕੱਤਰਤਾ ਲਈ ਇੱਥੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨਾਲ ਮੀਟਿੰਗ ਕੀਤੀ। ਇਸ ਦੌਰਾਨ ਵਿਧਾਨ ਸਭਾ ਹਲਕਾ ਬਰਨਾਲਾ ਤੋਂ ਜ਼ਿਮਨੀ ਚੋਣ ਲਈ ਗੋਵਿੰਦਰ ਸਿੰਘ ਸੰਧੂ ਨੂੰ ਉਮੀਦਵਾਰ ਐਲਾਨਿਆ। ਇਹ ਐਲਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਤੇ ਹੋਰਨਾਂ ਆਗੂਆਂ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਗਿੱਦੜਬਾਹਾ, ਚੱਬੇਵਾਲ ਅਤੇ ਡੇਰਾ ਬਾਬਾ ਨਾਨਕ ਲਈ ਉਮੀਦਵਾਰਾਂ ਦਾ ਐਲਾਨ ਜਲਦ ਕੀਤਾ ਜਾਵੇਗਾ। ਇਸ ਮੌਕੇ ਸਿਮਰਨਜੀਤ ਸਿੰਘ ਮਾਨ ਤੇ ਹੋਰਨਾਂ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਸਿੱਖਾਂ ਦੀ ਆਵਾਜ਼ ਨੂੰ ਦਬਾਉਣ ਲਈ ਕੰਮ ਕਰ ਰਹੀ ਹੈ, ਜਿਸ ਵੱਲੋਂ ਪੰਥ ਦੀ ਰਾਖੀ ਕਰਨ ਵਾਲਿਆਂ ਦਾ ਕਤਲ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਥ ਦੀ ਰਾਖੀ ਲਈ ਅੱਜ ਇਕੱਠੀਆਂ ਹੋਈਆਂ ਵੱਖ-ਵੱਖ ਜਥੇਬੰਦੀਆਂ ਵੱਲੋਂ ਭਵਿੱਖ ਵਿੱਚ ਵੀ ਮੀਟਿੰਗਾਂ ਕੀਤੀਆਂ ਜਾਣਗੀਆਂ ਅਤੇ ਕੇਂਦਰ ਸਰਕਾਰ ਦੇ ਸਿੱਖ ਵਿਰੋਧੀ ਚਿਹਰੇ ਨੂੰ ਜਨਤਕ ਕੀਤਾ ਜਾਵੇਗਾ। ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਉਨ੍ਹਾਂ ਵੱਲੋਂ ਸ਼੍ਰੋਮਣੀ ਕਮੇਟੀ ਚੋਣਾਂ ਬਾਰੇ ਵੀ ਜਲਦ ਹੀ ਮੀਟਿੰਗ ਕਰਕੇ ਅਗਲਾ ਫੈਸਲਾ ਲਿਆ ਜਾਵੇਗਾ।

ਇਸ ਮੌਕੇ ਭਾਈ ਜਸਵੀਰ ਸਿੰਘ ਰੋਡੇ, ਗੁਰਦੀਪ ਸਿੰਘ ਬਠਿੰਡਾ ਪ੍ਰਧਾਨ ਸ਼ੇਰੇ ਪੰਜਾਬ ਅਕਾਲੀ ਦਲ, ਦਲ ਖਾਲਸਾ ਤੋਂ ਪਰਮਜੀਤ ਸਿੰਘ ਮੰਡ, ਕਿਸਾਨ ਵਿੰਗ ਤੋਂ ਬਲਜੀਤ ਸਿੰਘ ਭਾਊ, ਕੁਲਵਿੰਦਰ ਸਿੰਘ ਨਿਹੰਗ ਸਿੰਘ, ਪਰਵਿੰਦਰ ਸਿੰਘ ਤਲਵਾੜਾ, ਅਜੇਪਾਲ ਸਿੰਘ ਬਰਾੜ ਮਿਸ਼ਨ ਸਤਲੁਜ, ਬਲਬੀਰ ਸਿੰਘ ਕੌਮੀ ਇਨਸਾਫ ਮੋਰਚਾ ਹਾਜ਼ਰ ਸਨ।

## -ਮਾਮਲਾ ਬਾਬਾ ਸਿੱਦੀਕੀ ਦੀ ਹੱਤਿਆ ਦਾ-

# ਲਾਰੈਂਸ ਦੇ ਭਰਾ ਅਨਮੋਲ ਬਿਸ਼ਨੋਈ ਦੇ ਸਿੱਧੇ ਸੰਪਰਕ ਵਿਚ 10 ਦੋਸ਼ੀ ਹੋਏ ਗ੍ਰਿਫ਼ਤਾਰ

ਮੁੰਬਈ-ਮਹਾਰਾਸ਼ਟਰ ਦੇ ਸਾਬਕਾ ਮੰਤਰੀ ਬਾਬਾ ਸਿੱਦੀਕੀ ਦੀ ਹੱਤਿਆ ਮਾਮਲੇ ਦੀ ਜਾਂਚ ਕਰ ਰਹੀ ਮੁੰਬਈ ਕ੍ਰਾਈਮ ਬ੍ਰਾਂਚ ਨੂੰ ਪਹਿਲੀ ਵਾਰੀ ਪਤਾ ਲੱਗਾ ਹੈ ਕਿ ਸ਼ੂਟਰ ਲਾਰੈਂਸ ਬਿਸ਼ਨੋਈ ਦੇ ਭਰਾ ਅਨਮੋਲ ਬਿਸ਼ਨੋਈ ਦੇ ਸਿੱਧੇ ਸੰਪਰਕ ਵਿਚ ਸਨ। ਅਧਿਕਾਰੀਆਂ ਨੂੰ ਭਰੋਸਾ ਹੋ ਗਿਆ ਹੈ ਕਿ ਬਾਬਾ ਸਿੱਦੀਕੀ ਦੀ ਹੱਤਿਆ ਦੇ ਪਿੱਛੇ ਬਿਸ਼ਨੋਈ ਗਿਰੋਹ ਦਾ ਹੱਥ ਹੈ, ਹਾਲਾਂਕਿ ਹੱਤਿਆ ਦਾ ਕਾਰਨ ਪਤਾ ਨਹੀਂ ਲੱਗਾ। ਸ਼ੁਰੂਆਤੀ ਜਾਂਚ ਤੋਂ ਪਤਾ ਲੱਗਦਾ ਹੈ ਕਿ ਸੰਭਵ ਹੈ ਕਿ ਅਦਾਕਾਰ ਸਲਮਾਨ ਖਾਨ ਦੇ ਨਾਲ ਕਰੀਬੀ ਸਬੰਧ ਹੋਣ ਦੇ ਕਾਰਨ ਸਿੱਦੀਕੀ ਦੀ ਹੱਤਿਆ ਕੀਤੀ ਗਈ।



ਡਿਜੀਟਲ ਸਬੂਤਾਂ ਤੋਂ ਪਤਾ ਲੱਗਾ ਹੈ ਕਿ ਅਨਮੋਲ ਬਿਸ਼ਨੋਈ ਇਕ ਸ਼ੂਟਰ ਤੇ ਇਕ ਸਾਜ਼ਿਸ਼ਕਰਤਾ ਪ੍ਰਵੀਨ ਲੋਨਕਰ ਦੇ ਸੰਪਰਕ ਵਿਚ ਸੀ। ਸੰਕੇਤ ਹੈ ਕਿ ਅਨਮੋਲ ਕੈਨੇਡਾ ਤੇ ਅਮਰੀਕਾ ਤੋਂ ਮੁਲਜ਼ਮਾਂ ਦੇ ਸੰਪਰਕ 'ਚ ਸੀ। ਸੂਤਰਾਂ ਦੇ ਮੁਤਾਬਕ, ਮੁਲਜ਼ਮਾਂ ਨਾਲ ਸੰਪਰਕ ਲਈ ਇਸਤੇਮਾਲ ਕੀਤੇ ਗਏ ਕਈ ਸਨੈਪਚੈਟ ਅਕਾਊਂਟ ਦਾ ਜਾਂਚ ਕਰਨ ਵਾਲਿਆਂ ਨੂੰ ਪਤਾ ਲੱਗਾ ਹੈ। ਇਨ੍ਹਾਂ ਵਿਚੋਂ ਕੁਝ ਅਕਾਊਂਟ ਅਨਮੋਲ ਬਿਸ਼ਨੋਈ ਨਾਲ ਜੁੜੇ ਹਨ।

ਇਕ ਅਧਿਕਾਰੀ ਨੇ ਕਿਹਾ ਕਿ ਅਸੀਂ ਇਨ੍ਹਾਂ ਅਕਾਊਂਟਾਂ ਦੇ ਵੇਰਵੇ ਦੀ ਜਾਂਚ ਕਰ ਰਹੇ ਹਾਂ, ਪਰ ਸਾਨੂੰ ਯਕੀਨ ਹੈ ਕਿ ਉਨ੍ਹਾਂ 'ਚੋਂ ਇਕ ਅਕਾਊਂਟ ਬਿਸ਼ਨੋਈ ਨਾਲ ਜੁੜਿਆ ਹੈ। ਮੁਲਜ਼ਮਾਂ ਤੋਂ ਚਾਰ ਮੋਬਾਈਲ ਫੋਨ ਜ਼ਬਤ ਕੀਤੇ ਗਏ ਹਨ। ਫੋਰੈਂਸਿਕ ਰਿਪੋਰਟ ਵੀ ਮਿਲ ਗਈ ਹੈ। ਸਨੈਪਚੈਟ ਅਕਾਊਂਟਾਂ 'ਚੋਂ ਕੁਝ ਅਕਾਊਂਟ ਅਨਮੋਲ ਬਿਸ਼ਨੋਈ ਨਾਲ ਜੁੜੇ ਹਨ।

ਇਕ ਅਧਿਕਾਰੀ ਨੇ ਕਿਹਾ ਕਿ ਅਸੀਂ ਇਨ੍ਹਾਂ ਖਾਤਿਆਂ ਦੇ ਵੇਰਵੇ ਦੀ ਜਾਂਚ ਕਰ ਰਹੇ ਹਾਂ, ਪਰ ਸਾਨੂੰ ਯਕੀਨ ਹੈ ਕਿ ਉਨ੍ਹਾਂ 'ਚੋਂ ਇਕ ਅਕਾਊਂਟ ਬਿਸ਼ਨੋਈ ਨਾਲ ਜੁੜਿਆ ਹੈ। ਮੁਲਜ਼ਮਾਂ ਤੋਂ ਚਾਰ ਮੋਬਾਈਲ ਫੋਨ ਜ਼ਬਤ ਕੀਤੇ ਹਨ। ਫੋਰੈਂਸਿਕ ਰਿਪੋਰਟ ਵੀ ਮਿਲ ਗਈ ਹੈ। ਸਨੈਪਚੈਟ ਤੋਂ ਲਾਰੈਂਸ ਬਿਸ਼ਨੋਈ ਦੀ ਸਿੱਧੀ ਸ਼ਮੂਲੀਅਤ ਦੇ ਸਪਸ਼ਟ ਸਬੂਤ ਮਿਲੇ ਹਨ, ਕਿਉਂਕਿ ਜਾਂਚ 'ਚ ਉਨ੍ਹਾਂ ਦੇ ਭਰਾ ਅਨਮੋਲ ਬਿਸ਼ਨੋਈ ਦਾ ਨਾਂ ਸਾਹਮਣੇ ਆਇਆ ਹੈ।

ਕ੍ਰਾਈਮ ਬ੍ਰਾਂਚ ਨੇ ਮਾਮਲੇ 'ਚ ਹੁਣ ਤੱਕ 10 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ 'ਚ ਦੋ ਸ਼ੂਟਰ ਤੇ ਹਥਿਆਰ ਸਪਲਾਇਰ ਵੀ ਸ਼ਾਮਲ ਹਨ। ਤੀਜਾ ਸ਼ੂਟਰ ਸ਼ਿਵਕੁਮਾਰ ਗੌਤਮ ਫਰਾਰ ਹੈ। ਅਧਿਕਾਰੀਆਂ ਨੇ ਕਿਹਾ ਹੈ ਕਿ ਸ਼ੂਟਰਾਂ ਨੇ ਕਰਜਤ ਇਲਾਕੇ 'ਚ ਸਥਿਤ ਪਲਸਾਦਰੀ ਪਿੰਡ 'ਚ ਸ਼ੂਟਿੰਗ ਦਾ ਅਭਿਆਸ ਵੀ ਕੀਤਾ ਸੀ।

### ਸਲਮਾਨ ਖਾਨ 'ਤੇ ਫਾਇਰਿੰਗ ਮਾਮਲੇ 'ਚ ਮੁੱਖ ਮੁਲਜ਼ਮ ਹੈ ਅਨਮੋਲ ਬਿਸ਼ਨੋਈ

ਅਨਮੋਲ ਬਿਸ਼ਨੋਈ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਛੋਟਾ ਭਰਾ ਹੈ। ਉਹ ਆਪਣੇ ਭਰਾ ਦੇ ਗਿਰੋਹ ਨਾਲ ਜੁੜੀਆਂ ਸਰਗਰਮੀਆਂ ਸਮੇਤ ਕਈ ਅਪਰਾਧਕ ਸਰਗਮੀਆਂ ਨਾਲ ਜੁੜਿਆ ਰਿਹਾ ਹੈ। ਉਹ ਸਲਮਾਨ ਖਾਨ ਫਾਇਰਿੰਗ ਮਾਮਲੇ ਵਿਚ ਮੁੱਖ ਮੁਲਜ਼ਮਾਂ ਵਿਚੋਂ ਇਕ ਹੈ। ਰਿਕਾਰਡਿੰਗ 'ਚ ਉਸ ਨੂੰ ਸ਼ੂਟਰਾਂ ਨੂੰ ਨਿਰਦੇਸ਼ ਦਿੰਦੇ ਹੋਏ ਦਿਖਾਇਆ ਗਿਆ ਹੈ। ਮੰਨਿਆ ਜਾਂਦਾ ਹੈ ਕਿ ਅਨਮੋਲ ਵਿਦੇਸ਼ ਮੁੱਖ ਤੌਰ 'ਤੇ ਕੈਨੇਡਾ, ਅਮਰੀਕਾ ਤੇ ਪੁਰਤਗਾਲ 'ਚ ਆਪਣੇ ਭਰਾ ਦੇ ਗਿਰੋਹ ਦੀ ਮੈਨੇਜਮੈਂਟ ਕਰਦਾ ਹੈ। ਤਮਾਮ ਕੋਸ਼ਿਸ਼ਾਂ ਦੇ ਬਾਵਜੂਦ ਉਸਨੂੰ ਗ੍ਰਿਫਤਾਰ ਨਹੀਂ ਕੀਤਾ ਜਾ ਸਕਦਾ।

ਮਾਮਲਾ ਰਿਪੁਦਮਨ ਸਿੰਘ ਮਲਿਕ ਕਤਲਕਾਂਡ ਦਾ

# 2 ਦੋਸ਼ੀਆਂ ਨੇ ਅਦਾਲਤ ਵਿਚ ਕਬੂਲਿਆ ਆਪਣਾ ਗੁਨਾਹ

## ✪ ਅਸਲ ਸਾਜਿਸ਼ ਕਰਤਾ ਬਾਰੇ ਕੁਝ ਨਾ ਦੱਸਿਆ

ਵੈਨਕੂਵਰ/ਓਟਾਵਾ-ਏਅਰ ਇੰਡੀਆ ਕਨਿਸ਼ਕ ਬੰਬ ਧਮਾਕੇ ਦੇ ਮਾਮਲੇ ਵਿਚ ਬਰੀ ਕੀਤੇ ਗਏ ਰਿਪੁਦਮਨ ਸਿੰਘ ਮਲਿਕ ਦੇ ਕਤਲ ਦੇ 2 ਦੋਸ਼ੀਆਂ ਨੇ ਕੈਨੇਡਾ ਦੀ ਇਕ ਅਦਾਲਤ ਵਿਚ ਕਤਲ ਦਾ ਦੋਸ਼ ਕਬੂਲ ਕਰ ਲਿਆ ਹੈ। ਮੀਡੀਆ ਰਿਪੋਰਟਾਂ 'ਚ ਇਹ ਜਾਣਕਾਰੀ ਦਿੱਤੀ ਗਈ ਹੈ। ਟੈਨਰ ਫੌਕਸ ਅਤੇ ਜੋਸ ਲੋਪੇਜ਼ ਨੇ 75 ਸਾਲਾ ਮਲਿਕ ਦੇ ਕਤਲ ਦੇ ਮਾਮਲੇ ਦੀ ਸੁਣਵਾਈ ਦੌਰਾਨ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਵਿਚ ਆਪਣਾ ਦੋਸ਼ ਕਬੂਲ ਕਰ ਲਿਆ।

ਮੁਲਜ਼ਮਾਂ ਟੈਨਰ ਫੈਕਸ ਅਤੇ ਜੋਇਸ ਲੋਪਜ਼ ਨੂੰ ਕਤਲ ਤੋਂ ਤਿੰਨ ਮਹੀਨੇ ਬਾਅਦ ਗ੍ਰਿਫਤਾਰ ਕੀਤਾ ਗਿਆ ਸੀ ਤੇ ਉਦੋਂ ਤੋਂ ਉਹ ਹਿਰਾਸਤ ਵਿੱਚ ਹਨ। ਮਾਮਲੇ ਨੂੰ ਨੇੜੇ ਤੋਂ ਦੇਖਦੇ ਲੋਕਾਂ ਲਈ ਹੈਰਾਨੀ ਵਾਲੀ ਗੱਲ ਸੀ ਕਿ ਦੋਹਾਂ ਖਿਲਾਫ ਪਹਿਲਾ ਦਰਜਾ ਕਤਲ (ਗਿਣਮਿਥ ਕੇ ਮਾਰਨਾ) ਦੇ ਦੋਸ਼ਾਂ ਨੂੰ ਪੁਲੀਸ ਨੇ ਸੁਣਵਾਈ ਤੋਂ ਪਹਿਲਾਂ ਦੂਜੇ ਦਰਜੇ (ਅਚਾਨਕ ਕਤਲ) ਵਿਚ ਬਦਲ ਦਿੱਤਾ। ਸੁਣਵਾਈ ਦੌਰਾਨ ਦੋਵੇਂ ਦੋਸ਼ੀ ਅਦਾਲਤ ਵਿੱਚ ਇੱਕ ਦੂਜੇ ਦੇ ਗਲ਼ ਪੈ ਕੇ ਗੁੱਥਮ-ਗੁੱਥਾ ਹੋ ਗਏ, ਜਿਸ ਕਾਰਨ ਪੁਲੀਸ ਨੂੰ ਦਖਲ ਦੇਣਾ ਪਿਆ।

ਸੁਣਵਾਈ ਮੌਕੇ ਮਲਿਕ ਦੇ ਪਰਿਵਾਰਕ ਮੈਂਬਰ ਹਾਜ਼ਰ ਸਨ, ਜਿਨ੍ਹਾਂ ਨੂੰ ਦੋਸ਼ ਕਬੂਲਣ 'ਤੇ ਥੋੜ੍ਹੀ ਤਸੱਲੀ ਹੋਈ, ਪਰ ਉਹ ਚਾਹੁੰਦੇ ਹਨ ਕਿ ਦੋਹਾਂ ਦੇ ਮੂੰਹੋਂ ਇਸ ਸਚਾਈ ਵੀ ਕਢਵਾਈ ਜਾਏ ਕਿ ਉਨ੍ਹਾਂ ਨੂੰ ਇਸ ਕੰਮ ਲਈ ਫਿਰੌਤੀ ਕਿਸ ਨੇ ਦਿੱਤੀ, ਕਿਉਂਕਿ ਪੁਲੀਸ ਪਹਿਲਾਂ ਤੋਂ ਮੰਨ ਕੇ ਚੱਲ ਰਹੀ ਹੈ ਕਿ ਦੋਹੇਂ ਭਾੜੇ ਦੇ ਕਾਤਲ ਹਨ ਤੇ ਉਨ੍ਹਾਂ ਇਹ ਕਤਲ ਫਿਰੌਤੀ ਲੈ ਕੇ ਕੀਤਾ।

ਮਲਿਕ ਦਾ 14 ਜੁਲਾਈ 2022 ਨੂੰ ਬ੍ਰਿਟਿਸ਼ ਕੋਲੰਬੀਆ ਦੀ ਸਰੀ ਵਿਚ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਮਲਿਕ ਅਤੇ ਸਹਿ-ਦੋਸ਼ੀ ਅਜਾਇਬ ਸਿੰਘ ਬਾਗੜੀ ਨੂੰ 1985 ਵਿੱਚ ਹੋਏ 2 ਬੰਬ ਧਮਾਕਿਆਂ ਨਾਲ ਸਬੰਧਤ ਸਮੂਹਕ ਕਤਲ ਅਤੇ ਸਾਜ਼ਿਸ਼ ਦੇ ਦੋਸ਼ਾਂ ਤੋਂ 2005 ਵਿੱਚ ਬਰੀ ਕਰ ਦਿੱਤਾ ਗਿਆ ਸੀ। ਇਨ੍ਹਾਂ ਧਮਾਕਿਆਂ ਵਿਚ 331 ਲੋਕ ਮਾਰੇ ਗਏ ਸਨ। ਗਲੋਬਲ ਨਿਊਜ਼ ਨੇ ਰਿਪੋਰਟ ਦਿੱਤੀ ਕਿ ਫੋਕਸ ਅਤੇ ਲੋਪੇਜ਼ ਨੇ ਬੀਤੇ ਸੋਮਵਾਰ ਨੂੰ ਨਿਊ ਵੈਸਟਮਿੰਸਟਰ ਅਦਾਲਤ ਵਿੱਚ 'ਸੈਕੰਡ ਡਿਗਰੀ' ਕਤਲ ਦੇ ਦੋਸ਼ ਨੂੰ ਸਵੀਕਾਰ ਕਰ ਲਿਆ ਸੀ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ "ਅਦਾਲਤ ਨੇ ਤੱਥਾਂ 'ਤੇ ਇਕ ਸਹਿਮਤ ਬਿਆਨ ਨੂੰ ਸੁਣਿਆ, ਜਿਸ ਤੋਂ ਪਤਾ ਲੱਗਾ ਹੈ ਕਿ ਮਲਿਕ ਦਾ ਕਤਲ ਕਰਨ ਲਈ 2 ਵਿਅਕਤੀਆਂ ਨੂੰ ਸੁਪਾਰੀ ਦਿੱਤੀ ਗਈ ਸੀ। ਲੋਪੇਜ਼ ਦੀ ਵਕੀਲ, ਗਲੋਰੀਆ ਐਨਜੀ ਨੇ ਗਲੋਬਲ ਨਿਊਜ਼ ਨੂੰ ਦੱਸਿਆ ਕਿ ਸਾਨੂੰ ਸਹਿਮਤੀ ਨਾਲ ਤਿਆਰ ਕੀਤੇ ਗਏ ਤੱਥਾਂ ਤੋਂ ਪਤਾ ਲੱਗਦਾ ਹੈ ਕਿ ਕਿ ਇਸ ਅਪਰਾਧ ਨੂੰ ਅੰਜ਼ਾਮ ਦੇਣ ਲਈ ਵਿੱਤੀ ਲਾਲਚ ਦਿੱਤਾ ਗਿਆ ਸੀ।"



ਦੋਸ਼ ਕਬੂਲ ਕੀਤੇ ਜਾਣ 'ਤੇ ਜੱਜ ਉਨ੍ਹਾਂ ਲਈ ਸਜ਼ਾ ਦੇ ਮਾਮਲੇ ਵਿੱਚ ਲਿਹਾਜ਼ ਕਰਦੇ ਹਨ ਤੇ ਕੇਸ ਦੇ ਹਾਲਾਤ ਦੇ ਮੱਦੇਨਜ਼ਰ ਦਿੱਤੀ ਜਾਣ ਵਾਲੀ ਸਜ਼ਾ ਵਿਚੋਂ ਅੱਧੀ ਘਟਾ ਦਿੰਦੇ ਹਨ। ਲੰਮੀ ਅਦਾਲਤੀ ਪ੍ਰੀਕਿਰਿਆ ਘਟਾਉਣ ਤੇ ਸਮਾਂ ਬਚਾਉਣ ਲਈ ਇਹ ਵਿਵਸਥਾ ਕੀਤੀ ਗਈ ਹੋਈ ਹੈ। ਆਮ ਤੌਰ 'ਤੇ ਜੱਜ ਕੈਦ ਦੀ ਮਿਆਦ ਤੈਅ ਕਰਨ ਦੀ ਗੱਲ ਦੋਹਾਂ ਧਿਰਾਂ ਦੇ ਵਕੀਲਾਂ 'ਤੇ ਛੱਡ ਦਿੰਦੇ ਹਨ। ਅਦਾਲਤ ਨੇ ਮੁਲਜ਼ਮਾਂ ਨੂੰ ਸਜ਼ਾ ਸੁਣਾਏ ਜਾਣ ਵਾਸਤੇ 31 ਅਕਤੂਬਰ ਨੂੰ ਪੇਸ਼ ਹੋਣ ਦੇ ਹੁਕਮ ਦਿੱਤੇ ਹਨ।

ਸ਼ਹਿਰ ਦੇ ਵੱਡੇ ਕਾਰੋਬਾਰੀਆਂ ਵਿੱਚ ਗਿਣੇ ਜਾਂਦੇ ਰਿਪੁਦਮਨ ਸਿੰਘ ਮਲਿਕ ਉੱਤੇ 1985 ਵਾਲੇ ਏਅਰ ਇੰਡੀਆ ਬੰਬ ਕਾਂਡ (ਕਨਿਸ਼ਕ) ਦੀ ਸਾਜ਼ਿਸ਼ ਦੇ ਦੋਸ਼ ਲੱਗੇ ਸਨ, ਪਰ ਗਵਾਹਾਂ ਦੇ ਮੁੱਕਰਨ ਕਾਰਨ ਉਹ ਬਰੀ ਹੋ ਗਿਆ ਸੀ। ਜਹਾਜ਼ ਅੰਧ ਮਹਾਂਸਾਗਰ ਵਿੱਚ ਡਿੱਗਾ ਸੀ ਤੇ ਇਸ ਹਾਦਸੇ ਵਿੱਚ 339 ਯਾਤਰੀ ਤੇ ਅਮਲਾ ਮੈਂਬਰ ਮਾਰੇ ਗਏ ਸਨ। ਮਲਿਕ ਉਤੇ 2020 ਵਿਚ ਗੁਰੂ ਗ੍ਰੰਥ ਸਾਹਿਬ ਨੂੰ ਆਪਣੇ ਛਾਪੇਖਾਨੇ ਵਿੱਚ ਛਾਪਣ ਦੇ ਦੋਸ਼ ਲੱਗੇ ਸਨ। ਉਸੇ ਸਾਲ ਉਸ ਨੂੰ ਭਾਰਤ ਦੀ ਕਾਲੀ ਸੂਚੀ ਵਿਚੋਂ ਕੱਢਿਆ ਗਿਆ।

-ਮਾਮਲਾ ਕੋਟਕਪੂਰਾ ਗੋਲ਼ੀਕਾਂਡ ਦਾ -

# ਅਦਾਲਤ ਵਲੋਂ ਸੁਣਵਾਈ 11 ਨਵੰਬਰ ਤੱਕ ਮੁਲਤਵੀ



ਫਰੀਦਕੋਟ-2015 ਵਿਚ ਵਾਪਰੇ ਕੋਟਕਪੂਰਾ ਗੋਲ਼ੀਕਾਂਡ ਦੀ ਸੁਣਵਾਈ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਸ਼੍ਰੀ ਦਨੇਸ਼ ਕੁਮਾਰ ਵਧਵਾ ਦੀ ਅਦਾਲਤ ਵਿਚ ਹੋਈ। ਸੁਣਵਾਈ ਦੌਰਾਨ ਅਦਾਲਤ ਵਿਚ ਸਾਬਕਾ ਉੱਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ , ਸਾਬਕਾ ਡੀ. ਜੀ. ਪੀ. ਸੁਮੇਧ ਸੈਣੀ , ਡੀ. ਆਈ. ਜੀ. ਫਿਰੋਜ਼ਪੁਰ ਅਮਰ ਸਿੰਘ ਚਾਹਿਲ ਸਮੇਤ ਆਈ. ਜੀ. ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਐੱਸ. ਐੱਸ. ਪੀ. ਸੁਖਮਿੰਦਰ ਸਿੰਘ ਮਾਨ , ਮੋਗਾ ਦੇ ਸਾਬਕਾ ਐੱਸ. ਐੱਸ. ਪੀ. ਚਰਨਜੀਤ ਸ਼ਰਮਾ ਅਤੇ ਬਾਕੀ ਹੋਰ ਮੁਲਜ਼ਮਾਂ ਨੇ ਪੇਸ਼ੀ ਵੀਡੀਓ ਕਾਨਫਰੰਸ ਰਾਹੀਂ ਭੁਗਤੀ।

ਜਾਣਕਾਰੀ ਅਨੁਸਾਰ ਇਸ ਗੋਲੀਕਾਂਡ ਦੀ 'ਸਿਟ' ਪੁਲਸ ਅਧਿਕਾਰੀਆਂ ਖ਼ਿਲਾਫ਼ ਚਲਾਨ ਪੇਸ਼ ਕਰ ਚੁੱਕੀ ਹੈ, ਜਿਸ ਵਿਚ ਡੀ. ਆਈ. ਜੀ. ਫਿਰੋਜ਼ਪੁਰ ਅਮਰ ਸਿੰਘ ਚਾਹਿਲ ਵੱਲੋਂ ਮਾਣਯੋਗ ਅਦਾਲਤ ਵਿਚ ਇਕ ਅਰਜ਼ੀ ਦੇ ਕੇ ਮੰਗ ਕੀਤੀ ਸੀ ਕਿ ਉਸ ਨੂੰ ਆਪਣਾ ਪਾਸਪੋਰਟ ਰੀਨਿਊ ਕਰਵਾਉਣ ਦੀ ਆਗਿਆ ਦਿੱਤੀ ਜਾਵੇ ਕਿਉਂਕਿ ਉਸ ਦੇ ਪਾਸਪੋਰਟ ਦੀ ਮਿਆਦ ਲੰਘ ਚੁੱਕੀ ਹੈ ਅਤੇ ਕੇਸ ਚੱਲਣ ਕਾਰਨ ਇਹ ਰੀਨਿਊ ਨਹੀਂ ਹੋ ਰਿਹਾ। ਇਸ 'ਤੇ ਮਾਣਯੋਗ ਅਦਾਲਤ ਵੱਲੋਂ ਦੋਵਾਂ ਧਿਰਾਂ ਦੀ ਬਹਿਸ ਸੁਣਨ ਉਪਰੰਤ ਡੀ. ਆਈ. ਜੀ. ਚਾਹਿਲ ਨੂੰ ਪਾਸਪੋਰਟ ਰੀਨਿਊ ਕਰਨ ਦੀ ਆਗਿਆ ਦੇ ਦਿੱਤੀ ਗਈ। ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ ਹੁਣ 11 ਨਵੰਬਰ ਤੱਕ ਮੁਲਤਵੀ ਕਰ ਦਿੱਤੀ ਹੈ।

# ਨਸ਼ੇ ਲਈ ਪੈਸਾ ਨਾ ਦਿੱਤਾ ਤਾਂ ਨਸ਼ੇੜੀ ਨੇ ਆਪਣੇ ਘਰ ਨੂੰ ਲਗਾਈ ਅੱਗ



ਲੌਂਗੋਵਾਲ-ਨਸ਼ੇੜੀ ਨੌਜਵਾਨ ਨੇ ਨਸ਼ੇ ਲਈ ਪੈਸੇ ਨਾ ਮਿਲਣ 'ਤੇ ਆਪਣੇ ਘਰ ਨੂੰ ਅੱਗ ਲਾ ਕੇ ਸਾੜ ਦਿੱਤਾ। ਇਥੋਂ ਦੇ ਗਾਹੂ ਪੱਤੀ ਵਾਸੀ ਮਜ਼ਦੂਰੀ ਕਰਕੇ ਪਰਿਵਾਰ ਦਾ ਗੁਜ਼ਾਰਾ ਚਲਾਉਣ ਵਾਲੇ ਬਸ਼ੀਰ ਮੁਹੰਮਦ ਨੇ ਦੱਸਿਆ ਕਿ ਉਸ ਦਾ ਪੁੱਤਰ ਆਸਿਫ਼ ਖਾਂ ਸੀਪਾ ਲੰਮੇ ਸਮੇਂ ਤੋਂ ਨਸ਼ਾ ਕਰਦਾ ਹੈ।

ਪਹਿਲਾਂ ਵੀ ਉਹ ਘਰ ਦੀਆਂ ਚੀਜ਼ਾਂ ਚੁੱਕ ਕੇ ਵੇਚਦਾ ਰਹਿੰਦਾ ਹੈ। ਉਸ ਦਾ ਨਸ਼ਾ ਛੁਡਾਉਣ ਲਈ ਅਨੇਕਾਂ ਯਤਨ ਕੀਤੇ ਅਤੇ ਪ੍ਰਸ਼ਾਸਨ ਤੱਕ ਪਹੁੰਚ ਕੀਤੀ ਅਤੇ ਥਾਣੇ ਵੀ ਗਏ। ਨਾ ਤਾਂ ਪ੍ਰਸਾਸ਼ਨ ਨੇ ਕੋਈ ਮਦਦ ਕੀਤੀ ਅਤੇ ਨਾ ਹੀ ਕਿਸੇ ਸੰਸਥਾ ਨੇ ਉਨ੍ਹਾਂ ਦੀ ਬਾਂਹ ਫੜੀ। ਉਸ ਨੇ ਦੱਸਿਆ ਕਿ ਸੀਪੇ ਨੇ ਆਪਣੀ ਮਾਤਾ ਤੋਂ ਨਸ਼ੇ ਦੀ ਪੂਰਤੀ ਲਈ ਪੰਜ ਹਜ਼ਾਰ ਰੁਪਏ ਮੰਗੇ। ਪੈਸੇ ਨਾ ਦੇਣ 'ਤੇ ਉਸ ਨੇ ਘਰ ਨੂੰ ਅੱਗ ਲਾਉਣ ਦੀ ਚਿਤਾਵਨੀ ਦਿੱਤੀ। ਉਨ੍ਹਾਂ ਸੀਪੇ ਦੀ ਗੱਲ ਨੂੰ ਗੰਭੀਰਤਾ ਨਾਲ ਨਾ ਲਿਆ ਅਤੇ ਘਰ ਦੇ ਸਾਰੇ ਜੀਅ ਆਪਣੇ ਕੰਮ 'ਤੇ ਚਲੇ ਗਏ।

ਬਾਅਦ ਵਿੱਚ ਗੁਆਂਢੀਆਂ ਰਾਹੀਂ ਘਰ ਨੂੰ ਅੱਗ ਲੱਗਣ ਬਾਰੇ ਪਤਾ ਲੱਗਿਆ, ਜਦੋਂ ਉਹ ਘਰ ਆਏ ਤਾਂ ਘਰ ਦਾ ਸਾਰਾ ਸਾਮਾਨ ਸੜ ਕੇ ਸਵਾਹ ਹੋ ਚੁੱਕਿਆ ਸੀ। ਬਸ਼ੀਰ ਮੁਹੰਮਦ ਨੇ ਦੱਸਿਆ ਕਿ ਉਸ ਦਾ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ। ਇਸ ਸਬੰਧ ਵਿਚ ਪਰਿਵਾਰ ਨੇ ਥਾਣਾ ਲੌਂਗੋਵਾਲ ਦੇ ਪੁਲੀਸ ਅਧਿਕਾਰੀਆਂ ਨੂੰ ਸੂਚਿਤ ਕਰ ਦਿੱਤਾ ਹੈ। ਘਰ ਨੂੰ ਅੱਗ ਲਾਉਣ ਤੋਂ ਬਾਅਦ ਆਸਿਫ਼ ਖਾਂ ਸੀਪਾ ਫ਼ਰਾਰ ਹੋ ਗਿਆ।

### -ਮਾਮਲਾ ਭਾਈ ਹਰਪ੍ਰੀਤ ਸਿੰਘ ਹਰੀ ਨੌਂ ਕਤਲ ਕਾਂਡ ਦਾ-

# ਦੋਸ਼ੀਆਂ ਖ਼ਿਲਾਫ਼ ਸੰਗਠਿਤ ਅਪਰਾਧ ਦੇ ਦੋਸ਼ਾਂ ਦਾ ਵਾਧਾ

## ਕੈਨੇਡਾ ਰਹਿੰਦੇ ਗੈਂਗਸਟਰ ਅਰਸ਼ ਡੱਲਾ ਮੁਲਜ਼ਮ ਵਜੋਂ ਨਾਮਜ਼ਦ



ਫਰੀਦਕੋਟ-ਜ਼ਿਲ੍ਹੇ ਦੇ ਪਿੰਡ ਹਰੀ ਨੌਂ ਵਿੱਚ ਦੋ ਹਫਤੇ ਪਹਿਲਾਂ ਕਤਲ ਕੀਤੇ ਗਏ ਭਾਈ ਹਰਪ੍ਰੀਤ ਸਿੰਘ ਹਰੀ ਨੌਂ ਦੇ ਕਤਲ ਮਾਮਲੇ ਵਿੱਚ ਪੁਲੀਸ ਨੇ ਮੁਲਜ਼ਮਾਂ ਖ਼ਿਲਾਫ਼ ਸੰਗਠਿਤ ਅਪਰਾਧ ਦੇ ਦੋਸ਼ਾਂ ਦਾ ਵਾਧਾ ਕਰ ਦਿੱਤਾ ਹੈ। ਸੂਚਨਾ ਅਨੁਸਾਰ ਪੁਲੀਸ ਨੇ ਐੱਫਆਈਆਰ ਵਿੱਚ ਬੀਐੱਨਐੱਸ ਦੀ ਧਾਰਾ 111 ਦਾ ਵਾਧਾ ਕੀਤਾ ਹੈ, ਜਿਸ ਤਹਿਤ ਮੁਲਜ਼ਮਾਂ ਨੂੰ ਉਮਰ ਕੈਦ ਤੇ 1 ਲੱਖ ਰੁਪਏ ਤੋਂ ਵੱਧ ਦਾ ਜ਼ੁਰਮਾਨਾ ਹੋ ਸਕਦਾ ਹੈ।

ਜ਼ਿਲ੍ਹਾ ਪੁਲੀਸ ਨੇ ਗੁਰਪ੍ਰੀਤ ਹਰੀ ਨੌਂ ਕਤਲ ਕਾਂਡ ਵਿੱਚ ਹੁਣ ਤੱਕ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਤੋਂ ਇਲਾਵਾ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਅਤੇ ਕੈਨੇਡਾ ਰਹਿੰਦੇ ਗੈਂਗਸਟਰ ਅਰਸ਼ ਡੱਲਾ ਮੁਲਜ਼ਮ ਵਜੋਂ ਨਾਮਜ਼ਦ ਕੀਤੇ ਗਏ ਸਨ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੂੰ ਪੁਲੀਸ ਨੇ ਰਿਮਾਂਡ 'ਤੇ ਲੈ ਕੇ ਪੁੱਛ ਪੜਤਾਲ ਕੀਤੀ ਹੈ ਅਤੇ ਉਸ ਤੋਂ ਬਾਅਦ ਸੰਗਠਿਤ ਅਪਰਾਧ ਦੇ ਦੋਸ਼ਾਂ ਦਾ ਵਾਧਾ ਕੀਤਾ ਗਿਆ ਹੈ। ਹਾਲਾਂਕਿ ਜ਼ਿਲ੍ਹਾ ਪੁਲੀਸ ਨੇ ਦੋਸ਼ਾਂ ਵਿੱਚ ਕੀਤੇ ਗਏ ਵਾਧੇ ਬਾਰੇ ਜਾਣਕਾਰੀ ਦੇਣ ਤੋਂ ਇਨਕਾਰ ਕੀਤਾ ਹੈ। ਪੁਲੀਸ ਇਸ ਮਾਮਲੇ ਵਿੱਚ ਹੁਣ ਤੱਕ ਦੋ ਦਰਜਨ ਤੋਂ ਵੱਧ ਮਸ਼ਕੂਕਾਂ ਤੋਂ ਪੁੱਛ ਪੜਤਾਲ ਕਰ ਰਹੀ ਹੈ। ਪੁਲੀਸ ਨੇ ਵਾਰਦਾਤ ਲਈ ਵਰਤਿਆ ਮੋਟਰਸਾਈਕਲ ਬਰਾਮਦ ਕਰ ਲਿਆ ਹੈ ਅਤੇ ਗੋਲੀਆਂ ਮਾਰਨ ਵਾਲੇ ਸ਼ੂਟਰਾਂ ਦੇ ਸਕੈਚ ਵੀ ਜਾਰੀ ਕੀਤੇ ਹਨ। ਪੁਲੀਸ ਨੇ ਹਰੀ ਨੌਂ ਕਤਲ ਕਾਂਡ 'ਚ ਦਰਜ ਕੀਤੀ ਗਈ ਡੀਡੀਆਰ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਫੜੇ ਗਏ ਮੁਲਜ਼ਮਾਂ ਤੋਂ ਅਹਿਮ ਸਬੂਤ ਮਿਲੇ ਹਨ। ਉਨ੍ਹਾਂ ਦੇ ਆਧਾਰ 'ਤੇ ਹੀ ਮੁਕੱਦਮੇ ਵਿੱਚ ਦੋਸ਼ਾਂ ਦਾ ਵਾਧਾ ਕੀਤਾ ਗਿਆ ਹੈ। ਇਸੇ ਦਰਮਿਆਨ ਪਤਾ ਲੱਗਾ ਹੈ ਕਿ ਗੁਰਪ੍ਰੀਤ ਹਰੀ ਨੌਂ ਦੇ ਕਤਲ ਕਾਂਡ ਵਿੱਚ ਇੱਕ ਫੌਜੀ ਜਵਾਨ ਬਿਲਾਲ ਅਹਿਮਦ ਵਾਸੀ ਹਰੀ ਨੌਂ ਤੇ ਇੱਕ ਵਿਦੇਸ਼ ਰਹਿੰਦਾ ਨੌਜਵਾਨ ਕਰਮਵੀਰ ਸਿੰਘ ਗੋਰਾ ਵੀ ਸ਼ਾਮਲ ਹੈ, ਜਿਨ੍ਹਾਂ ਦਾ ਸਬੰਧ ਫਰੀਦਕੋਟ ਨਾਲ ਹੈ। ਇਨ੍ਹਾਂ ਦੋਹਾਂ ਮੁਲਜ਼ਮਾਂ ਨੇ ਕਤਲ ਤੋਂ ਪਹਿਲਾਂ ਗੁਰਪ੍ਰੀਤ ਸਿੰਘ ਦੇ ਆਉਣ ਜਾਣ, ਰਹਿਣ ਅਤੇ ਘੁੰਮਣ ਫਿਰਨ ਬਾਰੇ ਜਾਣਕਾਰੀ ਇਕੱਤਰ ਕੀਤੀ ਸੀ। ਪੁਲੀਸ ਵੱਲੋਂ ਹੁਣ ਅੰਮ੍ਰਿਤਪਾਲ ਸਿੰਘ 'ਤੇ ਲੱਗੇ ਦੋਸ਼ ਵਾਪਸ ਲੈ ਲਏ ਹਨ ।

### ਲਓ ਜੀ ਭਗਵਿਆਂ ਦਾ ਦਿਮਾਗ ਹਿਲਿਆ

# ਲਾਰੈਂਸ ਬਿਸ਼ਨੋਈ ਭਗਵਿਆਂ ਦਾ ਸ਼ਹੀਦ ਭਗਤ ਸਿੰਘ

## ✪ ਉੱਤਰੀ ਭਾਰਤੀ ਵਿਕਾਸ ਸੈਨਾ ਵਲੋਂ ਬਿਸ਼ਨੋਈ ਨੂੰ ਚੋਣ ਲੜਨ ਦੀ ਪੇਸ਼ਕਸ਼..



ਮੁੰਬਈ-ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਲਈ ਮਾਹੌਲ ਗਰਮਾ ਗਿਆ ਹੈ। ਅਜਿਹੇ ਵਿੱਚ ਇੱਕ ਪਾਰਟੀ ਦਾ ਗੈਂਗਸਟਰ ਲਾਰੈਂਸ ਬਿਸ਼ਨੋਈ ਬਾਰੇ ਅਜੀਬ ਬਿਆਨ ਸਾਹਮਣੇ ਆਇਆ ਹੈ। ਇਸ ਪਾਰਟੀ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੀਆਂ ਤਾਰੀਫਾਂ ਦੇ ਪੁਲ ਬੰਨ੍ਹਦਿਆਂ ਉਸ ਨੂੰ ਚੋਣ ਲੜਨ ਦੀ ਪੇਸ਼ਕਸ਼ ਕੀਤੀ ਹੈ।

ਇਸ ਪਾਰਟੀ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਤੁਲਨਾ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਨਾਲ ਕੀਤੀ ਹੈ। ਪਾਰਟੀ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਸਾਡੇ ਵਰਕਰ ਤੇ ਲੀਡਰ ਉਸ ਨੂੰ ਜਿਤਾਉਣ ਦੀ ਕੋਸ਼ਿਸ਼ ਕਰਨਗੇ।

ਦਰਅਸਲ ਲਾਰੈਂਸ ਬਿਸ਼ਨੋਈ ਨੂੰ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਲੜਨ ਲਈ ਇੱਕ ਸਿਆਸੀ ਪਾਰਟੀ ਵੱਲੋਂ ਪੇਸ਼ਕਸ਼ ਮਿਲੀ ਹੈ। ਲਾਰੈਂਸ ਬਿਸ਼ਨੋਈ ਇਸ ਸਮੇਂ ਸਾਬਰਮਤੀ ਕੇਂਦਰੀ ਜੇਲ੍ਹ, ਅਹਿਮਦਾਬਾਦ ਵਿੱਚ ਬੰਦ ਹੈ।

ਉੱਤਰੀ ਭਾਰਤੀ ਵਿਕਾਸ ਸੈਨਾ ਨੇ ਉਨ੍ਹਾਂ ਨੂੰ ਚੋਣ ਲੜਨ ਦਾ ਆਫਰ ਦਿੱਤਾ ਹੈ। ਪਾਰਟੀ ਪ੍ਰਧਾਨ ਸੁਨੀਲ ਸ਼ੁਕਲਾ ਨੇ ਇਸ ਸਬੰਧੀ ਲਾਰੈਂਸ ਬਿਸ਼ਨੋਈ ਨੂੰ ਪੱਤਰ ਵੀ ਲਿਖਿਆ ਹੈ।

### ਮੁੱਖ ਮੰਤਰੀ ਮਾਨ ਸਣੇ ਸਾਰੇ ਵਿਧਾਇਕ ਅਤੇ ਮੰਤਰੀ ਹੋਣਗੇ ਸ਼ਾਮਲ

ਉੱਤਰੀ ਭਾਰਤੀ ਵਿਕਾਸ ਸੈਨਾ ਦੇ ਪ੍ਰਧਾਨ ਸੁਨੀਲ ਸ਼ੁਕਲਾ ਨੇ ਕਿਹਾ, "ਮੁੰਬਈ ਵਿਧਾਨ ਸਭਾ ਚੋਣਾਂ ਲੜਨ ਲਈ ਉੱਤਰ ਭਾਰਤੀ ਵਿਕਾਸ ਸੈਨਾ ਦੇ 4 ਉਮੀਦਵਾਰਾਂ ਦੇ ਨਾਵਾਂ ਨੂੰ ਅੰਤਿਮ ਰੂਪ ਦਿੱਤਾ ਗਿਆ ਹੈ। ਲਾਰੈਂਸ ਬਿਸ਼ਨੋਈ ਦੀ ਮਨਜ਼ੂਰੀ ਤੋਂ ਬਾਅਦ 50 ਹੋਰ ਉਮੀਦਵਾਰਾਂ ਦੀ ਸੂਚੀ ਜਾਰੀ ਕੀਤੀ ਜਾਵੇਗੀ।" ਸੁਨੀਲ ਸ਼ੁਕਲਾ ਇੱਥੇ ਹੀ ਨਹੀਂ ਰੁਕੇ, ਉਨ੍ਹਾਂ ਅੱਗੇ ਕਿਹਾ ਕਿ ਅਸੀਂ ਸ਼ਹੀਦ ਭਗਤ ਸਿੰਘ ਨੂੰ ਲਾਰੈਂਸ ਬਿਸ਼ਨੋਈ ਵਿੱਚ ਦੇਖਦੇ ਹਾਂ। ਲਾਰੈਂਸ ਨੂੰ ਲਿਖੇ ਪੱਤਰ ਵਿੱਚ ਉਨ੍ਹਾਂ ਕਿਹਾ, "ਸਾਨੂੰ ਮਾਣ ਹੈ ਕਿ ਤੁਸੀਂ ਪੰਜਾਬ ਵਿੱਚ ਪੈਦਾ ਹੋਏ ਇੱਕ ਉੱਤਰੀ ਭਾਰਤੀ ਹੋ। ਅਸੀਂ ਉੱਤਰੀ ਭਾਰਤੀ ਵਿਕਾਸ ਸੈਨਾ ਦੇ ਨਾਮ 'ਤੇ ਇੱਕ ਰਾਸ਼ਟਰੀ ਤੇ ਮਹਾਰਾਸ਼ਟਰ ਰਾਜ ਰਜਿਸਟਰਡ ਸਿਆਸੀ ਪਾਰਟੀ ਹਾਂ, ਜੋ ਉੱਤਰ ਭਾਰਤੀਆਂ ਦੇ ਹੱਕਾਂ ਲਈ ਕੰਮ ਕਰਦੀ ਹੈ।"

ਦੱਸ ਦਈਏ ਕਿ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਨਾਂ ਐਨਸੀਪੀ ਆਗੂ ਬਾਬਾ ਸਿੱਦੀਕੀ ਦੇ ਕਤਲ ਵਿੱਚ ਵੀ ਆਇਆ ਹੈ। ਮੁੰਬਈ ਪੁਲਿਸ ਵੀ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ। ਇਸ ਦੇ ਨਾਲ ਹੀ ਲਾਰੈਂਸ ਦੇ ਗੁੰਡੇ ਨੇ ਬਾਬਾ ਸਿੱਦੀਕੀ ਦੇ ਕਤਲ ਦੀ ਜ਼ਿੰਮੇਵਾਰੀ ਲਈ ਹੈ। ਅਜਿਹੇ ਵਿੱਚ ਸਿਆਸੀ ਪਾਰਟੀਆਂ ਲਾਹਾ ਲੈਣ ਦੀ ਕੋਸ਼ਿਸ਼ ਕਰ ਰਹੀਆਂ ਹਨ।

## ਦਿੱਲੀ ਵਿੱਚ ਸਕੂਲ ਨੇੜੇ ਧਮਾਕੇ ਬਾਰੇ ਪੁਲੀਸ ਅਨੁਸਾਰ ਖਾਲਿਸਤਾਨੀ ਦੋਸ਼ੀ

### ✪ ਜ਼ਿੰਮੇਵਾਰੀ ਲੈਣ ਦੇ ਲਗਾਏ ਦੋਸ਼

ਨਵੀਂ ਦਿੱਲੀ-ਕੌਮੀ ਰਾਜਧਾਨੀ ਵਿੱਚ ਕੇਂਦਰੀ ਰਿਜ਼ਰਵ ਪੁਲੀਸ ਬਲ (ਸੀਆਰਪੀਐੱਫ) ਸਕੂਲ ਨੇੜੇ ਹੋਏ ਧਮਾਕੇ ਵਿੱਚ ਸੰਭਾਵੀ ਖਾਲਿਸਤਾਨੀ ਸਬੰਧਾਂ ਦੀ ਜਾਂਚ ਕਰ ਰਹੀ ਦਿੱਲੀ ਪੁਲੀਸ ਨੇ ਧਮਾਕੇ ਦੀ ਜ਼ਿੰਮੇਵਾਰੀ ਲੈਣ ਵਾਲੀ ਜਥੇਬੰਦੀ ਬਾਰੇ ਜਾਣਕਾਰੀ ਹਾਸਲ ਕਰਨ ਲਈ ਮੈਸੇਜਿੰਗ ਐਪ ਟੈਲੀਗ੍ਰਾਮ ਨੂੰ ਪੱਤਰ ਲਿਖਿਆ ਹੈ। ਪੁਲੀਸ ਦੇ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ। ਰੋਹਿਣੀ ਦੇ ਪ੍ਰਸ਼ਾਂਤ ਵਿਹਾਰ ਇਲਾਕੇ 'ਚ ਸੀਆਰਪੀਐੱਫ ਸਕੂਲ ਨੇੜੇ ਬੀਤੀ ਸਵੇਰ ਜ਼ਬਰਦਸਤ ਧਮਾਕਾ ਹੋਇਆ ਸੀ। ਧਮਾਕੇ 'ਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਪਰ ਨੇੜਲੀਆਂ ਦੁਕਾਨਾਂ ਦੇ ਹੋਰਡਿੰਗ ਅਤੇ ਵਾਹਨਾਂ ਦੀਆਂ ਖਿੜਕੀਆਂ ਦੇ ਸ਼ੀਸ਼ੇ ਨੁਕਸਾਨੇ ਗਏ। ਘਟਨਾ ਸਬੰਧੀ ਦਰਜ ਕੀਤੀ ਐੱਫਆਈਆਰ ਵਿੱਚ ਪੁਲੀਸ ਨੇ ਘਟਨਾ ਸਥਾਨ 'ਤੇ 'ਚਿੱਟਾ ਪਾਊਡਰ ਖਿਲਰਿਆ ਮਿਲਣ' ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਧਮਾਕਾ 'ਕਿਸੇ ਅਣਜਾਣ ਧਮਾਕਾਖੇਜ਼ ਸਮੱਗਰੀ' ਕਾਰਨ ਹੋਇਆ ਸੀ। ਸੋਸ਼ਲ ਮੀਡੀਆ 'ਤੇ ਕਥਿਤ ਟੈਲੀਗ੍ਰਾਮ ਪੋਸਟ ਸਾਂਝੀ ਕੀਤੀ ਗਈ ਹੈ, ਜਿਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਹ ਧਮਾਕਾ ਭਾਰਤੀ ਏਜੰਟਾਂ ਵੱਲੋਂ ਕਥਿਤ ਤੌਰ 'ਤੇ ਖਾਲਿਸਤਾਨ ਪੱਖੀ ਵੱਖਵਾਦੀਆਂ ਨੂੰ ਨਿਸ਼ਾਨਾ ਬਣਾਏ ਜਾਣ ਦੇ ਜਵਾਬ ਵਿੱਚ ਕੀਤਾ ਗਿਆ ਹੈ। ਪੁਲੀਸ ਨੇ ਕਿਹਾ ਕਿ ਇਸ ਪੋਸਟ ਰਾਹੀਂ ਧਮਾਕੇ ਪਿੱਛੇ ਖਾਲਿਸਤਾਨ ਸਮਰਥਕ ਵੱਖਵਾਦੀਆਂ ਦੇ ਹੋਣ ਦੀ ਸੰਭਾਵਨਾ ਦਾ ਸੰਕੇਤ ਮਿਲਿਆ ਹੈ। ਉਨ੍ਹਾਂ ਕਿਹਾ, 'ਪੁਲੀਸ ਨੇ 'ਟੈਲੀਗ੍ਰਾਮ' ਨੂੰ ਪੱਤਰ ਲਿਖ ਕੇ 'ਜਸਟਿਸ ਲੀਗ ਇੰਡੀਆ' ਗਰੁੱਪ ਬਣਾਉਣ ਵਾਲੇ ਦੀ ਜਾਣਕਾਰੀ ਮੰਗੀ ਹੈ, ਜਿਸ ਦੀ ਪੋਸਟ ਵਿੱਚ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਵਾਲੇ 'ਵਾਟਰਮਾਰਕ' ਨਾਲ ਧਮਾਕੇ ਦੀ ਇੱਕ ਸੀਸੀਟੀਵੀ ਫੁਟੇਜ ਦੀ ਵੀਡੀਓ ਸਾਂਝੀ ਕੀਤੀ ਗਈ ਹੈ।'

ਟੈਲੀਗ੍ਰਾਮ 'ਤੇ ਸਾਂਝੀ ਕੀਤੀ ਗਈ ਪੋਸਟ ਵਿੱਚ 'ਜਸਟਿਸ ਲੀਗ ਇੰਡੀਆ' ਨੇ ਲਿਖਿਆ, 'ਜੇ ਭਾਰਤ ਦੀ ਕਾਇਰ ਏਜੰਸੀ ਅਤੇ ਉਨ੍ਹਾਂ ਦੇ ਮਾਲਕ ਇਹ ਸੋਚਦੇ ਹਨ ਕਿ ਉਹ ਸਾਡੀ ਆਵਾਜ਼ ਦਬਾ ਸਕਦੇ ਹਨ ਅਤੇ ਸਾਡੇ ਮੈਂਬਰਾਂ ਨੂੰ ਨਿਸ਼ਾਨਾ ਬਣਾਉਣ ਲਈ ਬਦਮਾਸ਼ ਕਿਰਾਏ 'ਤੇ ਲੈ ਸਕਦੇ ਹਨ ਤਾਂ ਉਹ ਮੂਰਖਾਂ ਦੀ ਦੁਨੀਆ ਵਿੱਚ ਰਹਿੰਦੇ ਹਨ। ਉਹ ਸੋਚ ਵੀ ਨਹੀਂ ਸਕਦੇ ਕਿ ਅਸੀਂ ਉਨ੍ਹਾਂ ਦੇ ਕਿੰਨੇ ਨੇੜੇ ਹਾਂ ਅਤੇ ਅਸੀਂ ਕਿਸੇ ਵੀ ਸਮੇਂ ਹਮਲਾ ਕਰਨ ਦੇ ਕਾਬਲ ਹਾਂ। ਖਾਲਿਸਤਾਨ ਜ਼ਿੰਦਾਬਾਦ।' ਇਸ ਦੌਰਾਨ ਦਿੱਲੀ ਪੁਲੀਸ ਨੇ ਉਨ੍ਹਾਂ ਵੱਖ-ਵੱਖ ਬਾਜ਼ਾਰਾਂ ਵਿੱਚ ਸੁਰੱਖਿਆ ਵਧਾ ਦਿੱਤੀ ਹੈ, ਜਿੱਥੇ ਤਿਓਹਾਰਾਂ ਦੇ ਦਿਨਾਂ ਦੌਰਾਨ ਖਰੀਦਦਾਰਾਂ ਦੀ ਭੀੜ ਰਹਿੰਦੀ ਹੈ। ਇਸੇ ਤਰ੍ਹਾਂ ਪੁਲੀਸ ਨੇ ਰੇਲਵੇ ਅਤੇ ਮੈਟਰੋ ਕਰਮਚਾਰੀਆਂ ਨੂੰ ਵੀ ਚੌਕਸ ਰਹਿਣ ਲਈ ਕਿਹਾ ਹੈ।

# ਭਾਈ ਨਿੱਝਰ ਕਤਲ ਕਾਂਡ ਵਿਚ ਅਮਰੀਕਾ-ਬਰਤਾਨੀਆ ਆਦਿ ਨੇ ਕੈਨੇਡਾ ਦੀ ਕੀਤੀ ਹਮਾਇਤ

ਕਵਰ ਸਟੋਰੀ

**✪ ਰੂਸ ਭਾਰਤ ਦੇ ਹੱਕ ਵਿਚ, ਖਾਲਿਸਤਾਨ 'ਤੇ ਟਰੂਡੋ ਦੀ ਕੀਤੀ ਨਿਖੇਧੀ ✪ ਕੈਨੇਡਾ ਨੇ ਲਗਾਏ ਦੋਸ਼ ਭਾਰਤੀ ਏਜੰਸੀਆਂ ਨੇ ਬਿਸ਼ਨੋਈ ਗੈਂਗ ਨਾਲ ਮਿਲਕੇ ਕਰਵਾਈਆਂ ਵਰਦਾਤਾਂ ✪ ਨਿੱਝਰ ਤੇ ਪੰਨੂੰ ਕਾਂਡ ਇਕ ਹੀ ਸਾਜਿਸ਼ ਦਾ ਹਿੱਸਾ-ਸਾਬਕਾ ਕੈਨੇਡੀਅਨ ਰਾਜਦੂਤ**



ਖਾਲਿਸਤਾਨ ਸਮਰਥਕ ਹਰਦੀਪ ਸਿੰਘ ਨਿੱਝਰ ਦੇ ਕਤਲ ਨੂੰ ਲੈ ਕੇ ਭਾਰਤ ਅਤੇ ਕੈਨੇਡਾ ਵਿਚਾਲੇ ਚੱਲ ਰਿਹਾ ਪੁਰਾਣਾ ਵਿਵਾਦ ਇਕ ਵਾਰ ਫਿਰ ਗੰਭੀਰ ਰੂਪ ਧਾਰਨ ਕਰ ਗਿਆ ਹੈ। ਇਸ ਮਾਮਲੇ ਨੂੰ ਲੈ ਕੇ ਦੋਵਾਂ ਦੇਸ਼ਾਂ ਦੇ ਕੂਟਨੀਤਕ ਰਿਸ਼ਤੇ ਟੁੱਟਣ ਦੀ ਕਗਾਰ 'ਤੇ ਨਜ਼ਰ ਆ ਰਹੇ ਹਨ। ਹਾਲ ਹੀ ਵਿਚ ਖਾਲਿਸਤਾਨੀ ਹਰਦੀਪ ਨਿੱਝਰ ਦੇ ਕਤਲ ਦੇ ਮਾਮਲੇ ਵਿਚ ਜਦੋਂ ਕੈਨੇਡਾ ਦੀ ਪੁਲਸ ਨੇ ਭਾਰਤੀ ਹਾਈ ਕਮਿਸ਼ਨਰ ਸੰਜੇ ਵਰਮਾ ਨੂੰ 'ਪਰਸਨ ਆਫ ਇੰਟਰਸਟ' ਐਲਾਨ ਕੀਤਾ ਸੀ ਤਾਂ ਮਾਮਲਾ ਕਾਫੀ ਗਰਮਾ ਗਿਆ ਸੀ। ਦੋਵਾਂ ਦੇਸ਼ਾਂ ਨੇ ਆਪਣੇ-ਆਪਣੇ ਰਾਜਦੂਤਾਂ ਨੂੰ ਵਾਪਸ ਬੁਲਾ ਲਿਆ ਸੀ।

ਕੈਨੇਡਾ ਵਿਚ ਭਾਰਤ ਦੇ ਰਾਜਦੂਤ ਸੰਜੇ ਕੁਮਾਰ ਵਰਮਾ ਨੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ 'ਤੇ ਦੋਵਾਂ ਦੇਸ਼ਾਂ ਦੇ ਸੰਬੰਧਾਂ ਨੂੰ ਵਿਗਾੜਨ ਦਾ ਦੋਸ਼ ਲਗਾਉਂਦੇ ਹੋਏ ਕਿਹਾ ਸੀ ਕਿ ਉਨ੍ਹਾਂ ਦਾ ਖ਼ਾਲਿਸਤਾਨੀ ਵੱਖਵਾਦੀ ਦੀ ਹੱਤਿਆ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਅਤੇ ਉਨ੍ਹਾਂ 'ਤੇ ਲੱਗੇ ਦੋਸ਼ ਸਿਆਸੀ ਤੌਰ 'ਤੇ ਪ੍ਰੇਰਿਤ ਹਨ। ਵਰਮਾ ਨੇ ਕਿਹਾ ਕਿ ਨਿੱਝਰ ਦੀ ਹੱਤਿਆ ਬਾਰੇ ਟਰੂਡੋ ਦੇ ਦੋਸ਼ ਠੋਸ ਸਬੂਤਾਂ ਦੀ ਬਜਾਏ ਖੁਫ਼ੀਆ ਜਾਣਕਾਰੀ 'ਤੇ ਆਧਾਰਿਤ ਸਨ।

ਦੂਜੇ ਪਾਸੇ ਕੈਨੇਡਾ ਦੀ ਵਿਦੇਸ਼ ਮੰਤਰੀ ਮੇਲਾਨੀ ਜੋਲੀ ਨੇ ਕਿਹਾ ਸੀ ਕਿ ਕੈਨੇਡਾ ਵਲੋਂ ਦੇਸ਼ ਵਿਚ ਬਾਕੀ ਬਚੇ ਭਾਰਤੀ ਕੂਟਨੀਤਿਕਾਂ ਨੂੰ ਕੈਨੇਡੀਅਨਾਂ ਦੀ ਜਾਨ ਨੂੰ ਖਤਰੇ ਵਿਚ ਨਾ ਪਾਉਣ ਲਈ ਸਪੱਸ਼ਟ ਤੌਰ 'ਤੇ ਨੋਟਿਸ ਦਿੱਤਾ ਗਿਆ ਸੀ।ਜ਼ੌਲੀ ਨੇ ਕਿਹਾ ਸੀ ਕਿ ਸਰਕਾਰ ਕਿਸੇ ਵੀ ਅਜਿਹੇ ਕੂਟਨੀਤਿਕ ਨੂੰ ਬਰਦਾਸ਼ਤ ਨਹੀਂ ਕਰੇਗੀ, ਜੋ ਵਿਆਨਾ ਕਨਵੈਨਸ਼ਨ ਦੀ ਉਲੰਘਣਾ ਕਰਦਾ ਹੈ ਜਾਂ ਕੈਨੇਡੀਅਨਾਂ ਦੀਆਂ ਜਾਨਾਂ ਨੂੰ ਖਤਰੇ ਵਿਚ ਪਾਉਂਦਾ ਹੈ।

ਭਾਰਤ ਤੇ ਕੈਨੇਡਾ ਦਰਮਿਆਨ ਵਧਦੇ ਵਿਵਾਦ ਦੇ ਮੱਦੇਨਜ਼ਰ ਕੈਨੇਡਾ ਦੇ ਭਾਰਤ ਵਿਚਲੇ ਸਾਬਕਾ ਰਾਜਦੂਤ ਕੈਮਰੌਨ ਮੈਕੇ ਨੇ ਦੋਸ਼ ਲਗਾਇਆ ਹੈ ਕਿ ਅਮਰੀਕਾ ਵਿਚ ਖ਼ਾਲਿਸਤਾਨੀ ਪੱਖੀ ਗੁਰਪਤਵੰਤ ਸਿੰਘ ਪੰਨੂੰ ਦੀ ਹੱਤਿਆ ਦੀ ਨਾਕਾਮ ਕੋਸ਼ਿਸ਼ ਤੇ ਕੈਨੇਡਾ ਵਿਚ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਇਕੋ ਹੀ ਸਾਜਿਸ਼ ਦਾ ਹਿੱਸਾ ਸੀ।ਅਗਸਤ ਵਿਚ ਭਾਰਤ ਛੱਡਣ ਵਾਲੇ ਕੈਮਰੌਨ ਨੇ ਕਿਹਾ ਸੀ ਕਿ ਇਨ੍ਹਾਂ ਮਾਮਲਿਆਂ ਦੀ ਅਮਰੀਕਾ ਤੇ ਕੈਨੇਡਾ ਵੱਖਰੇ-ਵੱਖਰੇ ਜਾਂਚ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਭਾਰਤ ਸੋਚਦਾ ਹੈ ਕਿ ਉਸ ਦੇ ਏਜੰਟ ਵਿਦੇਸ਼ੀ ਧਰਤੀ 'ਤੇ ਹਿੰਸਾ ਕਰਕੇ ਵਾਪਸ ਬਚ ਕੇ ਆ ਸਕਦੇ ਹਨ, ਜੋ ਗਲਤ ਹੈ। ਕੈਮਰੌਨ ਮੈਕੇ ਨੇ ਕਿਹਾ ਕਿ ਕੈਨੇਡਾ ਸਰਕਾਰ ਲਈ ਉਨ੍ਹਾਂ ਦੇ ਦੇਸ਼ ਦੇ ਨਾਗਰਿਕਾਂ ਦੀ ਸੁਰੱਖਿਆ ਸਭ ਤੋਂ ਅਹਿਮ ਹੈ ਅਤੇ ਇਸ ਮਾਮਲੇ ਵਿਚ ਜਵਾਬਦੇਹੀ ਜ਼ਰੂਰੀ ਹੈ, ਪਰ ਭਾਰਤ ਨੇ ਇਸ ਮਾਮਲੇ ਵਿਚ ਕੈਨੇਡਾ ਨਾਲ ਸਹਿਯੋਗ ਨਹੀਂ ਕੀਤਾ

ਹੈਰਾਨੀ ਦੀ ਗੱਲ ਇਹ ਹੈ ਕਿ ਭਾਰਤ ਇਸ ਮਾਮਲੇ ਵਿਚ ਜਿਵੇਂ ਅਮਰੀਕਾ ਨੂੰ ਤਰਜੀਹ ਦੇ ਰਿਹਾ ਹੈ, ਕੈਨੇਡਾ ਨੂੰ ਜ਼ਿਆਦਾ ਤਵੱਜੋਂ ਨਹੀਂ ਦੇ ਰਿਹਾ ਹੈ।ਇਸ ਕਾਰਨ ਜਸਟਿਨ ਟਰੂਡੋ ਨੇ ਮਾਮਲੇ ਨਾਲ ਸਬੰਧਤ ਦਸਤਾਵੇਜ਼ਾਂ ਨੂੰ ਫਾਈਵ ਆਈਜ਼ ਦੇਸ਼ਾਂ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਬ੍ਰਿਟੇਨ ਨਾਲ ਸਾਂਝਾ ਕੀਤਾ ਸੀ ਅਤੇ ਦੋਸ਼ ਲਾਏ ਸਨ ਕਿ ਭਾਰਤ ਭਾਈ ਨਿੱਝਰ ਦੇ ਕਤਲ ਦੀ ਜਾਂਚ ਵਿਚ ਸਹਿਯੋਗ ਨਹੀਂ ਕਰ ਰਿਹਾ ਹੈ।ਘਟਨਾ ਤੋਂ ਬਾਅਦ ਇਨ੍ਹਾਂ ਦੇਸ਼ਾਂ ਨੇ ਭਾਰਤ 'ਤੇ ਜਾਂਚ ਵਿਚ ਸਹਿਯੋਗ ਕਰਨ ਲਈ ਦਬਾਅ ਬਣਾਉਣ ਦੀ ਕੋਸ਼ਿਸ਼ ਕੀਤੀ ਸੀ।

ਦੂਜੇ ਪਾਸੇ ਅਮਰੀਕਾ ਨੇ ਭਾਈ ਹਰਦੀਪ ਸਿੰਘ ਨਿਝਰ ਕੇਸ ਵਿਚ ਭਾਰਤ ਨੂੰ ਜਲਦੀ ਤੋਂ ਜਲਦੀ ਜਾਂਚ ਵਿੱਚ ਮਦਦ ਕਰਨ ਦੀ ਸਲਾਹ ਦਿੱਤੀ ਸੀ, ਕਿਉਂਕਿ ਭਾਰਤ ਨੇ ਅਜੇ ਤੱਕ ਜਾਂਚ ਵਿੱਚ ਸਹਿਯੋਗ ਨਹੀਂ ਕੀਤਾ। ਭਾਵ ਅਮਰੀਕਾ ਕੈਨੇਡਾ ਦੇ ਹੱਕ ਵਿਚ ਦ੍ਰਿੜਤਾ ਨਾਲ ਖੜ੍ਹਾ ਹੈ। ਵੈਸੇ ਤਾਂ ਅਮਰੀਕਾ ਨੇ ਖੁਦ ਦੋਸ਼ ਲਾਏ ਸਨ ਕਿ ਭਾਰਤੀ ਏਜੰਟ ਖਾਲਿਸਤਾਨੀ ਗੁਰਪਤਵੰਤ ਸਿੰਘ ਪੰਨੂ ਨੂੰ ਅਮਰੀਕਾ ਦੀ ਧਰਤੀ 'ਤੇ ਮਾਰਨਾ ਚਾਹੁੰਦੇ ਸਨ। ਬ੍ਰਿਟੇਨ ਦੇ ਨਵੇਂ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਫੋਨ 'ਤੇ ਗੱਲ ਕੀਤੀ ਹੈ। ਭਾਰਤ ਨਾਲ ਗੱਲਬਾਤ ਕਰਨ ਤੋਂ ਬਾਅਦ ਜਸਟਿਨ ਟਰੂਡੋ ਨੇ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੇਅਰ ਸਟਾਰਮਰ ਨੂੰ ਫੋਨ ਕੀਤਾ ਸੀ। ਬ੍ਰਿਟੇਨ ਨੇ ਕਿਹਾ ਕਿ ਉਹ ਭਾਰਤ ਸਰਕਾਰ ਦੀ ਕੈਨੇਡੀਅਨ ਜਾਂਚ ਦੇ ਸਬੰਧ ਵਿੱਚ ਕੈਨੇਡੀਅਨ ਭਾਈਵਾਲਾਂ ਦੇ ਸੰਪਰਕ ਵਿੱਚ ਹੈ ਅਤੇ ਓਟਾਵਾ ਦੀ ਨਿਆਂ ਪ੍ਰਣਾਲੀ ਵਿੱਚ ਭਰੋਸਾ ਪ੍ਰਗਟਾਇਆ ਹੈ।

## ਕੈਨੇਡੀਅਨ ਪੁਲਿਸ ਨੇ ਕਿਹਾ ਕਿ ਸਿਖ ਭਾਈਚਾਰਾ ਸਹਿਯੋਗ ਕਰੇ

ਕੈਨੇਡਾ ਦੀ ਧਰਤੀ 'ਤੇ ਹੋਈ ਹਿੰਸਾ ਮਾਮਲੇ ਵਿਚ ਭਾਰਤ ਸਰਕਾਰ ਦੇ ਸਬੰਧਾਂ ਦੇ ਦੋਸ਼ਾਂ ਦੀ ਜਾਂਚ ਕਰ ਰਹੀ ਦੇਸ਼ ਦੀ ਰਾਸ਼ਟਰੀ ਪੁਲਸ ਬਲ ਰਾਇਲ ਕੈਨੇਡੀਅਨ ਮਾਊਂਟਿਡ ਪੁਲਸ (ਆਰ.ਸੀ.ਐਮ.ਪੀ.) ਦੇ ਮੁਖੀ ਕਮਿਸ਼ਨਰ ਮਾਈਕ ਡੂਹੇਮ ਨੇ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਉਨ੍ਹਾਂ ਕੋਲ ਕੋਈ ਜਾਣਕਾਰੀ ਹੈ ਤਾਂ ਉਹ ਅੱਗੇ ਆਉਣ ਅਤੇ ਪੁਲਸ ਜਾਂਚ ਵਿਚ ਸਹਿਯੋਗ ਕਰਨ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਭਾਰਤ ਸਰਕਾਰ ਦੇ "ਏਜੰਟਾਂ" ਨੇ ਕੈਨੇਡਾ ਵਿੱਚ ਕਤਲਾਂ ਸਮੇਤ "ਵਿਆਪਕ" ਹਿੰਸਾ ਦੀਆਂ ਘਟਨਾਵਾਂ ਵਿੱਚ ਭੂਮਿਕਾ ਨਿਭਾਈ ਹੈ।

## ਰੂਸ ਦਾ ਪੱਖ ਭਾਰਤ ਦੇ ਹੱਕ ਵਿਚ

ਕੈਨੇਡਾ ਦੇ ਰਾਸ਼ਟਰੀ ਸੁਰੱਖਿਆ ਮਾਹਿਰ ਜੋਅ ਐਡਮ ਜਾਰਜ ਨੇ ਜਸਟਿਨ ਟਰੂਡੋ ਨੂੰ ਨਸੀਹਤ ਦਿੱਤੀ ਹੈ ਕਿ ਮੈਨੂੰ ਲੱਗਦਾ ਹੈ ਕਿ ਦੋਵਾਂ ਦੇਸ਼ਾਂ ਨੂੰ ਇਸ 'ਤੇ ਇੰਤਜ਼ਾਰ ਕਰਨਾ ਚਾਹੀਦਾ ਹੈ। ਕਿਸੇ ਵੀ ਧਿਰ ਲਈ ਇਸ ਤਰ੍ਹਾਂ ਦੀ ਕੋਸ਼ਿਸ਼ ਕਰਨਾ ਮੂਰਖਤਾ ਹੋਵੇਗੀ, ਕਿਉਂਕਿ ਬਾਅਦ ਵਿਚ ਉਨ੍ਹਾਂ ਨੂੰ ਪਛਤਾਉਣਾ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਲਈ ਪ੍ਰਵਾਸੀ ਭਾਰਤੀ ਬਹੁਤ ਮਹੱਤਵਪੂਰਨ ਹਨ। ਇਸ ਦੇ ਨਾਲ ਹੀ ਕੈਨੇਡਾ ਨੂੰ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਪ੍ਰਵਾਸੀਆਂ ਤੋਂ ਕਾਫੀ ਮਾਲੀਆ ਮਿਲਦਾ ਹੈ। ਉਨ੍ਹਾਂ ਨੂੰ ਪ੍ਰੇਸ਼ਾਨ ਨਹੀਂ ਕਰਨਾ ਚਾਹੀਦਾ।

ਇਸ ਦੌਰਾਨ ਸਰਕਾਰੀ ਰੂਸੀ ਮੀਡੀਆ ਆਰਟੀਆਈ ਨੇ ਇਸ ਮਾਮਲੇ ਨੂੰ ਲੈ ਕੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਆਲੋਚਨਾ ਕੀਤੀ ਸੀ। ਰੂਸੀ ਮੀਡੀਆ ਚੈਨਲ ਆਰਟੀ ਇੰਟਰਨੈਸ਼ਨਲ ਨੇ ਟਰੂਡੋ ਅਤੇ ਖਾਲਿਸਤਾਨੀਆਂ ਪ੍ਰਤੀ ਉਨ੍ਹਾਂ ਦੇ ਪਿਆਰ ਨੂੰ ਦਰਸਾਉਂਦਾ ਇੱਕ ਮੀਮ ਸਾਂਝਾ ਕੀਤਾ ਸੀ। ਮੀਮ ਵਿਚ ਸੰਗੀਤ 'ਤੇ ਨੱਚਣ ਵਾਲੇ ਲੜਕੇ ਨੂੰ ਜਸਟਿਨ ਟਰੂਡੋ ਦੱਸਿਆ ਗਿਆ ਹੈ। ਲੜਕੇ ਦੇ ਡਾਂਸ ਦਾ ਆਨੰਦ ਲੈ ਰਹੇ ਦੋ ਵਿਅਕਤੀਆਂ ਨੂੰ ਖਾਲਿਸਤਾਨੀ ਵੱਖਵਾਦੀ ਦੱਸਿਆ ਗਿਆ ਹੈ। ਮੀਮ ਦੇ ਨਾਲ ਕੈਪਸ਼ਨ ਵਿਚ ਲਿਖਿਆ ਗਿਆ ਸੀ ਕਿ ਭਾਰਤ ਵਿਰੋਧੀ ਦੋਸ਼ਾਂ ਦੀ ਰਿਪੋਰਟ ਟਰੂਡੋ ਦੇ ਘਰ ਦੇ ਅੰਦਰ ਤਾਂ ਹੈ ਪਰ ਕੋਈ ਸਬੂਤ ਤਹਿਤ ਨਹੀਂ ਹੈ। ਜਦੋਂ ਸੱਤਾ ਤੁਹਾਡੇ ਹੱਥੋਂ ਖਿਸਕ ਰਹੀ ਹੋਵੇ ਅਤੇ ਤੁਹਾਨੂੰ ਵੋਟਾਂ ਦੀ ਸਖ਼ਤ ਲੋੜ ਹੋਵੇ, ਤੁਸੀਂ ਸਿਰਫ਼ ਇੱਕ ਹੀ ਕੰਮ ਕਰ ਸਕਦੇ ਹੋ- ਜਸਟ ਡਾਂਸ।

## ਗੱਲਬਾਤ ਨੂੰ ਤਿਆਰ ਹੈ ਟਰੂਡੋ ਸਰਕਾਰ

ਖਾਲਿਸਤਾਨੀ ਹਰਦੀਪ ਨਿੱਝਰ ਦੇ ਕਤਲ ਤੋਂ ਬਾਅਦ ਕੈਨੇਡਾ ਅਤੇ ਭਾਰਤ ਵਿਚਾਲੇ ਚੱਲ ਰਿਹਾ ਵਿਵਾਦ ਰੁਕਦਾ ਨਜ਼ਰ ਨਹੀਂ ਆ ਰਿਹਾ ਹੈ। ਇਸ ਦੌਰਾਨ ਦੋਵਾਂ ਦੇਸ਼ਾਂ ਦੇ ਵਪਾਰਕ ਸਬੰਧਾਂ 'ਤੇ ਇਸ ਦਾ ਸਿੱਧਾ ਅਸਰ ਪੈਣ ਦੀ ਸੰਭਾਵਨਾ ਵੀ ਪ੍ਰਗਟਾਈ ਜਾ ਰਹੀ ਹੈ।

ਕੈਨੇਡਾ ਨੇ ਵੀ ਵਪਾਰਕ ਸਬੰਧਾਂ ਨੂੰ ਲੈ ਕੇ ਅਨਿਸ਼ਚਿਤਤਾ ਪ੍ਰਗਟਾਈ ਹੈ ਅਤੇ ਨਾਲ ਹੀ ਇਹ ਵੀ ਕਿਹਾ ਹੈ ਕਿ ਤਣਾਅ ਦੇ ਬਾਵਜੂਦ ਕੈਨੇਡਾ ਦੀ ਸੰਘੀ ਸਰਕਾਰ ਭਾਰਤ ਨਾਲ ਆਪਣੇ ਵਪਾਰਕ ਸਬੰਧਾਂ ਨੂੰ ਬਣਾਈ ਰੱਖਣ ਲਈ ਵਚਨਬੱਧ ਹੈ। ਗਲੋਬਲ ਮੇਲ ਦੀ ਰਿਪੋਰਟ ਮੁਤਾਬਕ ਕੈਨੇਡਾ ਦੀ ਵਪਾਰ ਮੰਤਰੀ ਮੈਰੀ ਐਂਨ. ਜੀ. ਨੇ ਕਿਹਾ ਹੈ ਕਿ ਅਸੀਂ ਭਾਰਤ ਨਾਲ ਜੁੜੇ ਸਾਰੇ ਕੈਨੇਡੀਅਨ ਵਪਾਰੀਆਂ ਨਾਲ ਮਿਲ ਕੇ ਕੰਮ ਕਰਾਂਗੇ ਤਾਂ ਜੋ ਇਹ ਮਹੱਤਵਪੂਰਨ ਆਰਥਿਕ ਸਬੰਧ ਮਜ਼ਬੂਤ ਬਣੇ ਰਹਿ ਸਕਣ ਹਾਲਾਂਕਿ ਉਨ੍ਹਾਂ ਇਹ ਕਿਹਾ ਹੈ ਕਿ ਕੈਨੇਡਾ ਕੈਨੇਡੀਅਨ ਨਾਗਰਿਕਾਂ ਨੂੰ ਧਮਕਾਉਣ, ਜ਼ਬਰਦਸਤੀ ਵਸੂਲੀ ਕਰਨ ਜਾਂ ਨੁਕਸਾਨ ਪਹੁੰਚਾਉਣ ਦੀਆਂ ਵਾਰਦਾਤਾਂ ਨੂੰ ਬਰਦਾਸ਼ਤ ਨਹੀਂ ਕਰੇਗਾ। ਭਾਰਤੀ ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਟਰੂਡੋ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਵਪਾਰਕ ਸਬੰਧ ਆਮ ਵਾਂਗ ਰਹੇ ਹਨ। ਹੁਣ ਕੈਨੇਡਾ ਵਿਚ ਆਮ ਚੋਣਾਂ ਨੂੰ ਤਕਰੀਬਨ ਇਕ ਸਾਲ ਬਾਕੀ ਰਹਿ ਗਿਆ ਹੈ, ਇਸ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੋਟ ਬੈਂਕ ਦੀ ਖ਼ਾਤਰ ਆਪਣੀ ਸੱਤਾ ਬਚਾਉਣ ਲਈ ਪ੍ਰਭਾਵਸ਼ਾਲੀ ਖਾਲਿਸਤਾਨੀ ਪੱਖੀ ਆਗੂਆਂ ਦੇ ਦਬਾਅ ਹੇਠ ਆ ਗਏ ਹਨ।

**ਵਿਚਾਰ :–** ਪਿਆਰ ਇਕ ਅਜਿਹਾ ਜਜ਼ਬਾ ਹੈ ਜੋ ਮਨੁੱਖ ਅੰਦਰ ਕਈ ਪ੍ਰਕਾਰ ਦੀਆਂ ਕੁਰਬਾਨੀਆਂ ਕਰਨ ਦਾ ਹੌਸਲਾ ਭਰ ਦੇਂਦਾ ਹੈ।



ਰਜਿੰਦਰ ਸਿੰਘ ਪੁਰੇਵਾਲ

# ਕੀ ਪੁਤਿਨ ਨੇ ਭਾਰਤ ਅਤੇ ਚੀਨ ਵਿਚ ਕਰਵਾਇਆ 'ਸਮਝੌਤਾ'?

ਕਜਾਨ ਵਿਚ ਚੱਲੇ ਬ੍ਰਿਕਸ ਸਿਖਰ ਸੰਮੇਲਨ ਵਿਚ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰੂਸੀ ਰਾਸ਼ਟਰਪਤੀ ਵਲਾਦਿਮੀਰ ਪੁਤਿਨ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਮਿਲਨੀ ਹੋਈ। ਮੋਦੀ ਅਤੇ ਸ਼ੀ ਜਿਨਪਿੰਗ ਵਿਚਾਲੇ ਇਹ ਗੱਲਬਾਤ ਅਜਿਹੇ ਸਮੇਂ ਵਿਚ ਹੋਈ ਹੈ ਜਦੋਂ ਭਾਰਤ ਅਤੇ ਚੀਨ ਨੇ ਗਸ਼ਤ ਦੇ ਪ੍ਰਬੰਧਾਂ 'ਤੇ ਸਹਿਮਤੀ ਜਤਾਈ ਹੈ ਅਤੇ ਅਸਲ ਕੰਟਰੋਲ ਰੇਖਾ 'ਤੇ ਉਲਝੇ ਫੌਜੀ ਮਸਲੇ ਨੂੰ ਸੁਲਝਾਇਆ ਹੈ। ਦੋਹਾਂ ਦੇਸ਼ਾਂ ਵਿਚਾਲੇ ਚਾਰ ਸਾਲ ਤੋਂ ਚੱਲੇ ਆ ਰਹੇ ਫੌਜੀ ਰੁਕਾਵਟ ਨੂੰ ਖਤਮ ਕਰਨ ਦੀ ਦਿਸ਼ਾ ਵਿਚ ਇਹ ਇਕ ਵੱਡੀ ਸਫਲਤਾ ਹੈ।

ਇਹ ਮੌਕਾ ਚੀਨ ਅਤੇ ਰੂਸ ਦੇ ਨਿੱਘੇ ਸਬੰਧਾਂ ਨੂੰ ਵੀ ਦਰਸਾਉਂਦਾ ਹੈ, ਜੋ ਪਿਛਲੇ ਕੁਝ ਸਾਲਾਂ ਦੌਰਾਨ ਮਜ਼ਬੂਤ ਹੋਏ ਹਨ, ਖਾਸ ਤੌਰ 'ਤੇ ਯੂਕਰੇਨ 'ਤੇ ਰੂਸ ਦੇ ਹਮਲੇ ਤੋਂ ਬਾਅਦ, ਜਦੋਂ ਅਮਰੀਕਾ ਅਤੇ ਪੱਛਮੀ ਦੇਸ਼ਾਂ ਨੇ ਰੂਸ 'ਤੇ ਪਾਬੰਦੀਆਂ ਲਗਾਈਆਂ ਹਨ। ਬ੍ਰਿਕਸ ਸ਼ਿਖਰ ਸੰਮੇਲਨ ਦੇ ਦ੍ਰਿਸ਼ਾਂ ਵਿੱਚ ਇੱਕ ਦੋਸਤਾਨਾ ਪਲ ਵੀ ਕੈਪਚਰ ਕੀਤਾ ਗਿਆ ਸੀ, ਜਦੋਂ ਵਲਾਦੀਮੀਰ ਪੁਤਿਨ ਨੇ ਨਰਿੰਦਰ ਮੋਦੀ ਨੂੰ ਹੱਥ ਮਿਲਾਉਣ ਅਤੇ ਜੱਫੀ ਪਾ ਕੇ ਸਵਾਗਤ ਕੀਤਾ, ਜੋ ਉਨ੍ਹਾਂ ਦੇ ਨਜ਼ਦੀਕੀ ਸਬੰਧਾਂ ਨੂੰ ਦਰਸਾਉਂਦਾ ਹੈ। ਜੂਨ 2020 ਦੌਰਾਨ ਗਲਵਾਨ ਘਾਟੀ ਵਿਚ ਦੋ ਏਸ਼ੀਆਈ ਦਿੱਗਜਾਂ, ਚੀਨ ਅਤੇ ਭਾਰਤ ਦੇ ਵਿਚਕਾਰ ਹੋਈ ਝੜਪ ਤੋਂ ਬਾਅਦ ਕਾਫ਼ੀ ਸਬੰਧ ਵਿਗੜ ਗਏ ਸਨ, ਜੋ ਦਹਾਕਿਆਂ ਵਿੱਚ ਉਨ੍ਹਾਂ ਵਿਚਕਾਰ ਸਭ ਤੋਂ ਗੰਭੀਰ ਫੌਜੀ ਸੰਘਰਸ਼ ਸੀ। ਹਾਲਾਂਕਿ, ਬ੍ਰਿਕਸ ਗਾਲਾ ਡਿਨਰ ਵਿਚ ਰਾਸ਼ਟਰਪਤੀ ਪੁਤਿਨ ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਵਿਚਕਾਰ ਬੈਠੇ ਸਨ, ਜੋ ਤਿੰਨਾਂ ਦੇਸ਼ਾਂ ਵਿਚਕਾਰ ਨਜ਼ਦੀਕੀ ਕੂਟਨੀਤਕ ਸਬੰਧਾਂ ਵੱਲ ਇੱਕ ਤਬਦੀਲੀ ਦਾ ਸੰਕੇਤ ਦਿੰਦੇ ਹਨ।

ਮੋਦੀ ਅਤੇ ਸ਼ੀ ਜਿਨਪਿੰਗ ਨੇ ਆਖਰੀ ਵਾਰ ਅਕਤੂਬਰ 2019 ਵਿੱਚ ਮਾਮੱਲਾਪੁਰਮ ਵਿਖੇ ਸਰਹੱਦੀ ਰੁਕਾਵਟ ਸ਼ੁਰੂ ਹੋਣ ਤੋਂ ਮਹੀਨੇ ਪਹਿਲਾਂ ਆਪਣੀ ਦੂਜੀ ਗੈਰ ਰਸਮੀ ਸਿਖਰ ਵਾਰਤਾ ਦੌਰਾਨ ਇੱਕ ਢਾਂਚਾਗਤ ਮੀਟਿੰਗ ਕੀਤੀ ਸੀ। ਅਸਲ ਕੰਟਰੋਲ ਰੇਖਾ 'ਤੇ ਗਸ਼ਤ ਕਰਨ ਦਾ ਸਮਝੌਤਾ ਭਾਰਤ ਅਤੇ ਚੀਨ ਵਿਚਾਲੇ ਕਈ ਕੂਟਨੀਤਕ ਅਤੇ ਫੌਜੀ ਵਿਚਾਰ-ਵਟਾਂਦਰੇ ਦਾ ਨਤੀਜਾ ਸੀ। ਇਸ ਤੋਂ ਬਾਅਦ ਹਾਲ ਹੀ ਦੇ ਮਹੀਨਿਆਂ ਵਿੱਚ ਸੀਨੀਅਰ ਨੇਤਾਵਾਂ ਵਿਚਕਾਰ ਕਈ ਮੀਟਿੰਗਾਂ ਹੋਈਆਂ ਸਨ। ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ 4 ਜੁਲਾਈ ਨੂੰ ਕਜ਼ਾਕਿਸਤਾਨ ਵਿੱਚ ਸ਼ੰਘਾਈ ਸਹਿਯੋਗ ਸੰਗਠਨ ਸੰਮੇਲਨ ਅਤੇ 25 ਜੁਲਾਈ ਨੂੰ ਲਾਓਸ ਵਿੱਚ ਆਸੀਆਨ ਨਾਲ ਸਬੰਧਤ ਮੀਟਿੰਗਾਂ ਦੌਰਾਨ ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਨਾਲ ਮੁਲਾਕਾਤ ਕੀਤੀ ਸੀ।

ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨੇ ਵੀ 12 ਸਤੰਬਰ ਨੂੰ ਸੇਂਟ ਪੀਟਰਸਬਰਗ ਵਿਚ ਬ੍ਰਿਕਸ ਦੀ ਬੈਠਕ 'ਚ ਵੈਂਗ ਨਾਲ ਮੁਲਾਕਾਤ ਕੀਤੀ ਸੀ। ਇਸ ਦੇ ਨਾਲ ਹੀ ਇਹ ਸਮਝੌਤਾ ਦੇਖਕੇ ਅਮਰੀਕਾ ਔਖਾ ਮਹਿਸੂਸ ਕਰ ਰਿਹਾ ਹੈ। ਕਿਉਂਕਿ ਖਾਲਿਸਤਾਨ ਦੇ ਮੁੱਦੇ 'ਤੇ ਫਸੇ ਭਾਰਤ ਅਮਰੀਕਾ ਦੇ ਦਬਾਅ ਹੇਠ ਸੀ। ਭਾਰਤ ਨੇ ਇਸ ਤੋਂ ਬਚਣ ਦਾ ਇਹੀ ਰਾਹ ਸੁਝਿਆ ਹੈ। ਆਉਣ ਵਾਲੇ ਸਮੇਂ ਦੌਰਾਨ ਭਾਰਤ ਅਮਰੀਕਾ ਸੰਬੰਧ ਵਿਗੜ ਸਕਦੇ ਹਨ।

## ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਬਾਰੇ ਪੰਜ ਸਾਲ ਲਈ ਸਮਝੌਤਾ

ਭਾਰਤੀ ਵਿਦੇਸ਼ ਮੰਤਰੀ ਐਸ ਜੈਸ਼ੰਕਰ ਅਨੁਸਾਰ ਭਾਰਤ ਅਤੇ ਪਾਕਿਸਤਾਨ ਵਿਚਾਲੇ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਨੂੰ ਲੈ ਕੇ ਅਗਲੇ ਪੰਜ ਸਾਲਾਂ ਦਾ ਨਵੀਨੀਕਰਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਸਿੱਖ ਭਾਈਚਾਰੇ ਨੂੰ ਉਨ੍ਹਾਂ ਦੇ ਪਵਿੱਤਰ ਸਥਾਨਾਂ ਦੇ ਦਰਸ਼ਨਾਂ ਲਈ ਹਮੇਸ਼ਾ ਸਹੂਲਤਾਂ ਪ੍ਰਦਾਨ ਕਰੇਗੀ। ਕਰਤਾਰਪੁਰ ਕੋਰੀਡੋਰ ਦਾ ਉਦਘਾਟਨ ਸਾਲ 2019 ਵਿੱਚ ਹੋਇਆ ਸੀ। ਕਰਤਾਰਪੁਰ ਸਾਹਿਬ ਗੁਰਦੁਆਰਾ ਪਾਕਿਸਤਾਨ ਦੇ ਨਾਰੋਵਾਲ ਜ਼ਿਲ੍ਹੇ ਵਿੱਚ ਹੈ ਜੋ ਅੰਤਰਰਾਸ਼ਟਰੀ ਸਰਹੱਦ ਤੋਂ 4.5 ਕਿਲੋਮੀਟਰ ਦੂਰ ਹੈ। ਪਾਕਿਸਤਾਨ ਵਿੱਚ ਇਹ ਗੁਰਦੁਆਰਾ ਸਿੱਖਾਂ ਅਤੇ ਹੋਰ ਪੰਜਾਬੀਆਂ ਲਈ ਬਹੁਤ ਮਹੱਤਵ ਰੱਖਦਾ ਹੈ, ਕਿਉਂਕਿ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਆਖਰੀ 18 ਸਾਲ ਇੱਥੇ ਬਿਤਾਏ ਸਨ। ਭਾਰਤ-ਪਾਕਿਸਤਾਨ ਸਰਹੱਦ ਤੋਂ ਇੱਕ ਕਿਲੋਮੀਟਰ ਦੀ ਦੂਰੀ 'ਤੇ ਅਤੇ ਰਾਵੀ ਦਰਿਆ ਦੇ ਪੂਰਬੀ ਕੰਢੇ 'ਤੇ ਸਥਿਤ ਡੇਰਾ ਬਾਬਾ ਨਾਨਕ ਗੁਰਦੁਆਰਾ ਗੁਰੂਦਾਸਪੁਰ, ਭਾਰਤ ਵਿੱਚ ਸਥਿਤ ਹੈ। ਦਰਿਆ ਦੇ ਪੱਛਮ ਵਾਲੇ ਪਾਸੇ ਪਾਕਿਸਤਾਨ ਵਿੱਚ ਕਰਤਾਰਪੁਰ ਸ਼ਹਿਰ ਹੈ। ਕਰਤਾਰਪੁਰ ਲਾਂਘੇ ਨੂੰ ਲੈ ਕੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਹੋਏ ਸਮਝੌਤੇ ਦੇ ਮੁਤਾਬਕ ਪਾਕਿਸਤਾਨ ਭਾਰਤੀ ਸ਼ਰਧਾਲੂਆਂ ਨੂੰ ਗੁਰਦੁਆਰੇ ਦੇ ਦਰਸ਼ਨਾਂ ਲਈ ਵੀਜ਼ਾ ਫ੍ਰੀ ਐਂਟਰੀ ਦਿੰਦਾ ਹੈ।

ਸਮਝਿਆ ਜਾਂਦਾ ਹੈ ਕਿ ਇਹ ਸਮਝੌਤਾ ਭਾਰਤ ਦੀ ਆਰਥਿਕ ਤੇ ਕੌਮਾਂਤਰੀ ਮਜਬੂਰੀ ਵੀ ਹੈ ਿਅਮਰੀਕਾ ਚੀਨ ਵਪਾਰ ਯੁੱਧ ਵਿੱਚ ਅਮਰੀਕਾ ਨੂੰ ਪਛਾੜਨ ਲਈ ਚੀਨ ਦਾ ਇਕ ਅਹਿਮ ਦਾਅ ਸਮੁੰਦਰੀ ਆਵਾਜਾਈ ਤੋਂ ਨਿਰਭਰਤਾ ਖਤਮ ਕਰਕੇ ਜਮੀਨੀ ਆਵਾਜਾਈ ਦੇ ਬਦਲ ਲੱਭਣਾ ਹੈ। ਚੀਨ ਨੂੰ ਸ਼ਾਇਦ ਇਹ ਗੱਲ ਭਲੀ-ਭਾਂਤ ਸਮਝ ਆ ਗਈ ਹੈ ਕਿ ਇੰਡੀਆ-ਪਾਕਿਸਤਾਨ ਸਬੰਧਾਂ ਨੂੰ ਸੁਧਾਰਨ ਦੀ ਕੁੰਜੀ ਪੰਜਾਬ ਵਿੱਚ ਹੈ। ਕਰਤਾਰਪੁਰ ਸਾਹਿਬ ਲਾਂਘਾ ਦੁਨੀਆ ਦੀ ਰਾਜਨੀਤੀ ਨੂੰ ਪ੍ਰਭਾਵਤ ਕਰਨ ਵਾਲੀਆਂ ਕੜੀਆਂ ਵਿਚੋਂ ਪਹਿਲੀ ਅਹਿਮ ਕੜੀ ਹੈ। ਹੋ ਸਕਦਾ ਹੈ ਕਿ ਗੁਰੂ ਨਾਨਕ ਪਾਤਿਸ਼ਾਹ ਦੇ ਘਰ ਨੂੰ ਖੁੱਲੇ ਲਾਂਘੇ ਲਈ ਇਹ ਨੀਤੀ ਭਵਿੱਖ ਵਿੱਚ ਇਸ ਖਿੱਤੇ ਦੇ ਕਰੋੜਾਂ ਲੋਕਾਂ ਦੇ ਘਰ ਨੂੰ ਖੁਸ਼ਹਾਲੀ ਦਾ ਰਸਤਾ ਖੋਲ੍ਹਣ ਦਾ ਸਵੱਬ ਬਣੇਗੀ।

-ਰਜਿੰਦਰ ਸਿੰਘ ਪੁਰੇਵਾਲ

# NEWS & VIEWS

## Manifestation of *Miri-Piri Shakti* Sri Akal Takht Sahib, Global Sikh Profile and India Versus 5-Eyes Countries



Gurmukh Singh
OBE

There are many global topics of Sikh interest which need continual multi-dimensional discussion and collective guidance. Global Sikh profile has been raised due to recent events while Guru Granth-Panth authority of Sri Akal Takht Sahib has manifested Itself in unexpected ways.

The Panth spoke through the Parliamentary Election victories at Khaduar Sahib and Farid Kot and, more recently, through the Jathedars at Sri Akal Takht Sahib. Senior Sikh politicians were compelled to bow before the Takh to admit past mistakes. They await just punishment *by the Panth* through the incumbent Jathedars. So far, the indications are that the Jathedars are acting to seek the wishes of the Panth while guided by Gurmatt.

The Takht is the Supreme Institution which guides Sikh theo-political activism, but only when the Jathedars consult and also second-guess the wishes of the Panth. The authority of the Jathedars derives from the Panth, the Sangat assembled before Sri Guru Granth Sahib. That Guru-given authority is lost if Jathedars allow themselves to be influenced by personal considerations or outside pressure inimical to Panth di *Chardhi Kalaa.* Otherwise, their theo-temporal remit is all-encompassing.

Globally, Sikh issues continue to receive much mainstream media coverage due to Canadian and US investigations relating to alleged Indian government involvement in the murder and attempted murder of pro-Khalistan Sikhs abroad.

The impression gained so far is that by making public threats earlier that India will kill anti-India elements in other countries (*hum ghus ghus ke marengay* etc), senior ruling-party Indian politicians have compromised own position even before the investigative and legal processes in the US and Canada have reached conclusions. What is good for the consumption of home audience can be most damaging for Indian national interest.

Hasty Indian denials have damaged relations and done much harm to travel, trade and the credibility of Indian representation abroad. At risk are good relations with the strategic intelligence alliance, the so called Five Eyes countries, US, Canada, UK, Australia and New Zealand. At risk also are hitherto good relations between Hindu and Sikh communities in diaspora countries.

Regrettably, this can prove to be a historic miscalculation by the BJP-led government. Outstanding Sikh grievances in India have received much coverage in the world media and given a major boost to the Sikh self-determination cause, otherwise treated in the West as no more than any nationalist movement in a democratic country. In India, the Hindutva nationalist movement operates almost with the approval of the party in power.

Yet, ultimately, it is the people who decide what sort of support these movements have. Indian 2024 General Election which clipped BJP political wings, show that the people are wiser than the politicians.

Next generations in the diaspora have started taking interest in the prolonged 3rd Ghalughara, the 3$^{rd}$ genocide in Sikh history, from June 1984 through November 1984 followed by extra-judicial killings in Panjab to about 1995. Many fair-minded senior Indian politicians have accepted the events as such.

Many Indian journalists and politicians do not seem to understand what is in the control of senior politicians in power in the West and what is not. Politicians and governments cannot dictate to or influence law enforcement agencies including the judiciary.

Trade or geopolitical considerations will never be sufficient to dictate terms to these countries, especially those in the Five Eyes block with large Sikh populations. They have internal democratic checks and balances which do work.

Gurmukh Singh OBE, Ret'd Principal Civil Servant (UK) sewauk2005@yahoo.co.uk

# ਯੂ ਕੇ ਨੇਵੀ ਦੇ ਐਡਮਿਰਲ ਤੇ ਸੀਨੀਅਰ ਨੇਵੀ ਅਫ਼ਸਰਾਂ ਦਾ ਨੈਸ਼ਨਲ ਸਿੱਖ ਅਜਾਇਬਘਰ ਡਰਬੀ ਵਿੱਚ ਸੁਆਗਤ

*ਡਰਬੀ (ਪੰਜਾਬ ਟਾਈਮਜ਼) – ਬੀਤੇ ਬੁੱਧਵਾਰ ਨੂੰ ਸਵੇਰੇ ਯੂ ਕੇ ਨੇਵੀ ਦੇ ਐਡਮਿਰਲ ਅਤੇ ਉਹਨਾਂ ਦੇ ਸੀਨੀਅਰ ਅਫ਼ਸਰਾਂ ਜਿਹਨਾਂ ਦੇ ਨਾਲ ਸਿੱਖ ਅਫ਼ਸਰ ਵੀ ਸ਼ਾਮਿਲ ਸਨ ਨੇ ਡਰਬੀ ਵਿਖੇ ਨੈਸ਼ਨਲ ਸਿੱਖ ਅਜਾਇਬਘਰ ਦਾ ਦੌਰਾ ਕੀਤਾ ਉਹਨਾਂ ਦਾ ਸਿੰਘ ਸਭਾ ਡਰਬੀ ਦੇ ਮੁੱਖ ਸੇਵਾਦਾਰ ਭਾਈ ਰਘਬੀਰ ਸਿੰਘ, ਸਿੱਖ ਅਜਾਇਬਘਰ ਦੇ ਚੇਅਰਮੈਨ ਸ: ਰਾਜਿੰਦਰ ਸਿੰਘ ਪੁਰੇਵਾਲ, ਅਖੰਡ ਕੀਰਤਨੀ ਜਥਾ ਯੂ ਕੇ ਦੇ ਜਨਰਲ ਸੈਕਟਰੀ ਪ੍ਰੋ: ਦਲਜੀਤ ਸਿੰਘ ਵਿਰਕ ਅਤੇ ਹੋਰ ਅਹਿਮ ਸੰਗਤਾਂ ਨੇ ਜੀ ਆਇਆਂ ਆਖਿਆ ਬ੍ਰੇਕ–ਫਾਸਟ ਉਪਰੰਤ ਉਹਨਾਂ ਨੇ ਅਜਾਇਬਘਰ ਦੇਖਿਆ ਅਤੇ ਸੁਪਰੀਮ ਕੌਂਸਲ ਦੇ ਜਨਰਲ ਸਕੱਤਰ ਤੇ ਅਜਾਇਬਘਰ ਦੇ ਸੀਨੀਅਰ ਸੇਵਾਦਾਰ ਸ: ਗੁਰਮੇਲ ਸਿੰਘ ਕੰਦੋਲਾ ਨੇ ਸਿੱਖ ਅਜਾਇਬਘਰ ਦੇ ਇਤਿਹਾਸ ਅਤੇ ਸਿੱਖ ਧਰਮ ਬਾਰੇ ਉਹਨਾਂ ਨੂੰ ਜਾਣਕਾਰੀ ਦਿੱਤੀ*

ਸ: ਗੁਰਪਾਲ ਸਿੰਘ ਤੇ ਸਾਥੀਆਂ ਵੱਲੋਂ ਸਾਰੇ ਅਜਾਇਬਘਰ ਦਾ ਟੂਰ ਕਰਵਾਇਆ ਗਿਆ। ਇਸ ਦੌਰਾਨ ਉਹਨਾਂ ਨੇ ਆਏ ਨੇਵੀ ਅਫ਼ਸਰਾਂ ਨੂੰ ਸਿੱਖਾਂ ਵੱਲੋਂ ਪਹਿਲੇ ਤੇ ਦੂਜੇ ਵਿਸ਼ਵ ਯੁੱਧਾਂ ਵਿੱਚ ਸਿੱਖ ਫੌਜੀਆਂ ਵੱਲੋਂ ਪਾਏ ਯੋਗਦਾਨ ਬਾਰੇ ਵੀ ਵੇਰਵੇ ਸਹਿਤ ਦੱਸਿਆ ਕਿ ਕਿਵੇਂ 83000 ਦੇ ਕਰੀਬ ਸਿੱਖ ਫੌਜੀਆਂ ਦੀਆਂ ਸ਼ਹਾਦਤਾਂ ਹੋਈਆਂ ਅਤੇ ਲੱਖਾਂ ਦੀ ਗਿਣਤੀ ਵਿੱਚ ਸਿੱਖ ਫੌਜੀ ਜਖਮੀ ਹੋਏ ਸਨ। ਇਸ ਪਿੱਛੋਂ ਉਹਨਾਂ ਵੱਲੋਂ

From: Rear Admiral Paul Murphy

Strategic Command

Director
Defence Support Major Programmes

Strategic Command
Ministry of Defence
Whitehall
London SW1A 2HB

Mr Rajinder Singh Purewal
Chairman
National Sikh Heritage Centre & Holocaust Museum
Princes Street
DERBY
DE23 8NT

17 October 2024

*Dear Chairman Rajinder,*

Sat Sri Akaal! I wanted to write to say a huge thank you to everyone involved in my visit yesterday to the National Sikh Heritage Centre and Holocaust Museum. It was a truly fascinating and enlightening day!

The museum itself is an amazing accomplishment, so full of colour, heritage and cultural treasures. It is most definitely something you can be extremely proud of and is a tribute to both Sikh history and to the hard work of those involved in creating it.

I though the collection was rich with symbolism and struck a really nice balance between cultural and military history. And given the historic warrior ethos, I can now better understand the symbiotic link between the two.

Please pass on my thanks to all the museum staff. It was a pleasure to meet them and to recognise their hard work, dedication and passion. I was most grateful for their kind and welcoming hospitality as well. It was also really clear that the museum is so much more than just a museum; it is a cultural and community centre for the local area - and I was delighted to hear it is equally successful in that role as well.

It was also a pleasure to meet the hard-working members of the Defence Sikh Network and the local outreach teams, who are all doing an amazing job.

Thank you again for such a wonderful day, the memories of which I will treasure. I wish all involved in the museum every continued success in the future.

*ਐਡਮਿਰਲ ਵੱਲੋਂ ਦਿੱਤੀ ਗਈ ਚਿੱਠੀ*

ਅਫ਼ਸਰ ਸ: ਸੁਖਦੇਵ ਸਿੰਘ ਔਜਲਾ ਦੇ ਉਦਮ ਨਾਲ ਡਰਬੀ ਸਿੱਖ ਅਜਾਇਬਘਰ ਵਿਖੇ ਲਿਆਂਦਾ ਗਿਆ ਸੀ। ਦੂਜੀ ਸੰਸਾਰ ਜੰਗ ਵਿੱਚ ਐਚ ਐਸ ਐਮ ਸਿੰਘ, ਐਚ ਐਸ ਐਮ ਸਰਦਾਰ ਤੇ ਐਚ ਐਸ ਐਮ ਪੰਜਾਬ ਨਾਂ ਦੇ ਤਿੰਨ ਜੰਗੀ ਬੇੜੇ ਬਰਤਾਨਵੀ ਫੌਜ ਵੱਲੋਂ ਵਰਤੇ ਗਏ ਸਨ। ਜਿਹਨਾਂ ਬਾਰੇ ਵੇਰਵੇ ਵੀ ਇਸ ਅਜਾਇਬਘਰ ਵਿੱਚ ਮੌਜੂਦ ਹਨ।

ਇਹ ਨੈਸ਼ਨਲ ਸਿੱਖ ਅਜਾਇਬਘਰ ਦੇਖਣ ਲਈ ਹਰ ਸਾਲ ਅਹਿਮ ਸ਼ਖ਼ਸੀਅਤਾਂ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਡਰਬੀ ਆਉਂਦੀਆਂ ਹਨ।

ਇਥੇ ਇਕ ਵਿਸ਼ਵ ਯੁੱਧ ਨਾਲ ਸਬੰਧਿਤ ਜੰਗੀ ਬੇੜੇ (ਵਾਰ ਸ਼ਿੱਪ) ਜਿਸ ਦਾ ਨਾ ਐਚ ਐਮ ਐਸ ਸਿੱਖ ਹੈ ਦੇ ਮਾਡਲ ਦਾ ਉਦਘਾਟਨ ਕੀਤਾ ਗਿਆ। ਵਿਸ਼ਵ ਯੁੱਧ ਦੇ ਇਸ ਸਿੱਖ ਜੰਗੀ ਬੇੜੇ ਦਾ ਮਾਡਲ ਨੇਵੀ

ਨੇਵੀ ਦੇ ਐਡਮਿਰਲ ਵੱਲੋਂ ਬਾਅਦ ਵਿੱਚ ਸਿੱਖ ਅਜਾਇਬਘਰ ਦੇ ਸਮੂਹ ਪ੍ਰਬੰਧਕਾਂ ਨੂੰ ਧੰਨਵਾਦ ਦੀ ਚਿੱਠੀ ਭੇਜੀ ਗਈ ਜੋ ਇਥੇ ਛਾਪੀ ਜਾ ਰਹੀ ਹੈ।

# ਕੈਨੇਡਾ ਵਿੱਚ ਸਰੀ ਦੇ ਗੁਰਦੁਆਰੇ ਅਤੇ ਖਾਲਸਾ ਸਕੂਲ ਸਰੀ ਵੱਲੋਂ ਸਿੱਖੀ ਲਈ ਕੀਤੇ ਜਾਂਦੇ ਯਤਨਾਂ ਦੀ ਸ: ਪੁਰੇਵਾਲ ਵੱਲੋਂ ਸ਼ਲਾਘਾ

*ਡਰਬੀ (ਪੰਜਾਬ ਟਾਈਮਜ਼) – ਪਿਛਲੇ ਦਿਨੀਂ ਸ: ਰਾਜਿੰਦਰ ਸਿੰਘ ਪੁਰੇਵਾਲ ਕੈਨੇਡਾ ਯਾਤਰਾ ਦੌਰਾਨ ਸਰੀ ਦੇ ਕਈ ਗੁਰਦੁਆਰਾ ਸਾਹਿਬਾਨ ਤੇ ਸਕੂਲਾਂ ਵਿੱਚ ਗਏ। ਇਸ ਦੌਰਾਨ ਉਹਨਾਂ ਨੂੰ ਗੁਰ–ਦੁਆਰਾ ਦਸਮੇਸ਼ ਦਰਬਾਰ, ਸਿੰਘ ਸਭਾ ਗੁਰਦੁਆਰਾ ਸਾਹਿਬ ਅਤੇ ਖਾਲਸਾ ਸਕੂਲ ਸਰੀ ਵਿਖੇ ਜਾਣ ਦਾ ਮੌਕਾ ਮਿਲਿਆ*

ਉਹਨਾਂ ਨੇ ਸਿੰਘ ਸਭਾ ਗੁਰਦੁਆਰਾ ਸਾਹਿਬ ਦੇ ਮੁਖੀ ਸੇਵਾਦਾਰਾਂ ਨਾਲ ਕੁੱਝ ਘੰਟੇ ਵਿਚਾਰਾਂ ਦੀ ਸਾਂਝ ਪਾਈ ਤੇ ਕਈ ਸਿੱਖ ਮਸਲਿਆਂ ਬਾਰੇ ਖੁੱਲ੍ਹ ਕੇ ਵਿਚਾਰਾਂ ਹੋਈਆਂ। ਉਸ ਗੁਰੂ ਘਰ ਦੇ ਬਹੁਤ ਚੰਗੇ ਪ੍ਰਬੰਧਕ ਸੇਵਾਦਾਰ ਹਨ। ਗੁਰੂ ਘਰ ਵਿਖੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਪ੍ਰਵਾਨਿਤ ਰਹਿਤ ਮਰਯਾਦਾ ਲਾਗੂ ਹੈ। 2003 ਵਾਲਾ ਮੂਲ ਨਾਨਕਸ਼ਾਹੀ ਕੈਲੰਡਰ ਵੀ ਲਾਗੂ ਹੈ। ਗੁਰੂ ਘਰ ਦੇ ਮੁਖੀ ਸੇਵਾਦਾਰਾਂ ਸ: ਗੁਰ–ਮੀਤ ਸਿੰਘ ਧਾਲੀਵਾਲ ਤੇ ਸ: ਜਸਵਿੰਦਰ ਸਿੰਘ ਖਹਿਰਾ ਤੇ ਸ: ਕੁੰਦਨ ਸਿੰਘ, ਕੈਨੇਡਾ ਦੇ ਸਾਬਕਾ ਰੱਖਿਆ ਮੰਤਰੀ ਐਮ ਪੀ ਸ: ਹਰਜੀਤ ਸਿੰਘ ਸੱਜਣ ਦੇ ਪਿਤਾ ਜੀ ਆਦਿ ਸ਼ਖ਼ਸੀਅਤਾਂ ਨਾਲ ਲੰਮੀ ਗੱਲਬਾਤ ਹੋਈ। ਬਹੁਤ ਸਾਰੇ ਵਿਸ਼ਿਆਂ ਤੇ ਵਿਚਾਰਾਂ ਹੋਈਆਂ।

ਉਥੇ ਕੁੱਝ ਸੇਵਾਦਾਰਾਂ ਨੇ ਦੱਸਿਆ ਕਿ ਸਰੀ ਦੇ ਬਹੁਤੇ ਗੁਰਦੁਆਰਾ ਸਾਹਿਬ ਪ੍ਰਾਈਵੇਟ ਤੌਰ ਤੇ ਕੁੱਝ ਲੋਕਾਂ ਦੀ ਨਿੱਜੀ ਮਲਕੀਅਤ ਵਾਂਗ ਚਲਾਏ ਜਾਂਦੇ ਹਨ, ਜਿੱਥੇ ਯੂ ਕੇ ਵਾਂਗ ਪ੍ਰਬੰਧ ਸੰਗਤਾਂ ਦੇ ਹੱਥ ਵਿੱਚ ਨਹੀਂ ਹੈ। ਉਥੇ ਥੋੜ੍ਹੇ ਜਿਹੇ ਇਲਾਕੇ ਕੁੱਝ ਮੀਲਾਂ ਵਿੱਚ ਹੀ ਤੀਹ ਦੇ ਕਰੀਬ ਗੁਰਦੁਆਰੇ ਹਨ ।

ਖਾਲਸਾ ਸਕੂਲ ਸਰੀ ਵਿਖੇ ਧਾਰਮਿਕ ਵਿਸ਼ੇ ਦੇ ਮੁਖੀ ਮਾਸਟਰ ਕੁਲਵਿੰਦਰ ਸਿੰਘ ਵੱਲੋਂ ਸਾਰੇ ਸਕੂਲ ਦਾ ਦੌਰਾ ਕਰਵਾਇਆ ਗਿਆ। ਮਾਸਟਰ ਕੁਲਵਿੰਦਰ ਸਿੰਘ ਜੀ ਨੇ ਦੱਸਿਆ ਕਿ ਸਕੂਲ ਵਿੱਚ 4 ਹਜ਼ਾਰ ਤੋਂ ਵੱਧ ਵਿਦਿਆਰਥੀ ਸਿੱਖਿਆ ਲੈ ਰਹੇ ਹਨ। ਦੁਨਿਆਵੀ ਵਿੱਦਿਆ ਤੋਂ ਇਲਾਵਾ ਗੁਰਬਾਣੀ ਸੰਥਿਆ, ਕੀਰਤਨ, ਤਬਲਾ ਕਲਾਸਾਂ, ਗਤਕਾ ਕਲਾਸਾਂ ਲਗਾਈਆਂ ਜਾਂਦੀਆਂ ਹਨ। ਇਸ ਮੌਕੇ ਪ੍ਰਬੰਧਕਾਂ ਤੇ ਅਧਿਆਪਕਾਂ ਨਾਲ ਵੀ ਵਿਚਾਰਾਂ ਕੀਤੀਆਂ। ਪੰਜਾਬ ਤੋਂ ਬਾਹਰ ਇਹ ਇੱਕ ਵੱਡਾ ਵਿੱਦਿਅਕ ਅਦਾਰਾ ਹੈ, ਜਿੱਥੇ ਸਿੱਖ ਧਰਮ ਨਾਲ ਸਬੰਧਿਤ ਵਿਸ਼ੇ ਦੀ ਬਾਕੀ ਵਿਸ਼ਿਆਂ ਵਾਂਗ ਪੜ੍ਹਾਈ ਕਰਵਾਈ ਜਾਂਦੀ ਹੈ। ਸਿੰਘ ਸਭਾ ਗੁਰਦੁਆਰਾ ਸਰਬੀ, ਦਸਮੇਸ਼ ਦਰਬਾਰ ਗੁਰਦੁਆਰਾ ਅਤੇ ਖਾਲਸਾ ਸਕੂਲ ਸਰੀ ਵੱਲੋਂ ਸਿੱਖੀ ਪ੍ਰਚਾਰ ਲਈ ਕੀਤੇ ਜਾਂਦੇ ਉਪਰਾਲਿਆਂ ਦੀ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਸ਼ਲਾਘਾ ਕੀਤੀ ਤੇ ਉਹਨਾਂ ਸਾਰੇ ਪ੍ਰਬੰਧਕਾਂ ਤੇ ਸੇਵਾਦਾਰਾਂ ਦਾ ਧੰਨਵਾਦ ਕੀਤਾ।

ਉਹਨਾਂ ਕਿਹਾ ਜਿੱਥੇ ਵੀ ਸਿੱਖ ਵਸੋਂ ਵਧ ਰਹੀ ਹੈ, ਉਥੇ ਹਰ ਥਾਂ ਇਹੋ ਜਿਹੇ ਉਦਮ ਉਪਰਾਲੇ ਕਰਨ ਲਈ ਸਿੱਖ ਸੰਸਥਾਵਾਂ ਦੇ ਸੇਵਾਦਾਰਾਂ ਨੂੰ ਯਤਨਸ਼ੀਲ ਰਹਿਣਾ ਚਾਹੀਦਾ ਹੈ। ਸਰੀ ਦੇ ਗੁਰੂ ਘਰ ਤੇ ਸਕੂਲ ਤੇ ਸਰੀ ਸ਼ਹਿਰ ਬਿਲਕੁੱਲ ਹੀ ਪੰਜਾਬ ਲੱਗਦਾ ਹੈ। ਉਥੇ ਗੁਰੂ ਘਰਾਂ ਅਤੇ ਸਰੀ ਸਕੂਲ ਦੇ ਪ੍ਰਬੰਧਕ ਪੰਜਾਬ ਨਾਲੋਂ ਵੀ ਸੋਹਣੇ ਪ੍ਰਬੰਧ ਕਰ ਰਹੇ ਹਨ ।

# ਵਿਸ਼ਵ ਭਰ 'ਚ 1 ਅਰਬ ਤੋਂ ਜ਼ਿਆਦਾ ਲੋਕ ਅੱਤ ਦੀ ਗਰੀਬੀ 'ਚ ਰਹਿ ਰਹੇ ਹਨ, ਸਭ ਤੋਂ ਵੱਧ ਭਾਰਤ 'ਚ : ਸੰਯੁਕਤ ਰਾਸ਼ਟਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਦੁਨੀਆ ਵਿੱਚ ਇੱਕ ਅਰਬ ਤੋਂ ਵੱਧ ਲੋਕ ਅਤਿ ਦੀ ਗਰੀਬੀ ਵਿੱਚ ਰਹਿ ਰਹੇ ਹਨ ਅਤੇ ਉਨ੍ਹਾਂ ਵਿੱਚੋਂ ਅੱਧੇ ਬੱਚੇ ਹਨ। ਜਦੋਂ ਕਿ ਲਗਭਗ 40 ਫੀਸਦੀ ਅਜਿਹੇ ਲੋਕ ਉਹਨਾਂ ਦੇਸ਼ਾਂ ਵਿੱਚ ਰਹਿੰਦੇ ਹਨ ਜਿੱਥੇ ਜੰਗ, ਅਸ਼ਾਂਤੀ ਜਾਂ ਅਸਥਿਰਤਾ ਹੈ। ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂ. ਐਨ. ਡੀ. ਪੀ.) ਅਤੇ ਆਕਸਫੋਰਡ ਯੂਨੀਵਰਸਿਟੀ ਦੇ ਆਕਸਫੋਰਡ ਗਰੀਬੀ ਅਤੇ ਮਨੁੱਖੀ ਵਿਕਾਸ ਪਹਿਲਕਦਮੀ ਦੁਆਰਾ ਜਾਰੀ ਕੀਤੀ ਗਈ ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 83 ਪ੍ਰਤੀਸ਼ਤ ਤੋਂ ਵੱਧ ਗਰੀਬ ਲੋਕ ਪੇਂਡੂ ਖੇਤਰਾਂ ਵਿੱਚ ਰਹਿੰਦੇ ਹਨ ਅਤੇ ਇਨ੍ਹਾਂ ਵਿੱਚੋਂ ਇਹਨੇ ਪ੍ਰਤੀਸ਼ਤ ਹੀ ਲੋਕ ਅਫਰੀਕਾ ਅਤੇ ਦੱਖਣੀ ਏਸ਼ੀਆ ਵਿੱਚ ਰਹਿੰਦੇ ਹਨ।

ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਅਤੇ ਆਕਸਫੋਰਡ 2010 ਤੋਂ ਹਰ ਸਾਲ ਬਹੁ–ਆਯਾਮੀ ਗਰੀਬੀ ਸੂਚਕ ਅੰਕ ਜਾਰੀ ਕਰ ਰਹੇ ਹਨ, ਜੋ ਕਿ ਸਿਹਤ, ਸਿੱਖਿਆ ਅਤੇ ਜੀਵਨ ਪੱਧਰ ਸਮੇਤ 10 ਸੂਚਕਾਂ 'ਤੇ ਆਧਾਰਿਤ ਹੈ। ਇਸ ਸਾਲ ਦੇ ਸੂਚਕਾਂਕ ਨੇ 112 ਦੇਸ਼ਾਂ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ ਹੈ ਜਿਹਨਾਂ ਵਿੱਚ ਦੁਨੀਆ ਦੀ 6.3 ਅਰਬ ਆਬਾਦੀ ਰਹਿੰਦੀ ਹੈ।

ਸੂਚਕਾਂਕ ਦੇ ਅਨੁਸਾਰ, 1.1 ਅਰਬ ਲੋਕ ਬਹੁਤ ਗਰੀਬੀ ਵਿੱਚ ਰਹਿ ਰਹੇ ਹਨ, ਜਿਨ੍ਹਾਂ ਵਿੱਚੋਂ ਲਗਭਗ ਅੱਧੇ ਪੰਜ ਦੇਸ਼ਾਂ ਵਿੱਚ ਹਨ: ਭਾਰਤ (23.4 ਕਰੋੜ), ਪਾਕਿਸਤਾਨ (9.3 ਕਰੋੜ), ਇਥੋਪੀਆ (8.6 ਕਰੋੜ), ਨਾਈਜੀਰੀਆ (7.4 ਕਰੋੜ) ਅਤੇ ਕਾਂਗੋ (6.6 ਕਰੋੜ) ਰਹਿੰਦੇ ਹਨ।

ਰਿਪੋਰਟ ਦੇ ਅਨੁਸਾਰ, ਬਹੁਤ ਜ਼ਿਆਦਾ ਗਰੀਬੀ ਵਿੱਚ ਰਹਿ ਰਹੇ ਲੋਕਾਂ ਵਿੱਚੋਂ ਲਗਭਗ ਅੱਧੇ, ਭਾਵ 58.4 ਕਰੋੜ ਬੱਚੇ, 18 ਸਾਲ ਤੋਂ ਘੱਟ ਉਮਰ ਦੇ ਹਨ। ਇਨ੍ਹਾਂ ਵਿੱਚੋਂ 31.7 ਕਰੋੜ ਲੋਕ ਉਪ-ਸਹਾਰਾ ਅਫਰੀਕਾ ਵਿੱਚ ਰਹਿੰਦੇ ਹਨ, ਜਦੋਂ ਕਿ 18.4 ਕਰੋੜ ਦੱਖਣੀ ਏਸ਼ੀਆ ਵਿੱਚ ਰਹਿੰਦੇ ਹਨ। ਇਸ ਮੁਤਾਬਕ ਅਫਗਾਨਿਸਤਾਨ ਵਿੱਚ ਗਰੀਬੀ ਵਧੀ ਹੈ ਅਤੇ ਗਰੀਬ ਬੱਚਿਆਂ ਦਾ ਅਨੁਪਾਤ ਵੀ ਲਗਭਗ 59 ਫੀਸਦੀ ਤੱਕ ਵੱਧ ਹੈ।

ਯੂ ਐਨ ਡੀ ਪੀ ਅਤੇ ਆਕਸਫੋਰਡ ਨੇ ਕਿਹਾ ਕਿ ਇਸ ਸਾਲ ਦੀ ਰਿਪੋਰਟ ਸੰਘਰਸ਼ ਦੇ ਵਿਚਕਾਰ ਗਰੀਬੀ 'ਤੇ ਕੇਂਦਰਿਤ ਹੈ, ਕਿਉਂਕਿ 2023 ਵਿੱਚ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਸਭ ਤੋਂ ਵੱਧ ਟਕਰਾਅ ਹੋਏ ਸਨ ਅਤੇ 11.7 ਕਰੋੜ ਲੋਕਾਂ ਨੂੰ ਯੁੱਧ, ਆਫ਼ਤਾਂ ਅਤੇ ਹੋਰ ਕਾਰਨਾਂ ਕਰਕੇ ਘਰ ਛੱਡ ਕੇ ਹੋਰ ਥਾਂ ਵੱਸਣਾ ਪਿਆ ਸੀ।

ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਦਫਤਰ ਦੇ ਨਿਰਦੇਸ਼ਕ ਪੇਡਰੋ ਕੋਨਸੇਕਾਓ ਨੇ ਕਿਹਾ, "ਪਹਿਲੀ ਵਾਰ ਹੈ ਕਿ ਇਹ ਰਿਪੋਰਟ ਉਹਨਾਂ ਲੋਕਾਂ ਦੀਆਂ ਮੁਸ਼ਕਲ ਹਕੀਕਤਾਂ ਨੂੰ ਉਜਾਗਰ ਕਰਦੀ ਹੈ ਜੋ ਇੱਕੋ ਸਮੇਂ ਸੰਘਰਸ਼ ਅਤੇ ਗਰੀਬੀ ਦਾ ਸਾਹਮਣਾ ਕਰ ਰਹੇ ਹਨ।"

# ਸਿੱਖ ਮਿਸ਼ਨਰੀ ਸੁਸਾਇਟੀ ਸਾਊਥਾਲ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਯਾਦਾ ਸਬੰਧੀ ਮੀਟਿੰਗ



ਮੀਟਿੰਗ ਵਿੱਚ ਹਿੱਸਾ ਲੈਣ ਵਾਲੇ ਸਿੱਖ ਆਗੂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਿੱਖ ਮਿਸ਼ਨਰੀ ਸੁਸਾਇਟੀ ਸਾਊਥਾਲ ਵਿਖੇ ਪਿਛਲੇ ਦਿਨੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਯਾਦਾ ਤੇ ਪ੍ਰੰਪਰਾਵਾ ਨੂੰ ਲੱਗ ਰਹੀ ਢਾਹ ਤੇ ਵਿਸ਼ੇਸ਼ ਇਕੱਠ ਕੀਤਾ ਗਿਆ ਜਿਸ ਵਿੱਚ ਪੰਥ ਦਰਦੀ ਸਿੰਘਾਂ ਨੇ ਉਚੇਚੇ ਤੌਰ ਸ਼ਮੂਲੀਅਤ ਕਰਦਿਆਂ ਹੋਇਆਂ ਸਿੰਘ ਸਾਹਿਬ ਗਿ: ਰਘਬੀਰ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿੱਚ ਪੰਜ ਸਿੰਘ ਸਾਹਿਬਾਨਾਂ ਵੱਲੋਂ ਲਏ ਗਏ ਫੈਸਲਿਆਂ ਦੀ ਸ਼ਲਾਘਾ ਕੀਤੀ ਗਈ ਅਤੇ ਭਵਿੱਖ ਵਿੱਚ ਵੀ ਕੌਮੀ ਮਸਲੇ ਹੱਲ ਕਰਣ ਲਈ ਹਰ ਤਰਾਂ ਦਾ ਸਹਿਯੋਗ ਕਰਣ ਲਈ ਵੱਚਨਬੱਧਤਾ ਪ੍ਰਗਟਾਈ ਗਈ। ਇਸ ਤੋਂ ਇਲਾਵਾ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਕੀਤੇ ਗਏ ਵਿਵਹਾਰ ਦੀ ਨਿੰਦਾ ਕੀਤੀ ਗਈ। ਇਸ ਮੌਕੇ ਸਿੱਖ ਮਿਸ਼ਨਰੀ ਸੁਸਾਇਟੀ ਦੇ ਜਨਰਲ ਸਕੱਤਰ ਸ: ਗੁਰਬਚਨ ਸਿੰਘ ਅਠਵਾਲ, ਸ: ਅਵਤਾਰ ਸਿੰਘ ਬੁੱਟਰ, ਸ: ਹਰਬੰਸ ਸਿੰਘ ਕੁਲਾਰ, ਸ: ਰਜਿੰਦਰ ਸਿੰਘ ਰਾਏ, ਭਾਈ ਬਲਵਿੰਦਰ ਸਿੰਘ ਪੱਟੀ, ਸ: ਬਲਬੀਰ ਸਿੰਘ ਬੈਂਸ, ਸ: ਗੁਰਮੀਤ ਸਿੰਘ ਧਨੋਆ, ਸ: ਜਸਮਿੰਦਰ ਸਿੰਘ ਗਰੇਵਾਲ, ਸ: ਅਮਰਜੀਤ ਸਿੰਘ ਢਿੱਲੋਂ, ਸ: ਦਿਲਾਵਰ ਸਿੰਘ ਸਿੱਧੂ, ਸ: ਜਸਵੰਤ ਸਿੰਘ ਮੰਡ, ਸ: ਪਿੰਦਰ ਸਿੰਘ ਔਜਲਾ, ਬੀਬੀ ਬਲਬੀਰ ਕੌਰ ਸੰਧੂ, ਬੀਬੀ ਰਣਜੀਤ ਕੌਰ, ਬੀਬੀ ਹਰਪ੍ਰੀਤ ਕੌਰ, ਸ: ਸੁਖਵਿੰਦਰ ਸਿੰਘ ਸੁੱਖੀ, ਸ: ਗੁਰਮੀਤ ਸਿੰਘ ਮਾਨ ਆਦਿ ਹਾਜ਼ਰ ਸਨ।





ਕੌਮੀ ਇਨਸਾਫ ਮੋਰਚੇ ਦੇ ਵਿੱਚ ਤਾਲਮੇਲ ਕਮੇਟੀ ਦੀ ਅਹਿਮ ਮੀਟਿੰਗ ਹੋਈ ਜਿਸ ਵਿੱਚ ਮੋਰਚੇ ਦੇ ਆਗੂ ਸਾਹਿਬਾਨਾ ਵਲੋ ਮੋਰਚੇ ਦੀ ਚੜ੍ਹਦੀ ਕਲਾਂ ਲਈ ਕੁਝ ਜਰੂਰੀ ਅਤੇ ਅਹਿਮ ਫੈਸਲੇ ਲਏ ਗਏ


## ਨਵੇਂ ਸਾਲ ਦੇ ਖ਼ੂਬਸੂਰਤ ਕੈਲੰਡਰ ਤਿਆਰ

**TO BUY OR PRINT YOUR OWN NEW YEAR'S CALANDERS**
**PLEASE CONTACT US ON 01332-372 851**

ਪੰਜਾਬ ਟਾਈਮਜ਼ ਵੱਲੋਂ ਨਵੇਂ ਸਾਲ 2025 ਦੇ ਬਹੁਤ ਸੋਹਣੇ ਕੈਲੰਡਰ ਬਣਾਏ ਜਾ ਰਹੇ ਹਨ। ਵਪਾਰਕ ਅਦਾਰਿਆਂ ਲਈ ਆਪਣੇ ਕਾਰੋਬਾਰ ਨੂੰ ਵਧਾਉਣ ਦਾ ਇਹ ਬਹੁਤ ਵਧੀਆ ਮੌਕਾ ਹੁੰਦਾ ਹੈ। ਕੈਲੰਡਰ ਹਰ ਘਰ ਵਿਚ ਸਾਰਾ ਸਾਲ ਲੱਗਾ ਰਹਿੰਦਾ ਹੈ, ਜਿਸ ਨਾਲ ਸਬੰਧਿਤ ਸੰਸਥਾ ਜਾਂ ਕੰਪਨੀ ਨਾਲ ਲੋਕਾਂ ਦਾ ਰਾਬਤਾ ਬਣਿਆ ਰਹਿੰਦਾ ਹੈ। ਤੁਸੀਂ ਆਪਣੇ ਕੈਲੰਡਰ ਛਪਵਾ ਕੇ ਕਾਰੋਬਾਰ ਵਿਚ ਚੋਖਾ ਵਾਧਾ ਕਰ ਸਕਦੇ ਹੋ। ਸੋ ਦੇਰ ਨਾ ਕਰੋ, ਜਿਹੜਾ ਕੈਲੰਡਰ ਪਹਿਲਾਂ ਮਿਲ ਜਾਵੇ ਲੋਕ ਉਹੀ ਘਰ ਵਿੱਚ ਲਗਾ ਲੈਂਦੇ ਹਨ, ਫਿਰ ਦੇਰ ਨਾਲ ਮਿਲਣ ਵਾਲੇ ਕੈਲੰਡਰਾਂ ਵੱਲ ਕੋਈ ਧਿਆਨ ਨਹੀਂ ਦਿੰਦਾ।

ਵਿਸ਼ੇਸ਼ ਨੋਟ:- ਤੁਸੀਂ ਆਪਣੀ ਸੰਸਥਾ, ਕੰਪਨੀ ਨਾਲ ਸਬੰਧਿਤ ਜਾਂ ਕੋਈ ਪਰਿਵਾਰਕ ਫੋਟੋ ਜਾਂ ਹੋਰ ਕੋਈ ਵੀ ਆਪਣੀ ਮਨਪਸੰਦ ਫੋਟੋ ਆਪਣੇ ਕੈਲੰਡਰ ਉੱਤੇ ਛਪਵਾ ਸਕਦੇ ਹੋ।
* ਗੁਰੂ ਘਰਾਂ ਦੇ ਸਾਲਾਨਾ ਕੈਲੰਡਰ ਛਾਪਣ ਲਈ ਵਿਸ਼ੇਸ਼ ਰਿਆਇਤੀ ਦਰਾਂ ਹਨ, ਜਾਨਣ ਲਈ ਫ਼ੋਨ ਕਰੋ;

**What's App Contact: 07966 388 388**




Specialist in Full Colour and all other Commercial Printing.

ਅਸੀਂ ਹਰ ਤਰ੍ਹਾਂ ਦੇ ਵੱਖ-ਵੱਖ ਸਾਈਜ਼ਾਂ 'ਚ ਪੋਸਟਰ, ਕਿਤਾਬਾਂ ਅਤੇ ਰਸਾਲੇ ਆਦਿ ਬਹੁਤ ਹੀ ਸਸਤੇ ਭਾਅ 'ਤੇ ਛਾਪਦੇ ਹਾਂ।

CALL NOW AND SPEAK TO MANINDER SINGH OR HARJINDER SINGH MANDER ON: 01332-372851

## ਹਰਿਆਣਾ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਝੀਂਡਾ ਬੋਲਿਆ

# "ਗਿਆਨੀ ਹਰਪ੍ਰੀਤ ਸਿੰਘ ਭਾਜਪਾ ਦੇ ਏਜੰਟ"

### ✪ ਕੀ ਹੈ ਝੀਂਡਾ ਵਲੋਂ ਲਗਾਏ ਇਨ੍ਹਾਂ ਦੋਸ਼ਾਂ ਪਿਛੇ ਸੱਚਾਈ ?







ਅੰਮ੍ਰਿਤਸਰ-ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ 'ਤੇ ਗੰਭੀਰ ਇਲਜ਼ਾਮ ਲਗਾਏ ਹਨ। ਉਨ੍ਹਾਂ ਕਿਹਾ ਕਿ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਭਾਜਪਾ ਦਾ ਏਜੰਟ ਹਨ ਅਤੇ ਆਪਣੀ ਬਿਆਨਬਾਜ਼ੀ ਤੋਂ ਹੀ ਡਰ ਕੇ ਅਸਤੀਫ਼ਾ ਦੇਣ ਦਾ ਐਲਾਨ ਕੀਤਾ ਸੀ। ਉਨ੍ਹਾਂ ਕਿਹਾ ਜੇਕਰ ਉਹ ਭਾਜਪਾ ਦੇ ਏਜੰਟ ਨਹੀਂ ਤਾਂ ਉਨ੍ਹਾਂ ਨੇ ਅਮਿਤ ਸ਼ਾਹ ਨਾਲ 2 ਘੰਟੇ ਬੰਦ ਕਮਰਾ ਮੀਟਿੰਗ ਕਿਉਂ ਕੀਤਾ। ਇਸ ਤੋਂ ਸਾਰੀ ਦੁਨੀਆ ਨੂੰ ਸਾਫ਼ ਹੈ ਕਿ ਉਹ ਭਾਜਪਾ ਦੇ ਹੱਥਾਂ ਵਿਚ ਖੇਡ ਰਹੇ ਹਨ।

ਇਸ ਦੌਰਾਨ ਝੀਂਡਾ ਨੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਭਾਵੁਕ ਹੋਣ 'ਤੇ ਵੀ ਤੰਜ ਕੱਸਦਿਆਂ ਕਿਹਾ ਕਿ ਕੀ ਜਥੇਦਾਰ ਸਾਹਿਬ ਵੀ ਕਦੇ ਰੋਂਦੇ ਨੇ ? ਸਾਨੂੰ ਇੰਨਾ ਕਮਜ਼ੋਰ ਜਥੇਦਾਰ ਨਹੀਂ ਚਾਹੀਦਾ, ਸਾਨੂੰ ਉਹ ਜਥੇਦਾਰ ਚਾਹੀਦਾ ਹੈ ਜੋ ਸਰਕਾਰ ਨਾਲ ਵੀ ਟਕਰਾਅ ਜਾਵੇ ਭਾਵੇਂ ਕੋਈ ਵੀ ਸਰਕਾਰ ਕਿਉਂ ਨਾ ਹੋਵੇ ?

ਜਗਦੀਸ਼ ਸਿੰਘ ਝੀਂਡਾਂ ਨੇ ਕਿਹਾ ਅਸੀਂ ਇਸ ਗੱਲ ਤੋਂ ਮੁਨਕਰ ਨਹੀਂ ਹੋ ਸਕਦੇ...ਕਿਉਂਕਿ ਅਸੀਂ ਭੁਗਤਭੋਗੀ ਹਾਂ... ਜਦੋਂ ਸਰਕਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਹੀਂ ਬਣੀ ਸੀ ਤਾਂ ਸਾਡੇ ਵੱਲੋਂ ਇੱਕ ਲਿਸਟ ਜਾਰੀ ਕੀਤੀ ਸੀ। ਜਿਨ੍ਹਾਂ ਨੇ 22 ਸਾਲ ਸੰਘਰਸ਼ ਕੀਤਾ ਸੀ। ਇਸ ਕਮੇਟੀ ਦਾ ਅਸੀਂ ਗਠਨ ਕਰਕੇ ਨਾਂਅ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਭੇਜੇ ਗਏ ਸਨ। ਇਸੇ ਹਰਪ੍ਰੀਤ ਸਿੰਘ ਵੱਲੋਂ ਸਾਨੂੰ ਕਿਹਾ ਸੀ ਕਿ ਅਸੀਂ ਇਸ ਕਮੇਟੀ ਉੱਤੇ ਮੋਹਰ ਲਗਾਵਾਂਗੇ। ਜਦੋਂ ਇਸ ਬਾਰੇ ਬੀਜੇਪੀ ਨੂੰ ਪਤਾ ਲੱਗਿਆ ਤਾਂ ਉਨ੍ਹਾਂ ਨੇ ਇਸ ਨੂੰ ਰੋਕ ਦਿੱਤਾ ਅਤੇ ਆਖਿਆ ਕਿ ਤੁਸੀਂ ਕੌਣ ਹੁੰਦੇ ਹੋ ਇਸ ਕਮੇਟੀ 'ਤੇ ਮੋਹਰ ਲਗਾਉਣ ਵਾਲੇ...ਹਰਿਆਣਾ ਵਿੱਚ ਸਾਡੇ ਸਰਕਾਰ ਹੈ, ਅਸੀਂ ਆਪਣੀ ਕਮੇਟੀ ਬਣਾਵਾਂਗੇ। ਬੀਜੇਪੀ ਨੇ ਇਸ ਕਮੇਟੀ ਨੂੰ ਰੋਕਣ ਦੇ ਲਈ ਹਰਪ੍ਰੀਤ ਸਿੰਘ ਦੀ ਵਰਤੋਂ ਕੀਤੀ। ਜਥੇਦਾਰ ਮੇਰੇ ਹਿਸਾਬ ਨਾਲ ਉਹ ਬੀਜੇਪੀ ਦਾ ਏਜੰਟ ਅਤੇ ਆਦਮੀ ਹੈ।

ਝੀਡਾ ਨੇ ਕਿਹਾ ਕਿ ਜਦੋਂ ਵਿਰਸਾ ਸਿੰਘ ਵਲਟੋਹਾ ਨੇ ਹਰਪ੍ਰੀਤ ਸਿੰਘ ਦੇ ਖਿਲਾਫ ਬਿਆਨ ਦਿੱਤਾ ਤਾਂ ਉਸਨੂੰ ਲੱਗਿਆ ਕਿ...ਹੁਣ ਉਸ ਦੀ ਪੋਲ ਖੁੱਲ੍ਹ ਚੁੱਕੀ ਹੈ। ਕਿ ਮੇਰੇ ਭੇਤ ਦਾ ਪਰਦਾਫਾਸ਼ ਹੋ ਗਿਆ ਹੈ। ਮੈਂ ਭਾਜਪਾ ਦਾ ਗੁਲਾਮ ਬਣ ਚੁੱਕਿਆ ਹਾਂ। ਮੈਂ ਭਾਜਪਾ ਦੇ ਇਸ਼ਾਰੇ 'ਤੇ ਕੰਮ ਕਰਦਾ ਹਾਂ ਅਤੇ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਮੇਰੀ ਜਥੇਦਾਰ ਤੋਂ ਛੁੱਟੀ ਕਰ ਦੇਵੇਗੀ, ਇਸ ਲਈ ਉਸ ਨੇ ਪਹਿਲਾਂ ਹੀ ਆਪਣਾ ਦਾਅ ਖੇਡ ਦਿੱਤਾ ਅਤੇ ਆਪਣਾ ਅਸਤੀਫਾ ਦੇ ਦਿੱਤਾ।

ਉਨ੍ਹਾਂ ਨੇ ਕਿਹਾ ਕਿ..ਮੈਂ ਖੁੱਦ ਵੀ ਅਜਿਹਾ ਕਹਿੰਦਾ ਹਾਂ ਕਿ ਜਥੇਦਾਰ ਭਾਜਪਾ ਦਾ ਏਜੰਟ ਹਾਂ, ਜੇਕਰ ਉਹ ਭਾਜਪਾ ਦਾ ਏਜੰਟ ਨਹੀਂ ਤਾਂ ਅਮਿਤ ਸ਼ਾਹ ਨਾਲ 2 ਘੰਟੇ ਬੰਦ ਕਮਰਾ ਮੀਟਿੰਗ ਕਿਉਂ ਕੀਤੀ ? ਜਿਹੜਾ ਵਾਅਦਾ ਉਸਨੇ ਸਾਡੀ ਕਮੇਟੀ ਨਾਲ ਕੀਤਾ ਸੀ ਜੱਥੇਦਾਰ ਨੇ ਮੋਹਰ ਕਿਉਂ ਨਹੀਂ ਲਗਾਈ ? ਸਾਰੀ ਦੁਨੀਆਂ ਜਾਣਦੀ ਹੈ ਕਿ ਉਹ ਬੀਜੇਪੀ ਦੇ ਹੱਥਾਂ ਵਿਚ ਖੇਡ ਰਿਹਾ ਹੈ ਇਸ ਲਈ ਅਕਾਲੀ ਦਲ ਬਾਦਲ ਉਸ ਨੂੰ ਹਟਾਉਣਾ ਚਾਹੁੰਦਾ ਸੀ। ਜਥੇਦਾਰ ਡਰ ਗਿਆ ਸੀ ਕਿ ਉਸ ਦੀ ਜਥੇਦਾਰੀ ਜਾ ਰਹੀ ਹੈ, ਜਥੇਦਾਰੀ ਜਾਣ ਦੇ ਡਰ ਤੇ ਉਸ ਨੇ ਭਾਵੁਕ ਹੋ ਕੇ ਅਸਤੀਫਾ ਦੇ ਦਿੱਤਾ।

ਜਥੇਦਾਰ ਹਰਪ੍ਰੀਤ ਸਿੰਘ ਨੇ ਇਸ ਬਾਰੇ ਕੋਈ ਜੁਆਬ ਨਹੀਂ ਦਿਤਾ। ਸ਼ੋਸ਼ਲ ਮੀਡੀਆ ਉਪਰ ਸੁਆਲ ਇਹ ਉਠਾਏ ਜਾ ਰਹੇ ਹਨ ਕਿ ਝੀਂਡਾ ਇਸ ਬਾਰੇ ਝੂਠ ਬੋਲ ਰਿਹਾ ਹੈ। ਗਿਆਨੀ ਹਰਪ੍ਰੀਤ ਸਿੰਘ ਕਦੇ ਵੀ ਸ੍ਰੋਮਣੀ ਕਮੇਟੀ ਦੀ ਵੰਡ ਦੇ ਹੱਕ ਵਿਚ ਨਹੀਂ ਸਨ। ਉਹ ਹਮੇਸ਼ਾ ਅਕਾਲੀ ਦਲ ਤੇ ਸ੍ਰੋਮਣੀ ਕਮੇਟੀ ਦੀ ਮਜਬੂਤੀ ਬਾਰੇ ਬਿਆਨ ਦਿੰਦੇ ਰਹੇ ਹਨ। ਜੇ ਉਹ ਹਰਿਆਣਾ ਕਮੇਟੀ ਦੇ ਹੱਕ ਵਿਚ ਹੁੰਦੇ ਤਾਂ ਸ੍ਰੋਮਣੀ ਕਮੇਟੀ ਤੇ ਅਕਾਲੀ ਦਲ ਵਲੋਂ ਉਨ੍ਹਾਂ ਦਾ ਵਿਰੋਧ ਹੁੰਦਾ।

ਜਦ ਕਿ ਝੀਂਡਾ ਨੇ ਬਾਬਾ ਬਲਜੀਤ ਸਿੰਘ ਦਾਦੂਵਾਲ ਨਾਲ ਮਿਲਕੇ ਆਪ ਵਖਰੀ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨੈਰੇਟਿਵ ਸਿਰਜਕੇ ਹਰਿਆਣਾ ਸਰਕਾਰ ਨਾਲ ਮਿਲਕੇ ਸ੍ਰੋਮਣੀ ਕਮੇਟੀ ਤੋਂ ਵਖਰੀ ਕਮੇਟੀ ਬਣਾਉਣ ਦੀ ਕੋਸ਼ਿਸ਼ ਕਰਦੇ ਰਹੇ।ਸਰਕਾਰ ਅਗੇ ਮਿੰਨਤਾਂ ਕਰਦੇ ਰਹੇ ਕਿ ਸਾਨੂੰ ਪ੍ਰਧਾਨ ਬਣਾਇਆ ਜਾਵੇ। ਪਰ ਸਰਕਾਰ ਆਪਣੀਆਂ ਮਨਮਰਜ਼ੀਆਂ ਕਰ ਰਹੀ ਹੈ। ਹਰਿਆਣਾ ਕਮੇਟੀ ਉਪਰ ਹੁਣ ਸਰਕਾਰ ਦਾ ਕਬਜਾ ਹੈ। ਇਸ ਦਾ ਜਿੰਮੇਵਾਰ ਝੀਂਡਾ ਤੇ ਇਸ ਦੇ ਸਾਥੀ ਹਨ।

# ਜੇਕਰ ਤੁਸੀਂ ਵੀ ਸ਼ਰਾਬ ਦੇ ਨਾਲ ਲਾਉਂਦੇ ਸੁੱਟਾ ਤਾਂ ਹੋ ਸਕਦਾ ਹੈ ਕੈਂਸਰ

ਕੀ ਤੁਸੀਂ ਵੀ ਸ਼ਰਾਬ ਅਤੇ ਸੁੱਟਾ ਇਕੱਠੇ ਪੀਂਦੇ ਹੋ ? ਜੇਕਰ ਤੁਸੀਂ ਇੱਕ ਘੁੱਟ ਸ਼ਰਾਬ ਅਤੇ ਇੱਕ ਕਸ਼ ਸਿਗਰੇਟ ਦੀ ਲੈ ਰਹੇ ਹੋ ਤਾਂ ਸਮਝ ਜਾਓ ਕਿ ਤੁਸੀਂ ਆਪਣੀ ਜ਼ਿੰਦਗੀ ਬਰਬਾਦ ਕਰ ਰਹੇ ਹੋ। ਇਨ੍ਹਾਂ ਦੋਵਾਂ ਦਾ ਸੁਮੇਲ ਬਹੁਤ ਖਤਰਨਾਕ ਹੈ। ਕਈ ਖੋਜਾਂ ਵਿੱਚ ਪਾਇਆ ਗਿਆ ਹੈ ਕਿ ਸ਼ਰਾਬ ਦੇ ਨਾਲ-ਨਾਲ ਸਿਗਰਟ ਵੀ ਖਤਰਨਾਕ ਹੋ ਸਕਦੀ ਹੈ। ਦ ਇੰਸਟੀਚਿਊਟ ਆਫ ਕੈਂਸਰ ਰਿਸਰਚ ਦੇ ਇੱਕ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਇੱਕ ਹ਼ਫਤੇ ਵਿੱਚ 750 ਮਿਲੀਲੀਟਰ ਸ਼ਰਾਬ ਪੀਣ ਨਾਲ ਕੈਂਸਰ ਦਾ ਖ਼ਤਰਾ ਵੱਧ ਜਾਂਦਾ ਹੈ। ਇਹ ਉਂਨਾ ਹੀ ਖਤਰਨਾਕ ਹੈ, ਜਿੰਨਾ ਇੱਕ ਹ਼ਫਤੇ ਵਿੱਚ ਪੁਰਸ਼ਾਂ ਦਾ 5 ਅਤੇ ਔਰਤਾਂ ਦਾ 10 ਸਿਗਰਟ ਪੀਣਾ ਹੈ। ਜਦੋਂ ਇਹ ਦੋਵੇਂ ਇਕੱਠੇ ਹੁੰਦੇ ਹਨ, ਤਾਂ ਖ਼ਤਰਾ ਕਈ ਗੁਣਾ ਵੱਧ ਜਾਂਦਾ ਹੈ। ਆਓ ਜਾਣਦੇ ਹਾਂ ਸ਼ਰਾਬ ਅਤੇ ਸੁੱਟਾ ਇਕੱਠੇ ਪੀਣ ਨਾਲ ਕੀ ਨੁਕਸਾਨ ਹੁੰਦਾ ਹੈ-

ਕੈਂਸਰ ਦਾ ਖਤਰਾ-ਸ਼ਰਾਬ ਅਤੇ ਸਿਗਰੇਟ ਦਾ ਸੁਮੇਲ ਕੈਂਸਰ ਦਾ ਖ਼ਤਰਾ ਵਧਾਉਂਦਾ ਹੈ। ਇਹ ਗੱਲ ਕਈ ਖੋਜਾਂ ਵਿੱਚ ਵੀ ਸਾਬਤ ਹੋ ਚੁੱਕੀ ਹੈ। ਦੋਵੇਂ ਇਕੱਠੇ ਮੂੰਹ, ਗਲੇ ਅਤੇ ਹੋਰ ਕਈ ਤਰ੍ਹਾਂ ਦੇ ਕੈਂਸਰ ਦੇ ਖਤਰੇ ਨੂੰ ਵਧਾ ਸਕਦੇ ਹਨ। ਇਸ ਲਈ ਵਿਅਕਤੀ ਨੂੰ ਸੁਰੱਖਿਅਤ ਰਹਿਣਾ ਚਾਹੀਦਾ ਹੈ।

ਦਿਲ ਦੀ ਬਿਮਾਰੀ ਦਾ ਖਤਰਾ-ਸ਼ਰਾਬ ਅਤੇ ਸੁੱਟਾ ਇਕੱਠਿਆਂ ਪੀਣ ਨਾਲ ਦਿਲ ਅਤੇ ਖੂਨ ਸੰਚਾਰ ਵਰਗੀਆਂ ਸਮੱਸਿਆਵਾਂ ਵੱਧ ਸਕਦੀਆਂ ਹਨ। ਸਿਗਰਟ ਪੀਣ ਨਾਲ ਐਥੇਰੋਸਕਲੇਰੋਸਿਸ (ਧਮਨੀਆਂ ਦਾ ਸੁੰਗਣਨਾ) ਵਰਗੀਆਂ ਗੰਭੀਰ ਸਮੱਸਿਆਵਾਂ



ਹੋ ਸਕਦੀਆਂ ਹਨ, ਜਦੋਂ ਕਿ ਬਹੁਤ ਜ਼ਿਆਦਾ ਸ਼ਰਾਬ ਕਾਰਡੀਓਮਾਇਓਪੈਥੀ, ਹਾਈ ਬਲੱਡ ਪ੍ਰੈਸ਼ਰ ਅਤੇ ਅਨਿਯਮਿਤ ਦਿਲ ਦੀ ਧੜਕਣ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

ਲੀਵਰ 'ਤੇ ਪੈਂਦਾ ਬੁਰਾ ਅਸਰ-ਸ਼ਰਾਬ ਪੀਣ ਨਾਲ ਲੀਵਰ ਨੂੰ ਗੰਭੀਰ ਨੁਕਸਾਨ ਹੋ ਸਕਦਾ ਹੈ, ਪਰ ਜਦੋਂ ਇਸ ਵਿੱਚ ਸਿਗਰਟ ਜੁੜ ਜਾਂਦੀ ਹੈ ਤਾਂ ਇਹ ਹੋਰ ਵੀ ਖਤਰਨਾਕ ਹੋ ਸਕਦਾ ਹੈ। ਦੋਵਾਂ ਦਾ ਸੁਮੇਲ ਲੀਵਰ ਦੀ ਖਤਰਨਾਕ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ।

ਦਿਮਾਗ ਅਤੇ ਫੇਫੜਿਆਂ ਨੂੰ ਨੁਕਸਾਨ-ਅਲਕੋਹਲ ਅਤੇ ਸੁੱਟੇ ਦਾ ਸੁਮੇਲ ਦਿਮਾਗ ਦੇ ਸੈੱਲਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਇਹ ਚਿੰਤਾ, ਤਣਾਅ ਅਤੇ ਉਦਾਸੀ ਨੂੰ ਵਧਾ ਸਕਦਾ ਹੈ। ਸੂਟਾ ਫੇਫੜਿਆਂ ਨੂੰ ਨੁਕਸਾਨ ਪਹੁੰਚਾਉਂਦਾ ਹੈ ਅਤੇ ਜਦੋਂ ਅਲਕੋਹਲ ਨਾਲ ਜੁੜ ਜਾਂਦਾ ਹੈ ਤਾਂ ਇਹ ਖਤਰਾ ਹੋਰ ਵੀ ਵੱਧ ਜਾਂਦਾ ਹੈ।

# ਸ਼੍ਰੋਮਣੀ ਕਮੇਟੀ ਇਜਲਾਸ ਬਾਦਲ ਦਲ ਲਈ ਇਮਤਿਹਾਨ ਦੀ ਘੜੀ

## ✪ ਸ਼੍ਰੋਮਣੀ ਕਮੇਟੀ ਮੈਂਬਰ ਜਮੀਰ ਦੀ ਆਵਾਜ਼ 'ਤੇ ਵੋਟ ਪਾਉਣ : ਕੇਂਦਰੀ ਸਿੰਘ ਸਭਾ

ਅੰਮ੍ਰਿਤਸਰ-ਮੌਜੂਦਾ ਬਦਲੇ ਸਿਆਸੀ ਹਾਲਾਤ ਅਤੇ ਵਾਪਰੇ ਘਟਨਾਕ੍ਰਮ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਚੋਣ ਲਈ 28 ਅਕਤੂਬਰ ਨੂੰ ਹੋਣ ਵਾਲੇ ਆਮ ਇਜਲਾਸ ਵਿੱਚ ਮੌਜੂਦਾ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨੂੰ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਸ਼੍ਰੋਮਣੀ ਕਮੇਟੀ ਦੇ ਮੌਜੂਦਾ ਹਾਊਸ ਵਿੱਚ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਕੋਲ ਭਾਵੇਂ ਬਹੁਮਤ ਹੈ। ਉਧਰ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਵੱਲੋਂ ਬੀਬੀ ਜਗੀਰ ਕੌਰ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਲਈ ਉਮੀਦਵਾਰ ਐਲਾਨਿਆ ਗਿਆ ਹੈ। ਅਕਾਲੀ ਸੁਧਾਰ ਲਹਿਰ ਨੇ ਬੀਬੀ ਜਗੀਰ ਕੌਰ ਨੂੰ ਉਮੀਦਵਾਰ ਬਨਾਉਣ ਦਾ ਫੈਸਲਾ ਸਲਾਹ ਮਸ਼ਵਰਾ ਕਰਨ ਮਗਰੋਂ ਕੀਤਾ ਹੈ।

ਬੀਬੀ ਜਗੀਰ ਕੌਰ 2022 ਵਿੱਚ ਹੋਏ ਜਨਰਲ ਇਜਲਾਸ ਵਿੱਚ ਵੀ ਵਿਰੋਧੀ ਧਿਰ ਦੇ ਉਮੀਦਵਾਰ ਵਜੋਂ ਮੈਦਾਨ ਵਿੱਚ ਸਨ ਅਤੇ ਉਨ੍ਹਾਂ ਦੇ ਹੱਕ ਵਿੱਚ 40 ਤੋਂ ਵੱਧ ਉਮੀਦਵਾਰਾਂ ਨੇ ਵੋਟ ਪਾਈ ਸੀ।

ਬਾਗੀ ਅਕਾਲੀ ਧੜੇ ਦਾ ਮੰਨਣਾ ਹੈ ਕਿ ਹੁਣ ਹਾਲਾਤ ਹੋਰ ਹਨ ਅਤੇ ਸ਼੍ਰੋਮਣੀ ਅਕਾਲੀ ਦਲ ਇਸ ਵੇਲੇ ਅੰਦਰੂਨੀ ਕਲੇਸ਼ ਦਾ ਸਾਹਮਣਾ ਕਰ ਰਿਹਾ ਹੈ। ਅਕਾਲੀ ਦਲ ਦੇ ਨਾਰਾਜ਼ ਧੜੇ ਨੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨਾਂ ਦਾ ਵੱਖਰਾ ਧੜਾ ਬਣਾ ਲਿਆ ਹੈ। ਇਸੇ ਸੰਕਟ ਕਾਰਨ ਸ੍ਰੀ ਅਕਾਲ ਤਖ਼ਤ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੂੰ ਤਨਖਾਹੀਆ ਕਰਾਰ ਦਿੱਤਾ ਹੋਇਆ ਹੈ। ਇਸ ਤੋਂ ਇਲਾਵਾ ਹਾਲ ਹੀ ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਅਤੇ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਵਿਚਾਲੇ ਹੋਏ ਵਿਵਾਦ ਨੇ ਅਕਾਲੀ ਦਲ ਲਈ ਹੋਰ ਵੱਡਾ ਸੰਕਟ ਪੈਦਾ ਕੀਤਾ ਹੈ। ਇਸ ਵੇਲੇ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਹਾਊਸ ਵਿੱਚ ਕੁੱਲ 185 ਮੈਂਬਰਾਂ ਵਿੱਚੋਂ ਦੋ ਦਰਜਨ ਤੋਂ ਵੱਧ ਮੈਂਬਰਾਂ ਦੀ ਮੌਤ ਹੋ ਚੁੱਕੀ ਹੈ। ਹਰਿਆਣਾ ਵਿੱਚ ਵੱਖਰੀ ਕਮੇਟੀ ਬਣਨ ਮਗਰੋਂ ਹਰਿਆਣਾ ਨਾਲ ਸਬੰਧਤ ਮੈਂਬਰ ਵੀ ਵੱਖ ਹੋ ਚੁੱਕੇ ਹਨ।

ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਨ। ਜਥੇਦਾਰਾਂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਵਿਚਾਲੇ ਵਿਵਾਦ ਵਿੱਚ ਭਾਵੇਂ ਉਨ੍ਹਾਂ ਹਾਲ ਦੀ ਘੜੀ ਹਾਲਾਤ ਨੂੰ ਸਾਂਭ ਲਿਆ ਹੈ ਪਰ ਜਥੇਦਾਰਾਂ ਵਿੱਚ ਨਾਰਾਜ਼ਗੀ ਅਜੇ ਜਾਰੀ ਹੈ। ਸਿੱਖ ਸਿਆਸੀ ਮਾਹਿਰਾਂ ਮੁਤਾਬਿਕ ਇਸ ਵੇਲੇ ਦੀ ਇਹ ਸ਼ਾਂਤੀ ਆਉਣ ਵਾਲੇ ਤੂਫਾਨ ਦਾ ਸੰਕੇਤ ਹੈ। ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਬਾਦਲ ਅਕਾਲੀ ਦਲ ਨੂੰ ਹਰਾਉਣਾ ਸੌਖਾ ਨਹੀਂ। ਬਾਦਲ ਅਕਾਲੀ ਧੜਾ ਸੰਪਰਕ ਮੁਹਿੰਮ ਵਿਚ ਸਖਤ ਮਿਹਨਤ ਕਰ ਰਿਹਾ ਹੈ।

ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਪ੍ਰੋਫੈਸਰ ਸ਼ਾਮ ਸਿੰਘ ਤੇ ਹੋਰ ਆਗੂਆਂ ਰਾਜਵਿੰਦਰ ਸਿੰਘ ਰਾਹੀ, ਜਸਪਾਲ ਸਿੰਘ ਸਿੱਧੂ, ਸੁਰਿੰਦਰ ਸਿੰਘ ਕਿਸ਼ਨਪੁਰਾ, ਡਾ. ਖੁਸ਼ਹਾਲ ਸਿੰਘ ਅਤੇ ਗਲੋਬਲ ਸਿੱਖ ਕੌਂਸਲ ਦੇ ਪ੍ਰਤੀਨਿਧ ਗੁਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ 28 ਅਕਤੂਬਰ ਨੂੰ ਆਪਣੀ ਜ਼ਮੀਰ ਦੀ ਆਵਾਜ਼ ਉੱਤੇ ਵੋਟ ਪਾ ਕੇ ਲਿਫ਼ਾਫਿਆਂ ਵਿਚੋਂ ਪ੍ਰਧਾਨ ਨਿਕਲਣ ਦੀ ਪ੍ਰਥਾ ਨੂੰ ਖ਼ਤਮ ਕਰਨ ਦੀ ਅਪੀਲ ਕੀਤੀ ਹੈ।



ਸਿੰਘ ਸਭਾ ਦੇ ਆਗੂਆਂ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਈ ਦਹਾਕਿਆਂ ਤੋਂ ਅਕਾਲੀ ਦਲ ਦੇ ਕੰਟਰੋਲ ਵਿਚ ਚਲਦੀ ਆ ਰਹੀ ਹੈ। ਸਰਬ ਉੱਚ ਧਾਰਮਿਕ ਅਦਾਰੇ ਅਕਾਲ ਤਖ਼ਤ ਦੇ ਜਥੇਦਾਰ ਸਾਹਿਬਾਨ ਦਾ ਫੈਸਲਾ ਵੀ ਲਫਾਫਿਆਂ ਰਾਹੀ ਲਿਆ ਜਾਂਦਾ ਹੈ। ਜਿਸ ਕਰਕੇ ਨਾਨਕਸ਼ਾਹੀ ਕੈਲੰਡਰ ਲਾਗੂ ਕਰਕੇ, ਵਾਪਸ ਹੋ ਜਾਂਦਾ ਅਤੇ ਸਿੱਖ ਸਿਧਾਂਤਾਂ ਅਤੇ ਕਮੇਟੀ ਮਰਿਆਦਾ ਨੂੰ ਨਾ ਮੰਨਣ ਵਾਲੀਆਂ ਡੇਰੇਦਾਰੀਆਂ ਵੀ ਸ਼੍ਰੋਮਣੀ ਕਮੇਟੀ ਦੇ ਕਾਰ-ਵਿਹਾਰ ਨੂੰ ਆਪਣੇ ਅਨੁਸਾਰ ਚਲਾਉਂਦੀਆਂ ਰਹਿੰਦੀਆਂ ਹਨ।

ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਨਾਲ ਜੁੜੇ ਸਿੱਖ ਵਿਚਾਰਵਾਨਾਂ ਦੀ ਮੰਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਮੁੱਚੀ ਕਾਰਗੁਜ਼ਾਰੀ ਨੂੰ ਜਮਹੂਰੀਅਤ ਪੱਧਰ ਉੱਤੇ ਖੜ੍ਹਾ ਕਰਨ ਲਈ, ਸ਼੍ਰੋਮਣੀ ਕਮੇਟੀ ਦੀ ਚੋਣ ਪੰਜਾਬ ਸਰਕਾਰ ਦੇ ਅਧਿਕਾਰ ਖੇਤਰ ਵਿਚ ਲਿਆਂਦੀ ਜਾਵੇ ਕਿਉਂਕਿ ਚੰਡੀਗੜ੍ਹ ਦੇ ਇਕ ਮੈਂਬਰ ਨੂੰ ਛੱਡਕੇ ਹੁਣ ਸਾਰੇ ਕਮੇਟੀ ਮੈਂਬਰਾਂ ਨੂੰ ਪੰਜਾਬ ਵਿਚੋਂ ਹੀ ਚੁਣਿਆ ਜਾਂਦਾ ਹੈ।


ਉਹਨਾਂ ਨੇ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਜੇਕਰ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਨੂੰ ਸਹੀ ਅਰਥਾਂ ਵਿਚ ਦਖ਼ਲ-ਅੰਦਾਜ਼ੀ ਮੁਕਤ ਕਰਵਾਉਣਾ ਅਤੇ ਧਾਰਮਿਕ ਤੌਰ ਤੇ ਅਮਲੀ ਰੂਪ ਵਿਚ ਸਿਰਮੌਰ ਬਣਾਉਣਾ ਹੈ ਤਾਂ ਸ਼੍ਰੋਮਣੀ ਗੁਰਦੁਆਰਾ ਕਮੇਟੀ ਮੌਜੂਦਾ ਅਮਲ ਤਬਦੀਲ ਕਰਵਾਉਣ ਲਈ ਅੱਗੇ ਆਵੇ।

### -ਮਾਮਲਾ ਕੇਜਰੀਵਾਲ ਵਲੋਂ ਮੋਦੀ ਦੀ ਡਿਗਰੀ ਨੂੰ ਲੈ ਕੇ ਕੀਤੀ ਟਿੱਪਣੀ ਦਾ-

## ਕੇਜਰੀਵਾਲ ਨੂੰ ਸੁਪਰੀਮ ਕੋਰਟ ਤੋਂ ਝਟਕਾ


ਨਵੀਂ ਦਿੱਲੀ-ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਡਿਗਰੀ ਨੂੰ ਲੈ ਕੇ ਕੀਤੀ ਗਈ ਟਿੱਪਣੀ ਮਾਮਲੇ ਵਿਚ ਸੁਪਰੀਮ ਕੋਰਟ ਤੋਂ ਝਟਕਾ ਲੱਗਾ ਹੈ। ਆਮ ਆਦਮੀ ਪਾਰਟੀ ਦੇ ਕਨਵੀਨਰ ਦੀ ਪਟੀਸ਼ਨ ਨੂੰ ਸਰਬਉਚ ਅਦਾਲਤ ਨੇ ਖ਼ਾਰਜ ਕਰ ਦਿੱਤਾ। ਜ਼ਿਕਰਯੋਗ ਹੈ ਕਿ ਗੁਜਰਾਤ ਯੂਨੀਵਰਸਿਟੀ ਵਲੋਂ ਦਰਜ ਮਾਣਹਾਨੀ ਕੇਸ ਵਿਚ ਕੇਜਰੀਵਾਲ ਖ਼ਿਲਾਫ਼ ਅਦਾਲਤ ਨੇ ਸੰਮਨ ਜਾਰੀ ਕੀਤਾ ਸੀ।

ਕੇਜਰੀਵਾਲ ਵਲੋਂ ਇਹ ਸੰਮਨ ਰੱਦ ਕਰਾਉਣ ਲਈ ਪਹਿਲਾਂ ਹਾਈ ਕੋਰਟ ਤੇ ਫਿਰ ਸੁਪਰੀਮ ਕੋਰਟ ਵਿਚ ਅਪੀਲ ਕੀਤੀ ਗਈ ਸੀ। ਜਸਟਿਸ ਰਿਸ਼ੀਕੇਸ਼ ਰਾਏ ਤੇ ਜਸਟਿਸ ਐਸ.ਵੀ.ਐਨ. ਭਾਟੀ ਦੇ ਬੈਂਚ ਨੇ ਇਸ ਮਾਮਲੇ 'ਚ ਦਖ਼ਲ ਦੇਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਸ ਮਾਮਲੇ ਵਿਚ ਸਹਿ-ਦੋਸ਼ੀ ਸੰਜੇ ਸਿੰਘ ਵਲੋਂ ਦਾਇਰ ਪਹਿਲਾਂ ਹੀ ਇਕ ਪਟੀਸ਼ਨ ਨੂੰ ਰੱਦ ਕਰ ਦਿੱਤਾ ਗਿਆ ਹੈ।ਅਜਿਹੇ ਵਿਚ ਕੇਜਰੀਵਾਲ ਦੀ ਪਟੀਸ਼ਨ ਵੀ ਖ਼ਾਰਜ ਕੀਤੀ



ਜਾਂਦੀ ਹੈ। ਹਾਲਾਂਕਿ, ਕੇਜਰੀਵਾਲ ਵਲੋਂ ਪੇਸ਼ ਸੀਨੀਅਰ ਵਕੀਲ ਅਭਿਸ਼ੇਕ ਮਨੂ ਸਿੰਘਵੀ ਨੇ ਦਲੀਲ ਦਿੱਤੀ ਕਿ ਸੰਜੇ ਸਿੰਘ ਵਲੋਂ ਦਿੱਤਾ ਬਿਆਨ ਵੱਖਰਾ ਸੀ ਪਰ ਬੈਂਚ ਨੇ ਇਸ ਨੂੰ ਨਹੀਂ ਮੰਨਿਆ। ਗੁਜਰਾਤ ਹਾਈ ਕੋਰਟ ਦੇ ਫ਼ੈਸਲੇ ਨੂੰ ਚੁਣੌਤੀ ਦਿੰਦੀ ਦਾਇਰ ਪਟੀਸ਼ਨ ਨੂੰ ਖ਼ਾਰਜ ਕਰਦੇ ਹੋਏ ਅਦਾਲਤ ਨੇ ਕਿਹਾ ਕਿ ਅਦਾਲਤ ਇਸ ਮਾਮਲੇ ਵਿਚ ਦਖ਼ਲ ਦੀ ਇੱਛੁਕ ਨਹੀਂ ਹੈ।

## ਬੰਬ ਦੀਆਂ ਧਮਕੀਆਂ ਕਾਰਣ ਹਵਾਈ ਕੰਪਨੀਆਂ ਨੂੰ 9 ਦਿਨਾਂ ਵਿਚ 600 ਕਰੋੜ ਦਾ ਘਾਟਾ



ਨਵੀਂ ਦਿੱਲੀ / ਮੁੰਬਈ-ਏਅਰਲਾਈਨਜ਼ ਦੇ ਦੋ ਸਾਬਕਾ ਅਧਿਕਾਰੀਆਂ ਨੇ ਦੱਸਿਆ ਕਿ ਬੰਬ ਦੀਆਂ ਧਮਕੀਆਂ ਨਾਲ ਉਡਾਣਾਂ ਵਿਚ ਪਏ ਵਿਘਨ ਨੂੰ ਲੈ ਕੇ ਹਵਾਈ ਕੰਪਨੀਆਂ ਨੂੰ ਕਰੀਬ 600 ਕਰੋੜ ਰੁਪਏ ਦਾ ਘਾਟਾ ਪੈਣ ਦਾ ਅਨੁਮਾਨ ਹੈ। 9 ਦਿਨਾਂ ਵਿਚ ਭਾਰਤੀ ਕੈਰੀਅਰਜ਼ ਦੁਆਰਾ ਸੰਚਾਲਿਤ 170 ਤੋਂ ਵੱਧ ਉਡਾਣਾਂ ਨੂੰ ਬੰਬ ਦੀ ਧਮਕੀ ਮਿਲੀ ਹੈ, ਜਿਸ ਕਾਰਨ ਕੁਝ ਅੰਤਰਰਾਸ਼ਟਰੀ ਉਡਾਣਾਂ ਦਾ ਮਾਰਗ ਵੀ ਬਦਲਣਾ ਪਿਆ। ਇਕ ਘਰੇਲੂ ਹਵਾਈ ਕੰਪਨੀ ਦੇ ਵਿੱਤ ਵਿਭਾਗ 'ਚ ਕੰਮ ਕਰ ਚੁੱਕੇ ਅਧਿਕਾਰੀ ਨੇ ਦੱਸਿਆ ਕਿ ਘਰੇਲੂ ਉਡਾਣ 'ਚ ਵਿਘਨ ਲਈ ਔਸਤਨ ਕਰੀਬ 1.5 ਕਰੋੜ ਰੁਪਏ ਦਾ ਖਰਚ ਆਏਗਾ, ਜਦੋਂ ਕਿ ਅੰਤਰਰਾਸ਼ਟਰੀ ਉਡਾਣ ਲਈ ਖਰਚਾ ਕਰੀਬ 5-5.5 ਕਰੋੜ ਰੁਪਏ ਹੋਵੇਗਾ। ਘਰੇਲੂ ਤੇ ਅੰਤਰਰਾਸ਼ਟਰੀ ਉਡਾਣਾਂ 'ਚ ਵਿਘਨ ਔਸਤ ਲਾਗਤ ਕਰੀਬ 3.5 ਕਰੋੜ ਰੁਪਏ ਹੋਵੇਗੀ ਅਤੇ 170 ਤੋਂ ਵੱਧ ਉਡਾਣਾਂ ਲਈ ਹਵਾਈ ਕੰਪਨੀਆਂ ਲਈ ਕੁੱਲ ਖਰਚਾ ਜਾਂ ਨੁਕਸਾਨ 600 ਕਰੋੜ ਰੁਪਏ ਹੋਵੇਗਾ।


ਪੰਜਾਬ ਵਿਖੇ ਜ਼ਮੀਨ ਵਿਕਾਊ ਹੈ

**AGRICULTURAL LAND FOR SALE PUNJAB INDIA**

16.5 acres in one single piece. Access roads to all sides. Between Bambianwali and Jamsher Khera. Close proximity to the new highway, with easy access to G.T. Road, Jalandhar Cantt, Mithapur and Model Town.

Price on application

*Please contact Sukhminder Singh Rai*

Mobile: 07976 285122

Email: montysjeni@gmail.com

# ਯੂ ਕੇ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੱਲੋਂ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਦੀ ਹਮਾਇਤ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੀ ਇੱਕ ਮੀਟਿੰਗ ਬੀਤੇ ਕੱਲ ਗੁਰਦੁਆਰਾ ਸ੍ਰੀ ਗੁਰੂ ਹਰਿ ਰਾਏ ਸਾਹਿਬ ਵੈਸਟ ਬ੍ਰਾਮਿਚ ਵਿਖੇ ਹੋਈ, ਜਿਸ ਵਿੱਚ ਵੱਖ ਵੱਖ ਸ਼ਹਿਰਾਂ ਦੇ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧ ਕਮੇਟੀਆਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਵਿਰਸਾ ਸਿੰਘ ਵਲਟੋਹਾ ਵਿਰੁੱਧ ਲਏ ਗਏ ਫੈਸਲੇ ਦਾ ਸਵਾਗਤ ਕੀਤਾ ਗਿਆ। ਇਸ ਦੇ ਨਾਲ ਹੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਅਤੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਦੇ ਪ੍ਰੀਵਾਰਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਤੋਂ ਮੰਗ ਕਰਦਿਆਂ, ਉਹਨਾਂ ਦੇ ਸਨਮਾਨ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕਰਨ ਵਾਲਿਆਂ ਦੀ ਨਿੰਦਾ ਕੀਤੀ ਗਈ।*

ਮੀਟਿੰਗ ਵਿੱਚ ਇਹ ਵੀ ਕਿਹਾ ਗਿਆ ਕਿ 1984 ਵਿੱਚ ਭਾਰਤ ਸਰਕਾਰ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਾਹ ਕੇ ਸਿੱਖ ਕੌਮ ਨੂੰ ਗੁਲਾਮੀ ਦਾ ਅਹਿਸਾਸ ਕਰਵਾਇਆ ਗਿਆ, ਪਰ ਸ਼੍ਰੋਮਣੀ ਅਕਾਲੀ ਦਲ ਦੇ ਰਾਜ ਭਾਗ ਵਿੱਚ ਅਕਾਲੀ ਲੀਡਰਸ਼ਿਪ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿਧਾਂਤ ਅਤੇ ਮਰਿਯਾਦਾ ਨੂੰ ਢਾਹ ਲਾਈ ਹੈ। ਸਿੱਖ ਆਗੂਆਂ ਨੇ 15 ਅਕਤੂਬਰ 2024 ਨੂੰ ਸਿੰਘ ਸਾਹਿਬ ਵੱਲੋਂ ਲਏ ਗਏ ਫੈਸਲੇ ਦਾ ਸਮਰਥਣ ਕਰਦਿਆਂ ਸਮੁੱਚੀ ਸਿੱਖ ਕੌਮ ਨੂੰ ਜੱਥੇਦਾਰਾਂ ਨਾਲ ਖੜ੍ਹੇ ਹੋਣ ਦੀ ਅਪੀਲ ਕੀਤੀ। ਭਾਈ ਦਿਆ ਸਿੰਘ, ਭਾਈ ਰਘਵੀਰ ਸਿੰਘ ਬੀਰਾ, ਭਾਈ ਕੁਲਦੀਪ ਸਿੰਘ ਦਿਓਲ, ਭਾਈ ਜਤਿੰਦਰ ਸਿੰਘ, ਭਾਈ ਮੋਹਣ ਸਿੰਘ ਪਾਸਲਾ, ਭਾਈ ਪ੍ਰਮਜੀਤ ਸਿੰਘ ਢਾਡੀ, ਭਾਈ ਹਰਜੀਤ ਸਿੰਘ, ਭਾਈ ਪਿਆਰਾ ਸਿੰਘ ਭੋਗਲ, ਭਾਈ ਬਲਵਿੰਦਰ ਸਿੰਘ ਚਹੇੜੂ, ਭਾਈ ਗੁਰਮੇਲ ਸਿੰਘ ਮਾਨ, ਭਾਈ ਹਰਜੀਤ ਸਿੰਘ ਸਰਪੰਚ, ਗੁਰਨਾਮ ਸਿੰਘ, ਭਾਈ ਜਸਪਾਲ ਸਿੰਘ, ਭਾਈ ਪ੍ਰਦੀਪ ਸਿੰਘ, ਭਾਈ ਤਰਸੇਮ ਸਿੰਘ ਦਿਓਲ, ਭਾਈ ਹਰਦੀਪ ਸਿੰਘ ਵਿਰਕ, ਜਸਵੰਤ ਸਿੰਘ ਸੈਂਬੀ, ਸੁਰਿੰਦਰ ਸਿੰਘ, ਇੰਦਰਜੀਤ ਸਿੰਘ ਸੋਹਲ, ਰਣਜੀਤ ਸਿੰਘ ਆਦਿ ਨੇ ਕਿਹਾ ਕਿ ਭਵਿੱਖ ਵਿੱਚ ਜੱਥੇਦਾਰਾਂ ਖਿਲਾਫ ਗਲਤ ਬਿਆਨਬਾਜ਼ੀ ਕਰਨ ਵਾਲਿਆਂ ਖਿਲਾਫ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਖ਼ਤ ਨੋਟਿਸ ਲਿਆ ਜਾਣਾ ਚਾਹੀਦਾ ਹੈ, ਤਾਂ ਕਿ ਸਿੱਖ ਪ੍ਰੰਪਰਾਵਾ ਅਤੇ ਸਿਧਾਂਤਾਂ ਨੂੰ ਕੋਈ ਢਾਹ ਨਾ ਲਾ ਸਕੇ।

ਇਸ ਮੌਕੇ ਗੁਰੂ ਨਾਨਕ ਗੁਰਦੁਆਰਾ ਸਮੈਦਿਕ, ਗੁਰਦੁਆਰਾ ਗੁਰੂ ਹਰਿ ਰਾਏ ਸਾਹਿਬ ਵੈਸਟਬ੍ਰਾਮਿਚ, ਗੁਰਦੁਆਰਾ ਬਾਬਾ ਸੰਗ, ਗੁਰੂ ਨਾਨਕ ਗੁਰਦੁਆਰਾ ਸਾਊਥ ਬ੍ਰਮਿੰਘਮ, ਗੁਰੂ ਨਾਨਕ ਗੁਰਦੁਆਰਾ ਵੈਂਡਸਫੀਲਡ, ਗੁਰਦੁਆਰਾ ਅੰਮ੍ਰਿਤ ਪ੍ਰਚਾਰ ਧਰਮਿਕ ਦੀਵਾਨ ਓਲਡਬਰੀ, ਰਾਮਗੜੀਆ ਸਿੱਖ ਟੈਂਪਲ ਬ੍ਰਮਿੰਘਮ, ਗੁਰਦੁ-ਆਰਾ ਗੁਰੂ ਹਰਗੋਬਿੰਦ ਸਾਹਿਬ ਟਿਵੀਡੇਲ, ਗੁਰੂ ਤੇਗ ਬਹਾਦਰ ਸਾਹਿਬ ਲੈਸਟਰ, ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ, ਗੁਰੂ ਨਾਨਕ ਗੁਰ-ਦੁਆਰਾ ਸੈਜ਼ਲੀ ਸਟਰੀਟ ਵੁਲਵਰਹੈਂਪਟਨ, ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਗੁਰਦੁ-ਆਰਾ ਵੁਲਵਰਹੈਂਪਟਨ, ਗੁਰੂ ਨਾਨਕ ਗੁਰਦੁ-ਆਰਾ ਵਿਲਨਹਾਲ, ਗੁਰਦੁਆਰਾ ਬਾਬਾ ਦੀਪ ਸਿੰਘ ਸ਼ਹੀਦ, ਗੁਰਦੁਆਰਾ ਬਾਬੇ ਕੇ ਹੌਕਲੀ, ਗੁਰਦੁਆਰਾ ਬੇਬੇ ਨਾਨਕੀ ਕੀ, ਦਸ਼ਮੇਸ਼ ਟੈਂਪਲ ਲੌਜ਼ਲਸ, ਗੁਰੂ ਨਾਨਕ ਨਿਸ਼ਕਾਮ ਸੇਵਕ ਜੱਥਾ ਦੇ ਨੁਮਾਇੰਦਿਆਂ ਵੱਲੋਂ ਜੱਥੇਦਾਰਾਂ ਵੱਲੋਂ ਲਏ ਗਏ ਫੈਸਲਿਆਂ ਦੀ ਹਮਾਇਤ ਕੀਤੀ ਗਈ।

# 77 ਸਾਲਾਂ ਬਾਅਦ ਪੁਰਾਤਨ ਵਿਧੀ ਅਨੁਸਾਰ ਬਰਤਾਨਵੀ ਸੰਸਦ ਵਿੱਚ ਸਾਰਾਗੜ੍ਹੀ ਦਾ ਸਮਾਗਮ ਕਰਵਾਉਣ 'ਤੇ ਪ੍ਰਬੰਧਕਾਂ ਦਾ ਫੌਜੀ ਅਧਿਕਾਰੀਆਂ ਵੱਲੋਂ ਧੰਨਵਾਦ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੀ ਸੰਸਦ ਵਿੱਚ ਬੀਤੇ ਦਿਨੀ ਮਨਾਏ ਗਏ ਸਾਰਾਗੜ੍ਹੀ ਯਾਦਗਰੀ ਸਮਾਗਮ ਨੂੰ ਲੈ ਕੇ ਬਰਤਾਨਵੀ ਫੌਜ ਦੇ ਸੀਨੀਅਰ ਅਧਿਕਾਰੀਆਂ ਨੇ ਪੰਜਾਬੀ ਭਾਸ਼ਾ ਚੇਤਾਨਾ ਬੋਰਡ ਨੂੰ ਵਿਸ਼ੇਸ਼ ਪੱਤਰ ਲਿਖ ਕੇ ਸ਼ਲਾਘਾ ਕੀਤੀ ਹੈ। ਪੰਜਾਬੀ ਭਾਸ਼ਾ ਚੇਤਨਾ ਬੋਰਡ ਦੇ ਡਾਇਰੈਕਟਰ ਹਰਮੀਤ ਸਿੰਘ ਭੱਕਨਾ ਨੂੰ ਪ੍ਰਾਪਤ ਹੋਏ ਪੱਤਰਾਂ ਵਿੱਚ ਡਿਪਟੀ ਕਮਾਂਡਰ ਫਲਿਡ ਆਰਮੀ ਬਗ੍ਰੇਡੀਅਰ ਜੌਹਨ ਕਿਨਡਾਲ ਵੀ ਆਰ ਨੇ ਲਿਖਿਆ ਕਿ ਬਰਤਾਨੀਆਂ ਅਤੇ ਬਰਤਨਵੀ ਫੌਜ ਦੇ ਇਤਿਹਾਸ ਵਿੱਚ ਸਿੱਖਾਂ ਦੇ ਯੋਗਦਾਨ ਨੂੰ ਯਾਦ ਕਰਵਾਉਣ ਵਾਲਾ ਇਹ ਇੱਕ ਇਤਿਹਾਸਕ ਅਤੇ ਮਹੱਤਵਪੂਰਨ ਪਲ ਸੀ। ਉਹਨਾਂ ਲਿਖਿਆ ਕਿ 127 ਸਾਲ ਪਹਿਲਾਂ ਦੀ ਇਹ ਲੜ੍ਹਾਈ ਆਪਣੇ ਆਪ ਵਿੱਚ ਨੈਤਿਕ ਅਤੇ ਸਰੀਰਕ ਹਿੰਮਤ, ਅਨੁਸ਼ਾਸ਼ਨ ਅਤੇ ਭਾਰੀ ਔਕੜਾਂ ਦੇ ਸਾਹਮਣੇ ਵਫਾਦਾਰੀ ਦੀ ਇੱਕ ਮਹਾਨ ਕਹਾਣੀ ਹੈ। ਰੋਇਲ ਏਅਰ ਫੋਰਸ ਦੇ ਏਅਰ ਵਾਈਸ ਮਾਰਸ਼ਲ ਰੋਨਾਲਡ ਮੁਨਰੋ ਨੇ ਵੀ ਸਮਾਗਮ ਉਲੀਕਣ ਵਿੱਚ ਹਰਮੀਤ ਸਿੰਘ ਭੱਕਨਾ ਦੇ ਯਤਨਾਂ ਦੀ ਪ੍ਰਸੰਸਾ ਕੀਤੀ। ਜਿਸ ਨਾਲ ਭਾਰਤ ਦੀ ਅਜ਼ਾਦੀ ਤੋਂ ਬਾਅਦ 77 ਸਾਲਾਂ ਬਾਅਦ ਮੁੜ ਸੰਸਦ ਵਿੱਚ ਇਸ ਯਾਦ ਨੂੰ ਤਾਜ਼ਾਂ ਕਰਨ ਦਾ ਮੌਕਾ ਦਿੱਤਾ ਗਿਆ।

# ਬੰਬ ਦੀ ਧਮਕੀ ਤੋਂ ਬਾਅਦ ਏਅਰ ਇੰਡੀਆ ਉਡਾਣ ਦੀ ਮਦਦ ਲਈ ਟਾਈਫੂਨ ਲੜਾਕੂ ਜਹਾਜ਼ ਭੇਜੇ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਮੁੰਬਈ ਤੋਂ ਲੰਡਨ ਆ ਰਹੀ ਏਅਰ ਇੰਡੀਆ ਦੀ ਉਡਾਣ ਏ ਆਈ 129 ਵਿੱਚ ਬੰਬ ਹੋਣ ਦੀ ਧਮਕੀ ਤੋਂ ਯੂ ਕੇ ਦੀ ਹਵਾਈ ਸੈਨਾ ਰੋਇਲ ਏਅਰ ਫੋਰਸ ਨੇ ਟਾਈਫੂਨ ਲੜਾਕੂ ਜਹਾਜ਼ ਮਦਦ ਲਈ ਭੇਜੇ। ਬੋਇੰਗ 777 ਏਅਰ ਇੰਡੀਆ ਦੀ ਉਡਾਣ ਨੂੰ ਰੋਕਣ ਲਈ ਦੁਪਹਿਰ ਤੋਂ ਪਹਿਲਾਂ ਐਂਮਰਜੈਂਸੀ ਐਲਾਨੀ ਗਈ।**

ਉਡਾਣ ਦੇ ਪਾਇਲਟ ਨੇ ਅਧਿਕਾਰੀਆਂ ਨੂੰ ਅਚਾਨਕ ਉਤਰਨ ਦੀ ਬੇਨਤੀ ਕਰਦਿਆਂ ਕਿਹਾ ਕਿ ਜਹਾਜ਼ ਵਿੱਚ ਸ਼ੱਕੀ ਬੰਬ ਹੈ, ਸਾਨੂੰ ਬੰਬ ਦੀ ਧਮਕੀ ਮਿਲੀ ਹੈ। ਰੋਇਲ ਏਅਰ ਫੋਰਸ ਨੇ ਪੁਸ਼ਟੀ ਕੀਤੀ ਕਿ ਭੇਜਣ ਤੋਂ ਬਾਅਦ ਟਾਈਫੂਨ ਜਲਦੀ ਹੀ ਉਤਾਰ ਲਏ ਗਏ ਸਨ ਅਤੇ ਯਾਤਰੀ ਹਵਾਈ ਜਹਾਜ਼ ਨੂੰ ਮੰਜ਼ਲ ਵੱਲ ਵੱਧਣ ਦੇ ਨਿਰਦੇਸ਼ ਦਿੱਤੇ ਗਏ। ਹਵਾਈ ਸੈਨਾ ਦੇ ਬੁਲਾਰੇ ਨੇ ਕਿਹਾ ਕਿ ਅਸੀਂ ਪੁਸ਼ਟੀ ਕਰਦੇ ਹਾਂ ਕਿ ਅੱਜ ਬਾਅਦ ਦੁਪਹਿਰ ਆਰ ਏ ਐਫ ਕੋਨਿੰਗਸਬੀ ਤੋਂ ਟਾਈਫਨ ਲੜਾਕੂ ਜਹਾਜ਼ ਇੱਕ ਯਾਤਰੀ ਹਵਾਈ ਜਹਾਜ਼ ਦੀ ਜਾਂਚ ਲਈ ਭੇਜਿਆ ਗਿਆ ਸੀ। ਘਟਨਾਂ ਤੋਂ ਬਾਅਦ ਇਹ ਮਾਮਲਾ ਹੁਣ ਸਿਵਲੀਅਨ ਅਧਿਕਾਰਆਂ ਕੋਲ ਹੈ।

ਜਿਕਰਯੋਗ ਹੈ ਕਿ ਇਸ ਮਹੀਨੇ ਸੋਸ਼ਲ ਮੀਡੀਆ ਤੇ ਘਰੇਲੂ ਅਤੇ ਅੰਤਰਰਾਸ਼ਟਰੀ ਉਡਾਣਾਂ ਲਈ ਧਮਕੀਆਂ ਮਿਲੀਆਂ, ਜੋ ਸਾਰੀਆਂ ਫਰਜ਼ੀ ਸਾਬਤ ਹੋਈਆਂ। ਫਰਜ਼ੀ ਧਮਕੀਆਂ ਦੇ ਮਾਮਲੇ 'ਚ ਭਾਰਤ 'ਚ ਇੱਕ ਨਾਬਾਲਗ ਨੂੰ ਗ੍ਰਿਫਤਾਰ ਵੀ ਕੀਤਾ ਹੈ।


## VACANCIES JSR CONTRACTS LTD.

**ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ 'ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**CONSTRUCTION BUILDERS REQUIRED ON VARIOUS SITES IN UK**

**Job Description:** In this role as an experienced builder, a diverse set of responsibilities during the job consists of 37.5 hours of dedicated work per week. These encompass a wide spectrum of construction tasks, including but not limited to concrete pouring, excavation, framing, roofing, demolition, scaffolding, and the creation of various structures using materials like stone, brick, and reinforced concrete. Additionally, the role may extend to actively participating in roadwork projects and steelwork, and there might be occasions to perform various trade-related duties. Proficiency in tasks such as blueprint interpretation and equipment operation is required. A firm commitment to adhering to safety protocols, effective collaboration with both colleagues and subcontractors, strict adherence to project timelines and quality standards, and clear and concise communication skills. Annual pay is - £31,000

**Person must have CSCS, CCDO, IPAF, Driving Licence, IPAF, SSSTS, Asbestos Awareness and Manual Handling. Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**



## ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

**ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ । ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ । ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ । ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ ।**

**ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:**
**ਜਾਣਕਾਰੀ ਲਈ ਸੰਪਰਕ: 01332 372 851 M: 07966 388 388**

# ਅੰਮ੍ਰਿਤਸਰ ਵਿਖੇ ਦੇਹ ਵਪਾਰ ਕਰਾਉਣ ਵਾਲੇ ਏਜੰਟ ਸਰਗਰਮ

## ✪ ਹੈਰੀਟੇਜ ਸਟਰੀਟ 'ਤੇ ਖੜ੍ਹਾ ਹੋਇਆ ਵੱਡਾ ਵਿਵਾਦ, ਨਿਹੰਗ ਸਿੰਘਾਂ ਨੇ ਕੀਤੀ ਤਾੜਨਾ

ਅੰਮ੍ਰਿਤਸਰ-ਸ੍ਰੀ ਦਰਬਾਰ ਸਾਹਿਬ ਨੇੜੇ ਸੈਂਕੜਿਆਂ ਦੀ ਗਿਣਤੀ ਵਿਚ ਲੋਕਾਂ ਨੂੰ ਜ਼ਬਰਦਸਤੀ ਹੋਟਲਾਂ ਵਿਚ ਕਈ ਤਰ੍ਹਾਂ ਦੇ ਗਲਤ ਕੁਮੈਂਟ ਕਰ ਕੇ ਕਮਰੇ ਕਿਰਾਏ 'ਤੇ ਲੈਣ ਲਈ ਆਵਾਜ਼ਾਂ ਮਾਰਨ ਵਾਲੇ ਗਾਲੜਾਂ (ਹੋਟਲ ਏਜੰਟਾਂ) ਨੂੰ ਨਿਹੰਗ ਸਿੰਘਾਂ ਵਲੋਂ ਕਾਰਵਾਈ ਕਰਦੇ ਹੋਏ ਸਖ਼ਤ ਤਾੜਨਾ ਕੀਤੀ। ਦਰਅਸਲ ਇਹ ਸਾਰਾ ਮਾਮਲਾ ਇਕ ਮਾਂ-ਪੁੱਤ ਵਲੋਂ ਗੁਰਧਾਮਾਂ ਦੇ ਦਰਸ਼ਨਾਂ ਕਰਨ ਲਈ ਹੈਰੀਟੇਜ ਸਟਰੀਟ 'ਤੇ ਇਕ ਹੋਟਲ ਏਜੰਟ ਵਲੋਂ ਉਨ੍ਹਾਂ ਨੂੰ ਗਲਤ ਕੁਮੈਂਟ ਕਰ ਕੇ ਹੋਟਲ ਵਿਚ ਕਿਰਾਏ 'ਤੇ ਕਮਰਾ ਲੈਣ ਲਈ ਤੰਗ ਪ੍ਰੇਸ਼ਾਨ ਕਰਨ ਦੌਰਾਨ ਸਾਹਮਣੇ ਆਇਆ ਹੈ। ਇਸ ਤੋਂ ਬਾਅਦ ਮਾਂ-ਪੁੱਤਰ ਨੇ ਨਾਰਾਜ਼ਗੀ ਜ਼ਾਹਿਰ ਕੀਤੀ ਅਤੇ ਬੇਟੇ ਨੇ ਉਕਤ ਗਾਲੜ (ਏਜੰਟ) ਨੂੰ ਚਪੇੜ ਮਾਰੀ।

ਦੱਸਣਯੋਗ ਹੈ ਕਿ ਸ੍ਰੀ ਦਰਬਾਰ ਸਾਹਿਬ ਨੇੜੇ ਸੈਂਕੜੇ ਹੋਟਲ ਮਾਲਕਾਂ ਨੇ ਆਪਣੇ ਗਾਲੜ (ਏਜੰਟ) ਰੱਖੇ ਹੋਏ ਹਨ, ਜੋ ਲੋਕਾਂ ਨੂੰ ਆਵਾਜ਼ਾਂ ਦੇ ਕੇ ਕਿਰਾਏ 'ਤੇ ਕਮਰੇ ਲੈਣ ਲਈ ਅਕਸਰ ਹੀ ਤੰਗ ਪ੍ਰੇਸ਼ਾਨ ਕਰਦੇ ਨਜ਼ਰ ਆਉਂਦੇ ਹਨ। ਇਸ ਦੌਰਾਨ ਇਹ ਗਾਲੜ (ਏਜੰਟ) ਜਦੋਂ ਕਿਸੇ ਲੜਕੇ-ਲੜਕੀ ਜਾਂ ਕਿਸੇ ਮਰਦ-ਔਰਤ ਆਦਿ ਨੂੰ ਇਕੱਲਿਆ ਦੇਖਦੇ ਹਨ ਤਾਂ ਉਨ੍ਹਾਂ ਨੂੰ ਗਲਤ ਕੰਮ ਕਰਨ ਲਈ ਘੰਟਿਆਬੰਧੀ ਕਿਰਾਏ 'ਤੇ ਕਮਰਾ ਲੈਣ ਲਈ ਆਫਰ ਕਰਦੇ ਹਨ।



ਅਜਿਹੀਆਂ ਗਲਤ ਹਰਕਤਾਂ ਨੂੰ ਦੇਖਦੇ ਹੋਏ ਨਿਹੰਗ ਸਿੰਘਾਂ ਨੇ ਹੈਰੀਟੇਜ ਸਟਰੀਟ ਨੇੜੇ ਅਜਿਹੇ ਗਾਲੜਾਂ (ਏਜੰਟਾਂ) ਨੂੰ ਫੜ ਕੇ ਸਖ਼ਤ ਚਿਤਾਵਨੀ ਦਿੱਤੀ ਕਿ ਜੇਕਰ ਭਵਿੱਖ ਵਿਚ ਕਿਸੇ ਵੀ ਸ਼ਰਧਾਲੂ ਨੂੰ ਘੰਟਿਆਂਬੱਧੀ ਕਮਰੇ ਲੈਣ ਲਈ ਆਫਰ ਕਰਦਿਆਂ ਨਜ਼ਰ ਆਇਆ ਤਾਂ ਉਹ ਆਪਣੇ ਤੌਰ 'ਤੇ ਪਹਿਲਾਂ ਕਾਰਵਾਈ ਕਰਨਗੇ ਅਤੇ ਇਸ ਤੋਂ ਬਾਅਦ ਉਹ ਕਾਨੂੰਨੀ ਕਾਰਵਾਈ ਕਰਵਾਉਣਗੇ। ਨਿਹੰਗ ਸਿੰਘਾਂ ਨੇ ਦੋਸ਼ ਲਾਇਆ ਕਿ ਇਸ ਤਰ੍ਹਾਂ ਇਨ੍ਹਾਂ ਹੋਟਲਾਂ ਵਿਚ ਨਸ਼ੇ ਅਤੇ ਦੇਹ ਵਪਾਰ ਦਾ ਧੰਦਾ ਵੀ ਚੱਲਦਾ ਹੈ। ਨਿਹੰਗ ਸਿੰਘਾਂ ਵੱਲੋਂ ਕੀਤੀ ਗਈ ਇਸ ਛਾਪੇਮਾਰੀ ਦੌਰਾਨ ਹੈਰੀਟੇਜ ਸਟਰੀਟ 'ਤੇ ਖੜ੍ਹੇ ਹੋ ਕੇ ਲੋਕਾਂ ਨੂੰ ਕਮਰੇ ਦੇਣ ਦੀ ਆਫਰ ਕਰਨ ਵਾਲਿਆਂ ਨੂੰ ਦਬੋਚਿਆ।

ਨਿਹੰਗ ਸਿੰਘਾਂ ਨੇ ਦੱਸਿਆ ਕਿ ਸ਼ਿਕਾਇਤ ਮਿਲੀ ਹੈ ਕਿ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਅਤੇ ਲੋਕਾਂ ਨੂੰ ਰਸਤੇ ਵਿਚ ਰੋਕ ਕੇ ਗਾਲੜਾਂ (ਏਜੰਟਾਂ) ਵਲੋਂ ਜ਼ਬਰਦਸਤੀ ਕਮਰੇ ਕਿਰਾਏ 'ਤੇ ਲੈਣ ਲਈ ਆਫਰ ਕਰਦੇ ਹਨ। ਇਕ ਨਿਹੰਗ ਨੇ ਦੱਸਿਆ ਕਿ ਉਸ ਨੂੰ ਇਕ ਔਰਤ ਦੀ ਸ਼ਿਕਾਇਤ ਵੀ ਮਿਲੀ ਸੀ ਕਿ ਉਹ ਆਪਣੇ ਬੇਟੇ ਨਾਲ ਹੋਣ ਦੇ ਬਾਵਜੂਦ ਉਸ ਨੂੰ ਰੋਕ ਕੇ ਇਕ ਘੰਟੇ ਲਈ ਕਮਰਾ ਕਿਰਾਏ 'ਤੇ ਆਫਰ ਕਰਨ ਦੀ ਗੱਲ ਕੀਤੀ, ਜਿਸ 'ਤੇ ਉਸ ਨੂੰ ਕਾਫੀ ਸ਼ਰਮ ਮਹਿਸੂਸ ਹੋਈ। ਨਿਹੰਗ ਸਿੰਘਾਂ ਨੇ ਪਹਿਲਾਂ ਤਾਂ ਇਨ੍ਹਾਂ ਗਾਲੜਾਂ (ਏਜੰਟਾਂ) ਵਲੋਂ ਲੋਕਾਂ ਨੂੰ ਜ਼ਬਰਦਸਤੀ ਕਿਰਾਏ 'ਤੇ ਕਮਰੇ ਲੈਣ ਲਈ ਤੰਗ ਪ੍ਰੇਸ਼ਾਨ ਕਰਦਿਆਂ ਹੋਇਆ ਦੀ ਵੀਡੀਓ ਬਣਾਈ ਅਤੇ ਫਿਰ ਉਨ੍ਹਾਂ ਨੂੰ ਆਪਣੇ ਤੌਰ 'ਤੇ ਸਖ਼ਤ ਚਿਤਾਵਨੀ ਦਿੱਤੀ। ਇਕ ਨਿਹੰਗ ਸਿੰਘ ਨੇ ਸਪੱਸ਼ਟ ਕਰਦਿਆਂ ਕਿਹਾ ਕਿ ਉਕਤ ਇਲਾਕੇ ਵਿਚ ਖੁੱਲ੍ਹੇਆਮ ਨਸ਼ੇ ਅਤੇ ਦੇਹ ਵਪਾਰ ਦਾ ਧੰਦਾ ਚੱਲ ਰਿਹਾ ਹੈ।

ਉਨ੍ਹਾਂ ਕਿਹਾ ਕਿ ਜਿਨ੍ਹਾਂ ਨੇ ਹੋਟਲ ਦਾ ਕਮਰਾ ਲੈਣਾ ਹੈ, ਉਹ ਇਕ ਘੰਟੇ ਲਈ ਨਹੀਂ, ਸਗੋਂ ਘੱਟ ਤੋਂ ਘੱਟ ਇਕ ਰਾਤ ਲਈ ਲੈਣਗੇ। ਇਸ ਦੇ ਬਾਵਜੂਦ ਜੇਕਰ ਘੰਟੇ ਦੇ ਹਿਸਾਬ ਨਾਲ ਕਿਰਾਏ 'ਤੇ ਕਮਰੇ ਦਿੱਤੇ ਜਾ ਰਹੇ ਹਨ ਤਾਂ ਉਥੇ ਨਾਜਾਇਜ਼ ਗਤੀਵਿਧੀਆਂ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਲੋਕ ਇਸ ਪਵਿੱਤਰ ਰਸਤੇ ਹੈਰੀਟੇਜ ਸਟਰੀਟ ਨੂੰ ਬਦਨਾਮ ਕਰ ਰਹੇ ਹਨ, ਜਿਸ ਕਾਰਨ ਅਜਿਹੀ ਕਾਰਵਾਈ ਜ਼ਰੂਰੀ ਸੀ। ਉਨ੍ਹਾਂ ਨੇ ਇੱਥੋਂ ਤੱਕ ਕਿਹਾ ਕਿ ਇਹ ਗਾਲੜਾਂ (ਏਜੰਟਾਂ) ਨਸ਼ੇ ਲਈ ਹੋਟਲਾਂ ਤੋਂ ਕਮਿਸ਼ਨ ਲੈਂਦੇ ਹਨ ਅਤੇ ਘੰਟੇ ਦੇ ਹਿਸਾਬ ਨਾਲ ਕਮਰੇ ਦੇਣ ਲਈ ਲੋਕਾਂ ਨੂੰ ਤੰਗ ਪ੍ਰੇਸ਼ਾਨ ਕਰਦੇ ਹਨ। ਉਨ੍ਹਾਂ ਕਿਹਾ ਕਿ ਪ੍ਰਸਾਸ਼ਨ ਨੂੰ ਚਿਤਾਵਨੀ ਭਰੇ ਲਹਿਜੇ ਵਿਚ ਕਿਹਾ ਕਿ ਜੇਕਰ ਹੁਣ ਵੀ ਪ੍ਰਸਾਸ਼ਨ ਨੇ ਅਜਿਹੇ ਗਾਲੜਾਂ (ਏਜੰਟਾਂ) 'ਤੇ ਸਖ਼ਤ ਕਾਰਵਾਈ ਨਾ ਕੀਤੀ ਤਾਂ ਭਵਿੱਖ ਵਿਚ ਉਹ ਆਪਣੇ ਤੌਰ 'ਤੇ ਵੱਡੇ ਪੱਧਰ 'ਤੇ ਕਾਰਵਾਈ ਕਰਨਗੇ, ਜਿਸ ਦੀ ਜ਼ਿੰਮੇਵਾਰੀ ਪ੍ਰਸਾਸ਼ਨ ਦੀ ਹੋਵੇਗੀ।

# ਸਲਮਾਨ ਖ਼ਾਨ ਨੂੰ ਕਤਲ ਕਰਨ ਲਈ ਦਿੱਤੀ ਗਈ ਸੀ 25 ਲੱਖ ਦੀ ਸੁਪਾਰੀ

## ✪ ਛੇਵਾਂ ਦੋਸ਼ੀ ਗ੍ਰਿਫ਼ਤਾਰ, ਪੰਜ ਖ਼ਿਲਾਫ਼ ਦਾਖ਼ਲ ਹੋ ਚੁੱਕੀ ਹੈ ਚਾਰਜਸ਼ੀਟ




ਮੁੰਬਈ-ਬਾਲੀਵੁੱਡ ਅਦਾਕਾਰ ਸਲਮਾਨ ਖ਼ਾਨ ਨੂੰ ਮਾਰਨ ਦੀ ਸਾਜ਼ਿਸ਼ ਦੇ ਸਿਲਸਿਲੇ 'ਚ ਪਨਵੇਲ ਪੁਲਿਸ ਨੇ ਛੇਵੇਂ ਮੁਲਜ਼ਮ ਸੁਖਵਿੰਦਰ ਸਿੰਘ ਉਰਫ ਸੁੱਖਾ ਨੂੰ ਹਰਿਆਣਾ ਦੇ ਪਾਣੀਪਤ ਤੋਂ ਗ੍ਰਿਫ਼ਤਾਰ ਕੀਤਾ ਹੈ। ਜੂਨ 'ਚ ਪੁਲਿਸ ਪੰਜ ਹੋਰ ਮੁਲਜ਼ਮਾਂ ਦੇ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕਰ ਚੁੱਕੀ ਹੈ। ਪੁਲਿਸ ਦੇ ਮੁਤਾਬਕ, ਸਲਮਾਨ ਨੂੰ ਮਾਰਨ ਦੀ ਸਾਜ਼ਿਸ਼ ਅਗਸਤ, 2023 ਤੋਂ ਅਪ੍ਰੈਲ 2024 ਤੱਕ ਰਚੀ ਗਈ ਸੀ ਤੇ ਇਸ ਲਈ 25 ਲੱਖ ਰੁਪਏ ਦੀ ਸੁਪਾਰੀ ਦਿੱਤੀ ਗਈ ਸੀ।

ਚਾਰਜਸ਼ੀਟ ਦੇ ਮੁਤਾਬਕ, ਗੈਂਗ ਦੀ ਯੋਜਨਾ ਸਲਮਾਨ ਖ਼ਾਨ ਨੂੰ ਸਿੱਧੂ ਮੂਸੇਵਾਲਾ ਵਾਂਗ ਮਾਰਨ ਦੀ ਸੀ ਤੇ ਇਸ ਲਈ ਉਹ ਬਾਂਦਰਾ ਸਥਿਤ ਮਕਾਨ ਤੋਂ ਲੈ ਕੇ ਪਨਵੇਲ ਦੇ ਫਾਰਮ ਹਾਊਸ ਤੇ ਫਿਲਮ ਸਿਟੀ ਤੱਕ ਸਲਮਾਨ ਦੀ ਮੂਵਮੈਂਟ 'ਤੇ ਨਜ਼ਰ ਰੱਖ ਰਹੇ ਸਨ। ਉਨ੍ਹਾਂ ਦਾ ਇਰਾਦਾ ਹੱਤਿਆ ਲਈ ਏਕੇ-47, ਐੱਮ-16, ਤੇ ਏਕੇ-92 ਵਰਗੇ ਹਥਿਆਰਾਂ ਦੀ ਵਰਤੋਂ ਕਰਨ ਦਾ ਸੀ ਜਿਨ੍ਹਾਂ ਦੀ ਸਪਲਾਈ ਲਾਰੈਂਸ ਬਿਸ਼ਨੋਈ ਗੈਂਗ ਦੇ ਇਕ ਮੈਂਬਰ ਵਲੋਂ ਪਾਕਿਸਤਾਨ ਤੋਂ ਕੀਤੀ ਜਾਣੀ ਸੀ। ਸੂਤਰਾਂ ਦੇ ਮੁਤਾਬਕ, ਪਨਵੇਲ ਪੁਲਿਸ ਨੇ ਮਾਮਲੇ ਵਿਚ ਲਾਰੈਂਸ ਬਿਸ਼ਨੋਈ ਤੇ ਗੋਲਡੀ ਬਰਾੜ ਸਮੇਤ 18 ਮੁਲਜ਼ਮਾਂ ਨੂੰ ਨਾਮਜ਼ਦ ਕੀਤਾ ਹੈ ਤੇ ਹਾਲੇ ਤੱਕ ਛੇ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਸੁੱਖਾ ਲਾਰੈਂਸ ਗੈਂਗ ਦਾ ਹੀ ਮੈਂਬਰ ਹੈ ਤੇ ਨਵੀ ਮੁੰਬਈ ਪੁਲਿਸ ਦੀ ਰਡਾਰ 'ਤੇ ਰਿਹਾ ਸੀ।

ਪਨਵੇਲ ਪੁਲਿਸ ਨੇ ਜਿਨ੍ਹਾਂ ਪੰਜ ਮੁਲਜ਼ਮਾਂ ਦੇ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕੀਤੀ ਹੈ, ਉਨ੍ਹਾਂ ਵਿਚ ਉੱਤਰ ਪ੍ਰਦੇਸ਼ ਤੋਂ ਗ੍ਰਿਫ਼ਤਾਰ ਧਨੰਜੇ ਸਿੰਘ ਉਰਫ਼ ਅਜੇ ਕਸ਼ਯਪ, ਗੁਜਰਾਤ ਤੋਂ ਗ੍ਰਿਫ਼ਤਾਰ ਗੌਰਵ ਭਾਟੀਆ ਉਰਫ਼ ਨਹਾਈ ਉਰਫ ਸੰਦੀਪ ਬਿਸ਼ਨੋਈ, ਮਹਾਰਾਸ਼ਟਰ ਤੋਂ ਗ੍ਰਿਫ਼ਤਾਰ ਵਾਸਪੀ ਮਹਿਮੂਦ ਖ਼ਾਨ ਉਰਫ਼ ਵਸੀਮ ਚਿਕਨਾ, ਉੱਤਰ ਪ੍ਰਦੇਸ਼ ਤੋਂ ਗ੍ਰਿਫ਼ਤਾਰ ਜੀਸ਼ਾਨ ਜਕਰੁਲ ਹਸਨ ਉਰਫ਼ ਜਾਵੇਦ ਖ਼ਾਨ ਤੇ ਦੀਪਕ ਹਵਾ ਸਿੰਘ ਗੋਗਾਲੀਆ ਉਰਫ਼ ਜਾਨ ਵਾਲਮੀਕਿ ਸ਼ਾਮਲ ਹਨ। ਚਾਰਜਸ਼ੀਟ ਦੇ ਮੁਤਾਬਕ ਮਾਰਨ ਦੀ ਯੋਜਨਾ ਲਾਰੈਂਸ, ਉਸ ਦੇ ਭਰਾ ਅਨਮੋਲ, ਗੋਲਡੀ ਬਰਾੜ ਤੇ ਇਕ ਪਾਕਿਸਤਾਨੀ ਵਿਅਕਤੀ ਡੋਗਰ ਨੇ ਬਣਾਈ ਸੀ। ਤਾਲਮੇਲ ਲਈ ਉਨ੍ਹਾਂ ਨੇ ਇਕ ਵ੍ਹਟਸਐਪ ਗਰੁੱਪ ਬਣਾਇਆ ਸੀ ਤੇ ਡੋਗਰ ਨੂੰ ਪਾਕਿਸਤਾਨ ਤੋਂ ਹਥਿਆਰ ਮੁਹੱਈਆ ਕਰਾਉਣੇ ਸਨ। ਸਾਜ਼ਿਸ਼ 'ਚ 60-70 ਲੋਕਾਂ ਨੂੰ ਸ਼ਾਮਲ ਕੀਤਾ ਗਿਆ ਸੀ।

ਜਾਂਚ ਅਧਿਕਾਰੀ ਨਿਤਿਨ ਠਾਕਰੇ ਨੂੰ ਇਸ ਸਬੰਧ 'ਚ 26 ਨਵੰਬਰ, 2023 ਨੂੰ ਜਾਣਕਾਰੀ ਮਿਲੀ ਸੀ। ਇਸ ਆਧਾਰ 'ਤੇ ਕਾਰਵਾਈ ਕਰਦੇ ਹੋਏ ਇਸੇ ਸਾਲ 28 ਅਪ੍ਰੈਲ ਨੂੰ ਕਸ਼ਯਪ ਦੇ ਰੂਪ 'ਚ ਪਹਿਲੀ ਗ੍ਰਿਫ਼ਤਾਰੀ ਕੀਤੀ ਗਈ ਸੀ। ਜਾਂਚ ਦੌਰਾਨ ਪੁਲਿਸ ਨੂੰ ਇਕ ਵ੍ਹਟਸਐਪ ਵੀਡੀਓ ਮਿਲਿਆ ਸੀ, ਜਿਸ ਵਿਚ ਕਸ਼ਯਪ ਪਾਕਿਸਤਾਨ 'ਚ ਡੋਗਰ ਨਾਲ ਗੱਲ ਕਰ ਰਿਹਾ ਸੀ ਤੇ ਡੋਗਰ ਉਸ ਨੂੰ ਆਧੁਨਿਕ ਹਥਿਆਰ ਦਿਖਾ ਰਿਹਾ ਸੀ। ਡੋਗਰ ਦਾ ਕਹਿਣਾ ਸੀ ਕਿ ਇਹ ਹਥਿਆਰ ਖ਼ਰੀਦੇ ਜਾ ਸਕਦੇ ਹਨ, ਪਰ ਰਕਮ ਕੈਨੇਡਾ 'ਚ ਉਸ ਦੇ ਬੌਸ ਗੋਲਡੀ ਬਰਾੜ ਤੇ ਖਾਤੇ ਵਿਚ ਟਰਾਂਸਫਰ ਕਰਨੀ ਪਵੇਗੀ। ਰਕਮ ਟਰਾਂਸਫਰ ਹੋਣ ਤੋਂ ਬਾਅਦ ਹਥਿਆਰਾਂ ਨੂੰ ਪਾਕਿਸਤਾਨ ਤੋਂ ਭੇਜ ਦਿੱਤਾ ਜਾਏਗਾ। ਚਾਰਜਸ਼ੀਟ ਦੇ ਮੁਤਾਬਕ, ਸਲਮਾਨ ਨੂੰ ਮਾਰਨ ਲਈ ਮਹਾਰਾਸ਼ਟਰ ਤੇ ਗੁਜਰਾਤ ਦੀਆਂ ਵੱਖ ਵੱਖ ਥਾਵਾਂ 'ਤੇ ਸ਼ੂਟਰਾਂ ਨੂੰ ਲਗਾਇਆ ਗਿਆ ਸੀ।

## ਪੰਨੂੰ ਵਲੋਂ 1 ਤੋਂ 19 ਨਵੰਬਰ ਤੱਕ ਏਅਰ ਇੰਡੀਆ ਦੇ ਜਹਾਜ਼ਾਂ 'ਚ ਸਫ਼ਰ ਨਾ ਕਰਨ ਦੀ ਚਿਤਾਵਨੀ



ਨਵੀਂ ਦਿੱਲੀ-ਪਿਛਲੇ ਕੁਝ ਦਿਨਾਂ ਤੋਂ ਭਾਰਤੀ ਹਵਾਈ ਕੰਪਨੀਆਂ ਨੂੰ ਮਿਲ ਰਹੀਆਂ ਧਮਕੀਆਂ ਦਰਮਿਆਨ ਗੁਰਪਤਵੰਤ ਸਿੰਘ ਪੰਨੂੰ ਨੇ ਬੀਤੇ ਸੋਮਵਾਰ ਨੂੰ ਮੁਸਾਫ਼ਰਾਂ ਨੂੰ 1 ਤੋਂ 19 ਨਵੰਬਰ ਤੱਕ ਏਅਰ ਇੰਡੀਆ ਦੀਆਂ ਉਡਾਣਾਂ ਵਿਚ ਸਫ਼ਰ ਨਾ ਕਰਨ ਦੀ ਧਮਕੀ ਦਿੱਤੀ ਹੈ। ਪੰਨੂੰ ਨੇ ਸਿੱਖ ਕਤਲੇਆਮ ਦੇ 40 ਸਾਲ ਪੂਰੇ ਹੋਣ 'ਤੇ ਏਅਰ ਇੰਡੀਆ ਦੇ ਜਹਾਜ਼ਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੰਦਿਆਂ ਅੰਤਰਰਾਸ਼ਟਰੀ ਮੁਸਾਫ਼ਰਾਂ ਨੂੰ 1 ਤੋਂ 19 ਨਵੰਬਰ ਤੱਕ ਏਅਰ ਇੰਡੀਆ ਵਿਚ ਯਾਤਰਾ ਨਾ ਕਰਨ ਲਈ ਕਿਹਾ ਹੈ। ਸਿੱਖ ਫਾਰ ਜਸਟਿਸ ਦੇ ਮੁਖੀ ਗੁਰਪਤਵੰਤ ਸਿੰਘ ਪੰਨੂੰ ਨੇ ਪਿਛਲੇ ਸਾਲ ਵੀ ਅਜਿਹੀ ਧਮਕੀ ਦਿੱਤੀ ਸੀ। ਜ਼ਿਕਰਯੋਗ ਹੈ ਕਿ ਜੁਲਾਈ 2020 ਤੋਂ ਗ੍ਰਹਿ ਮੰਤਰਾਲੇ ਨੇ ਪੰਨੂੰ ਨੂੰ ਦੇਸ਼ ਧ੍ਰੋਹ ਅਤੇ ਵੱਖਵਾਦ ਦੇ ਦੋਸ਼ ਲਾਉਂਦਿਆਂ ਅੱਤਵਾਦੀ ਐਲਾਨਿਆ ਹੋਇਆ ਹੈ। ਜਦੋਂ ਪੰਜਾਬ ਟਾਈਮਜ਼ ਨੇ ਇਸ ਖਬਰ ਦੀ ਸਰਚ ਕੀਤੀ ਤਾਂ ਇਹ ਖਬਰ ਕਿਸੇ ਅਮਰੀਕੀ, ਜਾਂ ਪੱਛਮੀ ਦੇਸ਼ ਦੇ ਮੀਡੀਆ ਵਿਚ ਨਹੀਂ ਸੀ। ਜਦ ਕਿ ਇਹ ਖਬਰ ਭਾਰਤੀ ਮੀਡੀਆ ਵਿਚ ਮੌਜੂਦ ਸਨ।

# ਕੀ ਇਜ਼ਰਾਈਲ ਈਰਾਨ 'ਤੇ ਪ੍ਰਮਾਣੂ ਬੰਬ ਸੁੱਟਣ ਦੀ ਤਿਆਰੀ ਕਰ ਰਿਹਾ ਹੈ?

## ✪ ਪੈਂਟਾਗਨ ਤੋਂ ਲੀਕ ਹੋਏ ਗੁਪਤ ਦਸਤਾਵੇਜ਼, ਫਾਈਵ ਆਈਜ਼ ਵਿਚ ਕਿਸ ਦਾ ਕਸੂਰ?

ਵਸ਼ਿੰਗਟਨ-ਸੀਐਨਐਨ ਨੇ ਇਸ ਮਾਮਲੇ ਤੋਂ ਜਾਣੂ ਤਿੰਨ ਲੋਕਾਂ ਦਾ ਹਵਾਲਾ ਦਿੰਦੇ ਹੋਏ ਰਿਪੋਰਟ ਕੀਤੀ ਸੀ ਕਿ ਸੰਯੁਕਤ ਰਾਜ ਅਮਰੀਕਾ ਈਰਾਨ ਦੇ ਵਿਰੁੱਧ ਜਵਾਬੀ ਕਾਰਵਾਈ ਕਰਨ ਲਈ ਇਜ਼ਰਾਈਲ ਦੀਆਂ ਯੋਜਨਾਵਾਂ ਬਾਰੇ ਉੱਚ ਪੱਧਰੀ ਅਮਰੀਕੀ ਖੁਫੀਆ ਜਾਣਕਾਰੀ ਦੇ ਲੀਕ ਹੋਣ ਦੀ ਜਾਂਚ ਕਰ ਰਿਹਾ ਹੈ। ਜਾਣੂ ਲੋਕਾਂ ਵਿੱਚੋਂ ਇੱਕ ਨੇ ਦਸਤਾਵੇਜ਼ਾਂ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਕੀਤੀ ਹੈ। ਇੱਕ ਅਮਰੀਕੀ ਅਧਿਕਾਰੀ ਨੇ ਸੀਐਨਐਨ ਨੂੰ ਦੱਸਿਆ ਕਿ ਅਜਿਹਾ ਹੋਣਾ "ਬਹੁਤ ਚਿੰਤਾਜਨਕ" ਸੀ। ਪਰ, ਸਵਾਲ ਉਠਾਏ ਜਾ ਰਹੇ ਹਨ ਕਿ ਕੀ ਬਹੁਤ ਹੀ ਗੁਪਤ ਦਸਤਾਵੇਜ਼ ਲੀਕ ਹੋਏ ਸਨ, ਜਾਂ ਉਨ੍ਹਾਂ ਨੂੰ ਜਾਣਬੁੱਝ ਕੇ ਲੀਕ ਕੀਤਾ ਗਿਆ ਹੈ?



15 ਅਤੇ 16 ਅਕਤੂਬਰ ਦੀ ਮਿਤੀ ਦੇ ਦਸਤਾਵੇਜ਼, ਬੀਤੇ ਦਿਨੀਂ "ਮਿਡਲ ਈਸਟ ਸਪੈਕਟੇਟਰ" ਨਾਮਕ ਖਾਤੇ ਤੋਂ ਟੈਲੀਗ੍ਰਾਮ 'ਤੇ ਪੋਸਟ ਕੀਤੇ ਜਾਣ ਤੋਂ ਬਾਅਦ ਆਨਲਾਈਨ ਵਾਇਰਲ ਹੋ ਗਏ ਸਨ। ਇਹਨਾਂ ਨੂੰ ਚੋਟੀ ਦੇ ਸੀਕਰੇਟ ਦਸਤਾਵੇਜ਼ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਸੀ ਅਤੇ ਉਹਨਾਂ ਉੱਤੇ ਨਿਸ਼ਾਨ ਸਨ ਜੋ ਇਹ ਦਰਸਾਉਂਦੇ ਸਨ ਕਿ ਉਹਨਾਂ ਨੂੰ ਸਿਰਫ ਸੰਯੁਕਤ ਰਾਜ ਅਤੇ ਇਸਦੇ "ਪੰਜ ਅੱਖਾਂ" ਸਹਿਯੋਗੀ-ਆਸਟ੍ਰੇਲੀਆ, ਕੈਨੇਡਾ, ਨਿਊਜ਼ੀਲੈਂਡ ਅਤੇ ਯੂਨਾਈਟਿਡ ਕਿੰਗਡਮ ਦੁਆਰਾ ਹੀ ਦੇਖਿਆ ਜਾ ਸਕਦਾ ਹੈ।

ਲੀਕ ਹੋਏ ਦਸਤਾਵੇਜ਼ਾਂ ਤੋਂ ਪਤਾ ਲੱਗਦਾ ਹੈ ਕਿ ਇਜ਼ਰਾਈਲ ਈਰਾਨ 'ਤੇ ਹਮਲੇ ਲਈ ਕੀ ਤਿਆਰੀਆਂ ਕਰ ਰਿਹਾ ਹੈ। ਨੈਸ਼ਨਲ ਜੀਓਸਪੇਸ਼ੀਅਲ-ਇੰਟੈਲੀਜੈਂਸ ਏਜੰਸੀ ਦੁਆਰਾ ਇਕਠੇ ਕੀਤੇ ਗਏ ਦਸਤਾਵੇਜ਼ਾਂ ਵਿੱਚੋਂ ਇੱਕ, ਕਹਿੰਦਾ ਹੈ ਕਿ ਇਸ ਯੋਜਨਾ ਵਿੱਚ ਇਜ਼ਰਾਈਲ ਗੋਲਾ ਬਾਰੂਦ ਨੂੰ ਇਧਰ-ਉਧਰ ਲਿਜਾਣਾ ਸ਼ਾਮਲ ਹੈ।

ਇਕ ਹੋਰ ਦਸਤਾਵੇਜ਼ ਅਨੁਸਾਰ ਇਸ ਨੂੰ ਰਾਸ਼ਟਰੀ ਸੁਰੱਖਿਆ ਏਜੰਸੀ ਤੋਂ ਪ੍ਰਾਪਤ ਕੀਤਾ ਗਿਆ ਸੀ,ਇਸ ਵਿਚ ਇਜ਼ਰਾਈਲੀ ਹਵਾਈ ਸੈਨਾ ਦੇ ਅਭਿਆਸਾਂ ਦਾ ਹਵਾਲਾ ਦਿੱਤਾ ਗਿਆ ਹੈ। ਇਸ ਵਿਚ ਹਵਾ ਤੋਂ ਸਤ੍ਹਾ 'ਤੇ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਵੀ ਸ਼ਾਮਲ ਹਨ। ਇਸਨੂੰ ਈਰਾਨ 'ਤੇ ਹਮਲੇ ਦੀ ਤਿਆਰੀ ਦੇ ਤੌਰ ਤੇ ਮੰਨਿਆ ਜਾ ਰਿਹਾ ਹੈ।

ਇਕ ਅਮਰੀਕੀ ਅਧਿਕਾਰੀ ਨੇ ਕਿਹਾ ਕਿ ਜਾਂਚ ਟੀਮ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਪੈਂਟਾਗਨ ਦੇ ਕਥਿਤ ਦਸਤਾਵੇਜ਼ ਤੱਕ ਕਿਸ ਦੀ ਪਹੁੰਚ ਸੀ। ਇਸ ਕਾਂਡ ਦੀ ਪੈਂਟਾਗਨ ਅਤੇ ਅਮਰੀਕੀ ਖੁਫੀਆ ਏਜੰਸੀਆਂ ਦੇ ਨਾਲ-ਨਾਲ ਐਫਬੀਆਈ ਜਾਂਚ ਸ਼ੁਰੂ ਕਰੇਗੀ। ਐਫਬੀਆਈ ਨੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

ਇਹ ਲੀਕ ਯੂਐਸ-ਇਜ਼ਰਾਈਲ ਸਬੰਧਾਂ ਵਿੱਚ ਇੱਕ ਬਹੁਤ ਹੀ ਸੰਵੇਦਨਸ਼ੀਲ ਪਲ ਆਇਆ ਹੈ ਅਤੇ ਇਸ ਕਾਰਣ ਇਜ਼ਰਾਈਲੀਆਂ ਨੂੰ ਗੁੱਸਾ ਆਉਣਾ ਤਹਿ ਹੈ, ਜੋ 1 ਅਕਤੂਬਰ ਨੂੰ ਈਰਾਨੀ ਮਿਜ਼ਾਈਲ ਹਮਲੇ ਦੇ ਜਵਾਬ ਵਿੱਚ ਈਰਾਨ 'ਤੇ ਹਮਲਾ ਕਰਨ ਦੀ ਤਿਆਰੀ ਕਰ ਰਹੇ ਸਨ। ਇੱਕ ਦਸਤਾਵੇਜ਼ ਇਹ ਵੀ ਦੱਸਦਾ ਹੈ ਕਿ ਇਜ਼ਰਾਈਲ ਨੇ ਹਮੇਸ਼ਾ ਦੀ ਤਰ੍ਹਾਂ ਜਨਤਕ ਤੌਰ 'ਤੇ ਪੁਸ਼ਟੀ ਕਰਨ ਤੋਂ ਇਨਕਾਰ ਕੀਤਾ ਹੈ ਕਿ ਦੇਸ਼ ਕੋਲ ਪ੍ਰਮਾਣੂ ਹਥਿਆਰ ਹਨ। ਦਸਤਾਵੇਜ਼ ਵਿੱਚ ਕਿਹਾ ਗਿਆ ਹੈ ਕਿ ਅਮਰੀਕਾ ਨੇ ਅਜਿਹਾ ਕੋਈ ਸੰਕੇਤ ਨਹੀਂ ਦੇਖਿਆ ਹੈ ਕਿ ਇਜ਼ਰਾਈਲ ਈਰਾਨ ਵਿਰੁੱਧ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰਨ ਦੀ ਯੋਜਨਾ ਬਣਾ ਰਿਹਾ ਹੈ।

ਮਿਡਲ ਈਸਟ ਦੇ ਸਾਬਕਾ ਡਿਪਟੀ ਸਹਾਇਕ ਸਕੱਤਰ ਅਤੇ ਸੀਆਈਏ ਦੇ ਸੇਵਾਮੁਕਤ ਅਧਿਕਾਰੀ ਮਿਕ ਮੁਲਰੋਏ ਨੇ ਕਿਹਾ ਸੀ ਕਿ "ਜੇਕਰ ਇਹ ਸੱਚ ਹੈ ਕਿ 1 ਅਕਤੂਬਰ ਦੇ ਈਰਾਨੀ ਹਮਲੇ ਦਾ ਜਵਾਬ ਦੇਣ ਲਈ ਇਜ਼ਰਾਈਲ ਦੀਆਂ ਰਣਨੀਤਕ ਯੋਜਨਾਵਾਂ ਲੀਕ ਹੋ ਗਈਆਂ ਹਨ, ਤਾਂ ਇਹ ਇੱਕ ਗੰਭੀਰ ਉਲੰਘਣਾ ਹੈ।"

ਮੁਲਰੋਏ ਨੇ ਕਿਹਾ ਕਿ "ਅਮਰੀਕਾ ਅਤੇ ਇਜ਼ਰਾਈਲ ਵਿਚਕਾਰ ਭਵਿੱਖ ਦੇ ਤਾਲਮੇਲ ਨੂੰ ਵੀ ਚੁਣੌਤੀ ਦਿੱਤੀ ਜਾ ਸਕਦੀ ਹੈ। ਵਿਸ਼ਵਾਸ ਸਬੰਧਾਂ ਵਿੱਚ ਇੱਕ ਮਹੱਤਵਪੂਰਨ ਹਿੱਸਾ ਹੈ, ਅਤੇ ਇਹ ਕਿਵੇਂ ਲੀਕ ਹੋਇਆ ਸੀ, ਇਸ ਨਾਲ ਇਜਰਾਈਲ ਦਾ ਅਮਰੀਕਾ ਉਪਰ ਭਰੋਸਾ ਟੁੱਟ ਸਕਦਾ ਹੈ।"

### ਦਸਤਾਵੇਜ਼ ਲੀਕ ਹੋਏ ਜਾਂ ਕੀਤੇ ਗਏ?

ਰਾਸ਼ਟਰੀ ਸੁਰੱਖਿਆ ਪ੍ਰੀਸ਼ਦ ਨੇ ਟਿੱਪਣੀ ਲਈ ਨੈਸ਼ਨਲ ਇੰਟੈਲੀਜੈਂਸ ਦੇ ਡਾਇਰੈਕਟਰ ਦੇ ਦਫਤਰ ਅਤੇ ਪੈਂਟਾਗਨ ਨੂੰ ਭੇਜਿਆ ਹੈ। ਪੈਂਟਾਗਨ ਅਤੇ ਨੈਸ਼ਨਲ ਜੀਓਸਪੇਸ਼ੀਅਲ-ਇੰਟੈਲੀਜੈਂਸ ਏਜੰਸੀ ਨੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਸੀਐਨਐਨ ਨੇ ਟਿੱਪਣੀ ਲਈ ਰਾਸ਼ਟਰੀ ਸੁਰੱਖਿਆ ਏਜੰਸੀ ਨਾਲ ਸੰਪਰਕ ਕੀਤਾ ਹੈ।


ਇਸ ਦੇ ਨਾਲ ਹੀ ਇੱਕ ਹੋਰ ਅਮਰੀਕੀ ਅਧਿਕਾਰੀ ਨੇ ਕਿਹਾ ਕਿ "ਇਹ ਦੋ ਦਸਤਾਵੇਜ਼ ਮਾੜੇ ਹਨ, ਪਰ ਭਿਆਨਕ ਨਹੀਂ ਹਨ। ਅਤੇ ਚਿੰਤਾ ਦੀ ਗੱਲ ਇਹ ਹੈ ਕਿ ਕੀ ਅਜਿਹੇ ਹੋਰ ਦਸਤਾਵੇਜ਼ ਹਨ?"

ਇਹ ਸਪੱਸ਼ਟ ਨਹੀਂ ਹੈ ਕਿ ਇਹ ਦਸਤਾਵੇਜ਼ ਜਨਤਕ ਕਿਵੇਂ ਹੋਏ, ਅਤੇ ਇਹ ਪਤਾ ਨਹੀਂ ਹੈ ਕਿ ਇਹ ਹੈਕ ਕੀਤੇ ਗਏ ਸਨ ਜਾਂ ਜਾਣਬੁੱਝ ਕੇ ਲੀਕ ਕੀਤੇ ਗਏ ਸਨ। ਅਮਰੀਕਾ ਈਰਾਨੀ ਹੈਕਿੰਗ ਮੁਹਿੰਮਾਂ ਬਾਰੇ ਪਹਿਲਾਂ ਹੀ ਹਾਈ ਅਲਰਟ 'ਤੇ ਹੈ - ਯੂਐਸ ਖੁਫੀਆ ਏਜੰਸੀਆਂ ਨੇ ਅਗਸਤ ਵਿੱਚ ਕਿਹਾ ਸੀ ਕਿ ਈਰਾਨ ਨੇ ਡੋਨਾਲਡ ਟਰੰਪ ਦੀ ਚੋਣ ਮੁਹਿੰਮ ਨਾਲ ਸਬੰਧਤ ਦਸਤਾਵੇਜ਼ਾਂ ਨੂੰ ਹੈਕ ਕੀਤਾ ਹੈ।

ਪਿਛਲੇ ਸਾਲ ਅਮਰੀਕੀ ਖੁਫੀਆ ਜਾਣਕਾਰੀ ਦੇ ਇੱਕ ਵੱਡੇ ਲੀਕ ਨੇ ਵੀ ਦੱਖਣੀ ਕੋਰੀਆ ਅਤੇ ਯੂਕਰੇਨ ਸਮੇਤ ਸਹਿਯੋਗੀਆਂ ਅਤੇ ਭਾਈਵਾਲਾਂ ਨਾਲ ਅਮਰੀਕਾ ਦੇ ਸਬੰਧਾਂ ਵਿੱਚ ਤਣਾਅ ਪੈਦਾ ਕੀਤਾ ਸੀ, ਜਦੋਂ ਇੱਕ 21 ਸਾਲਾ ਏਅਰ ਨੈਸ਼ਨਲ ਗਾਰਡਸਮੈਨ ਨੇ ਸੋਸ਼ਲ ਮੀਡੀਆ ਪਲੇਟਫਾਰਮ ਡਿਸਕੋਰਡ 'ਤੇ ਉੱਚ ਪੱਧਰੀ ਜਾਣਕਾਰੀ ਪੋਸਟ ਕੀਤੀ ਸੀ। ਲੀਕ ਹੋਏ ਦਸਤਾਵੇਜ਼ਾਂ ਦੀ ਸਭ ਤੋਂ ਪਹਿਲਾਂ ਬੀਤੇ ਦਿਨੀਂ ਐਕਸੀਓਸ ਦੁਆਰਾ ਰਿਪੋਰਟ ਕੀਤੀ ਗਈ ਸੀ।

# ਸੰਨੀ ਦਿਓਲ ਨੇ ਜਨਮ-ਦਿਨ ਮੌਕੇ ਆਵੇਗੀ ਫ਼ਿਲਮ 'ਜਾਟ'

## ✪ ਸੰਨੀ ਵਲੋਂ ਜਾਰੀ ਕੀਤਾ ਪੋਸਟਰ




ਮਸ਼ਹੂਰ ਬਾਲੀਵੁੱਡ ਸਟਾਰ ਸੰਨੀ ਦਿਓਲ ਨੇ ਆਪਣੇ ਜਨਮਦਿਨ ਮੌਕੇ ਆਪਣੀ ਬਹੁਤ ਹੀ ਉਡੀਕੀ ਜਾ ਰਹੀ ਫਿਲਮ 'ਜਾਟ' ਦਾ ਪੋਸਟਰ ਸਾਂਝਾ ਕੀਤਾ ਹੈ। ਗੋਪੀਚੰਦ ਮਲੀਨਨੀ ਦੁਆਰਾ ਨਿਰਦੇਸ਼ਤ ਅਤੇ ਮਿਥਰੀ ਮੂਵੀ ਮੇਕਰਸ ਅਤੇ ਪੀਪਲ ਮੀਡੀਆ ਫੈਕਟਰੀ ਦੁਆਰਾ ਨਿਰਮਿਤ 'ਜਾਟ' ਐਕਸ਼ਨ ਅਤੇ ਡਰਾਮਾ ਭਰਪੂਰ ਹੋਵੇਗੀ। ਪਹਿਲੀ ਝਲਕ ਦੇ ਪੋਸਟਰ ਵਿੱਚ ਦਿਓਲ ਨੂੰ ਇੱਕ ਕਮਾਂਡਿੰਗ ਅਤੇ ਤੀਬਰ ਪੋਜ਼ ਵਿੱਚ ਦਿਖਾਇਆ ਗਿਆ ਹੈ। 'ਜਾਟ' ਦੀ ਕਾਸਟ ਵਿੱਚ ਰਣਦੀਪ ਹੁੱਡਾ, ਵਿਨੀਤ ਕੁਮਾਰ ਸਿੰਘ, ਸਯਾਮੀ ਖੇਰ ਅਤੇ ਰੇਜੀਨਾ ਕੈਸੈਂਡਰਾ ਵੀ ਸ਼ਾਮਲ ਹਨ। ਇਸ ਦਾ ਸੰਗੀਤ ਪ੍ਰਸਿੱਧ ਥਮਨ ਐਸ ਦੁਆਰਾ ਤਿਆਰ ਕੀਤਾ ਗਿਆ ਹੈ, ਜਦੋਂ ਕਿ ਰਿਸ਼ੀ ਪੰਜਾਬੀ ਨੇ ਸਿਨੇਮੈਟੋਗ੍ਰਾਫੀ ਦੀ ਜ਼ਿੰਮੇਵਾਰੀ ਸੰਭਾਲੀ ਹੈ।

# ਨਸ਼ਾ ਤਸਕਰਾਂ ਵਲੋਂ ਕਰਵਾ ਚੌਥ 'ਤੇ ਪਿਓ-ਪੁੱਤ ਦਾ ਕਤਲ

## ✪ 2 ਬੱਚਿਆਂ ਨੂੰ ਵੀ ਲੱਗੀਆਂ ਗੋਲ਼ੀਆਂ

ਹੁਸ਼ਿਆਰਪੁਰ-ਹੁਸ਼ਿਆਰਪੁਰ ਵਿਚ ਬੀਤੇ ਦਿਨੀਂ ਕਰਵਾ ਚੌਥ ਦੀ ਰਾਤ ਨੂੰ ਪਿਓ-ਪੁੱਤ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਇਨ੍ਹਾਂ ਤੋਂ ਇਲਾਵਾ ਦੋ ਬੱਚੇ ਵੀ ਜ਼ਖ਼ਮੀ ਹੋਏ ਹਨ। ਇਹ ਘਟਨਾ ਪਿੰਡ ਚੱਕੋਵਾਲ ਬ੍ਰਾਹਮਣਾ ਦੀ ਹੈ। ਉਹ ਦੋਵੇਂ ਨਵਜੰਮੇ ਬੱਚੇ ਦਾ ਹਾਲ-ਚਾਲ ਜਾਣਨ ਲਈ ਹਸਪਤਾਲ ਪਹੁੰਚੇ ਸਨ। ਜਿਵੇਂ ਹੀ ਉਹ ਬਾਹਰ ਆਏ ਤਾਂ ਅਣਪਛਾਤੇ ਲੋਕਾਂ ਨੇ ਉਨ੍ਹਾਂ 'ਤੇ ਗੋਲੀਆਂ ਚਲਾ ਦਿੱਤੀਆਂ।

ਮ੍ਰਿਤਕਾਂ ਦੀ ਪਛਾਣ ਅਮਰਜੀਤ (37) ਵਾਸੀ ਤਲਵੰਡੀ ਰਾਈਆਂ ਅਤੇ ਉਸ ਦੇ ਪਿਤਾ ਕਸ਼ਮੀਰ ਸਿੰਘ (60) ਵਜੋਂ ਹੋਈ ਹੈ। ਇਨ੍ਹਾਂ ਤੋਂ ਇਲਾਵਾ ਅਮਰਜੀਤ ਦੇ ਲੜਕੇ ਗੁਨਰਾਜ ਅਤੇ ਅਮਰਜੀਤ ਦੇ ਭਰਾ ਸੁਖਜੀਤ ਦੇ ਲੜਕੇ ਸ਼ਿਵਮ ਨੂੰ ਗੋਲੀਆਂ ਲੱਗੀਆਂ। ਦੋਵਾਂ ਦਾ ਹਸਪਤਾਲ ਵਿਚ ਇਲਾਜ ਚੱਲ ਰਿਹਾ ਹੈ। ਪੁਲਿਸ ਦਾ ਕਹਿਣਾ ਹੈ ਕਿ ਉਕਤ ਵਿਅਕਤੀਆਂ ਨੇ ਤਿੰਨ ਸਾਲ ਪਹਿਲਾਂ ਨਸ਼ੇ ਦੀ ਤਸਕਰੀ ਅਤੇ ਨਜਾਇਜ਼ ਹਥਿਆਰ ਰੱਖਣ ਸਬੰਧੀ ਸ਼ਿਕਾਇਤ ਦਿੱਤੀ ਸੀ। ਇਸੇ ਰੰਜਿਸ਼ ਕਾਰਨ ਇਹ ਹਮਲਾ ਕੀਤਾ ਗਿਆ। ਪੁਲਿਸ ਨੇ ਦੋਵਾਂ ਦੀਆਂ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਹੁਸ਼ਿਆਰਪੁਰ ਦੇ ਸਿਵਲ ਹਸਪਤਾਲ ਭੇਜ ਦਿੱਤਾ ਹੈ।

ਭੁੱਲੋਵਾਲ ਦੇ ਡੀਐਸਪੀ ਨਰਿੰਦਰ ਸਿੰਘ ਨੇ ਦੱਸਿਆ ਕਿ ਅਸੀਂ ਕੇਸ ਦਰਜ ਕਰ ਰਹੇ ਹਾਂ।

# ਕੈਨੇਡੀਅਨ ਕਾਨੂੰਨੀ ਪ੍ਰਕਿਰਿਆ ਵਿਚ ਭਾਰਤ ਸਰਕਾਰ ਦਾ ਸਹਿਯੋਗ "ਗੰਭੀਰ ਘਟਨਾਕ੍ਰਮ" ਵਿਚ ਸਹੀ ਕਦਮ - ਬਰਤਾਨੀਆ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਨੇ ਭਾਰਤ ਤੇ ਕੈਨੇਡਾ ਵਿਚਾਲੇ ਚੱਲ ਰਹੇ ਕੂਟਨੀਤਕ ਵਿਵਾਦ ਦੇ ਸੰਦਰਭ 'ਚ ਕਿਹਾ ਹੈ ਕਿ ਕੈਨੇਡੀਅਨ ਕਾਨੂੰਨੀ ਪ੍ਰਕਿਰਿਆ ਵਿਚ ਭਾਰਤ ਸਰਕਾਰ ਦਾ ਸਹਿਯੋਗ "ਗੰਭੀਰ ਘਟਨਾਕ੍ਰਮ" ਵਿਚ ਅਗਲਾ ਸਹੀ ਕਦਮ ਹੈ। ਵਿਦੇਸ਼, ਰਾਸ਼ਟਰਮੰਡਲ ਅਤੇ ਵਿਕਾਸ ਦਫਤਰ (ਐੱਫ ਸੀ ਡੀ ਓ) ਨੇ ਇੱਥੇ ਇੱਕ ਬਿਆਨ 'ਚ ਕਿਹਾ ਕਿ ਉਹ "ਭਾਰਤ ਸਰਕਾਰ ਦੀ ਸ਼ਮੂਲੀਅਤ ਵਾਲੀ ਕੈਨੇਡੀਅਨ ਜਾਂਚ" ਦੇ ਸਬੰਧ 'ਚ ਕੈਨੇਡੀਅਨ ਭਾਈਵਾਲਾਂ ਦੇ ਸੰਪਰਕ 'ਚ ਹੈ ਤੇ ਓਟਾਵਾ ਦੀ ਨਿਆਂ ਪ੍ਰਣਾਲੀ 'ਚ ਭਰੋਸਾ ਪ੍ਰਗਟਾਇਆ ਹੈ।

ਐੱਫ ਸੀ ਡੀ ਓ ਦੇ ਬਿਆਨ ਤੋਂ ਦੋ ਦਿਨ ਪਹਿਲਾਂ, ਬਰਤਾਨਵੀ ਪ੍ਰਧਾਨ ਮੰਤਰੀ ਕੀਰ ਸਟਾਰਮਰ ਅਤੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਿਚਕਾਰ ਗੱਲਬਾਤ ਹੋਈ ਸੀ। ਬਰਤਾਨੀਆ ਅਤੇ ਕੈਨੇਡਾ 'ਫਾਈਵ ਆਈਜ਼' ਨਾਮਕ ਗਠਜੋੜ ਦਾ ਹਿੱਸਾ ਹਨ ਜਿਸ ਵਿਚ ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਅਮਰੀਕਾ ਵੀ ਸ਼ਾਮਲ ਹਨ। ਜਿਸ ਤਹਿਤ ਪੰਜੇ ਦੇਸ਼ ਸੁਰੱਖਿਆ, ਖੁਫੀਆ ਅਤੇ ਕਈ ਹੋਰ ਜਾਣਕਾਰੀਆਂ ਸਾਂਝੀਆਂ ਕਰਦੇ ਹਨ । ਐੱਫ ਸੀ ਡੀ ਓ ਦੇ ਬੁਲਾਰੇ ਨੇ ਕਿਹਾ ਕਿ ਕੈਨੇਡਾ 'ਚ ਸੁਤੰਤਰ ਜਾਂਚ 'ਚ ਅਸੀਂ ਆਪਣੇ ਕੈਨੇਡੀਅਨ ਭਾਈਵਾਲਾਂ ਦੇ ਸੰਪਰਕ 'ਚ ਹਾਂ। ਪ੍ਰਭੂਸੱਤਾ ਅਤੇ ਕਾਨੂੰਨ ਦੇ ਰਾਜ ਦਾ ਸਨਮਾਨ ਜ਼ਰੂਰੀ ਹੈ। ਭਾਰਤ ਸਰਕਾਰ ਦਾ ਸਹਿਯੋਗ ਕੈਨੇਡਾ ਦੀ ਕਾਨੂੰਨੀ ਪ੍ਰਕਿਰਿਆ 'ਚ ਅਗਲਾ ਸਹੀ ਕਦਮ ਹੈ।

ਪ੍ਰਧਾਨ ਮੰਤਰੀ ਟਰੂਡੋ ਵੱਲੋਂ ਪਿਛਲੇ ਸਾਲ ਸਤੰਬਰ 'ਚ ਖਾਲਿਸਤਾਨੀ ਕਾਰਕੁਨ ਹਰਦੀਪ ਸਿੰਘ ਨਿੱਝਰ ਦੀ ਹੱਤਿਆ 'ਚ ਭਾਰਤੀ ਏਜੰਟਾਂ ਦੀ 'ਸੰਭਵ' ਸ਼ਮੂਲੀਅਤ ਦੇ ਦੋਸ਼ਾਂ ਤੋਂ ਬਾਅਦ ਭਾਰਤ ਤੇ ਕੈਨੇਡਾ ਦੇ ਸਬੰਧਾਂ 'ਚ ਭਾਰੀ ਤਣਾਅ ਚੱਲਿਆ ਆ ਰਿਹਾ ਹੈ। ਭਾਰਤ ਨੇ ਕੈਨੇਡੀਅਨ ਅਧਿਕਾਰੀਆਂ ਵੱਲੋਂ ਭਾਰਤੀ ਏਜੰਟਾਂ ਨੂੰ ਕੈਨੇਡਾ 'ਚ ਅਪਰਾਧਿਕ ਗਰੋਹਾਂ ਨਾਲ ਜੋੜਨ ਦੀਆਂ ਕੋਸ਼ਿਸ਼ਾਂ ਨੂੰ ਸਖ਼ਤੀ ਨਾਲ ਰੱਦ ਕੀਤਾ ਹੈ। ਵਿਦੇਸ਼ ਮੰਤਰਾਲੇ ਨੇ ਇੱਕ ਬਿਆਨ 'ਚ ਕਿਹਾ ਕਿ ਭਾਰਤ ਸਰਕਾਰ ਇਨ੍ਹਾਂ ਬੇਤੁਕੇ ਇਲਜ਼ਾਮਾਂ ਨੂੰ ਸਖ਼ਤੀ ਨਾਲ ਰੱਦ ਕਰਦੀ ਹੈ ਅਤੇ ਇਨ੍ਹਾਂ ਨੂੰ ਟਰੂਡੋ ਸਰਕਾਰ ਦੇ ਸਿਆਸੀ ਏਜੰਡੇ ਦਾ ਹਿੱਸਾ ਦੱਸਿਆ ਹੈ, ਜੋ ਕਿ ਵੋਟ ਬੈਂਕ ਦੀ ਰਾਜਨੀਤੀ 'ਤੇ ਕੇਂਦਰਿਤ ਹੈ।

# ਸਿੱਖ ਮਾਣ ਮਰਿਯਾਦਾ ਨੂੰ ਕਾਇਮ ਰੱਖਣ ਲਈ ਸਾਂਝੇ ਯਤਨਾਂ ਦੀ ਲੋੜ - ਗੁਰਦੁਆਰਾ ਭਾਟ ਸਿੱਖ ਕੌਂਸਲ ਯੂ ਕੇ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਭਾਟ ਸਿੱਖ ਕੌਂਸਲ ਯੂ ਕੇ ਨੇ ਬੀਤੇ ਦਿਨੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿੱਚ ਪੰਜ ਸਿੰਘ ਸਾਹਿਬਾਨਾਂ ਵੱਲੋਂ ਵਿਰਸਾ ਸਿੰਘ ਵਲਟੋਹਾ ਬਾਬਤ ਲਏ ਗਏ ਫੈਸਲੇ ਉਪਰੰਤ ਪੈਦਾ ਹੋਈ ਸਥਿਤੀ ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜੱਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜੱਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਗੁਰਬਾਣੀ ਦੀ ਰੌਸ਼ਣੀ ਵਿੱਚ ਦੇਸ਼ ਵਿਦੇਸ਼ ਦੇ ਸਿੱਖ ਮਾਹਿਰਾਂ ਨਾਲ ਮਸ਼ਵਰੇ ਕਰਕੇ ਸਿੱਖ ਸੰਸਥਾਵਾਂ ਨੂੰ ਮਜ਼ਬੂਤ ਕਰਨ ਲਈ ਯਤਨ ਕੀਤੇ ਜਾਣ।**

ਗੁਰਦੁਆਰਾ ਭਾਟ ਸਿੱਖ ਕੌਂਸਲ ਯੂ ਕੇ ਦੇ ਮੁੱਖ ਸੇਵਾਦਾਰ ਸ: ਜਸਬੀਰ ਸਿੰਘ ਭਾਕੜ, ਗਿਆਨੀ ਅਮਰੀਕ ਸਿੰਘ ਰਾਠੌਰ, ਜੁਝਾਰ ਸਿੰਘ ਲਾਂਡਾ, ਜਸਵੰਤ ਸਿੰਘ ਦਿਗਪਾਲ, ਚਰਨਧੂੜ ਸਿੰਘ ਕਸਬੀਆ, ਮਨੋਰਥ ਸਿੰਘ ਰੋਂਦ, ਕਰਮ ਸਿੰਘ ਲਾਂਡਾ, ਪ੍ਰੀਤਮ ਸਿੰਘ ਲਾਂਡਾ, ਈਸ਼ਰ ਸਿੰਘ ਰੋਦ, ਪ੍ਰਿਤਪਾਲ ਸਿੰਘ ਲਾਂਡਾ, ਗੁਰਦਿੱਤ ਸਿੰਘ ਰੋਂਦ ਨੇ ਕਿਹਾ ਕਿ ਕਿਸੇ ਵੀ ਸਿੰਘ ਸਾਹਿਬ ਨੂੰ ਅਸਤੀਫਾ ਦੇਣ ਵਰਗੇ ਹਾਲਾਤ ਪੈਦਾ ਕਰਨੇ ਨਿੰਦਣਯੋਗ ਹੈ। ਸਿੱਖ ਕੌਮ ਦੀ ਵਿਸ਼ਵ ਭਰ ਵਿੱਚ ਵਿਲੱਖਣ ਪਹਿਚਾਣ ਹੈ ਅਤੇ ਕੌਮ ਦੇ ਜੱਥੇਦਾਰਾਂ ਦਾ ਰੁਤਬਾ ਬਹੁਤ ਵੱਡਾ ਹੈ। ਇਹਨਾਂ ਰੁਤਬਿਆਂ ਦਾ ਮਾਣ ਸਨਮਾਨ ਕਾਇਮ ਰੱਖਣਾ ਬਹੁਤ ਜਰੂਰੀ ਹੈ। ਕੌਂਸਲ ਨੇ ਜੱਥੇਦਾਰ ਸਾਹਿਬਾਨਾਂ ਨੂੰ ਵੀ ਅਪੀਲ ਕੀਤੀ ਕਿ ਇਹ ਸਮਾਂ ਅਸਤੀਫੇ ਦੇਣ ਦਾ ਨਹੀਂ ਬਲਕਿ ਸਿੱਖ ਦੀ ਚੜ੍ਹਦੀ ਕਲਾ ਲਈ ਅਗਵਾਈ ਕਰਨ ਦਾ ਹੈ।



ਜਸਬੀਰ ਸਿੰਘ ਭਾਕੜ ਅਤੇ ਅਮਰੀਕ ਸਿੰਘ ਰਾਠੌਰ

GSD

GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED

How much is your home worth ?
More properties wanted for qualified applicants
We can sell or let your properties fast
2-3 year rent guarantee schemes available

ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ।
ਗਰੰਟੀ 'ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ।
ਜਾਇਦਾਦ ਸਬੰਧੀ ਤਜ਼ਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

EXCELLENCE AS STANDARD *Supporting a greener future*
Director: Mr Gurjeet Singh Dhariwal
Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved

ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)
UK's FIRST ASIAN MARRIAGE BUREAU
Guaranteed introduction service - Since 1972
HINDU & SIKH SINGLES MEET-UP LUNCH
SATURDAY 23RD NOVEMBER 2024 IN HOUNSLOW
An opportunity to meet a number of other like-minded singletons under one roof & maybe meet a potential partner
Tickets: Non-members: £42.50
Members/Non-Members (Early Bird booking by 31/10/24) - £37.50
Inclusive of 3-course vegetarian lunch & soft drinks
Please call for further details or to book your place
OVER 50 YEARS OF MATCHMAKING
Please feel free to contact us to discuss your requirements in confidence and without any obligation! English/Punjabi spoken.
SUMAN MARRIAGE BUREAU
Bespoke Matchmaking Service
0121 582 9995 or 020 8571 5145
WhatsApp/Signal: 07485 708717
Web: www.s-m-b.com Email: info@s-m-b.com
Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau
WE HAVE CLIENTS ALL OVER UK

# ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਸੌਦਾ ਸਾਧ ਖਿਲਾਫ ਬੇਅਦਬੀ ਦਾ ਮਾਮਲਾ ਮੁੜ ਚਲੇਗਾ

**✪ 3 ਮਾਮਲਿਆਂ ਵਿਚ ਡੇਰਾ ਮੁਖੀ ਖ਼ਿਲਾਫ਼ ਕਾਰਵਾਈ 'ਤੇ ਲੱਗੀ ਰੋਕ ਹਟਾਈ ✪ ਹਾਈਕੋਰਟ ਦੇ ਫੈਸਲੇ ਨੂੰ ਪਲਟਿਆ, ਨੋਟਿਸ ਜਾਰੀ ਕਰ ਕੇ 4 ਹਫ਼ਤਿਆਂ ਵਿਚ ਮੰਗਿਆ ਜਵਾਬ**

## // ਖਾਸ ਖਬਰ //

ਸੁਪਰੀਮ ਕੋਰਟ ਨੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਵੱਡਾ ਝਟਕਾ ਦਿੱਤਾ ਹੈ। ਸੁਪਰੀਮ ਕੋਰਟ ਨੇ 9 ਸਾਲ ਪੁਰਾਣੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪਾਂ ਦੀ ਬੇਅਦਬੀ ਮਾਮਲੇ ਵਿਚ ਡੇਰਾ ਮੁਖੀ ਖ਼ਿਲਾਫ਼ ਕਾਰਵਾਈ ਦਾ ਹੁਕਮ ਸੁਣਾਇਆ ਹੈ। ਇਹ ਘਟਨਾ ਬਰਗਾੜੀ ਵਿਖੇ ਵਾਪਰੀ ਸੀ। ਸੁਪਰੀਮ ਕੋਰਟ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਫ਼ੈਸਲੇ ਨੂੰ ਪਲਟ ਦਿੱਤਾ ਹੈ ਤੇ ਡੇਰਾ ਮੁਖੀ ਨੂੰ ਵੀ ਨੋਟਿਸ ਜਾਰੀ ਕਰਕੇ 4 ਹਫ਼ਤਿਆਂ ਦੇ ਅੰਦਰ ਜਵਾਬ ਮੰਗਿਆ ਹੈ ਖ਼ਾਸ ਗੱਲ ਇਹ ਹੈ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਲੋਂ ਸੌਦਾ ਸਾਧ ਖ਼ਿਲਾਫ਼ ਕਾਰਵਾਈ 'ਤੇ ਰੋਕ ਲਗਾ ਦਿੱਤੀ ਗਈ ਸੀ, ਜਿਸ ਨੂੰ ਸੁਪਰੀਮ ਕੋਰਟ ਨੇ ਅੱਜ ਹਟਾ ਦਿੱਤਾ ਹੈ। ਮਾਮਲੇ ਦੀ ਸੁਣਵਾਈ ਕਰ ਰਹੀ ਜਸਟਿਸ ਬੀ.ਆਰ. ਗਵਈ ਤੇ ਜਸਟਿਸ ਕੇ.ਵੀ. ਵਿਸ਼ਵਨਾਥਨ ਦੇ ਬੈਂਚ ਨੇ ਆਦੇਸ਼ ਜਾਰੀ ਕੀਤਾ, ਜਿਸ ਤੋਂ ਬਾਅਦ ਹੁਣ ਬੇਅਦਬੀ ਦੇ ਤਿੰਨੋ ਮਾਮਲਿਆਂ ਸੰਬੰਧੀ ਡੇਰਾ ਮੁਖੀ ਖ਼ਿਲਾਫ਼ ਕਾਰਵਾਈ ਦਾ ਰਾਹ ਪੱਧਰਾ ਹੋ ਗਿਆ ਹੈ।

ਦੱਸਣਯੋਗ ਹੈ ਕਿ ਸਾਧਵੀਆਂ ਦੇ ਜਿਨਸੀ ਸ਼ੋਸ਼ਣ ਦੇ ਮਾਮਲੇ ਵਿਚ ਡੇਰਾ ਮੁਖੀ ਪਹਿਲਾਂ ਹੀ ਜੇਲ੍ਹ ਵਿਚ ਹੈ। ਦਰਅਸਲ ਪੰਜਾਬ ਸਰਕਾਰ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀ ਕਾਰਵਾਈ 'ਤੇ ਰੋਕ ਖ਼ਿਲਾਫ਼ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਸੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਮਾਰਚ ਮਹੀਨੇ ਵਿਚ ਸੌਦਾ ਸਾਧ ਵਿਰੁੱਧ ਬੇਅਦਬੀ ਦੇ ਤਿੰਨ ਮਾਮਲਿਆਂ ਦੀ ਕਾਰਵਾਈ 'ਤੇ ਰੋਕ ਲਗਾ ਦਿੱਤੀ ਸੀ। ਪਿਛਲੇ ਸਾਲ ਫਰਵਰੀ ਵਿਚ ਸੁਪਰੀਮ ਕੋਰਟ ਨੇ ਬੇਅਦਬੀ ਦੇ ਤਿੰਨ



ਮਾਮਲਿਆਂ ਵਿਚ ਸੌਦਾ ਸਾਧ ਤੇ ਡੇਰਾ ਸੱਚਾ ਸੌਦਾ ਦੇ ਸੱਤ ਪੈਰੋਕਾਰਾਂ ਵਿਰੁੱਧ ਚੱਲ ਰਹੇ ਮੁਕੱਦਮੇ ਨੂੰ ਫ਼ਰੀਦਕੋਟ ਦੀ ਅਦਾਲਤ ਤੋਂ ਚੰਡੀਗੜ੍ਹ ਤਬਦੀਲ ਕਰ ਦਿੱਤਾ ਸੀ।

### ਸੌਦਾ ਸਾਧ ਦਾ ਪ੍ਰਤੀਕਰਮ

ਪੰਜਾਬ ਸਰਕਾਰ ਦੀ ਪਟੀਸ਼ਨ 'ਤੇ ਹੁਣ ਡੇਰੇ ਸਿਰਸਾ ਨੇ ਜਵਾਬ ਦਿੰਦੇ ਹੋਏ ਕਿਹਾ ਕਿ ਉਹ ਹੁਣ ਸੁਪਰੀਮ ਕੋਰਟ ਵਿਚ ਆਪਣਾ ਪੱਖ ਰੱਖਣਗੇ। ਪੰਜਾਬ ਸਰਕਾਰ ਦੀ ਪਟੀਸ਼ਨ 'ਤੇ ਸਵਾਲ ਚੁੱਕਦਿਆਂ ਡੇਰੇ ਦੇ ਬੁਲਾਰੇ ਨੇ ਕਿਹਾ ਕਿ ਇਸ ਪਟੀਸ਼ਨ ਵਿਚ ਸੁਪਰੀਮ ਕੋਰਟ ਦੇ ਸਾਹਮਣੇ ਅਧੂਰੇ ਤੱਥ ਪੇਸ਼ ਕੀਤੇ ਗਏ ਹਨ ਪਰ ਅਸੀਂ ਜਸਦੀ ਹੀ ਪੂਰੇ ਤੱਥਾਂ ਸਮੇਤ ਸੁਪਰੀਮ ਕੋਰਟ ਵਿਚ ਇਸ ਦਾ ਕਾਨੂੰਨੀ ਜਵਾਬ ਦੇਵਾਂਗੇ। ਡੇਰੇ ਦੇ ਬੁਲਾਰੇ ਨੇ ਕਿਹਾ ਕਿ ਜਦੋਂ ਅਸੀਂ ਪੰਜਾਬ-ਹਰਿਆਣਾ ਹਾਈਕੋਰਟ ਅੱਗੇ ਸਾਰੇ ਤੱਥ ਪੇਸ਼ ਕੀਤੇ ਤਾਂ ਹਾਈਕੋਰਟ ਨੇ ਇਨ੍ਹਾਂ ਮਾਮਲਿਆਂ 'ਤੇ ਰੋਕ ਲਾ ਦਿੱਤੀ ਸੀ।

### ਕੀ ਹੈ ਬਰਗਾੜੀ, ਬੇਅਦਬੀ ਕੇਸ ?

1 ਜੂਨ 2015 ਨੂੰ ਗੁਰੂ ਗ੍ਰੰਥ ਸਾਹਿਬ ਦੀ ਬੀੜ ਕੋਟਕਪੂਰਾ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਚੋਰੀ ਹੋਈ ਸੀ।25 ਸਤੰਬਰ 2015 ਨੂੰ ਬਰਗਾੜੀ ਦੇ ਗੁਰਦੁਆਰਾ ਸਾਹਿਬ ਦੇ ਕੋਲ ਪੋਸਟਰ ਲਗਾ ਕੇ ਮਾੜੀ ਭਾਸ਼ਾ ਵਰਤੀ ਗਈ ਸੀ। ਪੋਸਟਰਾਂ ਵਿੱਚ ਚੋਰੀ ਹੋਏ ਸਰੂਪਾਂ ਵਿੱਚ ਡੇਰਾ ਸਿਰਸਾ ਦਾ ਹੱਥ ਹੋਣ ਦਾ ਦਾਅਵਾ ਕੀਤਾ ਗਿਆ ਸੀ ਤੇ ਸਿੱਖ ਸੰਸਥਾਵਾਂ ਨੂੰ ਖੁੱਲ੍ਹੀ ਚੁਣੌਤੀ ਦਿੱਤੀ ਗਈ ਸੀ।

12 ਅਕਤੂਬਰ 2015 ਨੂੰ ਬਰਗਾੜੀ ਪਿੰਡ ਦੀਆਂ ਗਲੀਆਂ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਪੱਤਰੇ ਖਿਲਰੇ ਹੋਏ ਮਿਲੇ ਸਨ। ਇਹ ਪੱਤਰੇ 1 ਜੂਨ 2015 ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰਾ ਸਾਹਿਬ ਤੋਂ ਚੋਰੀ ਹੋਈ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇ ਸਨ।

14 ਅਕਤੂਬਰ 2015 ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਦੋਸ਼ੀਆਂ ਦੀ ਗ੍ਰਿਫਤਾਰੀ ਨੂੰ ਲੈ ਕੇ ਕੋਟਕਪੂਰਾ ਵਿਚ ਸਿੱਖ ਜਥੇਬੰਦੀਆਂ ਨੇ ਰੋਸ ਮੁਜ਼ਾਹਰਾ ਕੀਤਾ ਸੀ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਨੂੰ ਖਦੇੜਨ ਲਈ ਪੁਲਿਸ ਨੇ ਲੋਕਾਂ ਉੱਤੇ ਲਾਠੀਚਾਰਜ ਕੀਤਾ ਸੀ।

ਇਸ ਦੇ ਨਾਲ ਹੀ ਵਿਦੇਸ਼ਾਂ 'ਚ ਰਹਿੰਦੇ ਸਿੱਖਾਂ ਨੇ ਵੀ ਇਸ ਘਟਨਾ 'ਤੇ ਗੁੱਸਾ ਜ਼ਾਹਰ ਕੀਤਾ ਸੀ। ਕੋਟਕਪੂਰਾ ਵਿਚ ਇਸ ਦਾ ਵਿਰੋਧ ਕਰ ਰਹੇ ਸਿੱਖਾਂ 'ਤੇ ਪੁਲਸ ਨੇ ਲਾਠੀਚਾਰਜ ਕੀਤਾ ਅਤੇ ਗੋਲੀਆਂ ਵੀ ਚਲਾਈਆਂ ਸਨ। ਇਸ ਕਾਰਨ ਕੋਟਕਪੂਰਾ ਵਿਚ 2 ਵਿਅਕਤੀਆਂ ਦੀ ਮੌਤ ਹੋ ਗਈ ਅਤੇ ਇਸ ਤੋਂ ਬਾਅਦ ਮਾਮਲੇ ਨੇ ਜ਼ੋਰ ਫੜ ਲਿਆ। ਪੰਜਾਬ ਅੰਦਰ ਅੱਗ ਅਤੇ ਹਿੰਸਾ ਦੀਆਂ ਕਈ ਘਟਨਾਵਾਂ ਹੋਈਆਂ।

18 ਅਕਤੂਬਰ 2015 ਦੌਰਾਨ ਤਤਕਾਲੀ ਅਕਾਲੀ ਭਾਜਪਾ ਸਰਕਾਰ ਨੇ ਏਡੀਜੀਪੀ ਇਕਬਾਲਪ੍ਰੀਤ ਸਿੰਘ ਸਹੋਤਾ ਦੀ ਅਗਵਾਈ ਵਿੱਚ ਐਸਆਈਟੀ ਕਾਇਮ ਕੀਤੀ ਸੀ।

26 ਅਕਤੂਬਰ 2015 ਦੌਰਾਨ ਪੰਜਾਬ ਸਰਕਾਰ ਵੱਲੋਂ ਸਾਰੇ ਮਾਮਲੇ ਦੀ ਜਾਂਚ ਸੀਬੀਆਈ ਦੇ ਹਵਾਲੇ ਕਰ ਦਿੱਤੀ ਗਈ ਸੀ।

30 ਜੂਨ 2016 ਦੌਰਾਨ ਪੰਜਾਬ ਸਰਕਾਰ ਵੱਲੋਂ ਕਾਇਮ ਕੀਤੇ ਗਏ ਜ਼ੋਰਾ ਸਿੰਘ ਕਮਿਸ਼ਨ ਨੇ ਆਪਣੀ ਰਿਪੋਰਟ ਸਰਕਾਰ ਨੂੰ ਸੌਂਪੀ ਸੀ।

2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮੁੱਦਾ ਵੱਡਾ ਮੁੱਦਾ ਬਣ ਗਿਆ ਸੀ ਅਤੇ ਸਿੱਖ ਕੌਮ ਇਸ ਘਟਨਾ ਨੂੰ ਲੈ ਕੇ ਤਤਕਾਲੀ ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਤੋਂ ਬਹੁਤ ਨਾਰਾਜ਼ ਸੀ। ਇਸੇ ਕਾਰਨ 2017 ਵਿਚ ਅਕਾਲੀ-ਭਾਜਪਾ ਗਠਜੋੜ ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਮੁੱਖ ਵਿਰੋਧੀ ਪਾਰਟੀ ਵੀ ਨਹੀਂ ਬਣ ਸਕੀ।

14 ਅਪ੍ਰੈਲ 2017 ਦੌਰਾਨ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਸੇਵਾਮੁਕਤ ਜਸਟਿਸ ਰਣਜੀਤ ਸਿੰਘ ਦੀ ਅਗਵਾਈ ਵਿੱਚ ਜਾਂਚ ਕਮਿਸ਼ਨ ਬਿਠਾਇਆ ਸੀ।

30 ਜੂਨ 2017 ਦੌਰਾਨ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਆਪਣੀ ਰਿਪੋਰਟ ਸਰਕਾਰ ਨੂੰ ਸੌਂਪੀ ਸੀ।

ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਨੇ ਤਤਕਾਲੀ ਪੁਲਿਸ ਡਿਪਟੀ ਇੰਸਪੈਕਟਰ ਜਨਰਲ ਰਣਬੀਰ ਸਿੰਘ ਖਟੜਾ ਦੀ ਅਗਵਾਈ ਹੇਠ ਬਰਗਾੜੀ ਬੇਅਦਬੀ ਮਾਮਲੇ ਵਿੱਚ 7 ਡੇਰਾ ਸਿਰਸਾ ਸਮਰਥਕਾਂ ਨੂੰ ਜੂਨ 2018 ਵਿੱਚ ਗ੍ਰਿਫ਼ਤਾਰ ਕੀਤਾ ਸੀ। ਇਨ੍ਹਾਂ ਵਿੱਚ ਡੇਰਾ ਸਿਰਸਾ ਦੀ 45 ਮੈਂਬਰੀ ਕਮੇਟੀ ਦੇ ਮੈਂਬਰ ਮਹਿੰਦਰਪਾਲ ਸਿੰਘ ਬਿੱਟੂ, ਸ਼ਕਤੀ ਸਿੰਘ, ਸੁਖਜਿੰਦਰ ਅਤੇ ਹੋਰ ਡੇਰਾ ਪ੍ਰੇਮੀ ਕਥਿਤ ਤੌਰ ਉੱਤੇ ਸ਼ਾਮਲ ਸਨ। ਬਿੱਟੂ ਨੂੰ ਬਾਅਦ ਵਿੱਚ ਨਾਭਾ ਜੇਲ੍ਹ ਵਿੱਚ ਮਾਰ ਦਿੱਤਾ ਗਿਆ ਸੀ ਜਦਕਿ ਇੱਕ ਹੋਰ ਮੁਲਜ਼ਮ ਪਰਦੀਪ ਸਿੰਘ ਦਾ ਪਿਛਲੇ ਸਾਲ ਕੋਟਕਪੂਰਾ ਵਿੱਚ ਕਤਲ ਕਰ ਦਿੱਤਾ ਗਿਆ ਸੀ।

28 ਅਗਸਤ 2018 ਦੌਰਾਨ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਪੰਜਾਬ ਵਿਧਾਨ ਸਭਾ ਵਿੱਚ ਰੱਖੀ ਗਈ ਸੀ।

ਇਸ ਮਾਮਲੇ ਨਾਲ ਜੁੜੇ ਇੱਕ ਮੁਲਜ਼ਮ ਮਹਿੰਦਰ ਬਿੱਟੂ ਦਾ ਜੂਨ 2019 ਵਿੱਚ ਜੇਲ੍ਹ ਵਿੱਚ ਕਤਲ ਕਰ ਦਿੱਤਾ ਗਿਆ ਸੀ।

10 ਸਤੰਬਰ 2018 ਦੌਰਾਨ ਕੋਟਕਪੂਰਾ ਅਤੇ ਬਹਿਬਲ ਕਲਾਂ ਵਿੱਚ ਪੁਲਿਸ ਕਾਰਵਾਈ ਦੀ ਜਾਂਚ ਲਈ ਏਡੀਜੀਪੀ ਪ੍ਰਮੋਦ ਕੁਮਾਰ ਦੀ ਅਗਵਾਈ ਵਿੱਚ ਐਸਆਈਟੀ ਕਾਇਮ ਕੀਤੀ ਗਈ।

7 ਜੁਲਾਈ 2020 ਨੂੰ ਐਸਆਈਟੀ ਨੇ ਡੇਰਾ ਸੌਦਾ ਦੇ ਮੁੱਖੀ ਗੁਰਮੀਤ ਰਾਮ ਰਹੀਮ ਨੂੰ ਪ੍ਰਮੁੱਖ ਸਾਜਿਸ਼ਘਾੜਾ ਘੋਸ਼ਿਤ ਕਰਦਿਆਂ ਨਾਮਜਦ ਕੀਤਾ। ਇਸ ਦੇ ਨਾਲ ਹੀ ਡੇਰਾ ਸੌਦਾ ਦੀ ਰਾਸ਼ਟਰੀ ਸਮਿਤੀ ਦੇ ਤਿੰਨ ਮੈਂਬਰ ਹਰਸ਼ ਧੂਰੀ, ਪ੍ਰਦੀਪ ਕਲੇਰ ਅਤੇ ਸੰਦੀਪ ਬਰੇਟਾ ਵੀ ਨਾਜਮਦ ਕਰ ਲਿਆ ਗਿਆ ਸੀ।

17 ਮਈ 2021 ਨੂੰ ਐਸਆਈਟੀ ਨੇ ਡੇਰਾ ਸੌਦੇ ਦੇ ਫ਼ਰੀਦਕੋਟ ਜ਼ਿਲ੍ਹੇ ਨਾਲ ਸਬੰਧਤ ਡੇਰਾ ਕਾਰਕੁਨਾਂ ਨੂੰ ਗ੍ਰਿ਼ਫ਼ਤਾਰ ਕਰ ਲਿਆ ਸੀ। ਇਨ੍ਹਾਂ ਵਿੱਚ ਸੁਖਜਿੰਦਰ ਸਿੰਘ ਸੰਨੀ ਕੰਡਾ, ਸ਼ਕਤੀ ਸਿੰਘ, ਰਣਜੀਤ ਸਿੰਘ ਬਲਜੀਤ ਸਿੰਘ, ਨਿਸ਼ਾਨ ਸਿੰਘ ਅਤੇ ਪ੍ਰਦੀਪ ਸਿੰਘ ਸ਼ਾਮਲ ਸਨ।

10 ਨਵੰਬਰ 20021 ਨੂੰ ਡੇਰਾ ਸੌਦਾ ਸਿਰਸਾ ਦੀ 45 ਮੈਂਬਰੀ ਕਮੇਟੀ ਮੈਂਬਰ ਪ੍ਰਦੀਪ ਸਿੰਘ ਦੀ ਕੋਟਕਪੂਰਾ ਵਿਖੇ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ।

23 ਸਤੰਬਰ 2021 ਨੂੰ ਫ਼ਰੀਦਕੋਟ ਦੀ ਅਦਾਲਤ ਨੇ ਹਰਸ਼ ਧੂਰੀ, ਪ੍ਰਦੀਪ ਕਲੇਰ, ਸੰਦੀਪ ਬਰੇਟਾ ਨੂੰ ਅਦਾਲਤ ਵਿੱਚ ਪੇਸ਼ ਨਾ ਹੋਣ ਤੇ ਭਗੌੜਾ ਐਲਾਨ ਦਿੱਤਾ ਸੀ।

ਬਰਗਾੜੀ ਕਾਂਡ ਦੇ ਇੱਕ ਮੁਲਜ਼ਮ ਪ੍ਰਦੀਪ ਕਲੇਰ ਨੂੰ ਪੰਜਾਬ ਪੁਲਿਸ ਨੇ ਫਰਵਰੀ 2024 ਵਿੱਚ ਗ੍ਰਿਫ਼ਤਾਰ ਕੀਤਾ ਸੀ। ਪ੍ਰਦੀਪ ਕਲੇਰ ਨੇ ਬੇਅਦਬੀ ਲਈ ਨਾ ਸਿਰਫ਼ ਡੇਰਾ ਮੁਖੀ ਗੁਰਮੀਤ ਰਹੀਮ ਦਾ ਨਾਂ ਲਿਆ ਸਗੋਂ ਰਾਮ ਰਹੀਮ ਦੀ ਸਹਿਯੋਗੀ ਹਨੀਪ੍ਰੀਤ ਇੰਸਾਂ 'ਤੇ ਵੀ ਬੇਅਦਬੀ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਦੀ ਸਾਜ਼ਿਸ਼ ਰਚਣ ਦਾ ਇਲਜ਼ਾਮ ਲਾਇਆ ਸੀ।

## ਪੰਜਾਬ ਸਰਕਾਰ ਸੌਦਾ ਸਾਧ ਤੇ ਹੋਰ ਦੋਸ਼ੀਆਂ ਵਿਰੁੱਧ ਕੇਸ ਚਲਾਏਗੀ

ਚੰਡੀਗੜ੍ਹ-ਪੰਜਾਬ ਸਰਕਾਰ ਵਲੋਂ ਚਰਚਿਤ ਬੇਅਦਬੀਆਂ ਦੇ ਕੇਸਾਂ ਵਿਚ ਡੇਰਾ ਸਿਰਸਾ ਮੁਖੀ ਅਤੇ 10 ਹੋਰ ਕਥਿਤ ਦੋਸ਼ੀਆਂ ਵਿਰੁੱਧ ਅਦਾਲਤ ਵਿਚ ਕੇਸ ਚਲਾਉਣ ਦੀ ਪ੍ਰਵਾਨਗੀ ਦੇ ਦਿੱਤੀ ਗਈ। ਰਾਜ ਦੇ ਪ੍ਰਮੁੱਖ ਸਕੱਤਰ ਗ੍ਰਹਿ ਗੁਰਕੀਰਤ ਕ੍ਰਿਪਾਲ ਸਿੰਘ ਵਲੋਂ ਬੇਅਦਬੀ ਦੀਆਂ ਘਟਨਾਵਾਂ ਨਾਲ ਸੰਬੰਧਿਤ ਤਿੰਨ ਮਾਮਲਿਆਂ ਐਫ਼.ਆਈ.ਆਰ ਨੰ 63, 117 ਤੇ 128 ਜੋ 2015 ਦੌਰਾਨ ਥਾਣਾ ਬਾਜਾਖਾਨਾ (ਫ਼ਰੀਦਕੋਟ) ਵਿਖੇ ਦਰਜ ਹੋਈਆਂ ਸਨ, ਤਹਿਤ ਸੀ.ਆਰ.ਪੀ.ਸੀ. ਦੀ ਧਾਰਾ 380, 295ਏ, 414, 451,201, 120ਬੀ ਅਧੀਨ ਅਦਾਲਤ ਵਿਚ ਕੇਸ ਚਲਾਉਣ ਦੀ ਪ੍ਰਵਾਨਗੀ ਦੇ ਦਿੱਤੀ ਗਈ। ਜਿਨ੍ਹਾਂ 11 ਕਥਿਤ ਦੋਸ਼ੀਆਂ ਵਿਰੁੱਧ ਪ੍ਰਵਾਨਗੀ ਜਾਰੀ ਕੀਤੀ ਗਈ ਉਨ੍ਹਾਂ ਵਿਚ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਪੁੱਤਰ ਮੱਘਰ ਸਿੰਘ (ਗੁਰੂਸਰ ਮੋੜੀਆਂ), ਗੰਗਾ ਨਗਰ ਤੋਂ ਇਲਾਵਾ ਹਰਸ਼ ਧੂਰੀ (ਸਿਰਸਾ), ਪ੍ਰਦੀਪ ਕਲੇਰ (ਕੈਥਲ), ਸੰਦੀਪ ਬਰੇਟਾ (ਸਿਰਸਾ), ਨਰਿੰਦਰ ਕੁਮਾਰ ਸ਼ਰਮਾ (ਫਰੀਦਕੋਟ), ਸੁਖਜਿੰਦਰ ਸੰਨੀ (ਕੋਟਕਪੂਰਾ) ਦੇ ਨਾਂਅ ਸ਼ਾਮਿਲ ਹਨ। ਉਕਤ ਵਿਚੋਂ ਹਰਸ਼ ਧੂਰੀ ਅਤੇ ਸੰਦੀਪ ਬਰੇਟਾ ਨੂੰ ਪੁਲਿਸ ਅਜੇ ਤੱਕ ਗ੍ਰਿ਼ਫ਼ਤਾਰ ਨਹੀਂ ਕਰ ਸਕੀ, ਜਦੋਂ ਕਿ ਡੇਰਾ ਮੁਖੀ ਪਹਿਲਾਂ ਹੀ ਜੇਲ੍ਹ ਵਿਚ ਹਨ, ਪਰ ਬਾਕੀ 8 ਕਥਿਤ ਦੋਸ਼ੀਆਂ ਨੂੰ ਗ੍ਰਿ਼ਫ਼ਤਾਰੀਆਂ ਤੋਂ ਬਾਅਦ ਜ਼ਮਾਨਤਾਂ ਮਿਲ ਚੁੱਕੀਆਂ ਹਨ।

ਵਰਨਣਯੋਗ ਹੈ ਕਿ ਡੇਰਾ ਮੁਖੀ ਦੀ ਅਪੀਲ 'ਤੇ ਹਾਈ ਕੋਰਟ ਵਲੋਂ ਉਕਤ ਤਿੰਨੋ ਕੇਸ ਫ਼ਰੀਦਕੋਟ ਤੋਂ ਚੰਡੀਗੜ੍ਹ ਦੀ ਅਦਾਲਤ ਨੂੰ ਤਬਦੀਲ ਕਰ ਦਿੱਤੇ ਗਏ ਸਨ। ਹੁਣ ਇਨ੍ਹਾਂ ਕੇਸਾਂ 'ਤੇ ਅੱਗੋਂ ਸੁਣਵਾਈ ਚੰਡੀਗੜ੍ਹ ਦੀ ਅਦਾਲਤ ਵਿਚ ਹੀ ਹੋਵੇਗੀ। ਡੇਰਾ ਮੁਖੀ ਦੀ ਪਟੀਸ਼ਨ 'ਤੇ ਹਾਈ ਕੋਰਟ ਵਲੋਂ ਇਨ੍ਹਾਂ ਕੇਸਾਂ 'ਤੇ ਅੱਗੋਂ ਸੁਣਵਾਈ ਸੰਬੰਧੀ ਜੋ ਰੋਕ ਲਗਾਈ ਗਈ ਸੀ, ਪੰਜਾਬ ਸਰਕਾਰ ਵਲੋਂ ਸੁਪਰੀਮ ਕੋਰਟ ਵਿਚ ਦਾਇਰ ਪਟੀਸ਼ਨ 'ਤੇ ਸੁਣਵਾਈ ਦੌਰਾਨ ਉਕਤ ਰੋਕ ਨੂੰ ਰੱਦ ਕਰ ਦਿੱਤਾ ਗਿਆ ਹੈ, ਜਿਸ ਕਾਰਨ ਹੁਣ ਇਨ੍ਹਾਂ ਕੇਸਾਂ ਵਿਚ ਅੱਗੋਂ ਸੁਣਵਾਈ ਸ਼ੁਰੂ ਹੋ ਸਕੇਗੀ।

# ਗਲੋਬਲ ਸਿੱਖ ਕੌਂਸਲ ਵੱਲੋਂ ਲਾਰਡ ਇੰਦਰਜੀਤ ਸਿੰਘ ਲਾਈਫਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ



**ਲੰਡਨ-ਵੱਖ ਵੱਖ 32 ਦੇਸ਼ਾਂ ਦੀਆਂ ਰਾਸ਼ਟਰੀ ਸਿੱਖ ਸੰਸਥਾਵਾਂ ਦੀ ਨੁਮਾਇੰਦਾ ਸੰਸਥਾ, ਗਲੋਬਲ ਸਿੱਖ ਕੌਂਸਲ (ਜੀ. ਐਸ. ਸੀ.) ਨੇ ਹਾਊਸ ਆਫ ਲਾਰਡਸ, ਵੈਸਟਮਿੰਸਟਰ, ਲੰਡਨ ਦੇ ਕਮੇਟੀ ਰੂਮ ਵਿੱਚ ਹੋਈ ਆਪਣੀ ਸਾਲਾਨਾ ਜਨਰਲ ਮੀਟਿੰਗ ਦੌਰਾਨ ਹਾਊਸ ਆਫ਼ ਲਾਰਡਜ਼ ਦੇ ਪਹਿਲੇ ਦਸਤਾਰਧਾਰੀ ਸਿੱਖ ਮੈਂਬਰ ਲਾਰਡ ਇੰਦਰਜੀਤ ਸਿੰਘ ਨੂੰ 'ਲਾਈਫ਼ਟਾਈਮ ਅਚੀਵਮੈਂਟ ਐਵਾਰਡ' ਨਾਲ ਸਨਮਾਨਿਤ ਕੀਤਾ ਹੈ। ਇਸ ਮੌਕੇ ਕੌਂਸਲ ਦੀ ਪ੍ਰਧਾਨ ਲੇਡੀ ਸਿੰਘ ਕੰਵਲਜੀਤ ਕੌਰ ਅਤੇ ਕੌਂਸਲ ਦੇ ਮੈਂਬਰਾਂ ਨੇ ਲੰਦਨ ਦੇ ਉੱਘੇ ਕਾਰੋਬਾਰੀ ਟੋਨੀ ਮਠਾਰੂ ਨੂੰ ਵੀ ਸਮਾਜਿਕ ਕਾਰਜਾਂ ਵਿੱਚ ਪਾਏ ਪਰਉਪਕਾਰੀ ਯੋਗਦਾਨ ਲਈ ਸਨਮਾਨਿਤ ਕੀਤਾ।**

ਇਸ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਜੀ.ਐਸ.ਸੀ. ਦੇ ਜਨਰਲ ਸਕੱਤਰ ਹਰਸਰਨ ਸਿੰਘ ਨੇ ਦੱਸਿਆ ਕਿ ਸਿੱਖ ਕੌਮ ਲਈ ਬਹੁਤ ਸ਼ਲਾਘਾਯੋਗ ਗੱਲ ਹੈ ਕਿ ਹਾਊਸ ਆਫ਼ ਲਾਰਡਜ਼ ਦੀ ਗੈਲਰੀ ਵਿੱਚ ਲਾਰਡ ਇੰਦਰਜੀਤ ਸਿੰਘ ਦੀ ਤਸਵੀਰ ਪ੍ਰਦਰਸ਼ਿਤ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਬਰਤਾਨੀਆ ਦੀ ਸੰਸਦ ਦੇ ਉਪਰਲੇ ਸਦਨ ਦੇ ਪਹਿਲੇ ਸਿੱਖ ਸੰਸਦ ਮੈਂਬਰ ਵਜੋਂ ਇਹ ਮਾਨਤਾ ਬਰਤਾਨਵੀ ਸਮਾਜ, ਸਿੱਖ ਭਾਈਚਾਰੇ ਅਤੇ ਅੰਤਰ-ਧਰਮ ਸਦਭਾਵਨਾ ਲਈ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਦਾ ਪ੍ਰਮਾਣ ਹੈ। ਉਨ੍ਹਾਂ ਅੱਗੇ ਕਿਹਾ ਕਿ 'ਬੈਰਨ ਸਿੰਘ ਆਫ ਵਿੰਬਲਡਨ' ਦਾ ਖਿਤਾਬ ਪ੍ਰਾਪਤ ਲਾਰਡ ਇੰਦਰਜੀਤ ਸਿੰਘ ਨੂੰ ਧਾਰਮਿਕ ਭਾਈਚਾਰਿਆਂ ਪ੍ਰਤੀ ਵਿਲੱਖਣ ਸੇਵਾਵਾਂ ਦੇ ਸਨਮਾਨ ਵਜੋਂ ਵੱਕਾਰੀ ਟੈਂਪਲਟਨ ਐਵਾਰਡ ਅਤੇ ਇੰਟਰਫੇਥ ਮੈਡਲ ਵੀ ਪ੍ਰਦਾਨ ਹੋਇਆ ਹੈ।

ਮਲੇਸ਼ੀਆ ਦੇ ਨੁਮਾਇੰਦੇ ਜਗੀਰ ਸਿੰਘ ਨੇ ਨੈਟਵਰਕ ਆਫ ਸਿੱਖ ਆਰਗੇਨਾਈਜ਼ੇਸ਼ਨਜ਼ (ਯੂ. ਕੇ.) ਦੇ ਡਾਇਰੈਕਟਰ ਵਜੋਂ ਲਾਰਡ ਇੰਦਰਜੀਤ ਸਿੰਘ ਦੀ ਭੂਮਿਕਾ ਸਮੇਤ ਰਾਸ਼ਟਰੀ ਅਤੇ ਨਾਗਰਿਕ ਮੌਕਿਆਂ ਵਿੱਚ ਸਰਗਰਮ ਸ਼ਮੂਲੀਅਤ ਬਾਰੇ ਜ਼ਿਕਰ ਕਰਦਿਆਂ ਦੱਸਿਆ ਲਾਰਡ ਸਿੰਘ ਨੇ ਰਾਸ਼ਟਰਮੰਡਲ ਸੇਵਾ ਅਤੇ ਵਾਈਟਹਾਲ, ਲੰਦਨ ਦੇ ਸੈਨੋਟਾਫ ਵਿਖੇ ਯਾਦਗਾਰੀ ਦਿਵਸ ਸੇਵਾ ਮੌਕੇ ਨਿਭਾਈਆਂ ਸੇਵਾਵਾਂ ਬਾਰੇ ਵੀ ਚਾਨਣਾ ਪਾਇਆ।

# ਪੰਥ ਪ੍ਰਸਿੱਧ ਢਾਡੀ ਗਿਆਨੀ ਗੱਜਣ ਸਿੰਘ ਗੜਗੱਜ ਦਾ ਢਾਡੀ ਜਥਾ ਸਿੱਖ ਧਰਮ ਦੇ ਪ੍ਰਚਾਰ ਲਈ ਇੰਗਲੈਂਡ ਪੁੱਜਾ



*ਇੰਗਲੈਂਡ ਫੇਰੀ ਤੇ ਆਏ ਪ੍ਰਸਿੱਧ ਢਾਡੀ ਗਿਆਨੀ ਗੱਜਣ ਸਿੰਘ ਗੜਗੱਜ ਆਪਣੇ ਸਾਥੀਆਂ ਨਾਲ।*

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਸਿੱਖ ਪੰਥ ਦਾ ਪ੍ਰਸਿੱਧ ਗੋਲਡਮੈਡਲਿਸਟ ਗੋਲਡਨ ਢਾਡੀ ਜੱਥਾ ਗਿਆਨੀ ਗੱਜਣ ਸਿੰਘ ਗੜਗੱਜ ਇਨੀਂ ਦਿਨੀਂ ਇੰਗਲੈਂਡ ਫੇਰੀ ਤੇ ਹੈ। ਗਿਆਨੀ ਗੱਜਣ ਸਿੰਘ ਗੜਗੱਜ ਵੱਲੋਂ ਆਪਣੇ ਸਾਥੀਆਂ ਪਰਮਜੀਤ ਸਿੰਘ ਪਾਰਸ, ਸੁਖਬੀਰ ਸਿੰਘ ਸਾਗਰ ਅਤੇ ਸਰੰਗੀ ਮਾਸਟਰ ਉਸਤਤਪ੍ਰੀਤ ਸਿੰਘ ਨਾਲ਼ ਇੰਗਲੈਂਡ ਦੇ ਵੱਖ ਵੱਖ ਗੁਰੂ ਘਰਾਂ ਚ ਜਾ ਕੇ ਢਾਡੀ ਵਾਰਾਂ ਰਾਹੀਂ ਸਿੱਖ ਧਰਮ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਗਿਆਨੀ ਗੱਜਣ ਸਿੰਘ ਗੜਗੱਜ ਦੇ ਢਾਡੀ ਜਥੇ ਵੱਲੋਂ ਇਸ ਵੇਲੇ ਸਾਊਥਹਾਲ ਦੇ ਵੱਖ ਵੱਖ ਗੁਰੂ ਘਰਾਂ ਚ ਸਿੱਖ ਧਰਮ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ, ਅਤੇ ਆਉਣ ਵਾਲੇ ਦਿਨਾਂ ਚ ਉਕਤ ਢਾਡੀ ਜਥੇ ਵੱਲੋਂ ਇੰਗਲੈਂਡ ਦੇ ਸ਼ਹਿਰ ਲੈਸਟਰ, ਸਮੈਦਿਕ, ਬਰਮਿੰਘਮ, ਗਰੈਵਜੈਂਟ, ਸਮੇਤ ਹੋਰਨਾਂ ਸ਼ਹਿਰਾਂ ਦੇ ਗੁਰੂ ਘਰਾਂ ਚ ਜਾ ਕੇ ਢਾਡੀ ਵਾਰਾਂ ਰਾਹੀਂ ਸਿੱਖ ਧਰਮ ਦਾ ਪ੍ਰਚਾਰ ਕੀਤਾ ਜਾਵੇਗਾ, ਜ਼ਿਕਰਯੋਗ ਹੈ ਕਿ ਗਿਆਨੀ ਗੱਜਣ ਸਿੰਘ ਗੜਗੱਜ ਦੇ ਪਰਿਵਾਰ ਦੇ 18 ਜੀਅ ਵੱਖ ਵੱਖ ਦੇਸ਼ਾਂ ਚ ਢਾਡੀ ਕਲਾ ਰਾਹੀਂ ਸਿੱਖ ਧਰਮ ਦਾ ਪ੍ਰਚਾਰ ਕਰ ਰਹੇ ਹਨ, ਅਤੇ ਇੱਕ ਛੱਤ ਥੱਲੇ ਰਹਿ ਰਹੇ ਹਨ, ਜਿਨ੍ਹਾਂ ਚ ਉਨ੍ਹਾਂ ਦੇ ਵੱਡੇ ਸਪੁੱਤਰ ਗਿਆਨੀ ਬਲਬੀਰ ਸਿੰਘ ਪਾਰਸ ਦਾ ਢਾਡੀ ਜਥਾ ਵੱਖ ਵੱਖ ਦੇਸ਼ਾਂ ਦਾ ਟੂਰ ਕਰਕੇ ਕਾਫੀ ਪ੍ਰਸਿੱਧੀ ਖੱਟ ਚੁੱਕਾ ਹੈ।

### -2 ਸਾਲ ਦੀ ਧੀ ਦੀ ਹੱਤਿਆ ਦਾ ਮਾਮਲਾ-

# ਪਿਤਾ ਨੂੰ ਜ਼ਹਿਰ ਦਾ ਟੀਕਾ ਲੱਗਣ ਦੇ ਆਖਰੀ ਪਲਾਂ ਦੌਰਾਨ ਸੁਪਰੀਮ ਕੋਰਟ ਨੇ ਮੌਤ ਦੀ ਸਜ਼ਾ 'ਤੇ ਲਾਈ ਆਰਜੀ ਰੋਕ

*ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਰਾਬਰਟ ਰਾਬਰਸਨ ਨਾਮੀ ਵਿਅਕਤੀ ਜਿਸ ਨੂੰ ਆਪਣੀ ਦੋ ਸਾਲਾਂ ਦੀ ਧੀ ਦੀ ਹੱਤਿਆ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਸੁਣਾਈ ਗਈ ਸੀ ਤੇ ਉਸ ਨੂੰ ਭਾਰਤੀ ਸਮੇ ਅਨੁਸਾਰ 18 ਅਕਤੂਬਰ ਨੂੰ ਜ਼ਹਿਰ ਦਾ ਟੀਕਾ ਲਾਉਣ ਦੇ ਆਖਰੀ ਪਲਾਂ ਦੌਰਾਨ ਉਸ ਵੇਲੇ ਰਾਹਤ ਮਿਲ ਜਾਣ ਦੀ ਖਬਰ ਹੈ ਜਦੋਂ ਟੈਕਸਾਸ ਸੁਪਰੀਮ ਕੋਰਟ ਨੇ ਉਸ ਦੀ ਮੌਤ ਦੀ ਸਜ਼ਾ ਉਪਰ ਆਰਜੀ ਰੋਕ ਲਾ ਦਿੱਤੀ।*



ਰਾਬਰਟ ਰਾਬਰਸਨ

18 ਅਕਤੂਬਰ ਦੀ ਰਾਤ ਨੂੰ ਜਦੋਂ ਰਾਬਰਸਨ ਆਪਣੇ ਆਖਰੀ ਪਲਾਂ ਵਿੱਚ ਸੋਚ ਰਿਹਾ ਸੀ ਕਿ ਉਹ ਕੁਝ ਸਮੇ ਬਾਅਦ ਮਰ ਜਾਵੇਗਾ ਤਾਂ ਉਸ ਦੇ ਵਕੀਲਾਂ ਵੱਲੋਂ 11 ਘੰਟਿਆਂ ਦੌਰਾਨ ਕੀਤੀ ਕਾਨੂੰਨੀ ਜਦੋਜਹਿਦ ਰੰਗ ਲਿਆਈ ਤੇ ਸੁਪਰੀਮ ਕੋਰਟ ਨੇ ਅੱਧੀ ਰਾਤ ਨੂੰ ਮੌਤ ਦੇ ਵਾਰੰਟਾਂ ਦੀ ਮਿਆਦ ਖਤਮ ਹੋ ਜਾਣ ਤੋਂ ਕੁਝ ਸਮਾਂ ਪਹਿਲਾਂ ਉਸ ਨੂੰ ਜ਼ਹਿਰ ਦਾ ਟੀਕਾ ਲਾਉਣ ਦੇ ਅਮਲ ਉਪਰ ਆਰਜੀ ਰੋਕ ਲਾ ਦਿੱਤੀ। ਹੁਣ ਜ਼ਹਿਰ ਦਾ ਟੀਕਾ ਲਾਉਣ ਲਈ ਨਵੀਂ ਤਰੀਕ ਤੈਅ ਕੀਤੀ ਜਾਵੇਗੀ ਜਿਸ ਦੌਰਾਨ ਰਾਬਰਸਨ ਦੇ ਵਕੀਲਾਂ ਤੇ ਉਸ ਦੇ ਸਮਰਥਕਾਂ ਨੂੰ ਕਾਨੂੰਨੀ ਚਾਰਾਜੋਈ ਕਰਨ ਲਈ ਕਾਫੀ ਸਮਾਂ ਮਿਲ ਜਾਵੇਗਾ। ਟੈਕਸਾਸ ਡਿਪਾਰਟਮੈਂਟ ਆਫ ਕ੍ਰਿਮੀਨਲ ਜਸਟਿਸ ਦੇ ਬੁਲਾਰੇ ਅਮਾਂਦਾ ਹਰਨਾਂਡੇਜ਼ ਅਨੁਸਾਰ ਟੈਕਸਾਸ ਅਧਿਕਾਰੀਆਂ ਨੇ ਜਦੋਂ ਰਾਬਰਸਨ ਨੂੰ ਰੋਕ ਲਾਏ ਜਾਣ ਬਾਰੇ ਜਾਣਕਾਰੀ ਦਿੱਤੀ ਤਾਂ ਉਸ ਨੇ ਪ੍ਰਮਾਤਮਾ ਦਾ ਧੰਨਵਾਦ ਕੀਤਾ ਤੇ ਦਾਅਵਾ ਕੀਤਾ ਕਿ ਉਹ ਨਿਰਦੋਸ਼ ਹੈ ਜਿਵੇਂ ਕਿ ਉਹ ਪਿਛਲੇ ਦੋ ਦਹਾਕਿਆਂ ਦੌਰਾਨ ਆਪਣੇ ਨਿਰਦੋਸ਼ ਹੋਣ ਦਾ ਦਾਅਵਾ ਕਰਦਾ ਆ ਰਿਹਾ ਹੈ।

# WATER FILTERED PROJECTS



Polluted water is deadly and cholera outbreaks are worser than ever. Clean water can save lives and prevent these devastating diseases. Its important to help in Counties like India and Africa, that filtered portable water to those desperate in need, especially to the rural communities. Africa is one region in need of innovative solutions for tackling water and climate change related, challenges, many parts of the world are also suffering from lack of water related skills and capacity as well as wide spread fragmentation. Water projects are essential for all, it represents hope, health and empowerment for communities that have faced the challenges of accessing safe water. Each drop of water delivered symbolises a step towards a brighter future, where children can attend schools instead of spending hours fetching water, where families can thrive instead of worrying about diseases, and where communities are empowered to manage their water.



Its ensuring that every person, regardless of their location or circumstances, has access to clean water and always highlighting that clean water is a fundamental right.

**Lambardaar Dharmveer Singh Claire, Coventry**

# ਭਾਰਤ ਵਿਚ ਕੀ ਬਿਸ਼ਨੋਈ ਗੈਂਗਸਟਰ ਦਾ ਰਾਜ ਹੈ ?

**ਖਾਸ ਖਬਰ**

**✪ ਗੈਂਗਸਟਰ ਤੇ ਸਰਕਾਰੀ ਏਜੰਸੀਆਂ ਦੇ ਗੱਠਜੋੜ ਕਾਰਣ ਵਿਸ਼ਵ ਵਿਚ ਹੋ ਰਹੀ ਏ ਬਦਨਾਮੀ ✪ ਪੰਨੂੰ ਕੇਸ ਵਿਚ ਭਾਰਤੀ ਪੁਲਿਸ ਅਧਿਕਾਰੀ ਵਿਰੁੱਧ ਅਮਰੀਕੀ ਅਦਾਲਤ ਵਿਚ ਦੋਸ਼ ਪੱਤਰ ਦਾਖ਼ਲ ✪ ਐਫ.ਬੀ.ਆਈ. ਵਲੋਂ ਵਿਕਾਸ ਯਾਦਵ ਦੀ ਗ੍ਰਿਫ਼ਤਾਰੀ ਲਈ ਲੁੱਕ-ਆਊਟ ਨੋਟਿਸ ਜਾਰੀ ✪ ਭਾਰਤੀ ਗੈਂਗਸਟਰਵਾਦ ਤੇ ਭਾਰਤੀ ਏਜੰਸੀਆਂ ਦੇ ਗੱਠਜੋੜ ਬਾਰੇ ਵਸ਼ਿੰਗਟਨ ਪੋਸਟ ਨੇ ਖੋਲੇ ਭੇਦ**



ਬਿਸ਼ਨੋਈ ਗੈਂਗਸਟਰਾਂ ਤੇ ਭਾਰਤੀ ਏਜੰਸੀਆਂ ਦੇ ਕੈਨੇਡਾ ਵਿਚ ਕਥਿਤ ਕਰਾਈਮ ਦੇ ਦੋਸ਼ ਲਗਣ ਕਾਰਣ ਆਲਮੀ ਬਦਨਾਮੀ ਹੋ ਰਹੀ ਹੈ ! ਜਦਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਸ਼ਵਗੁਰੂ ਆਖੇ ਜਾਂਦੇ ਹਨ। ਓਬਾਮਾ, ਡੋਨਾਲਡ ਟਰੰਪ ਅਤੇ ਬਿਡੇਨ ਅਤੇ ਪੱਛਮ ਦੇ ਸਾਰੇ ਪ੍ਰਧਾਨ ਮੰਤਰੀ ਪ੍ਰਧਾਨ ਮੰਤਰੀ ਮੋਦੀ ਦੋਸਤ ਹਨ। ਪਰ ਅੱਜ ਕੁਝ ਅਜਿਹਾ ਹੋ ਰਿਹਾ ਹੈ ਜੋ ਭਾਰਤ ਦੇ ਕੂਟਨੀਤਕ ਇਤਿਹਾਸ ਅਤੇ ਜਮਹੂਰੀ ਮਿੱਤਰ ਦੇਸ਼ਾਂ ਦੇ ਆਪਸੀ ਸਬੰਧਾਂ ਵਿੱਚ ਪਹਿਲਾਂ ਕਦੇ ਨਹੀਂ ਹੋਇਆ। ਅਮਰੀਕਾ-ਕੈਨੇਡਾ ਨੇ ਭਾਰਤ 'ਤੇ ਵਿਦੇਸ਼ਾਂ ਵਿਚ 'ਗੈਰ-ਨਿਆਇਕ ਕਤਲ' ਦੇ ਦੋਸ਼ ਲਗਾਏ ਹਨ !

ਅਮਰੀਕਾ ਸਥਿਤ ਖ਼ਾਲਿਸਤਾਨ ਪੱਖੀ ਆਗੂ ਗੁਰਪਤਵੰਤ ਸਿੰਘ ਪੰਨੂੰ ਦੀ ਹੱਤਿਆ ਦੀ ਕਥਿਤ ਤੌਰ 'ਤੇ ਸਾਜਿਸ਼ ਘੜੇ ਜਾਣ ਦੇ ਦੋਸ਼ਾਂ ਨੂੰ ਲੈ ਕੇ ਅਮਰੀਕੀ ਸਰਕਾਰ ਵਲੋਂ ਭਾਰਤ ਦੀ ਖ਼ੁਫ਼ੀਆ ਏਜੰਸੀ 'ਰਾਅ' ਦੇ ਅਧਿਕਾਰੀ ਵਿਕਾਸ ਯਾਦਵ ਵਿਰੁੱਧ ਨਿਊਯਾਰਕ ਦੀ ਦੱਖਣੀ ਜ਼ਿਲ੍ਹਾ ਅਦਾਲਤ ਵਿਚ ਦੋਸ਼ ਪੱਤਰ ਦਾਇਰ ਕਰ ਦਿੱਤਾ ਗਿਆ ਹੈ। ਦੋਸ਼ ਪੱਤਰ 'ਚ ਵਿਕਾਸ ਯਾਦਵ ਨੂੰ ਭਾਰਤੀ ਖ਼ੁਫ਼ੀਆ ਏਜੰਸੀ 'ਰਾਅ' ਦਾ 'ਫ਼ੀਲਡ ਅਫ਼ਸਰ' ਦੱਸਿਆ ਗਿਆ ਹੈ ਤੇ ਇਹ ਵੀ ਕਿਹਾ ਗਿਆ ਹੈ ਕਿ ਉਹ ਪਹਿਲਾਂ ਭਾਰਤ ਦੀ ਕੇਂਦਰੀ ਪੁਲਿਸ ਬਲ ਵਿਚ ਵੀ ਕੰਮ ਕਰ ਚੁੱਕਾ ਹੈ ਤੇ ਉਸ ਨੂੰ ਹਥਿਆਰਾਂ ਦੀ ਵਰਤੋਂ ਦੀ ਪੂਰੀ ਟ੍ਰੇਨਿੰਗ ਹੈ । ਦੋਸ਼ ਪੱਤਰ ਵਿਚ ਕਿਹਾ ਗਿਆ ਹੈ ਕਿ ਅਮਰੀਕੀ ਸਰਕਾਰ ਵਲੋਂ ਚੈਕੋਸਲੋਵਾਕੀਆ ਤੋਂ ਫੜੇ ਗਏ ਇਕ ਭਾਰਤੀ ਨਿਖਿਲ ਗੁਪਤਾ ਨਾਲ ਮਿਲ ਕੇ ਪੰਨੂੰ ਦੀ ਹੱਤਿਆ ਲਈ ਇਕ ਜਰਾਇਮ ਪੇਸ਼ੇਵਾਰ ਨਾਲ ਸੰਪਰਕ ਕੀਤਾ ਗਿਆ ਤੇ ਉਸ ਨੂੰ 1 ਲੱਖ 50 ਹਜ਼ਾਰ ਅਮਰੀਕੀ ਡਾਲਰ ਦੇਣ ਦਾ ਫ਼ੈਸਲਾ ਕੀਤਾ ਤੇ 15 ਹਜ਼ਾਰ ਡਾਲਰ 'ਐਡਵਾਂਸ' ਵੀ ਦਿੱਤੇ । 'ਐਡਵਾਂਸ' ਪੈਸੇ ਦੇਣ ਦੀ ਤਸਵੀਰ ਵੀ ਦੋਸ਼ ਪੱਤਰ ਨਾਲ ਨੱਥੀ ਹੈ । ਦੋਸ਼ ਪੱਤਰ ਵਿਚ ਕਿਹਾ ਗਿਆ ਹੈ ਕਿ ਵਿਕਾਸ ਯਾਦਵ ਤੇ ਨਿਖਿਲ ਗੁਪਤਾ ਵਲੋਂ ਪੰਨੂੰ ਦੇ ਘਰ ਦੀਆਂ ਵੀਡੀਓ ਤੇ ਉਸ ਦੀਆਂ ਤਸਵੀਰਾਂ ਤੇ ਉਸ ਦੀਆਂ ਗਤੀਵਿਧੀਆਂ ਸੰਬੰਧੀ ਜਾਣਕਾਰੀ ਵੀ ਉਸ ਵਿਅਕਤੀ ਨੂੰ ਲਗਾਤਾਰ ਦਿੱਤੀ ਜਾ ਰਹੀ ਸੀ, ਜਿਸ ਨੂੰ ਹੱਤਿਆ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ ।ਦੋਸ਼ ਪੱਤਰ ਵਿਚ ਦਿੱਤੀ ਗਈ ਜਾਣਕਾਰੀ ਤੋਂ ਸਪੱਸ਼ਟ ਹੈ ਕਿ ਅਮਰੀਕੀ ਏਜੰਸੀਆਂ ਨਿਖਿਲ ਗੁਪਤਾ ਤੇ ਵਿਕਾਸ ਯਾਦਵ ਦੇ ਟੈਲੀਫ਼ੋਨ ਵੀ ਟੈਪ ਕਰ ਰਹੀਆਂ ਸਨ, ਕਿਉਂਕਿ ਉਨ੍ਹਾਂ ਵਲੋਂ ਹੱਤਿਆ ਲਈ ਜਿਸ ਵਿਅਕਤੀ ਨਾਲ ਸੌਦਾ ਕੀਤਾ ਗਿਆ ਸੀ, ਉਹ ਅਮਰੀਕੀ ਏਜੰਸੀਆਂ ਦੇ ਵੀ ਸੰਪਰਕ ਵਿਚ ਸੀ ।

ਦੋਸ਼ ਪੱਤਰ ਵਿਚ ਕਿਹਾ ਗਿਆ ਹੈ ਕਿ ਉਕਤ ਵਿਅਕਤੀ ਨੂੰ ਕੈਨੇਡਾ ਵਿਚ ਹਰਦੀਪ ਸਿੰਘ ਨਿੱਝਰ ਦੀ 18 ਜੂਨ, 2023 ਨੂੰ ਹੱਤਿਆ ਤੋਂ ਬਾਅਦ ਦੱਸਿਆ ਗਿਆ ਕਿ ਇਹ ਵੀ ਪੰਨੂੰ ਦਾ ਸਾਥੀ ਸੀ ਤੇ ਸਾਡੇ ਨਿਸ਼ਾਨੇ 'ਤੇ ਹੋਰ ਵੀ ਕਈ ਵਿਅਕਤੀ ਹਨ। ਭਾਰਤ ਦੇ ਪ੍ਰਧਾਨ ਮੰਤਰੀ, ਜੋ 20 ਜੂਨ, 2023 ਨੂੰ ਅਮਰੀਕਾ ਗਏ ਸਨ, ਕਾਰਨ ਕਥਿਤ ਹੱਤਿਆਰੇ ਨੂੰ ਕਿਹਾ ਗਿਆ ਕਿ ਪ੍ਰਧਾਨ ਮੰਤਰੀ ਦੇ ਅਮਰੀਕਾ ਵਿਚ ਹੁੰਦਿਆਂ ਇਹ ਹੱਤਿਆ ਨਾ ਕੀਤੀ ਜਾਵੇ ਪਰ ਅਮਰੀਕੀ ਏਜੰਸੀਆਂ, ਜੋ ਉਕਤ ਦੋਵਾਂ ਕਥਿਤ ਸਾਜਿਸ਼ਕਾਰਾਂ 'ਤੇ ਪੂਰੀ ਨਜ਼ਰ ਰੱਖ ਰਹੀਆਂ ਸਨ, ਵਲੋਂ 30 ਜੂਨ 2023 ਨੂੰ ਨਿਖਿਲ ਗੁਪਤਾ ਨੂੰ ਚੈਕੋਸਲੋਵਾਕੀਆ ਦੇ ਹਵਾਈ ਅੱਡੇ ਤੋਂ ਫੜ ਲਿਆ ਗਿਆ, ਜਦਕਿ ਉਹ ਭਾਰਤ ਤੋਂ ਅਮਰੀਕਾ ਜਾ ਰਹੇ ਸਨ । ਦੋਸ਼ ਪੱਤਰ ਵਿਚ ਨਿਖਿਲ ਗੁਪਤਾ ਵਿਰੁੱਧ ਗੁਜਰਾਤ ਵਿਚ ਦਰਜ ਨਸ਼ਿਆਂ ਨਾਲ ਸੰਬੰਧਿਤ ਇਕ ਕੇਸ ਨੂੰ ਖ਼ਤਮ ਕਰਨ ਦਾ ਵੀ ਜ਼ਿਕਰ ਕੀਤਾ ਗਿਆ ਹੈ, ਤਾਂ ਜੋ ਉਹ ਅਮਰੀਕਾ ਜਾ ਸਕੇ। 18 ਸਫ਼ਿਆਂ ਦੇ ਦੋਸ਼ ਪੱਤਰ ਵਿਚ ਫ਼ਿਲਹਾਲ ਕਈ ਲੋਕਾਂ ਦਾ ਨਾਂਅ ਨਹੀਂ ਦਿੱਤਾ ਗਿਆ, ਜਿਨ੍ਹਾਂ ਨੂੰ ਵਿਅਕਤੀਗਤ ਤੌਰ 'ਤੇ ਇਕ ਤੇ ਦੋ ਦਰਸਾਇਆ ਗਿਆ ਹੈ, ਜਿਸ ਤੋਂ ਸਪੱਸ਼ਟ ਹੈ ਕਿ ਇਨ੍ਹਾਂ ਲੋਕਾਂ ਵਿਰੁੱਧ ਵੀ ਬਾਅਦ ਵਿਚ ਦੋਸ਼ ਪੱਤਰ ਆ ਸਕਦੇ ਹਨ।

ਦਿਲਚਸਪ ਗੱਲ ਇਹ ਹੈ ਕਿ ਵਿਕਾਸ ਯਾਦਵ ਵਿਰੁੱਧ ਅਮਰੀਕੀ ਏਜੰਸੀ ਐਫ਼.ਬੀ.ਆਈ. ਵਲੋਂ ਲੁੱਕ-ਆਊਟ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ ਕਿ ਉਹ ਅਮਰੀਕਾ ਨੂੰ ਉਕਤ ਕੇਸ ਵਿਚ ਲੋੜੀਂਦਾ ਹੈ। ਦਿਲਚਸਪ ਗੱਲ ਇਹ ਹੈ ਕਿ ਭਾਰਤ ਸਰਕਾਰ ਵਲੋਂ ਇਸ ਕੇਸ ਸੰਬੰਧੀ ਬਣਾਈ ਗਈ ਜਾਂਚ ਟੀਮ, ਜੋ ਇਨ੍ਹਾਂ ਦਿਨਾਂ ਦੌਰਾਨ ਅਮਰੀਕਾ ਵਿਚ ਦੱਸੀ ਜਾਂਦੀ ਹੈ, ਵਲੋਂ ਅਮਰੀਕੀ ਸਰਕਾਰ ਨੂੰ ਦੱਸ ਦਿੱਤਾ ਗਿਆ ਹੈ ਕਿ ਉਕਤ ਅਧਿਕਾਰੀ ਉਨ੍ਹਾਂ ਦੀ ਹਿਰਾਸਤ ਵਿਚ ਹੈ ਤੇ ਉਹ ਹੁਣ ਸਰਕਾਰੀ ਨੌਕਰੀ ਵਿਚ ਨਹੀਂ ਰਿਹਾ ਪਰ ਅਮਰੀਕੀ ਸਰਕਾਰ ਵਲੋਂ ਜਿਵੇਂ ਇਸ ਨੂੰ ਲੈ ਕੇ ਭਾਰਤ ਪ੍ਰਤੀ ਸਖ਼ਤ ਰੁਖ਼ ਅਪਣਾਇਆ ਜਾ ਰਿਹਾ ਹੈ ਤੇ ਇਸ ਕੇਸ ਵਿਚ ਕੈਨੇਡਾ ਵਿਚਲੇ ਭਾਈ ਹਰਦੀਪ ਸਿੰਘ ਨਿੱਝਰ ਹੱਤਿਆ ਕੇਸ ਸੰਬੰਧੀ ਹਵਾਲੇ ਦੇ ਕੇ ਇਨ੍ਹਾਂ ਕਾਰਵਾਈਆਂ ਨੂੰ ਆਪਸ ਵਿਚ ਜੋੜਿਆ ਜਾ ਰਿਹਾ ਹੈ ਉਹ ਭਾਰਤ ਸਰਕਾਰ ਲਈ ਵੱਡੀ ਚਿੰਤਾ ਦਾ ਵਿਸ਼ਾ ਜ਼ਰੂਰ ਹੈ ਹਾਲਾਂਕਿ, ਭਾਰਤ ਸਰਕਾਰ ਕੈਨੇਡਾ ਪ੍ਰਤੀ ਭਾਵੇਂ ਸਖ਼ਤ ਤੇ ਨਾ ਮਿਲਵਰਤਨ ਵਾਲਾ ਰੁਖ਼ ਅਪਨਾ ਰਹੀ ਹੈ ਪਰ ਉਸ ਵਲੋਂ ਅਮਰੀਕਾ ਨਾਲ ਲਗਾਤਾਰ ਜਾਂਚ ਸੰਬੰਧੀ ਸਹਿਯੋਗ ਵਾਲਾ ਰਵੱਈਆ ਹੀ ਰੱਖਿਆ ਜਾ ਰਿਹਾ

ਯੂਐਸ ਐਫਬੀਆਈ ਦੇ ਸਹਾਇਕ ਡਾਇਰੈਕਟਰ ਜੇਮਸ ਈ. ਡੇਨੇਹੀ ਦੇ ਅਨੁਸਾਰ ਭਾਰਤ ਸਰਕਾਰ ਦੇ ਖੋਜ ਅਤੇ ਵਿਸ਼ਲੇਸ਼ਣ ਵਿੰਗ ਦੇ ਇੱਕ ਸੀਨੀਅਰ ਫੀਲਡ ਅਧਿਕਾਰੀ ਵਿਕਾਸ ਯਾਦਵ ਨੇ ਨਿਖਿਲ ਗੁਪਤਾ ਦੇ ਨਾਲ ਮਿਲਕੇ ਇੱਕ ਰਾਜਨੀਤਿਕ ਕਾਰਕੁਨ ਅਤੇ ਭਾਰਤ ਸਰਕਾਰ ਦੇ ਪ੍ਰਮੁੱਖ ਆਲੋਚਕ ਪੰਨੂ ਦੀ ਹੱਤਿਆ ਅਤੇ ਮਨੀ ਲਾਂਡਰ ਕਰਨ ਦੀ ਸਾਜ਼ਿਸ਼ ਰਚੀ ਸੀ। ਯਾਦਵ ਇੱਕ ਭਾਰਤੀ ਨਾਗਰਿਕ ਅਤੇ ਭਾਰਤ ਦਾ ਵਸਨੀਕ ਹੈ...ਵਿਕਾਸ ਯਾਦਵ, ਭਾਰਤ ਸਰਕਾਰ ਦਾ ਇੱਕ ਕਰਮਚਾਰੀ ਹੈ, ਜਿਸਦੀ ਨਿਯੁਕਤੀ ਭਾਰਤ ਸਰਕਾਰ ਦੇ ਕੈਬਨਿਟ ਸਕੱਤਰੇਤ ਦੁਆਰਾ ਕੀਤੀ ਗਈ ਸੀ, ਜੋ ਕਿ ਭਾਰਤ ਦੇ ਪ੍ਰਧਾਨ ਮੰਤਰੀ ਦੇ ਦਫ਼ਤਰ ਦਾ ਹਿੱਸਾ ਹੈ ਅਤੇ ਭਾਰਤੀ ਖੁਫੀਆ ਏਜੰਸੀ ਰਾਅ ਨਾਲ ਸਬੰਧਤ ਹੈ।

ਸੁਆਲ ਇਹ ਹੈ ਕਿ ਕੀ ਇਹ ਮੋਦੀ ਸਰਕਾਰ ਦੇ ਚੋਟੀ ਦੇ ਪ੍ਰਬੰਧਕਾਂ, ਨਰਿੰਦਰ ਮੋਦੀ, ਅਮਿਤ ਸ਼ਾਹ, ਅਜੀਤ ਡੋਭਾਲ, ਜੈਸ਼ੰਕਰ ਅਤੇ ਖੁਫੀਆ ਏਜੰਸੀਆਂ ਦੀ ਅਸਫਲਤਾ ਨਹੀਂ ਹੈ ਕਿ ਭਾਰਤ ਦੇ ਖੁਫੀਆ ਅਧਿਕਾਰੀਆਂ 'ਤੇ 'ਗੈਰ-ਨਿਆਇਕ ਕਤਲ' ਦੇ ਦੋਸ਼ ਲਗੇ ਹਨ ਅਤੇ ਕੋਈ ਵੀ ਉਨ੍ਹਾਂ ਨੂੰ ਰੋਕਣ ਦੇ ਸਮਰੱਥ ਨਹੀਂ ਹੋਇਆ? ਹੈਰਾਨੀ ਦੀ ਗੱਲ ਹੈ ਕਿ ਜਿਨ੍ਹਾਂ ਮੁਲਕਾਂ ਨਾਲ ਭਾਰਤ ਦਾ ਸਾਂਝਾ ਖੁਫੀਆ ਸਮਝੌਤਾ ਹੈ (ਅਮਰੀਕਾ, ਬਰਤਾਨੀਆ, ਆਸਟ੍ਰੇਲੀਆ, ਕੈਨੇਡਾ, ਨਿਊਜ਼ੀਲੈਂਡ) ਉਹ ਸਾਰੇ ਸਰਬਸੰਮਤੀ ਨਾਲ ਦੁਨੀਆ ਨੂੰ ਕਹਿ ਰਹੇ ਹਨ ਕਿ ਭਾਰਤ ਦਾ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਕਰੇ ।

ਇਹ ਕੋਈ ਮਾਮੂਲੀ ਗੱਲ ਨਹੀਂ ਹੈ। 'ਦਿ ਵਾਸ਼ਿੰਗਟਨ ਪੋਸਟ' ਨੇ ਆਪਣੀ ਰਿਪੋਰਟ ਵਿੱਚ ਕੈਨੇਡੀਅਨ ਜਾਂਚ ਵਿੱਚ ਪੁਲਿਸ ਸੂਤਰਾਂ ਦੇ ਹਵਾਲੇ ਨਾਲ ਅਮਿਤ ਸ਼ਾਹ ਦਾ ਜ਼ਿਕਰ ਕੀਤਾ ਹੈ। ਕਾਬਿਲੇਗੌਰ ਹੈ ਕਿ ਭਾਰਤ ਨੇ ਵਿਸ਼ਵ ਵਿਚ ਇਸ ਕਾਰਣ ਆਪਣਾ ਅਕਸ ਖਰਾਬ ਕੀਤਾ ਹੈ। ਇਸ ਕਾਰਣ ਸੰਕਟ ਹੋਰ ਵਧੇਗਾ।

ਇਸ ਤੋਂ ਮਾੜੀ ਗੱਲ 'ਲਾਰੈਂਸ ਬਿਸ਼ਨੋਈ ਗੈਂਗ' ਦੀ ਕਹਾਣੀ ਹੈ। ਦੁਨੀਆ ਦੀ ਹਰ ਖੁਫੀਆ ਏਜੰਸੀ ਦੁਸ਼ਮਣ ਨੂੰ ਨਿਸ਼ਾਨਾ ਬਣਾ ਕੇ ਡੀਪ ਸਟੇਟ ਤਰੀਕਿਆਂ ਨਾਲ ਕੰਮ ਕਰਦੀ ਹੈ। 2014 ਤੋਂ ਪਹਿਲਾਂ ਵੀ ਭਾਰਤ ਦੀ ਰਾਅ ਏਜੰਸੀ ਕੰਮ ਕਰ ਰਹੀ ਸੀ। ਇੰਦਰਾ ਗਾਂਧੀ ਨੇ ਇਸ ਏਜੰਸੀ ਰਾਹੀਂ ਪਾਕਿਸਤਾਨ ਨੂੰ ਤੋੜਕੇ ਬੰਗਲਾਦੇਸ਼ ਬਣਾ ਦਿੱਤਾ ਸੀ। ਪਾਕਿਸਤਾਨ ਉਸ ਸਮੇਂ ਦੇ ਭਾਰਤੀ ਖੁਫੀਆ ਕਮਾਂਡਰ ਰਾਮਨਾਥ ਕੋਵ ਤੋਂ ਡਰਦਾ ਸੀ। ਪਰ ਅਜਿਹਾ ਮੂਰਖਤਾ ਭਰਿਆ ਓਪਰੇਸ਼ਨ ਕਦੇ ਨਹੀਂ ਹੋਇਆ ਸੀ ਜੋ ਹੁਣ ਹੋ ਰਿਹਾ ਹੈ। ਰਾਅ ਅਤੇ ਭਾਰਤ ਦੀ ਰਣਨੀਤਕ ਵਿਦੇਸ਼ ਨੀਤੀ ਭਾਰਤ ਦੇ ਹਰ ਗੁਆਂਢੀ ਦੇਸ਼ ਵਿੱਚ ਅਸਫਲ ਰਹੀ ਹੈ।

ਭਾਰਤ-ਕੈਨੇਡਾ ਵਿਵਾਦ 'ਤੇ 'ਦਿ ਵਾਸ਼ਿੰਗਟਨ ਪੋਸਟ' ਨੇ ਇਸ ਦਾ ਜ਼ਿਕਰ ਕਰਦਿਆਂ ਇਹ ਵੀ ਕਿਹਾ ਹੈ ਕਿ ਜੇਕਰ ਭਾਰਤ ਦੇ ਛੋਟੇ-ਛੋਟੇ ਕਸਬਿਆਂ ਅਤੇ ਸ਼ਹਿਰਾਂ ਵਿੱਚ ਬਿਸ਼ਨੋਈ ਗੈਂਗ ਦੇ 700 ਨਿਸ਼ਾਨੇਬਾਜ਼ ਹੋਣ ਦੀ ਗੱਲ ਕਹੀ ਜਾਵੇ ਤਾਂ ਕੀ ਕੈਨੇਡਾ ਅਤੇ ਅਮਰੀਕਾ ਵਿੱਚ ਉਸ ਦਾ ਨੈੱਟਵਰਕ ਇੱਕੋ ਜਿਹਾ ਹੈ ?

ਲਾਰੈਂਸ ਬਿਸ਼ਨੋਈ ਦੇ 10 ਸਾਲਾਂ ਦੇ ਕਰਾਈਮ ਕੈਰੀਅਰ ਵਿੱਚ ਉਹ ਤਕਰੀਬਨ ਨੌਂ ਸਾਲ ਪਟਿਆਲਾ, ਤਿਹਾੜ, ਸਾਬਰਮਤੀ ਆਦਿ ਜੇਲ੍ਹਾਂ ਵਿੱਚ ਆਪਣੀ ਜ਼ਿੰਦਗੀ ਬਤੀਤ ਕਰ ਰਿਹਾ ਹੈ। ਪਰ ਜੇਲ੍ਹ ਵਿੱਚ ਰਹਿੰਦਿਆਂ ਵੀ ਉਸਦਾ ਗਲੋਬਲ ਨੈੱਟਵਰਕ ਹੈ। ਜੇਲ੍ਹ ਵਿੱਚੋਂ ਹੀ ਨਸ਼ਾ ਤਸਕਰੀ ਦਾ ਨੈੱਟਵਰਕ ਹੈ। ਡਰੱਗ ਦੀ ਡਿਲੀਵਰੀ ਫੋਨ ਅਤੇ ਵਟਸਐਪ ਕਾਲਾਂ ਰਾਹੀਂ ਹੁੰਦੀ ਹੈ। ਸਲਮਾਨ ਖਾਨ ਨੂੰ ਦਿੱਤੀ ਧਮਕੀ ਵਿੱਚ ਉਸਦਾ ਨਾਮ, ਗਾਇਕ ਸਿੱਧੂ ਮੂਸੇਵਾਲਾ, ਕਰਨੀ ਸੈਨਾ ਦੇ ਸੁਖਦੇਵ ਸਿੰਘ ਗੋਗਾਮੇਡੀ, ਬਾਬਾ ਸਿੱਦੀਕੀ ਦਾ ਕਤਲ, ਇਹ ਸਾਰੇ ਕਥਿਤ ਤੌਰ 'ਤੇ ਬਿਸ਼ਨੋਈ ਗੈਂਗ ਨਾਲ ਜੁੜੇ ਹੋਏ ਹਨ। ਅਤੇ ਇਸ ਤੋਂ ਇਲਾਵਾ, ਮਾਰਚ 2023 ਵਿੱਚ ਪੁਲਿਸ ਹਿਰਾਸਤ ਵਿੱਚ ਇੱਕ ਟੈਲੀਵਿਜ਼ਨ ਇੰਟਰਵਿਊ ਵਿੱਚ, ਉਸਨੇ ਇਹ ਵੀ ਸ਼ੇਖੀ ਮਾਰੀ ਸੀ ਕਿ - ਮੈਂ ਰਾਸ਼ਟਰ ਵਿਰੋਧੀ ਨਹੀਂ ਹਾਂ। ਮੈਂ ਰਾਸ਼ਟਰਵਾਦੀ ਹਾਂ। ਮੈਂ ਖਾਲਿਸਤਾਨ ਦੇ ਖਿਲਾਫ ਹਾਂ। ਮੈਂ ਪਾਕਿਸਤਾਨ ਦੇ ਖਿਲਾਫ ਹਾਂ।

ਹੁਣ ਜੇਕਰ ਇਹ ਸਭ ਕੁਝ ਹੋ ਰਿਹਾ ਹੈ ਤਾਂ ਕੀ ਇਹ ਕਾਨੂੰਨ ਵਿਵਸਥਾ ਦਾ ਰਾਜ ਹੈ ਜਾਂ ਲਾਰੈਂਸ ਬਿਸ਼ਨੋਈ ਦਾ ਰਾਜ ?

* * * * * * *

# 10TH ANNIVERSARY OF THE UKS FIRST WW1 SIKH MEMORIAL TO BE MARKED AT NATIONAL MEMORIAL ARBORETUM

The campaign group behind the UK's first national Sikh memorial in honour of those who fought during the Great War will mark the 10th anniversary of its founding at the National Memorial Arboretum in Staffordshire.

The WW1 Sikh Memorial, at the 150-acre free-to-enter garden and woodland site, sits alongside more than 420 other tributes to the service and sacrifice of members of the Armed Forces, Emergency Services and civilian services.


memorial Chairman Jay Singh-Sohal and sculptor Mark Bibby at the unveiling in 2015

A special community gathering will take place at the memorial, a regular occurrence on the first Sunday of November ahead of Armistice Day. The event, on Sunday 3rd November 2024, will include eulogies about the bravery and valour of Sikhs who served during the wars, around 124,245 Sikhs fought during the Great War.

The monuments creator and chairman Capt. Jay Singh-Sohal VR said:

"When we set out to create the memorial, we underestimated just how significant this would be for the Sikh community at large. Since our creation a decade ago, we're inspired more memorials to be created up and down the country as our community seeks to educate others about the bravery and valour of Sikhs in the past and the continued contribution of our vibrant community today. Sikhs are distinct because of our turban-identity, and so memorials commemorating Sikh service also help create awareness of our faith-based principles. I hope, as we mark our 10th anniversary, that we continue to inspire others to be selfless and serve our country, in uniform or otherwise."

The memorial was the first of its kind - a statue commemorating the bravery and sacrifice of Sikh soldiers during the conflict. The Sikh contribution is remarkable, as despite being only 1% of the Indian population at the time, they constituted 20% of the Indian Army under the British and were represented in over a third of the regiments at the time. For their heroism, Sikhs received 29% of all Indian Orders of Merit awarded during the war and 24% of all Indian Distinguished Service Medals.

# ਜੈਮੀਮਾ ਨੇ ਸਾਬਕਾ ਪਤੀ ਇਮਰਾਨ ਖ਼ਾਨ ਦੀ ਹਾਲਤ ਤੇ ਚਿੰਤਾ ਪ੍ਰਗਟਾਈ

ਜੇਲ੍ਹ 'ਚ ਬੰਦ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਸਾਬਕਾ ਪਤਨੀ ਜੈਮੀਮਾ ਗੋਲਡਸਮਿਥ ਨੇ ਇਮਰਾਨ ਉੱਤੇ ਪਰਿਵਾਰਕ ਮੈਂਬਰਾਂ ਨਾਲ ਮਿਲਣ ਦੀ ਪਾਬੰਦੀ ਹਟਾਉਣ ਤੇ ਉਨ੍ਹਾਂ ਰਿਹਾਈ ਦੀ ਮੰਗ ਕਰਦਿਆਂ ਦਾਅਵਾ ਕੀਤਾ ਕਿ ਇਹ ਉਨ੍ਹਾਂ ਅਤੇ ਪਾਕਿ-ਸਤਾਨ ਵਿੱਚ ਸਾਰੀਆਂ ਸਿਆਸੀ ਪਾਰਟੀਆਂ ਚੁੱਪ ਕਰਵਾਉਣ ਦੀ ਸਾਜ਼ਿਸ਼ ਹੈ। ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਮੁਖੀ ਇਮ-ਰਾਨ ਖ਼ਾਨ ਆਪਣੇ ਖ਼ਿਲਾਫ਼ ਕਈ ਕੇਸਾਂ ਤਹਿਤ ਇੱਕ ਸਾਲ ਤੋਂ ਪੰਜਾਬ ਦੇ ਰਾਵਲਪਿੰਡੀ ਦੀ ਅਡਿਆਲਾ ਜੇਲ੍ਹ ਚ ਬੰਦ ਹੈ। ਪੰਜਾਬ ਸਰਕਾਰ ਨੇ ਸੁਰੱਖਿਆ ਚਿੰਤਾਵਾਂ ਦਾ ਹਵਾਲਾ ਦਿੰਦਿਆਂ ਇਮਰਾਨ ਖ਼ਾਨ ਤੇ 18 ਅਕਤੂਬਰ ਤੱਕ ਪਰਿਵਾਰਕ ਮੈਂਬਰਾਂ, ਵਕੀਲਾਂ ਅਤੇ ਪਾਰਟੀ ਆਗੂਆਂ ਨਾਲ ਮਿਲਣ ਤੇ ਪਾਬੰਦੀ ਲਾਈ ਹੋਈ ਹੈ। ਜੈਮੀਮਾ ਗੋਲਡਸਮਿਥ ਐਕਸ ਅਕਾਊਂਟ ਤੇ ਪੋਸਟ ਚ ਦੋਸ਼ ਲਾਇਆ ਕਿ ਪਿਛਲੇ ਕੁਝ ਸਾਲਾਂ ਤੋਂ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀਐੱਮਐੱਲ-ਐੱਨ) ਦੇ ਗੁੰਡਿਆਂ ਨੇ ਉਨ੍ਹਾਂ ਨੂੰ ਚੁੱਪ ਰਹਿਣ ਲਈ ਧਮਕਾਇਆ ਤੇ ਪ੍ਰੇਸ਼ਾਨ ਕੀਤਾ। ਉਹ ਜਬਰ-ਜਨਾਹ ਸਣੇ ਹੋਰ ਧਮਕੀਆਂ ਵੀ ਦੇ ਰਹੇ ਹਨ। ਵਿਦੇਸ਼ੀ ਪੱਤਰਕਾਰ ਜੈਮੀਮਾ ਗੋਲਡਸਮਿਥ ਤੇ ਇਮਰਾਨ ਖ਼ਾਨ 1995 ਤੋਂ 2004 ਤੱਕ ਪਤੀ-ਪਤਨੀ ਰਹੇ। ਉਨ੍ਹਾਂ ਦੇ ਦੋ ਬੇਟੇ ਹਨ।

# ਸਾਬਕਾ ਰਾਸ਼ਟਰਪਤੀ ਬਰਾਕ ਉਬਾਮਾ ਤੇ ਮਿਸ਼ੈਲ ਉਬਾਮਾ ਮੰਗਣਗੇ ਕਮਲਾ ਹੈਰਿਸ ਲਈ ਵੋਟਾਂ ਹੈਰਿਸ ਨਾਲ ਵੱਖ ਵੱਖ ਸਮਾਗਮਾਂ ਨੂੰ ਕਰਨਗੇ ਸੰਬੋਧਨ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਚੋਣ ਪ੍ਰਚਾਰ ਦੇ ਆਖਰੀ ਪੜਾਅ ਦੌਰਾਨ ਚੋਣ ਮੁਹਿੰਮ ਵਿਚ ਨਵੀਂ ਰੂਹ ਫੂਕਣ ਦੇ ਮੰਤਵ ਨਾਲ ਸਾਬਕਾ ਰਾਸ਼ਟਰਪਤੀ ਬਰਾਕ ਉਬਾਮਾ ਤੇ ਉਨਾਂ ਦੀ ਪਤਨੀ ਮਿਸ਼ੈਲ ਉਬਾਮਾ ਅਗਲੇ ਹਫਤੇ ਵੱਖਰੇ ਵੱਖਰੇ ਤੌਰ 'ਤੇ ਡੈਮੋਕਰੈਟਿਕ ਪਾਰਟੀ ਦੀ ਰਾਸ਼ਟਰਪਤੀ ਅਹੁੱਦੇ ਲਈ ਉਮੀਦਵਾਰ ਕਮਲਾ ਹੈਰਿਸ ਲਈ ਵੋਟਾਂ ਮੰਗਣਗੇ। ਉਹ ਵੱਖ ਵੱਖ ਸਮਾਗਮਾਂ ਦੌਰਾਨ ਕਮਲਾ ਹੈਰਿਸ ਨਾਲ ਸੰਬੋਧਨ


ਬਰਾਕ ਉਬਾਮਾ ਤੇ ਮਿਸ਼ੈਲ ਉਬਾਮਾ

ਕਰਨਗੇ। ਇਹ ਜਾਣਕਾਰੀ ਹੈਰਿਸ ਦੀ ਚੋਣ ਮੁਹਿੰਮ ਦੇ ਇਕ ਸੀਨੀਅਰ ਅਧਿਕਾਰੀ ਨੇ ਦਿੱਤੀ ਹੈ। ਇਥੇ ਜ਼ਿਕਰਯੋਗ ਹੈ ਕਿ ਸਾਬਕਾ ਰਾਸ਼ਟਰਪਤੀ ਉਬਾਮਾ ਤੇ ਉਨਾਂ ਦੀ ਪਤਨੀ ਡੈਮੋਕਰੈਟਿਕ ਸਫਾਂ ਵਿਚ ਬਹੁਤ ਅਸਰ ਰਸੂਖ ਰਖਦੇ ਹਨ ਤੇ ਪਾਰਟੀ ਆਸ ਕਰਦੀ ਹੈ ਕਿ ਉਹ ਉਨਾਂ ਰਾਜਾਂ ਜਿਥੇ ਜਿੱਤ ਦਾ ਫਰਕ ਬਹੁਤ ਥੋੜਾ ਰਹਿਣ ਦੀ ਸੰਭਾਵਨਾ ਹੈ, ਵਿਚ ਵਫਾਦਾਰ ਡੈਮੋਕਰੈਟ ਵੋਟਰਾਂ ਵਿੱਚ ਨਵਾਂ ਜੋਸ਼ ਭਰਨ ਵਿੱਚ ਸਫਲ ਹੋਣਗੇ। ਮਿਸ਼ੈਲ ਉਬ-ਾਮਾ ਚੋਣ ਮੁਹਿੰਮ ਦੌਰਾਨ ਪਹਿਲੀ ਵਾਰ ਮਿਸ਼ੀਗਨ ਵਿਚ ਹੈਰਿਸ ਨਾਲ 26 ਅਕਤੂਬਰ ਨੂੰ ਚੋਣ ਪ੍ਰਚਾਰ ਕਰਨਗੇ ਤੇ ਸਮਾਗਮਾਂ ਨੂੰ ਸੰਬੋਧਨ ਕਰਨਗੇ। ਉਨਾਂ ਦੇ ਪਤੀ ਬਰਾਕ ਉਬਾਮਾ ਅਗਲੇ ਹਫਤੇ ਜਾਰਜੀਆ ਵਿਚ ਹੈਰਿਸ ਨਾਲ ਚੋਣ ਪ੍ਰਚਾਰ ਕਰਨਗੇ। ਹਾਲ ਹੀ ਵਿਚ ਉਨਾਂ ਨੇ ਪਿਟਸਬਰਗ ਵਿਚ ਸਮਾਗਮ ਨੂੰ ਸੰਬੋਧਨ ਕੀਤਾ ਸੀ। ਆਉਣ ਵਾਲੇ ਦਿਨਾਂ ਵਿਚ ਉਹ ਟਕਸਨ, ਲਾਸ ਵੇਗਾਸ, ਡੈਟਰਾਇਟ ਤੇ ਮੈਡੀਸਨ ਵਿਚ ਚੋਣ ਪ੍ਰਚਾਰ ਕਰਨਗੇ। ਇਥੇ ਇਹ ਵੀ ਵਰਣਨਯੋਗ ਹੈ ਕਿ ਹੈਰਿਸ ਨੇ 2008 ਵਿਚ ਰਾਸ਼ਟਰਪਤੀ ਅਹੁੱਦੇ ਲਈ ਬਰਾਕ ਉਬ-ਾਮਾ ਦਾ ਸਮਰਥਨ ਕੀਤਾ ਸੀ ਜਦ ਕਿ ਉਬਾਮਾ ਨੇ 2024 ਵਿਚ ਪਾਰਟੀ ਉਮੀਦਵਾਰ ਵਜੋਂ ਕਮਲਾ ਹੈਰਿਸ ਲਈ ਪਰਦੇ ਪਿੱਛੇ ਸਮਰਥਨ ਜੁਟਾਇਆ ਸੀ।

# ਯੂ. ਕੇ. ਦੀ ਪਾਰਲੀਮੈਂਟ ਵਿਚ ਡਾ. ਜਗਤ ਸਿੰਘ ਨਾਗਰਾ ਦੀ ਕਿਤਾਬ ਨੂੰ ਸੀਮਾ ਮਲਹੋਤਰਾ ਅਤੇ ਪ੍ਰਸਿੱਧ ਵਕੀਲ ਹਰਜਾਪ ਭੰਗਲ ਨੇ ਰੀਲੀਜ਼ ਕੀਤਾ



**ਲੰਡਨ-(ਨਿਰਮਲ ਸਿੰਘ ਕੰਧਾਲਵੀ) - 17 ਅਕਤੂਬਰ 2024 ਦਿਨ ਵੀਰਵਾਰ ਨੂੰ ਯੂ. ਕੇ. ਦੀ ਪਾਰਲੀਮੈਂਟ ਵਿਚ ਡਾ. ਜਗਤ ਸਿੰਘ ਨਾਗਰਾ ਦੀ ਕਿਤਾਬ 'My Journey into Teaching from the Panjab to the UK.' ਨੂੰ ਸੀਮਾ ਮਲਹੋਤਰਾ (ਅੰਡਰ ਸੈਕਰੇਟਰੀ ਹੋਮ ਅਫੇਅਰਜ਼ ਐਂਡ ਐਜੂਕੇਸ਼ਨ) ਅਤੇ ਪ੍ਰਸਿੱਧ ਵਕੀਲ ਹਰਜਾਪ ਭੰਗਲ ਨੇ ਰੀਲੀਜ਼ ਕੀਤਾ। ਇਸ ਪ੍ਰੋਗਰਾਮ ਵਿਚ ਡਾ. ਨਾਗਰਾ ਦੇ ਪਰਵਾਰਕ ਮੈਂਬਰ, ਗੁਰਜੀਤ ਸਿੰਘ ਗਿੱਲ, ਨਿਰਮਲ ਸਿੰਘ ਕੰਧਾਲਵੀ, ਦੋਸਤ ਮਿੱਤਰ ਅਤੇ ਕੁਝ ਪੁਰਾਣੇ ਸਹਿਕਰਮੀ ਵੀ ਸ਼ਾਮਲ ਹੋਏ।**

ਯਾਦ ਰਹੇ ਕਿ ਡਾ. ਨਾਗਰਾ ਨੇ ਅੱਜ ਤੋਂ ਚਾਰ ਦਹਾਕੇ ਪਹਿਲਾਂ ਯੂ. ਕੇ. ਵਿਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਸਬੰਧੀ ਬਹੁਤ ਨਿੱਗਰ ਉਪਰਾਲੇ ਕੀਤੇ। ਉਨ੍ਹਾਂ ਵੇਲਿਆਂ 'ਚ ਪੰਜਾਬੀ ਭਾਸ਼ਾ ਪੜ੍ਹਾਉਣ ਲਈ ਕਿਤਾਬਾਂ ਅਤੇ ਹੋਰ ਸਹਾਇਕ ਸਾਮੱਗਰੀ ਨਾਂਮਾਤਰ ਹੀ ਸੀ, ਖਾਸ ਕਰ ਉਹ ਕਿਤਾਬਾਂ ਜੋ ਯੂ.ਕੇ. ਦੇ ਮਾਹੌਲ ਮੁਤਾਬਿਕ ਹੋਣ। ਡਾ. ਸਾਹਿਬ ਨੇ ਇਸ ਪਾਸੇ ਵਿਸ਼ੇਸ਼ ਧਿਆਨ ਦੇ ਕੇ ਜੀ. ਸੀ. ਐੱਸ. ਈ. ਅਤੇ 'ਏ' ਲੈਵਲ ਦੇ ਇਮਤਿਹਾਨਾਂ ਲਈ ਕਿਤਾਬਾਂ ਲਿਖਣੀਆਂ ਸ਼ੁਰੂ ਕੀਤੀਆਂ ਤੇ ਇੱਥੋਂ ਦੇ ਵਿਦਿਅਕ ਮਹਿਕਮੇ ਤੱਕ ਪਹੁੰਚ ਕਰ ਕੇ ਪੰਜਾਬੀ ਭਾਸ਼ਾ ਦੀ ਪੜ੍ਹਾਈ ਲਈ ਜ਼ਿਕਰਯੋਗ ਉਪਰਾਲੇ ਕੀਤੇ ਜਿਸ ਦਾ ਸਦਕਾ ਹਜ਼ਾਰਾਂ ਬੱਚੇ ਪੰਜਾਬੀ ਭਾਸ਼ਾ ਦੇ ਇਮਤਿਹਾਨ ਪਾਸ ਕਰ ਚੁੱਕੇ ਹਨ ਤੇ ਕਰ ਰਹੇ ਹਨ।

ਸੀਮਾ ਮਲਹੋਤਰਾ ਅਤੇ ਹਰਜਾਪ ਭੰਗਲ ਨੇ ਵੀ ਪੰਜਾਬੀ ਭਾਸ਼ਾ ਸਬੰਧੀ ਆਪਣੇ ਤਜਰਬੇ ਸਾਂਝੇ ਕੀਤੇ ਤੇ ਉਨ੍ਹਾਂ ਵਲੋਂ ਡਾ. ਨਾਗਰਾ ਨੂੰ ਉਨ੍ਹਾਂ ਦੀਆਂ ਪੰਜਾਬੀ ਭਾਸ਼ਾ ਸਬੰਧੀ ਕੀਤੀਆਂ ਪ੍ਰਾਪਤੀਆਂ ਲਈ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ।

# ਨਸ਼ਾ ਵੇਚਣ ਤੋਂ ਰੋਕਿਆ ਤਾਂ ਕਰ ਦਿੱਤਾ ਹਮਲਾ, ਕਾਰ ਭੰਨੀ

ਲੁਧਿਆਣਾ-ਇੱਥੋਂ ਦੇ ਜਨਕਪੁਰੀ ਇਲਾਕੇ ਵਿੱਚ ਨਸ਼ਾ ਤਸਕਰਾਂ ਤੋਂ ਲੋਕ ਪ੍ਰੇਸ਼ਾਨ ਹੋ ਗਏ ਹਨ। ਬੀਤੀ ਰਾਤ ਇਲਾਕੇ ਦੇ ਕੁਝ ਲੋਕਾਂ ਦੀ ਨਸ਼ਾ ਸਪਲਾਈ ਕਰਨ ਵਾਲਿਆਂ ਨਾਲ ਝੜਪ ਵੀ ਹੋਈ। ਨਸ਼ਾ ਤਸਕਰੀ ਦੇ ਦੋਸ਼ੀ ਲੋਕਾਂ ਨੇ ਪਾਲਤੂ ਕੁੱਤਾ ਵੀ ਰੱਖਿਆ। ਜਿਸ ਨੂੰ ਉਹ ਰਾਤ ਨੂੰ ਇਲਾਕਾ ਵਾਸੀਆਂ ਨੂੰ ਛੱਡ ਗਏ। ਕੁੱਤੇ ਨੇ ਦੋ ਨੌਜਵਾਨਾਂ ਨੂੰ ਵੱਢ ਲਿਆ। ਲੜਾਈ ਵਿਚ 2 ਤੋਂ 3 ਮੁਹੱਲਿਆਂ ਦੇ ਲੋਕ ਵੀ ਜ਼ਖਮੀ ਹੋ ਗਏ। ਜਨਕਪੁਰੀ ਇਲਾਕੇ 'ਚ 15 ਤੋਂ 20 ਨੌਜਵਾਨਾਂ ਨੇ ਗਣੇਸ਼ ਨਗਰ ਵਿਚ ਖੜ੍ਹੀ ਇਕ ਕਾਰ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਉਸ ਦੀ ਭੰਨ-ਤੋੜ ਕਰ ਦਿੱਤੀ। ਕੁਝ ਨੌਜਵਾਨਾਂ ਕੋਲ ਬੇਸਬਾਲ ਦੀਆਂ ਸੋਟੀਆਂ ਅਤੇ ਡੰਡੇ ਵੀ ਸਨ। ਨੌਜਵਾਨਾਂ ਵੱਲੋਂ ਹਥਿਆਰਾਂ ਨਾਲ ਕਾਰਾਂ ਦੀ ਭੰਨਤੋੜ ਕਰਨ ਦੀ ਸੀਸੀਟੀਵੀ ਫੁਟੇਜ ਵੀ ਸਾਹਮਣੇ ਆਈ ਹੈ। ਦੇਰ ਰਾਤ ਗਣੇਸ਼ ਨਗਰ 'ਚ ਬਦਮਾਸ਼ਾਂ ਨੇ ਗੁੰਡਾਗਰਦੀ ਕੀਤੀ। ਚੌਕੀ ਜਨਕ ਪੁਰੀ ਦੇ ਇੰਚਾਰਜ ਕਪੀਸ਼ ਸ਼ਰਮਾ ਮੌਕੇ 'ਤੇ ਜਾਂਚ ਲਈ ਪੁੱਜੇ।

ਜਾਣਕਾਰੀ ਦਿੰਦਿਆਂ ਅਮਨ ਕੁਮਾਰ ਨੇ ਦੱਸਿਆ ਕਿ ਮੈਂ ਦੇਰ ਰਾਤ ਕੰਮ ਤੋਂ ਕਾਰ ਰਾਹੀਂ ਵਾਪਸ ਆ ਰਿਹਾ ਸੀ। ਗਲੀ 'ਚ ਰਹਿਣ ਵਾਲਾ ਦਲੀਪ ਨਾਂ ਦਾ ਨੌਜਵਾਨ ਸ਼ਰਾਬ ਪੀ ਕੇ ਘਰ ਦੇ ਬਾਹਰ ਖੜ੍ਹਾ ਸੀ। ਦਲੀਪ ਨੇ ਸ਼ਰਾਬ ਦੇ ਨਸ਼ੇ ਵਿਚ ਉਸ ਨੂੰ ਗਾਲ੍ਹਾਂ ਕੱਢੀਆਂ ਅਤੇ ਕਿਹਾ ਕਿ ਤੇਰੀ ਮਾਂ ਮੈਨੂੰ ਇਲਾਕੇ ਵਿਚ ਨਸ਼ਾ ਵੇਚਣ ਤੋਂ ਰੋਕਦੀ ਹੈ। ਇਸ ਦੌਰਾਨ ਉਸ ਨੇ ਗਾਲ੍ਹਾਂ



ਕੱਢਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਲੜਾਈ ਵੀ ਸ਼ੁਰੂ ਕਰ ਦਿੱਤੀ। ਦਲੀਪ ਦੀ ਮਾਂ ਪਾਲਤੂ ਕੁੱਤੇ ਨੂੰ ਘਰ ਛੱਡ ਗਈ, ਜਿਸ ਨੇ ਉਸ ਦੀ ਬਾਂਹ ਕੱਟ ਦਿੱਤੀ। ਕੁਝ ਹੀ ਦੇਰ ਵਿਚ ਦਲੀਪ ਅਤੇ ਉਸ ਦੇ ਪਰਿਵਾਰ ਨੇ ਗਲੀ ਵਿਚ ਇੱਟਾਂ ਅਤੇ ਪੱਥਰ ਸੁੱਟਣੇ ਸ਼ੁਰੂ ਕਰ ਦਿੱਤੇ।

ਜ਼ਖਮੀ ਆਕਾਸ਼ ਨੇ ਦੱਸਿਆ ਕਿ ਉਹ ਭਰਾ ਅਮਨ ਦੀ ਲੜਾਈ ਨੂੰ ਰੋਕਣ ਲਈ ਆਇਆ ਸੀ ਪਰ ਦਲੀਪ ਅਤੇ ਉਸ ਦੇ ਪਰਿਵਾਰ 'ਤੇ ਕੁੱਤਿਆਂ ਨੇ ਹਮਲਾ ਕਰ ਦਿੱਤਾ। ਉਸ ਦੀ ਲੱਤ ਨੂੰ ਕੁੱਤੇ ਨੇ ਬੁਰੀ ਤਰ੍ਹਾਂ ਨਾਲ ਖਾ ਲਿਆ ਸੀ। ਉਸ ਸਮੇਂ ਗਲੀ ਦੇ ਲੋਕਾਂ ਨੇ ਮਾਮਲਾ ਸ਼ਾਂਤ ਕਰਵਾਇਆ ਪਰ ਕੁਝ ਦੇਰ ਬਾਅਦ ਦਲੀਪ ਨੇ ਕੁਝ ਅਣਪਛਾਤੇ ਨੌਜਵਾਨਾਂ ਨੂੰ ਬੁਲਾ ਕੇ ਸਾਡੀ ਕਾਰ ਦੀ ਭੰਨਤੋੜ ਕਰਵਾਈ। ਇਲਾਕੇ ਵਿੱਚ ਲੜਾਈ ਝਗੜੇ ਦਾ ਇਹ ਕੋਈ ਪਹਿਲਾ ਮਾਮਲਾ ਨਹੀਂ ਹੈ। ਇਸ ਤੋਂ ਪਹਿਲਾਂ ਵੀ ਉਸ ਦਾ ਇਲਾਕੇ ਦੇ 5 ਤੋਂ 6 ਵਿਅਕਤੀਆਂ ਨਾਲ ਨਸ਼ਾ ਤਸਕਰਾਂ ਨੂੰ ਰੋਕਣ ਨੂੰ ਲੈ ਕੇ ਝਗੜਾ ਹੋ ਗਿਆ ਸੀ।

ਦੂਜੇ ਪਾਸੇ ਸੁਨੀਤਾ ਦਾ ਕਹਿਣਾ ਹੈ ਕਿ ਅਮਨ ਅਤੇ ਆਕਾਸ਼ ਨੇ ਕੁਝ ਨੌਜਵਾਨਾਂ ਨੂੰ ਬੁਲਾ ਕੇ ਉਨ੍ਹਾਂ ਦੇ ਘਰ 'ਤੇ ਹਮਲਾ ਕੀਤਾ ਹੈ। ਉਹ ਕਿਸੇ ਕਿਸਮ ਦਾ ਨਸ਼ਾ ਨਹੀਂ ਵੇਚਦਾ। ਜਨਕ ਪੁਰੀ ਚੌਕੀ ਦੇ ਇੰਚਾਰਜ ਕਪਿਲ ਸ਼ਰਮਾ ਨੇ ਦੱਸਿਆ ਕਿ ਸਾਰਾ ਮਾਮਲਾ ਸਾਫ਼ ਹੋਣ ਤੋਂ ਬਾਅਦ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ।

## ਕਰਾਈਮ ਨਿਊਜ਼

### ਲੁਧਿਆਣਾ ਵਿਚ ਸ਼ਿਵ ਸੈਨਾ ਦੇ ਨੇਤਾ ਦੇ ਘਰ 'ਤੇ ਪੈਟਰੋਲ ਬੰਬ ਨਾਲ ਹਮਲਾ



ਲੁਧਿਆਣਾ-ਲੁਧਿਆਣਾ ਵਿਚ ਸ਼ਿਵ ਸੈਨਾ ਭਾਰਤ ਵੰਸ਼ੀ ਦੇ ਪ੍ਰਧਾਨ ਯੋਗੇਸ਼ ਬਖਸ਼ੀ ਦੇ ਘਰ 'ਤੇ ਦੋ ਅਣਪਛਾਤੇ ਲੋਕਾਂ ਨੇ ਪੈਟਰੋਲ ਬੰਬ ਨਾਲ ਹਮਲਾ ਕਰ ਦਿੱਤਾ। ਹਮਲੇ ਵਿਚ ਹਿੰਦੂ ਨੇਤਾ ਦੀ ਕਾਰ ਏ-ਸਟਾਰ ਨੂੰ ਨੁਕਸਾਨ ਪਹੁੰਚਿਆ। ਫਿਲਹਾਲ ਥਾਣਾ ਹੈਬੋਵਾਲ ਅਤੇ ਚੌਕੀ ਜਗਤਪੁਰੀ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਇਲਾਕੇ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਵੀ ਜਾਂਚ ਕਰ ਰਹੀ ਹੈ।

ਬਖਸ਼ੀ ਨੇ ਦੱਸਿਆ ਕਿ ਉਸ ਨੂੰ 30 ਜੁਲਾਈ ਨੂੰ ਵੀ ਧਮਕੀ ਮਿਲੀ ਸੀ। ਇਸ ਮਾਮਲੇ ਸਬੰਧੀ ਉਹ ਪੁਲਿਸ ਕਮਿਸ਼ਨਰ ਨੂੰ ਵੀ ਮਿਲੇ ਹਨ। ਜਿਸ ਤੋਂ ਬਾਅਦ ਉਹ ਕਈ ਵਾਰ ਇਲਾਕਾ ਪੁਲਿਸ ਨੂੰ ਸ਼ਿਕਾਇਤ ਵੀ ਕਰ ਚੁੱਕੇ ਹਨ। ਯੋਗੇਸ਼ ਨੇ ਦੱਸਿਆ ਕਿ ਉਸ ਨੇ ਪੈਟਰੋਲ ਬੰਬ ਦੀ ਘਟਨਾ ਬਾਰੇ ਸੀਨੀਅਰ ਪੁਲੀਸ ਅਧਿਕਾਰੀਆਂ ਨੂੰ ਸੂਚਿਤ ਕਰ ਦਿੱਤਾ ਹੈ।

### ਭਾਰਤ-ਪਾਕਿ ਸਰਹੱਦ ਨੇੜਿਓਂ ਬੀਐਸਐਫ ਵਲੋਂ ਇਕ ਕਿੱਲੋ ਆਰਡੀਐਕਸ ਐਸਪਲੋਸਿਵ ਬੰਬ ਬਰਾਮਦ

ਫ਼ਾਜ਼ਿਲਕਾ-ਬੀਐਸਐਫ ਨੇ ਪਾਕਿਸਤਾਨ ਬੈਠੇ ਖਾੜਕੂਆਂ ਦੀਆਂ ਕੋਸ਼ਿਸ਼ਾਂ ਨੂੰ ਇਕ ਵਾਰੀ ਮੁੜ ਬੇਨਕਾਬ ਕੀਤਾ। ਜਾਣਕਾਰੀ ਅਨੁਸਾਰ ਬੀਐਸਐਫ ਦੇ ਅਬੋਹਰ ਸੈਕਟਰ 'ਚ ਆਉਂਦੀ 160 ਬਟਾਲੀਅਨ ਵੱਲੋਂ ਸਰਹੱਦ ਨੇੜਿਓਂ ਐਸਪਲੋਸਿਵ ਬਰਾਮਦ ਕੀਤਾ। ਆਰ ਡੀ ਐਕਸ ਤੋਂ ਭਰੀ ਇਸ ਖੇਪ ਵਿੱਚ ਬੰਬ ਦੀਆਂ ਬੈਟਰੀਆਂ ਅਤੇ ਟਾਈਮਰ ਵੀ ਹਨ। ਬੰਬ ਜਦੋਂ ਬੀਐਸਐਫ ਨੂੰ ਮਿਲਿਆ ਤਾਂ ਉਸ ਨੂੰ ਬਰਾਮਦ ਕਰਨ ਤੋਂ ਬਾਅਦ ਸਟੇਟਸ ਸਪੈਸ਼ਲ ਸੈਲ ਨੂੰ ਸੌਂਪ ਦਿੱਤਾ ਗਿਆ। ਉਹ ਇਸ ਮਾਮਲੇ ਦੀ ਜਾਂਚ ਕਰ ਰਹੇ ਹਨ।


## ਨਕਸਲੀ ਮਹਿਲਾ ਤੇਲੰਗਾਨਾ ਤੋਂ ਗ੍ਰਿਫਤਾਰ

**○ ਅੰਗਰੇਜ਼ੀ-ਹਿੰਦੀ ਸਮੇਤ ਕਈ ਭਾਸ਼ਾਵਾਂ ਜਾਣਦੀ ਏ ○ ਸਰਕਾਰ ਨੇ ਰਖਿਆ ਸੀ ਇਕ ਕਰੋੜ ਦਾ ਇਨਾਮ**



ਜਗਦਲਪੁਰ-ਤੇਲੰਗਾਨਾ ਪੁਲਿਸ ਨੇ ਹੈਦਰਾਬਾਦ ਦੇ ਮਹਿਬੂਬ ਨਗਰ ਤੋਂ ਇਕ ਕਰੋੜ ਦੀ ਇਨਾਮੀ ਔਰਤ ਨਕਸਲੀ ਕਲਪਨਾ ਉਰਫ਼ ਸੁਜਾਤਾ ਨੂੰ ਗ੍ਰਿਫਤਾਰ ਕਰ ਲਿਆ ਹੈ। 60 ਸਾਲ ਦੀ ਸੁਜਾਤਾ ਬਸਤਰ ਡਿਵੀਜ਼ਨ ਕਮੇਟੀ ਦੀ ਇੰਚਾਰਜ ਹੈ। ਉਹ ਸੁਕਮਾ ਜ਼ਿਲ੍ਹੇ ਵਿਚ ਕਈ ਵੱਡੀਆਂ ਘਟਨਾਵਾਂ ਨੂੰ ਅੰਜਾਮ ਦੇ ਚੁੱਕੀ ਹੈ। ਇਸ 'ਤੇ ਆਂਧਰਾ ਪ੍ਰਦੇਸ਼, ਤੇਲੰਗਾਨਾ, ਮਹਾਂਰਾਸ਼ਟਰ ਤੇ ਛੱਤੀਸਗੜ੍ਹ ਵਿਚ ਕੁਲ ਮਿਲਾ ਕੇ ਇਕ ਕਰੋੜ ਦਾ ਇਨਾਮ ਸੀ। ਉਹ ਲੰਬੇ ਸਮੇਂ ਤੋਂ ਬੀਮਾਰ ਹੈ।

## ਖਾਲਿਸਤਾਨੀ ਨੇਤਾ ਪੰਨੂ ਨੇ ਪ੍ਰਧਾਨ ਮੰਤਰੀ ਟਰੂਡੋ ਦੇ ਦਫਤਰ ਨਾਲ "ਜਾਸੂਸੀ ਨੈਟਵਰਕ" ਦੇ ਵੇਰਵੇ ਕੀਤੇ ਸਾਂਝੇ



ਵਸ਼ਿੰਗਟਨ-ਖਾਲਿਸਤਾਨੀ ਵੱਖਵਾਦੀ ਨੇਤਾ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਸਿੱਖ ਫਾਰ ਜਸਟਿਸ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਦਫਤਰ ਨਾਲ ਭਾਰਤ ਦੇ "ਜਾਸੂਸੀ ਨੈੱਟਵਰਕ" ਦੇ ਵੇਰਵੇ ਸਾਂਝੇ ਕੀਤੇ ਹਨ। ਗੁਰਪਤਵੰਤ ਸਿੰਘ ਪੰਨੂ ਨੇ ਕੈਨੇਡੀਅਨ ਮੀਡੀਆ ਨਾਲ ਇੱਕ ਇੰਟਰਵਿਊ ਵਿੱਚ ਕਿਹਾ, "ਸਿੱਖਸ ਫਾਰ ਜਸਟਿਸ ਪਿਛਲੇ 2-3 ਸਾਲਾਂ ਤੋਂ ਪ੍ਰਧਾਨ ਮੰਤਰੀ ਦਫ਼ਤਰ ਨਾਲ ਗੱਲਬਾਤ ਕਰ ਰਿਹਾ ਸੀ ਅਤੇ ਭਾਰਤੀ ਹਾਈ ਕਮਿਸ਼ਨਰ ਦੇ ਸਾਰੇ ਜਾਸੂਸੀ ਨੈੱਟਵਰਕਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦੇ ਰਿਹਾ ਸੀ।"

## ਬਿਸ਼ਨੋਈ ਗੈਂਗ ਵਲੋਂ ਸਲਮਾਨ ਖ਼ਾਨ ਨੂੰ 5 ਕਰੋੜ ਦੀ ਫਿਰੌਤੀ ਮੰਗੀ

**✪ ਨਾ ਦੇਣ ਉਪਰ ਜਾਨੋਂ ਮਾਰਨ ਦੀ ਦਿੱਤੀ ਧਮਕੀ**



ਮੁੰਬਈ-ਬਾਲੀਵੁੱਡ ਦੇ ਮਸ਼ਹੂਰ ਅਦਾਕਾਰ ਸਲਮਾਨ ਖ਼ਾਨ ਨੂੰ 5 ਕਰੋੜ ਰੁਪਏ ਦੀ ਫਿਰੌਤੀ ਤੇ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ। ਜਾਣਕਾਰੀ ਅਨੁਸਾਰ ਜਬਰੀ ਵਸੂਲੀ ਦੀ ਧਮਕੀ ਮੁੰਬਈ ਟ੍ਰੈਫਿਕ ਪੁਲਿਸ ਨੂੰ ਪ੍ਰਾਪਤ ਹੋਈ ਹੈ, ਜਿਸ ਵਿਚ ਕਥਿਤ ਤੌਰ 'ਤੇ 5 ਕਰੋੜ ਰੁਪਏ ਦੇ ਭੁਗਤਾਨ ਦੇ ਬਦਲੇ ਵਿਚ ਸਲਮਾਨ ਖ਼ਾਨ ਤੇ ਜੇਲ੍ਹ ਵਿਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਵਿਚਕਾਰ ਚੱਲ ਰਹੇ ਝਗੜੇ ਨੂੰ ਸੁਲਝਾਉਣ ਦੀ ਪੇਸ਼ਕਸ਼ ਕੀਤੀ ਗਈ ਹੈ। ਵੱਟਸਐਪ 'ਤੇ ਪ੍ਰਾਪਤ ਹੋਏ ਸੰਦੇਸ਼ ਵਿਚ ਕਿਹਾ ਗਿਆ ਹੈ ਕਿ ਜੇ ਸਲਮਾਨ ਖ਼ਾਨ ਜ਼ਿੰਦਾ ਰਹਿਣਾ ਚਾਹੁੰਦਾ ਹੈ ਤੇ ਬਿਸ਼ਨੋਈ ਨਾਲ ਦੁਸ਼ਮਣੀ ਖ਼ਤਮ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਪੰਜ ਕਰੋੜ ਰੁਪਏ ਦਾ ਭੁਗਤਾਨ ਕਰਨਾ ਪਵੇਗਾ। ਇਸ ਨੂੰ ਹਲਕੇ ਵਿਚ ਨਾ ਲਓ, ਨਹੀਂ ਤਾਂ ਸਲਮਾਨ ਖ਼ਾਨ ਦੀ ਹਾਲਤ ਬਾਬਾ ਸਿੱਦੀਕੀ ਤੋਂ ਵੀ ਮਾੜੀ ਹੋ ਜਾਵੇਗੀ। ਉਧਰ ਇਸ ਸੰਦੇਸ਼ ਨੂੰ ਗੰਭੀਰਤਾ ਨਾਲ ਲੈਂਦਿਆਂ ਮੁੰਬਈ ਪੁਲਿਸ ਨੇ ਭੇਜਣ ਵਾਲੇ ਦੇ ਪਿਛੋਕੜ, ਜਬਰਨ ਵਸੂਲੀ, ਜਾਨ ਦੀਆਂ ਧਮਕੀਆਂ ਦੇ ਪਿੱਛੇ ਉਨ੍ਹਾਂ ਦੇ ਇਰਾਦੇ ਆਦਿ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਹਾਈਕੋਰਟ ਵੱਲੋਂ ਗੁਰਦੁਆਰਾ ਸਾਂਝਾ ਸਾਹਿਬ ਚੰਡੀਗੜ੍ਹ ਨੂੰ ਹਟਾਉਣ ਦਾ ਆਦੇਸ਼

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਗੁਰਦੁਆਰਾ ਸਾਂਝਾ ਸਾਹਿਬ ਸੈਕਟਰ 63 ਨੂੰ ਹਟਾਉਣ ਦੇ ਹੁਕਮ ਦਿੱਤੇ ਹਨ। ਹਾਈਕੋਰਟ ਨੇ ਉਸ ਥਾਂ 'ਤੇ ਗੋਲ ਚੱਕਰ ਬਣਾਉਣ ਦੇ ਹੁਕਮ ਦਿੱਤੇ ਹਨ। ਜਾਣਕਾਰੀ ਮੁਤਾਬਕ ਇਹ ਕੇਸ 25 ਸਾਲ ਤੱਕ ਹਾਈ ਕੋਰਟ ਵਿਚ ਚੱਲਿਆ ਜਿਸਦਾ ਹੁਣ ਫੈਸਲਾ ਆਇਆ ਹੈ। ਚਰਨਜੀਤ ਕੌਰ ਨਾਂ ਦੀ ਗੁਰਦੁਆਰਾ ਪ੍ਰਬੰਧਕ ਨੇ 1999 ਵਿਚ ਹਾਈਕੋਰਟ ਵਿਚ ਇਸ ਬਾਰੇ ਪਟੀਸ਼ਨ ਪਾਈ ਸੀ। ਚੰਡੀਗੜ੍ਹ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਥਾਂ ਚੰਡੀਗੜ੍ਹ ਪ੍ਰਸ਼ਾਸਨ ਦੀ ਥਾਂ ਹੈ। ਇਸ ਥਾਂ 'ਤੇ ਟਰੈਫਿਕ ਰੈਗੂਲੇਟ ਕਰਨ ਵਾਸਤੇ ਗੋਲ ਚੱਕਰ ਬਣਾਇਆ ਜਾਣਾ ਹੈ। ਹਾਈ ਕੋਰਟ ਨੇ ਪ੍ਰਸ਼ਾਸਨ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਗੁਰਦੁਆਰਾ ਹਟਾਉਣ ਦੇ ਹੁਕਮ ਦਿੱਤੇ ਹਨ।



# ਮਿਸਾਲ ਬਣੀ ਖੇਤੀ ਉਦਯੋਗ ਵਿਚ ਬੀਬੀ ਰਜਿੰਦਰ ਕੌਰ ਸੁਨਾਮ

✪ ਆਚਾਰ ਚਟਣੀਆਂ ਦੇ ਨਾਲ-ਨਾਲ ਮਸਾਲਾ ਤੇ ਸ਼ਹਿਦ ਤਿਆਰ ਕਰਨ ਲੱਗੀ ✪ ਆਪਣੇ ਪਿੰਡ ਦੀਆਂ ਔਰਤਾਂ ਨੂੰ ਰੁਜ਼ਗਾਰ ਵਲ ਲਗਾਇਆ



## ਖਾਸ ਖਬਰ

ਸੰਗਰੂਰ ਜ਼ਿਲ੍ਹੇ ਦੇ ਬਲਾਕ ਸੁਨਾਮ ਵਿਚ ਪੈਂਦੇ ਪਿੰਡ ਚੱਠਾ ਨਨਹੇੜਾ ਦੀ ਰਜਿੰਦਰ ਕੌਰ ਆਪਣੇ ਪੇਕਿਆਂ ਤੋਂ ਵਿਰਾਸਤੀ ਖੇਤੀ ਦੀ ਜਾਣਕਾਰੀ ਅਤੇ ਤਜਰਬਾ ਲੈ ਕੇ ਸਹੁਰਿਆਂ ਦੀ ਹਿੱਸੇ ਆਈ ਢਾਈ ਏਕੜ ਜ਼ਮੀਨ ਵਿਚ ਪੂਰੀ ਕਾਮਯਾਬੀ ਨਾਲ ਫ਼ਸਲਾਂ ਦੀ ਕਾਸ਼ਤ ਕਰ ਰਹੀ ਹੈ। ਸ਼ੁਰੂਆਤ ਵਿਚ ਕਣਕ-ਝੋਨੇ ਦੀ ਰਵਾਇਤੀ ਖੇਤੀ ਕਰ ਕੇ ਆਪਣੇ ਘਰ ਦੇ ਖ਼ਰਚੇ ਕੱਢੇ ਜਾਂਦੇ ਸੀ ਪਰ ਉਸ ਨੇ ਖੇਤੀ ਦੇ ਨਾਲ-ਨਾਲ ਕੁਝ ਵਿਲੱਖਣ ਕਰਨ ਦਾ ਮਨ ਬਣਾਇਆ। ਉਸ ਨੇ ਆਪਣੇ ਜ਼ਿਲ੍ਹੇ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਤੋਂ ਕੱਪੜੇ ਧੋਣ ਵਾਲੇ ਸਰਫ਼ ਨੂੰ ਬਣਾਉਣ ਦੀ ਸਿਖਲਾਈ ਲਈ ਅਤੇ ਕੰਮ ਸ਼ੁਰੂ ਕਰ ਦਿੱਤਾ। ਉਸ ਦਾ ਇਹ ਕੰਮ ਵਧੀਆ ਚੱਲ ਤਾਂ ਪਿਆ ਪਰ ਇਸ ਕੰਮ ਵਿਚ ਦਿੱਕਤ ਇਹ ਸੀ ਕਿ ਇਸ ਕੰਮ ਵਿਚ ਵਰਤਿਆ ਜਾਂਦਾ ਰਸਾਇਣ ਜ਼ਮੀਨ ਵਿਚ ਜਾ ਕੇ ਉਸ ਨੂੰ ਖ਼ਰਾਬ ਕਰਨ ਲੱਗਾ ਅਤੇ ਖੇਤੀ ਜਿਣਸਾਂ ਵਿਚ ਜ਼ਹਿਰ ਦੀ ਮਿਕਦਾਰ ਵਧਣ ਲੱਗੀ। ਇਸ ਗੱਲ 'ਤੇ ਉਸ ਨੇ ਬਹੁਤ ਹੀ ਗੰਭੀਰਤਾ ਨਾਲ ਸੋਚ ਵਿਚਾਰ ਕੀਤਾ ਤੇ ਨਤੀਜੇ ਵਜੋਂ ਸਰਫ਼ ਪਾਊਡਰ ਬਣਾਉਣ ਦੇ ਕੰਮ ਨੂੰ ਹਮੇਸ਼ਾ ਲਈ ਬੰਦ ਕਰ ਦਿੱਤਾ ਅਤੇ ਆਪਣੀ ਜ਼ਮੀਨ ਦੀ ਸਿਹਤ ਵੱਲ ਪੂਰਾ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਫਿਰ ਉਸ ਨੇ ਆਪਣੀ ਸਾਰੀ ਖੇਤੀ ਨੂੰ ਪੂਰੀ ਤਰ੍ਹਾਂ ਜੈਵਿਕ ਕਰ ਲਿਆ।

### ਪਿੰਡ ਦੀਆਂ ਔਰਤਾਂ ਨੂੰ ਵੀ ਦਿੱਤਾ ਰੁਜ਼ਗਾਰ

ਰਜਿੰਦਰ ਕੌਰ ਨੇ ਕ੍ਰਿਸ਼ੀ ਵਿਗਿਆਨ ਕੇਂਦਰ ਸੰਗਰੂਰ ਵੱਲੋਂ ਆਚਾਰ ਚਟਣੀਆਂ ਆਦਿ ਬਣਾਉਣ ਦੀ ਸਿਖਲਾਈ ਲੈ ਲਈ ਅਤੇ ਇਸ ਮੁਤਾਬਕ ਆਪਣਾ ਕੰਮ ਸ਼ੁਰੂ ਕੀਤਾ। ਉਸ ਨੇ ਕਣਕ-ਝੋਨੇ ਦੇ ਨਾਲ-ਨਾਲ ਆਪਣੇ ਖੇਤਾਂ ਵਿਚ ਹਲਦੀ, ਦਾਲਾਂ, ਲੱਸਣ, ਹਰੀਆਂ ਮਿਰਚਾਂ, ਨਿੰਬੂ ਆਦਿ ਦੀ ਕਾਸ਼ਤ ਕਰਨੀ ਸ਼ੁਰੂ ਕਰ ਦਿੱਤੀ। ਇਸ ਤੋਂ ਇਲਾਵਾ ਕਈ ਤਰ੍ਹਾਂ ਦੇ ਕੁਦਰਤੀ ਸੁਆਦਾਂ ਨੂੰ ਪੂਰਦੇ ਮਸਾਲੇ ਵੀ ਬਣਾਏ ਤੇ ਇਨ੍ਹਾਂ ਮਸਾਲਿਆਂ ਵਿਚ ਵਰਤੀਆਂ ਜਾਂਦੀਆਂ ਜਿਣਸਾਂ ਨੂੰ ਵੀ ਆਪਣੇ ਹੀ ਖੇਤਾਂ ਵਿਚ ਉਗਾਇਆ ਜਿਵੇਂ ਨਿਆਜ਼ਪੋਜ਼, ਪੁਦੀਨਾ, ਸੁਹੰਜਣਾ ਆਦਿ। ਉਸ ਨੇ ਆਚਾਰ ਚਟਣੀਆਂ ਦੇ ਨਾਲ-ਨਾਲ ਉਹ ਮਸਾਲਾ ਬਣਾਇਆ, ਜੋ ਦਹੀਂ, ਲੱਸੀ ਤੇ ਚਾਹ ਵਿਚ ਵਰਤਿਆ ਜਾਂਦਾ ਹੈ। ਇਸ ਸਾਮਾਨ ਦੀ ਵਧੀਆ ਵਿਕਰੀ ਲਈ ਉਪਰਾਲੇ ਕਰਨੇ ਸ਼ੁਰੂ ਕਰ ਦਿੱਤੇ। ਉਸ ਦੇ ਬਣਾਏ ਉਤਪਾਦਾਂ ਦੀ ਵਿਕਰੀ ਲਈ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਸੰਗਰੂਰ ਦਾ ਬਹੁਤ ਸਾਥ ਬਣਿਆ ਰਿਹਾ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਕਿਸਾਨ ਮੇਲਿਆਂ ਅਤੇ ਹੋਰ ਸਰਕਾਰੀ ਅਤੇ ਗ਼ੈਰ-ਸਰਕਾਰੀ ਵਿਭਾਗਾਂ ਅਤੇ ਸੰਸਥਾਵਾਂ ਵੱਲੋਂ ਲਾਏ ਜਾਂਦੇ ਮੇਲਿਆਂ ਅਤੇ ਪ੍ਰਦਰਸ਼ਨੀਆਂ ਵਿਚ ਇਸ ਸਾਮਾਨ ਦੀ ਵਧੀਆ ਵਿਕਰੀ ਹੋਣ ਲੱਗੀ। ਉਸ ਦੇ ਇਸ ਉੱਦਮ ਨੂੰ ਦੇਖਦਿਆਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ 2018 ਵਿਚ ਸਫ਼ਲ ਕਿਸਾਨ ਔਰਤ ਵਜੋਂ ਸਨਮਾਨਿਤ ਕੀਤਾ।

ਉਸ ਦਾ ਪਤੀ ਨੈਬ ਸਿੰਘ ਅਤੇ ਪੁੱਤਰ ਮਨਜੀਤ ਸਿੰਘ ਵੀ ਇਸ ਕੰਮ ਵਿਚ ਪੂਰਾ ਸਾਥ ਦਿੰਦੇ ਹਨ। ਇਸ ਦੇ ਨਾਲ ਹੀ ਉਸ ਨੇ ਕ੍ਰਿਸ਼ੀ ਵਿਗਿਆਨ ਕੇਂਦਰ ਸੰਗਰੂਰ ਵੱਲੋਂ ਸ਼ਹਿਦ ਮੱਖੀ ਪਾਲਣ ਦੀ ਸਿਖਲਾਈ ਵੀ ਲੈ ਲਈ, ਜਿਸ ਵਿਚ ਲਗਭਗ 15 ਡੱਬਿਆਂ ਦਾ ਸ਼ਹਿਦ ਦਾ ਕੰਮ ਵੀ ਪੂਰੀ ਕਾਮਯਾਬੀ ਨਾਲ ਕੀਤਾ ਜਾ ਰਿਹਾ ਹੈ। ਸ਼ਹਿਦ ਦੀਆਂ ਮੱਖੀਆਂ ਦੀ ਖ਼ੁਰਾਕ ਦਾ ਸਾਰਾ ਪ੍ਰਬੰਧ ਪਿੰਡ 'ਚ ਹੀ ਹੋ ਜਾਂਦਾ ਹੈ ਜਿਵੇਂ ਸਫ਼ੈਦਾ ਤੇ ਸਰ੍ਹੋਂ ਆਦਿ ਫ਼ਸਲਾਂ ਪਿੰਡ 'ਚ ਹੀ ਮਿਲ ਜਾਂਦੀਆਂ ਹਨ ਤੇ ਇਸ ਪੈਦਾ ਹੋਏ ਸ਼ਹਿਦ ਤੋਂ ਵੀ ਉਸ ਨੂੰ ਚੰਗੀ ਆਮਦਨ ਹੋ ਜਾਂਦੀ ਹੈ। ਭਵਿੱਖ ਵਿਚ ਉਸ ਦੀ ਇਹ ਯੋਜਨਾ ਹੈ ਕਿ ਕਣਕ-ਝੋਨੇ ਨੂੰ ਘਟਾ ਕੇ ਹੋਰ ਦੂਜੀਆਂ ਫ਼ਸਲਾਂ ਲਾਈਆਂ ਜਾਣ ਤੇ ਆਪਣੇ ਆਚਾਰ ਚਟਣੀਆਂ ਦੇ ਕੰਮ ਨੂੰ ਹੋਰ ਉੱਚੇ ਪੱਧਰ 'ਤੇ ਲੈ ਕੇ ਜਾਇਆ ਜਾਵੇ।

ਰਜਿੰਦਰ ਕੌਰ ਵਾਤਾਵਰਨ ਅਤੇ ਜ਼ਮੀਨ ਦੀ ਸਿਹਤ ਨੂੰ ਲੈ ਕੇ ਬਹੁਤ ਚਿੰਤਾ ਕਰਦੀ ਹੈ। ਉਹ ਆਪਣੀਆਂ ਸਾਰੀਆਂ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਖੇਤਾਂ ਵਿਚ ਹੀ ਜਜ਼ਬ ਕਰਦੀ ਹੈ, ਜਿਸ ਨਾਲ ਜ਼ਮੀਨ ਵਿਚ ਜੈਵਿਕ ਮਾਦੇ ਦੀ ਮਾਤਰਾ ਵਿਚ ਵਾਧਾ ਹੁੰਦਾ ਹੈ ਅਤੇ ਫ਼ਸਲਾਂ ਦਾ ਝਾੜ ਵਧੇਰੇ ਹੁੰਦਾ ਹੈ। ਧਰਤੀ ਹੇਠਲੇ ਪਾਣੀ ਦੀ ਹੁੰਦੀ ਬਰਬਾਦੀ ਨੂੰ ਲੈ ਕੇ ਉਹ ਬਹੁਤ ਚਿੰਤਾ ਕਰਦੀ ਹੈ, ਜਿਸ ਕਰਕੇ ਝੋਨੇ ਅਤੇ ਬਾਸਮਤੀ ਦੀ ਕਾਸ਼ਤ ਨੂੰ ਹੌਲੀ-ਹੌਲੀ ਘਟਾਉਣ ਦੀ ਯੋਜਨਾ ਬਣਾ ਰਹੀ ਹੈ। ਇਸ ਦੇ ਬਦਲ ਵਜੋਂ ਉਹ ਹੋਰ ਦੂਜੀਆਂ ਘੱਟ ਪਾਣੀ ਲੈਣ ਵਾਲੀਆਂ ਫ਼ਸਲਾਂ ਦੀ ਕਾਸ਼ਤ ਕਰਨਾ ਚਾਹੁੰਦੀ ਹੈ ਅਤੇ ਵਧੇਰੇ ਝਾੜ ਅਤੇ ਆਮਦਨ ਲੈਣਾ ਚਾਹੁੰਦੀ ਹੈ। ਉਸ ਵੱਲੋਂ ਬਣਾਏ ਗਏ ਸਾਰੇ ਉਤਪਾਦ ਬਹੁਤ ਹੀ ਸਾਫ਼-ਸੁਥਰੇ ਅਤੇ ਵਧੀਆ ਪੈਕ ਕੀਤੇ ਜਾਂਦੇ ਹਨ। ਉਸ ਜਿਹੀਆਂ ਉੱਦਮੀ ਔਰਤਾਂ ਆਪਣੇ ਪਰਿਵਾਰ ਦੀ ਸਿਹਤ ਹੀ ਨਹੀਂ ਸਗੋਂ ਹੋਰ ਲੋਕਾਂ ਦੀ ਚੰਗੀ ਸਿਹਤ ਲਈ ਵੀ ਵਚਨਬੱਧ ਹੁੰਦੀਆਂ ਹਨ। ਉਸ ਦੇ ਇਸ ਅਗਾਂਹਵਧੂ ਉੱਦਮ ਦੀ ਸ਼ਲਾਘਾ ਕਰਨੀ ਬਣਦੀ ਹੈ।

ਰਜਿੰਦਰ ਕੌਰ ਨੇ ਆਪਣੇ ਇਸ ਸਾਰੇ ਕੰਮ ਵਿਚ ਆਪਣੇ ਪਿੰਡ ਦੀਆਂ ਕੁਝ ਔਰਤਾਂ ਨੂੰ ਵੀ ਰੁਜ਼ਗਾਰ ਦਿੱਤਾ ਹੋਇਆ ਹੈ, ਜੋ ਕਿ ਆਚਾਰ, ਚਟਣੀਆਂ ਅਤੇ ਮਸਾਲਿਆਂ ਦੀ ਪੈਕਿੰਗ ਵਿਚ ਉਸ ਦੀ ਮਦਦ ਕਰਦੀਆਂ ਹਨ। ਉਸ ਨੇ ਕਈ ਔਰਤਾਂ ਨੂੰ ਆਪਣੇ ਪੈਰਾਂ ਸਿਰ ਖੜ੍ਹਾ ਕੀਤਾ ਹੈ। ਉਸ ਦਾ ਇਹ ਉੱਦਮ ਸ਼ਲਾਘਾਯੋਗ ਹੈ।



# ਪਰਵਾਸੀ ਬੀਬੀ ਰਾਮ ਬਾਈ ਬਣੀ ਡਗਾਣਾ ਖੁਰਦ ਦੀ ਸਰਪੰਚ

## ✪ ਰਾਮ ਬਾਈ ਦਾ ਘਰਵਾਲਾ ਬਣ ਰਿਹਾ ਏ ਸਿੱਖ

ਹੁਸ਼ਿਆਰਪੁਰ-ਸ਼ਹਿਰ ਦੇ ਨਾਲ ਲੱਗਦੇ ਪਿੰਡ ਡਗਾਣਾ ਖੁਰਦ ਤੋਂ ਪਰਵਾਸੀ ਔਰਤ ਰਾਮ ਬਾਈ ਸਰਪੰਚ ਬਣ ਗਈ ਹੈ। ਪਿੰਡ ਦੀਆਂ ਕੁੱਲ 107 ਵਿੱਚੋਂ 47 ਵੋਟਾਂ ਰਾਮ ਬਾਈ ਨੂੰ ਪਈਆਂ, 17 ਵਿਰੋਧੀ ਉਮੀਦਵਾਰ ਨੂੰ ਅਤੇ ਬਾਕੀ ਪੋਲ ਹੀ ਨਹੀਂ ਹੋਈਆਂ। ਇਹ ਪਿੰਡ ਪਿਛਲੇ 10 ਸਾਲਾਂ ਤੋਂ ਅਨੁਸੂਚਿਤ ਜਾਤੀ (ਔਰਤਾਂ) ਲਈ ਰਾਖਵਾਂ ਹੈ। ਰਾਮ ਬਾਈ ਪਿਛਲੀ ਵਾਰ ਵੀ ਸਰਪੰਚ ਚੁਣੀ ਗਈ ਸੀ। ਪਿੰਡ ਦੀ ਪੰਚਾਇਤ ਦੇ ਹੋਰ ਮੈਂਬਰ ਸਰਬਸੰਮਤੀ ਨਾਲ ਚੁਣੇ ਗਏ।

ਰਾਮ ਬਾਈ ਘਰਾਂ ਦਾ ਕੰਮ ਕਰਦੀ ਹੈ ਅਤੇ ਉਸ ਦਾ ਪਤੀ ਰਾਜ ਮਿਸਤਰੀ ਹੈ। ਉਨ੍ਹਾਂ ਦੇ ਚਾਰ ਬੱਚੇ ਹਨ ਜੋ ਸਕੂਲ 'ਚ ਪੜ੍ਹਦੇ ਹਨ। ਰਾਮ ਬਾਈ ਅਤੇ ਉਸ ਦਾ ਪਤੀ ਰਾਜੂ 25-30 ਸਾਲ ਪਹਿਲਾਂ ਉੱਤਰ ਪ੍ਰਦੇਸ਼ ਦੇ ਅਲਾਹਾਬਾਦ ਸ਼ਹਿਰ ਤੋਂ ਹੁਸ਼ਿਆਰਪੁਰ ਆਏ ਸੀ।

ਰਾਜੂ ਨੇ ਦਾੜ੍ਹੀ ਰੱਖ ਲਈ ਅਤੇ ਦਸਤਾਰ ਸਜਾ ਲਈ। ਇਥੇ ਇਨ੍ਹਾਂ ਦੇ ਪਰਿਵਾਰ ਤੋਂ



ਇਲਾਵਾ ਗਿਣਤੀ ਦੇ ਹੀ ਲੋਕ ਅਨੁਸੂਚਿਤ ਜਾਤੀ ਨਾਲ ਸਬੰਧਤ ਹਨ। ਰਾਮ ਬਾਈ 5 ਜਮਾਤਾਂ ਪੜ੍ਹੀ ਹੋਈ ਹੈ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਪਾਕਿਸਤਾਨ ਕਰਤਾਰਪੁਰ ਲਾਂਘੇ ਨੂੰ ਲੈ ਕੇ ਨਵੀਂ ਬਣਾ ਰਿਹਾ ਏ ਯੋਜਨਾ

## ✪ ਨਨਕਾਣਾ ਸਾਹਿਬ ਤੱਕ ਵਧਾ ਸਕਦਾ ਏ ਲਾਂਘਾ ✪ 5 ਸਾਲ ਦਾ ਸਮਝੌਤਾ ਨਵੰਬਰ 2024 ਵਿਚ ਹੋ ਰਿਹਾ ਹੈ, ਖਤਮ





9 ਨਵੰਬਰ, 2019 ਨੂੰ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਤਤਕਾਲੀ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੁਆਰਾ ਉਦਘਾਟਨ ਕੀਤਾ ਗਿਆ ਕਰਤਾਰਪੁਰ ਲਾਂਘਾ, ਭਾਰਤੀ ਸ਼ਰਧਾਲੂਆਂ ਨੂੰ ਬਿਨਾਂ ਵੀਜ਼ਾ ਪਾਕਿਸਤਾਨ ਵਿੱਚ ਦਾਖਲ ਹੋਣ ਦੀ ਇਜਾਜ਼ਤ ਦਿੰਦਾ ਹੈ, ਹਾਲਾਂਕਿ ਕੁਝ ਸ਼ਰਤਾਂ ਲਾਗੂ ਹੁੰਦੀਆਂ ਹਨ। ਮੌਜੂਦਾ ਸਮਝੌਤੇ ਦੇ ਤਹਿਤ, ਹਰ ਰੋਜ਼ 5,000 ਭਾਰਤੀ ਸ਼ਰਧਾਲੂ ਗੁਰਦੁਆਰਾ ਦਰਬਾਰ ਸਾਹਿਬ ਦੇ ਦਰਸ਼ਨ ਕਰ ਸਕਦੇ ਹਨ, ਹਰੇਕ ਸ਼ਰਧਾਲੂ ਨੂੰ 20 ਡਾਲਰ ਦਾ ਸਰਵਿਸ ਚਾਰਜ ਅਦਾ ਕਰਨਾ ਪੈਂਦਾ ਹੈ। ਹਾਲਾਂਕਿ, ਰੋਜ਼ਾਨਾ ਸੈਲਾਨੀਆਂ ਦੀ ਅਸਲ ਗਿਣਤੀ ਅੰਦਾਜ਼ਨ 5,000 ਤੋਂ ਘੱਟ ਗਈ ਹੈ। ਹਰ ਰੋਜ਼ ਔਸਤਨ 200 ਤੋਂ ਘੱਟ ਸ਼ਰਧਾਲੂ ਆਉਂਦੇ ਹਨ।

ਕਰਤਾਰਪੁਰ ਲਾਂਘੇ ਲਈ ਪਹਿਲੇ ਪੰਜ ਸਾਲਾ ਸਮਝੌਤੇ ਦੀ ਮਿਆਦ ਨਵੰਬਰ 2024 ਦੇ ਸ਼ੁਰੂ ਵਿੱਚ ਖਤਮ ਹੋਣ ਵਾਲੀ ਹੈ। ਪਾਕਿਸਤਾਨ ਸਰਕਾਰ ਕਥਿਤ ਤੌਰ 'ਤੇ ਨਨਕਾਣਾ ਸਾਹਿਬ ਵਰਗੇ ਹੋਰ ਮਹੱਤਵਪੂਰਨ ਸਿੱਖ ਤੀਰਥ ਸਥਾਨਾਂ ਨੂੰ ਸ਼ਾਮਲ ਕਰਨ ਲਈ ਲਾਂਘੇ ਦਾ ਵਿਸਤਾਰ ਕਰਨਾ ਚਾਹੁੰਦੀ ਹੈ। ਕਰਤਾਰਪੁਰ ਸਾਹਿਬ 2019 ਵਿੱਚ ਦਸਤਖਤ ਕੀਤੇ ਗਏ ਸ਼ੁਰੂਆਤੀ ਸਮਝੌਤੇ ਨੇ ਭਾਰਤੀ ਸ਼ਰਧਾਲੂਆਂ ਲਈ ਪਾਕਿਸਤਾਨ ਦੇ ਨਾਰੋਵਾਲ ਜ਼ਿਲੇ ਦੇ ਗੁਰਦੁਆਰਾ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਲਈ ਵੀਜ਼ਾ-ਮੁਕਤ ਪਹੁੰਚ ਦੀ ਸਹੂਲਤ ਦਿੱਤੀ ਹੈ।

ਸੂਤਰਾਂ ਦਾ ਕਹਿਣਾ ਹੈ ਕਿ ਪਾਕਿਸਤਾਨ ਨਾ ਸਿਰਫ਼ ਲਾਂਘੇ ਦੇ ਨਵੀਨੀਕਰਨ ਵਿੱਚ ਦਿਲਚਸਪੀ ਜ਼ਾਹਰ ਕਰ ਸਕਦਾ ਹੈ, ਸਗੋਂ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਨਨਕਾਣਾ ਸਾਹਿਬ ਨੂੰ ਸ਼ਾਮਲ ਕਰਨ ਲਈ ਆਪਣਾ ਦਾਇਰਾ ਵਧਾ ਸਕਦਾ ਹੈ। ਇਸ ਪਹਿਲਕਦਮੀ ਨਾਲ ਸ਼ਰਧਾਲੂ ਸਿੱਖ ਧਰਮ ਦੇ ਦੋ ਸਭ ਤੋਂ ਪਵਿੱਤਰ ਸਥਾਨ ਨਨਕਾਣਾ ਸਾਹਿਬ ਅਤੇ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰ ਸਕਣਗੇ। ਇਸ ਤੋਂ ਇਲਾਵਾ ਪਾਕਿਸਤਾਨ ਕਥਿਤ ਤੌਰ 'ਤੇ ਸ਼ਰਧਾਲੂਆਂ ਨੂੰ ਸ਼ਾਮ ਤੱਕ ਭਾਰਤ ਪਰਤਣ ਦੀ ਮੌਜੂਦਾ ਜ਼ਰੂਰਤ ਦੀ ਬਜਾਏ ਕਰਤਾਰਪੁਰ ਸਾਹਿਬ ਵਿਖੇ ਰਾਤ ਭਰ ਰਹਿਣ ਦੀ ਆਗਿਆ ਦੇਣ ਦੇ ਪ੍ਰਸਤਾਵ 'ਤੇ ਵਿਚਾਰ ਕਰ ਰਿਹਾ ਹੈ।

### ਕਰਤਾਰਪੁਰ ਸਾਹਿਬ ਦੀ ਮਹੱਤਤਾ

ਕਰਤਾਰਪੁਰ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਭਾਰਤ ਦੀ ਸਰਹੱਦ ਤੋਂ ਚਾਰ ਕਿੱਲੋਮੀਟਰ ਦੂਰ ਹੈ। ਇਹ ਪਾਕਿਸਤਾਨ ਦੇ ਨਾਰੋਵਾਲ ਜ਼ਿਲ੍ਹੇ ਵਿੱਚ ਹੈ, ਜੋ ਲਾਹੌਰ ਤੋਂ 130 ਕਿਲੋਮੀਟਰ ਦੂਰ ਹੈ।

ਨਾਰੋਵਾਲ ਦੀ ਤਹਿਸੀਲ ਸ਼ੱਕਰਗੜ੍ਹ ਵਿੱਚ ਸਥਿਤ ਸਿੱਖਾਂ ਦਾ ਇਹ ਧਾਰਮਿਕ ਸਥਾਨ ਭਾਰਤ ਅਤੇ ਪਾਕਿਸਤਾਨ ਦੀਆਂ ਖ਼ਬਰਾਂ ਦੇ ਕੇਂਦਰ ਵਿਚ ਰਿਹਾ ਹੈ।

ਕਰਤਾਰਪੁਰ ਸਾਹਿਬ ਅਸਥਾਨ ਦਾ ਸਬੰਧ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨਾਲ ਹੈ। ਇੱਥੇ ਉਨ੍ਹਾਂ ਆਪਣੀ ਜ਼ਿੰਦਗੀ ਦੇ ਆਖ਼ਰੀ ਸਾਲ ਗੁਜ਼ਾਰੇ ਸਨ।

ਉਨ੍ਹਾਂ ਨੇ ਰਾਵੀ ਦਰਿਆ ਦੇ ਕੰਢੇ ਇਹ ਨਗਰ ਵਸਾਇਆ ਅਤੇ ਇੱਥੇ ਖੇਤੀ ਕਰਕੇ ਗੁਰੂ ਨਾਨਕ ਦੇਵ ਜੀ ਨੇ "ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ" ਦਾ ਫ਼ਲਸਫ਼ਾ ਦਿੱਤਾ ਸੀ।

ਇਤਿਹਾਸ ਮੁਤਾਬਕ ਗੁਰੂ ਨਾਨਕ ਦੇਵ ਜੀ ਵੱਲੋਂ ਭਾਈ ਲਹਿਣਾ ਜੀ ਨੂੰ ਗੁਰਗੱਦੀ ਵੀ ਇਸ ਸਥਾਨ 'ਤੇ ਹੀ ਸੌਂਪੀ ਗਈ ਸੀ, ਜਿਨ੍ਹਾਂ ਨੂੰ ਦੂਜੀ ਪਾਤਸ਼ਾਹੀ ਗੁਰੂ ਅੰਗਦ ਦੇਵ ਜੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ ਅਤੇ ਆਖ਼ਿਰ ਵਿਚ ਗੁਰੂ ਨਾਨਕ ਦੇਵ ਜੀ ਇਸੇ ਸਥਾਨ 'ਤੇ ਹੀ ਜੋਤੀ ਜੋਤਿ ਸਮਾਏ ਸਨ।

ਕਰਤਾਰਪੁਰ ਸਾਹਿਬ ਪਾਕਿਸਤਾਨ ਵਿਚ ਹੈ ਅਤੇ ਦੋਵਾਂ ਮੁਲਕਾਂ ਨੇ ਨਾਨਕ ਨਾਮ ਲੇਵਾ ਦੀ ਸਹੂਲਤ ਲਈ ਭਾਰਤ ਦੇ ਡੇਰਾ ਬਾਬਾ ਨਾਨਕ ਅਤੇ ਕਰਤਾਰਪੁਰ ਵਿਚਾਲੇ ਨਵੰਬਰ 2019 ਵਿਚ ਕੋਰੀਡੋਰ ਦਾ ਉਦਘਾਟਨ ਹੋਇਆ ਸੀ।

### ਕਰਤਾਰਪੁਰ ਜਾਣ ਦੀ ਪ੍ਰਕਿਰਿਆ

ਅਜੇ ਤੱਕ ਇਸ ਪ੍ਰਕਿਰਿਆ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ ਹੈ ਅਤੇ ਇਸਦੇ ਲਈ ਪਹਿਲਾਂ ਵਾਲੀ ਪ੍ਰਕਿਰਿਆ ਹੀ ਅਪਨਾਉਣੀ ਪਏਗੀ :

ਕਰਤਾਰਪੁਰ ਸਾਹਿਬ ਦੀ ਯਾਤਰਾ ਕਰਨ ਵਾਲੇ ਸ਼ਰਧਾਲੂਆਂ ਨੂੰ ਸਭ ਤੋਂ ਪਹਿਲਾਂ ਭਾਰਤ ਸਰਕਾਰ ਦੇ ਪੋਰਟਲ https://prakashpurb550.mha.gov.in/kpr / ਉੱਤੇ ਰਜਿਸਟਰ ਕਰਨਾ ਹੋਵੇਗਾ।

ਯਾਤਰਾ ਤੋਂ ਚਾਰ ਦਿਨ ਪਹਿਲਾਂ ਯਾਤਰੀਆਂ ਨੂੰ ਯਾਤਰਾ ਦੀ ਸੂਚਨਾ ਮਿਲੇਗੀ। ਯਾਤਰਾ ਬਿਨਾ ਵੀਜ਼ੇ ਦੀ ਹੋਵੇਗੀ ਪਰ ਇਸ ਦੇ ਲਈ ਇਸ ਆਨ ਲਾਈਨ ਪੋਰਟਲ ਤੋਂ ਯਾਤਰਾ ਦਾ ਪਰਮਿਟ ਲੈਣਾ ਜ਼ਰੂਰੀ ਹੋਵੇਗਾ।

ਯਾਤਰਾ ਦੇ ਆਨਲਾਈਨ ਬਿਨੈ-ਪੱਤਰ ਜਮ੍ਹਾਂ ਕਰਾਉਣ ਲਈ ਮੋਬਾਈਲ ਨੰਬਰ ਜ਼ਰੂਰੀ ਹੈ। ਯਾਤਰਾ ਦੇ ਆਨਲਾਈਨ ਬਿਨੈ-ਪੱਤਰ ਜਮ੍ਹਾਂ ਕਰਾਉਣ ਲਈ ਈ-ਮੇਲ ਆਈ.ਡੀ ਜ਼ਰੂਰੀ ਨਹੀਂ ਹੈ।

ਹਾਲਾਂਕਿ ਜੇ ਆਨਲਾਈਨ ਵੇਰਵੇ ਜਮ੍ਹਾਂ ਕਰਦੇ ਸਮੇਂ ਈ-ਮੇਲ ਆਈ.ਡੀ ਮੁਹੱਈਆ ਕਰੋਗੇ ਤਾਂ ਇਲੈਕਟਰਾਨਿਕ ਟਰੈਵਲ ਆਥੋਰਾਈਜੇਸ਼ਨ (ਈਟੀਏ) ਨੂੰ ਈ-ਮੇਲ ਵਿੱਚ ਅਟੈਚਮੈਂਟ ਦੇ ਤੌਰ 'ਤੇ ਹਾਸਿਲ ਕੀਤਾ ਜਾ ਸਕਦਾ ਹੈ।

ਬਦਲ ਦੇ ਤੌਰ 'ਤੇ ਮੋਬਾਇਲ ਸੰਦੇਸ਼ ਵਿਚ ਦਿੱਤੇ ਲਿੰਕ ਤੋਂ ਈਟੀਏ ਡਾਊਨਲੋਡ ਕੀਤਾ ਜਾ ਸਕਦਾ ਹੈ।

# ਐਲਨ ਮਸਕ ਨੇ ਭਾਰਤ ਦੀ ਚੋਣ ਪ੍ਰਕਿਰਿਆ 'ਤੇ ਸਵਾਲ ਖੜ੍ਹਾ ਕੀਤਾ

## ✪ ਮੋਦੀ ਸਰਕਾਰ ਤੇ ਚੋਣ ਕਮਿਸ਼ਨ ਘਿਰੇ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ ਦੇ ਹੈਕ ਮਸਲੇ ਉਪਰ ✪ ਈ.ਵੀ.ਐੱਮ. ਨੂੰ ਹੈਕ ਕਰਨਾ ਬਹੁਤ ਆਸਾਨ-ਮਸਕ



ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਅਤੇ ਸੈਟੇਲਾਈਟ ਇੰਟਰਨੈੱਟ ਸੇਵਾ ਦੇਣ ਵਾਲੀ ਕੰਪਨੀ ਸਪੇਸਐਕਸ ਦੇ ਮਾਲਕ ਐਲਨ ਮਸਕ ਨੇ ਭਾਰਤ ਦੀ ਚੋਣ ਪ੍ਰਕਿਰਿਆ 'ਤੇ ਇਕ ਵਾਰ ਫਿਰ ਵੱਡਾ ਸਵਾਲ ਖੜ੍ਹਾ ਕਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ ਨੂੰ ਹੈਕ ਕਰਨਾ ਬਹੁਤ ਆਸਾਨ ਹੈ। ਅਮਰੀਕਾ 'ਚ ਇਕ ਟਾਊਨਹਾਲ ਪ੍ਰੋਗਰਾਮ ਦੌਰਾਨ ਐਲਨ ਮਸਕ ਨੇ ਕਿਹਾ ਕਿ ਮੇਰੇ ਵਿਚਾਰ ਨਾਲ ਕਾਗਜ਼ੀ ਵੋਟਾਂ ਹੀ ਸਭ ਤੋਂ ਭਰੋਸੇਮੰਦ ਹਨ। ਮੈਂ ਇਕ ਤਕਨੀਕੀ ਮਾਹਿਰ ਹਾਂ ਅਤੇ ਕੰਪਿਊਟਰ ਬਾਰੇ ਬਹੁਤ ਕੁਝ ਜਾਣਦਾ ਹਾਂ। ਇਸ ਲਈ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਈ.ਵੀ.ਐੱਮ. ਨੂੰ ਹੈਕ ਕਰਨਾ ਬਹੁਤ ਆਸਾਨ ਹੈ।' ਐਲਨ ਮਸਕ ਦੇ ਇਸ ਬਿਆਨ ਨੇ ਭਾਰਤ ਦੀ ਮੋਦੀ ਸਰਕਾਰ ਨੂੰ ਬੇਹੱਦ ਅਸਹਿਜ ਕਰ ਦਿੱਤਾ ਹੈ। ਭਾਰਤ ਵਿਚ ਪਿਛਲੇ ਕੁਝ ਸਾਲਾਂ ਤੋਂ ਚੋਣ ਪ੍ਰਕਿਰਿਆ ਸ਼ੱਕ ਦੇ ਘੇਰੇ ਵਿਚ ਹੈ ਅਤੇ ਈ. ਵੀ. ਐੱਮ. ਦੀ ਵਿਸ਼ਵਾਸਯੋਗਤਾ 'ਤੇ ਸਵਾਲ ਉੱਠ ਰਹੇ ਹਨ ਪਰ ਮੋਦੀ ਸਰਕਾਰ ਈ. ਵੀ. ਐੱਮ. 'ਤੇ ਅੜੀਅਲ ਵਤੀਰਾ ਅਪਣਾਉਂਦੀ ਦਿਖਾਈ ਦਿੰਦੀ ਹੈ। ਚੋਣ ਕਮਿਸ਼ਨ ਅਤੇ ਨਿਆਂ ਪਾਲਿਕਾ ਵੀ ਈ.ਵੀ.ਐੱਮ. ਨੂੰ ਬੇਹੱਦ ਪਵਿੱਤਰ ਗਊ ਦੀ ਤਰ੍ਹਾਂ ਮੰਨਦੀ ਹੈ। ਫਿਲਹਾਲ ਐਲਨ ਮਸਕ ਦੇ ਬਿਆਨ ਨੂੰ ਭਾਰਤ ਵਿਚ ਹੋਣ ਵਾਲੀਆਂ ਸੈਟੇਲਾਈਟ ਬ੍ਰਾਡਬੈਂਡ ਸਪੈਕਟ੍ਰਮ ਦੀ ਨਿਲਾਮੀ ਨਾਲ ਜੋੜ ਕੇ ਵੀ ਦੇਖਿਆ ਜਾ ਰਿਹਾ ਹੈ। ਦਰਅਸਲ ਐਲਨ ਮਸਕ ਭਾਰਤ ਵਿਚ ਸੈਟੇਲਾਈਟ ਬ੍ਰਾਡਬੈਂਡ ਸੇਵਾ ਸ਼ੁਰੂ ਕਰਨਾ ਚਾਹੁੰਦੇ ਹਨ। ਮੰਨਿਆ ਜਾ ਰਿਹਾ ਹੈ ਕਿ ਭਾਰਤ ਸਰਕਾਰ 'ਤੇ ਦਬਾਅ ਬਣਾਉਣ ਦੇ ਮਕਸਦ ਨਾਲ ਹੀ ਉਨ੍ਹਾਂ ਨੇ ਈ.ਵੀ.ਐੱਮ. 'ਤੇ ਬਿਆਨ ਦਿੱਤਾ ਹੈ। ਇੱਧਰ ਭਾਰਤ 'ਚ ਰਿਲਾਇੰਸ ਜੀਓ ਅਤੇ ਭਾਰਤੀ ਏਅਰਟੈੱਲ ਵੀ ਸਪੈਕਟ੍ਰਮ ਹਾਸਿਲ ਕਰਨਾ ਚਾਹੁੰਦੇ ਹਨ ਪਰ ਲਗਦਾ ਹੈ ਕਿ ਮੋਦੀ ਸਰਕਾਰ ਆਪਣੇ ਈ.ਵੀ.ਐੱਮ. ਪ੍ਰੇਮ ਦੇ ਚਲਦਿਆਂ ਐਲਨ ਮਸਕ ਨੂੰ ਨਾਰਾਜ਼ ਕਰਨ ਦਾ ਜ਼ੋਖ਼ਮ ਨਹੀਂ ਉਠਾਏਗੀ।

# ਨਿਆਂ ਦੀ ਤਸਵੀਰ ਬਦਲਣ ਦੀ ਥਾਂ ਭਾਰਤ ਸਰਕਾਰ ਜੱਜਾਂ ਦੀ ਕਮੀ ਪੂਰੀ ਕਰੇ

## ✪ ਜੇ ਹਾਲਾਤ ਇਹ ਰਹੇ ਤਾਂ ਪੈਂਡਿੰਗ ਮਾਮਲਿਆਂ ਨੂੰ ਨਿਪਟਾਉਣ ਵਿਚ 324 ਸਾਲ ਲੱਗ ਜਾਣਗੇ

ਆਜ਼ਾਦੀ ਤੋਂ ਬਾਅਦ ਸੁਪਰੀਮ ਕੋਰਟ ਕੰਪਲੈਕਸ ਵਿਚ ਯੂਰਪੀ ਸ਼ੈਲੀ ਵਿਚ ਨਿਆਂ ਦੀ ਦੇਵੀ ਦੀ ਉਹੀ ਮੂਰਤੀ ਸਥਾਪਤ ਕੀਤੀ ਗਈ ਸੀ, ਜਿਸ ਦੀ ਮੂਲ ਧਾਰਨਾ ਰੋਮਨ ਸੱਭਿਅਤਾ ਦੀ ਰਹੀ ਹੈ। ਅਰਥਾਤ, ਇਕ ਰੋਅਬਦਾਰ ਦੇਵੀ ਦੇ ਸੱਜੇ ਹੱਥ ਵਿਚ ਨਿਆਂ ਦੀ ਤੱਕੜੀ ਤੇ ਖੱਬੇ ਹੱਥ ਵਿਚ ਤਲਵਾਰ। ਦੇਵੀ ਦੀਆਂ ਅੱਖਾਂ 'ਤੇ ਪੱਟੀ ਦਾ ਅਰਥ ਇਹ ਸੀ ਕਿ ਉਹ ਬਿਨਾਂ ਪੱਖਪਾਤ ਦੇ ਨਿਆਂ ਦੇਵੇਗੀ। ਹਾਲਾਂਕਿ ਦੇਵੀ ਦੀਆਂ ਅੱਖਾਂ 'ਤੇ ਪੱਟੀ ਦੇ ਕਈ ਅਰਥ ਕੱਢੇ ਜਾਂਦੇ ਰਹੇ ਹਨ, ਜਿਸ ਵਿਚ ਇਕ ਨਿਰਪੱਖ ਨਿਆਂ ਦੀ ਥਾਂ ਕਾਨੂੰਨ ਦੇ ਅੰਨ੍ਹਾ ਹੋਣ ਨਾਲ ਵੀ ਹੈ। ਇਹੀ ਕਾਰਨ ਹੈ ਕਿ ਯੂਨਾਨ ਤੇ ਰੋਮਨ ਸੰਸਕਿਰਤੀ ਦੇ ਵਾਰਸ ਯੂਰਪ ਦੇ ਕੁਝ ਦੇਸ਼ਾਂ ਵਿਚ ਨਿਆਂ ਦੀ ਦੇਵੀ ਦੀਆਂ ਅੱਖਾਂ ਤੋਂ ਪੱਟੀ ਹਟਾ ਦਿੱਤੀ ਗਈ ਹੈ।

ਖੁਦ ਰੋਮਨ ਵਿਚ ਨਿਆਂ ਦੀ ਦੇਵੀ ਦੇ ਇਕ ਹੱਥ ਵਿਚ ਤਲਵਾਰ ਦੀ ਥਾਂ ਪੁਸਤਕ ਦਿਖਾਈ ਗਈ ਹੈ। ਹੋ ਸਕਦਾ ਹੈ ਕਿ ਸੁਪਰੀਮ ਕੋਰਟ ਵਿਚ ਪਿਛਲੇ ਦਿਨੀਂ ਸਥਾਪਤ ਨਵੀਂ ਮੂਰਤੀ ਦੇ ਪਿੱਛੇ ਕਲਪਨਾ ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਵੀ ਇਹੀ ਰਹੀ ਹੋਵੇ। ਨਵੀਂ ਦੇਵੀ ਰੋਮਨ ਇਸਤਰੀਆਂ ਵਾਂਗ ਟਿਊਨਿਕ ਦੀ ਥਾਂ ਸਾੜ੍ਹੀ ਪਹਿਨੀ ਹੋਈ ਹੈ। ਪੱਟੀ ਹਟਾ ਦਿੱਤੀ ਗਈ ਹੈ ਤੇ ਉਸ ਦੀਆਂ ਅੱਖਾਂ ਸਪੱਸ਼ਟ ਰੂਪ ਵਿਚ ਦੁਨੀਆ ਦੇਖ ਰਹੀਆਂ ਹਨ ਅਤੇ ਇਕ ਹੱਥ ਵਿਚ ਤੱਕੜੀ ਤੇ ਦੂਜੇ ਹੱਥ ਵਿਚ ਤਲਵਾਰ ਦੀ ਥਾਂ ਰਾਸ਼ਟਰੀ ਗ੍ਰੰਥ 'ਸੰਵਿਧਾਨ' ਫੜਾ ਦਿੱਤਾ ਗਿਆ ਹੈ। ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਨਿਆਂ ਦੀ ਦੇਵੀ ਦੀ ਪ੍ਰਤੀਬੱਧਤਾ ਸੰਵਿਧਾਨ ਦੀ ਭਾਵਨਾ ਮੁਤਾਬਕ ਸਾਰਿਆਂ ਨੂੰ ਨਿਰਪੱਖ ਨਿਆਂ ਦੇਣ ਦੀ ਹੈ।

ਜਜ਼ਬਾਤੀ ਤੌਰ 'ਤੇ ਨਿਆਂ ਦੀ ਦੇਵੀ ਦਾ ਰੂਪ ਬਦਲਣ ਦੀ ਕੋਸ਼ਿਸ਼ ਚੰਗੀ ਲਗਦੀ ਹੈ, ਪਰ ਭਾਰਤ ਵਿਚ ਨਿਆਂ ਦੀ ਜੋ ਹਾਲਤ ਹੈ, ਉਸ ਤੋਂ ਨਹੀਂ ਲਗਦਾ ਕਿ ਨਿਆਂ ਮਿਲਣ ਵਿਚ ਤੇਜ਼ੀ ਆਵੇਗੀ। ਭਾਰਤ ਸਰਕਾਰ ਅਨੁਸਾਰ ਹੇਠਲੀਆਂ ਅਦਾਲਤਾਂ 'ਚ 5388 ਜੱਜਾਂ ਦੇ ਅਹੁਦੇ ਖਾਲੀ ਹਨ। 25246 ਜੱਜ ਲੋੜੀਂਦੇ ਹਨ, ਪਰ 19858 ਕੰਮ ਕਰ ਰਹੇ ਹਨ। ਇਨ੍ਹਾਂ ਦੀ ਨਿਯੁਕਤੀ ਰਾਜ ਸਰਕਾਰਾਂ ਨੇ ਕਰਨੀ ਹੁੰਦੀ ਹੈ, ਪਰ ਸਿਆਸੀ ਗਿਣਤੀਆਂ-ਮਿਣਤੀਆਂ ਤੇ ਜੋੜ-ਤੋੜ ਕਾਰਨ ਅਹੁਦੇ ਭਰੇ ਨਹੀਂ ਜਾ ਰਹੇ।

ਸੁਪਰੀਮ ਕੋਰਟ ਦੇ ਜੱਜਾਂ ਦੀ ਗਿਣਤੀ ਪੂਰੀ ਹੋ ਗਈ ਹੈ, ਪਰ ਹਾਈ ਕੋਰਟਾਂ ਦੇ 327 ਜੱਜਾਂ ਦੇ ਅਹੁਦੇ ਅਜੇ ਵੀ ਖਾਲੀ ਹਨ। ਇਕ



ਪਾਸੇ ਜੱਜਾਂ ਦੀ ਟੋਟ ਹੈ, ਦੂਜੇ ਪਾਸੇ ਮੁਕੱਦਮਿਆਂ ਦਾ ਅੰਬਾਰ ਵਧਦਾ ਜਾ ਰਿਹਾ ਹੈ। ਹੇਠਲੀਆਂ ਅਦਾਲਤਾਂ ਵਿਚ ਪੰਜ ਕਰੋੜ 10 ਲੱਖ ਮੁਕੱਦਮੇ ਪੈਂਡਿੰਗ ਹਨ। ਇਕੱਲੀ ਸੁਪਰੀਮ ਕੋਰਟ ਵਿਚ ਹੀ 82 ਹਜ਼ਾਰ ਪੈਂਡਿੰਗ ਹਨ, ਜਦਕਿ ਹਾਈ ਕੋਰਟਾਂ ਵਿਚ 58 ਲੱਖ 62 ਹਜ਼ਾਰ ਮੁਕੱਦਮੇ ਪੈਂਡਿੰਗ ਹਨ। ਦੇਸ਼ ਵਿਚ ਇਕ ਲੱਖ 80 ਹਜ਼ਾਰ ਮਾਮਲੇ ਅਜਿਹੇ ਹਨ, ਜਿਹੜੇ 30 ਸਾਲ ਤੋਂ ਚੱਲ ਰਹੇ ਹਨ। ਨੀਤੀ ਆਯੋਗ ਨੇ 2018 ਵਿਚ ਇਕ ਰਿਪੋਰਟ ਵਿਚ ਕਿਹਾ ਸੀ ਕਿ ਜੇ ਸੁਣਵਾਈ ਇਸੇ ਤਰ੍ਹਾਂ ਹੁੰਦੀ ਰਹੀ ਤਾਂ ਸਾਰੇ ਪੈਂਡਿੰਗ ਮਾਮਲਿਆਂ ਨੂੰ ਨਿਪਟਾਉਣ ਵਿਚ 324 ਸਾਲ ਲੱਗ ਜਾਣਗੇ। ਨਿਆਂ ਦੇ ਨਿਰਪੱਖ ਹੋਣ ਦੇ ਨਾਲ ਹੀ ਇਹ ਵੀ ਜ਼ਰੂਰੀ ਹੈ ਕਿ ਉਹ ਵੇਲੇ ਸਿਰ ਮਿਲੇ, ਵਰਨਾ ਉਹ ਕਿੰਨਾ ਵੀ ਨਿਰਪੱਖ ਕਿਉ ਨਾ ਹੋਵੇ, ਕਿਸੇ ਕੰਮ ਦਾ ਨਹੀਂ ਰਹਿੰਦਾ।

ਅੱਜ ਭਾਰਤ 'ਚ 10 ਲੱਖ ਦੀ ਆਬਾਦੀ ਪਿੱਛੇ ਔਸਤਨ 21 ਜੱਜ ਕੰਮ ਕਰ ਰਹੇ ਹਨ, ਜਦਕਿ ਯੂਰਪ ਵਿਚ 210 ਤੇ ਅਮਰੀਕਾ 'ਚ 150 ਕਰ ਰਹੇ ਹਨ। ਜੇ ਅਮਰੀਕਾ ਦੇ ਪੈਮਾਨੇ 'ਤੇ ਵੀ ਚੱਲੀਏ ਤਾਂ 145 ਕਰੋੜ ਦੀ ਆਬਾਦੀ ਵਾਲੇ ਦੇਸ਼ ਦੇ ਪੈਂਡਿੰਗ ਮਾਮਲਿਆਂ ਦੇ ਨਿਬੇੜੇ ਲਈ 2 ਲੱਖ 17 ਹਜ਼ਾਰ ਜੱਜ ਚਾਹੀਦੇ ਹਨ।

ਸੁਪਰੀਮ ਕੋਰਟ ਵਿਚ ਨਿਆਂ ਦੀ ਦੇਵੀ ਦੀ ਸੂਰਤ ਤਾਂ ਬਦਲ ਦਿੱਤੀ ਗਈ ਹੈ, ਪਰ ਨਿਆਂ ਪ੍ਰਣਾਲੀ ਦੀ ਸੀਰਤ ਉਦੋਂ ਹੀ ਬਦਲੇਗੀ, ਜਦੋਂ ਜੱਜਾਂ ਦੇ ਸਾਰੇ ਅਹੁਦੇ ਭਰੇ ਜਾਣਗੇ ਤੇ 'ਤਾਰੀਖ ਪਰ ਤਾਰੀਖ' ਦਾ ਸਿਲਸਿਲਾ ਖਤਮ ਹੋਵੇਗਾ।

# ਭਾਗਵਤ ਕਦੇ ਨਹੀਂ ਚਾਹੁੰਦੇ ਕਿ ਹਿੰਦੂ ਸਮਾਜ ਆਪਣੀ ਦੁਰਦਸ਼ਾ ਦੇ ਅਸਲ ਕਾਰਨ ਪਛਾਣੇ

## ✪ ਹਿੰਦੂ ਸਮਾਜ ਦੀ ਫੁਟ ਦਾ ਕਾਰਣ ਜਾਤ ਪ੍ਰਥਾ, ਪਰ ਸੰਘ ਪਰਿਵਾਰ ਫੈਲਾ ਰਿਹਾ ਮੁਸਲਮਾਨਾਂ ਵਿਰੁੱਧ ਨਫਰਤ ✪ ਭੁੱਖ, ਬੇਕਾਰੀ, ਬਿਮਾਰੀ ਤੇ ਮਹਿੰਗਾਈ ਕਾਰਣ ਹਿੰਦੂ ਸਮਾਜ ਕਮਜ਼ੋਰ ਪਿਆ, ਸੰਘ ਪਰਿਵਾਰ ਚੁਪ ✪ ਸੰਘ ਪਰਿਵਾਰ ਨੂੰ ਕਿਉਂ ਡਰਾਉਂਦੀ ਹੈ ਘੱਟਗਿਣਤੀਆਂ ਦੀ ਇਕਜੁੱਟਤਾ

46 ਸਾਲਾ ਹੀਰਾ ਲਾਲ ਸ਼ਰਮਾ ਧਾਰਮਿਕ ਪ੍ਰਵਿਰਤੀ ਦਾ ਬੰਦਾ ਸੀ ਤੇ ਹਰ ਮੰਗਲਵਾਰ ਵਰਤ ਰੱਖਦਾ ਸੀ, ਜਿਸ ਨੇ ਆਰਥਿਕ ਤੰਗੀ ਕਾਰਨ ਪਿਛਲੇ ਮਹੀਨੇ ਦਿੱਲੀ ਵਿਚ ਆਪਣੀਆਂ ਚਾਰ ਧੀਆਂ ਨਾਲ ਖੁਦਕੁਸ਼ੀ ਕਰ ਲਈ। ਇਸ ਸਮੂਹਿਕ ਖੁਦਕੁਸ਼ੀ ਕਾਂਡ 'ਤੇ ਦਿੱਲੀ ਦੇ ਝੰਡੇਵਾਲਾ ਵਿਚ ਆਰ ਐੱਸ ਐੱਸ ਦੇ ਆਲੀਸ਼ਾਨ ਦਫਤਰ ਵਿਚ ਕੋਈ ਹਲਚਲ ਨਹੀਂ ਹੋਈ, ਜਿਸ ਦੇ ਮੁਖੀ ਮੋਹਨ ਭਾਗਵਤ ਹਿੰਦੂਆਂ ਨੂੰ ਜਾਗਰਤ ਤੇ ਇਕਜੁੱਟ ਹੋਣ ਦਾ ਸੱਦਾ ਦੇ ਰਹੇ ਹਨ। ਦੁਸਹਿਰੇ 'ਤੇ ਨਾਗਪੁਰ 'ਚ ਆਰ ਐੱਸ ਐੱਸ ਦੇ ਸਾਲਾਨਾ ਸਮਾਗਮ 'ਚ ਭਾਗਵਤ ਨੇ ਕਿਹਾ ਕਿ ਕਮਜ਼ੋਰੀ ਆਪਣੇ-ਆਪ ਵਿਚ ਬਿਪਤਾ ਦਾ ਕਾਰਨ ਹੈ। ਇਸ ਲਈ ਹਿੰਦੂਆਂ ਨੂੰ ਇਕਜੁੱਟ ਹੋ ਜਾਣਾ ਚਾਹੀਦਾ ਹੈ। ਬੰਗਲਾਦੇਸ਼ ਵਿਚ ਹਿੰਦੂ ਇਕਜੁੱਟ ਹੋਏ ਤਾਂ ਪਿਛਲੇ ਕੁਝ ਦਿਨਾਂ ਵਿਚ ਹਿੰਸਕ ਹਮਲਿਆਂ ਵਿਚ ਕਮੀ ਆਈ ਹੈ।

2024 ਆਰ ਐੱਸ ਐੱਸ ਦੀ ਸਥਾਪਨਾ ਦਾ ਸ਼ਤਾਬਦੀ ਵਰ੍ਹਾ ਹੈ, ਜਿਸ 'ਤੇ ਸਭ ਦੀ ਨਜ਼ਰ ਸੀ, ਪਰ ਭਾਗਵਤ ਦੇ ਭਾਸ਼ਣ ਵਿਚ ਹਿੰਦੂ ਸਮਾਜ ਦੀਆਂ ਅਸਲ ਕਮਜ਼ੋਰੀਆਂ ਨੂੰ ਲੈ ਕੇ ਕੋਈ ਚਿੰਤਾ ਨਹੀਂ ਦਿਖੀ। ਉਨ੍ਹਾਂ ਨੂੰ ਚਿੰਤਾ ਨਹੀਂ ਕਿ ਆਮ ਹਿੰਦੂ ਨੂੰ ਪੂਰਾ ਭੋਜਨ ਕਿਉ ਨਹੀਂ ਮਿਲ ਰਿਹਾ। ਨਾ ਬੇਰੁਜ਼ਗਾਰੀ ਦਿਸਦੀ ਹੈ।



ਭਾਗਵਤ ਨੂੰ ਇਹ ਵੀ ਚਿੰਤਾ ਨਹੀਂ ਕਿ ਬੀਮਾਰ ਪੈਣ ਕਾਰਨ ਹਿੰਦੂ ਬਿਨਾਂ ਇਲਾਜ ਦੇ ਮਰਨ ਲਈ ਮਜਬੂਰ ਹਨ। ਆਖਰਕਾਰ ਹੀਰਾ ਲਾਲ ਸ਼ਰਮਾ ਪਰਵਾਰ ਸਣੇ ਖੁਦਕੁਸ਼ੀ ਲਈ ਇਸੇ ਕਰਕੇ ਮਜਬੂਰ ਹੋਇਆ ਕਿ ਉਹ ਭੁੱਖ, ਬੇਕਾਰੀ, ਬਿਮਾਰੀ ਤੇ ਮਹਿੰਗਾਈ ਅੱਗੇ ਕਮਜ਼ੋਰ ਪੈ ਗਿਆ ਸੀ। ਉਹ ਨੌਜਵਾਨ ਧੀਆਂ ਦੀ ਸ਼ਾਦੀ ਲਈ ਦਾਜ ਦੀ ਚਿੰਤਾ ਨਾਲ ਕਿਸ ਕਦਰ ਘੁਲ ਰਿਹਾ ਹੋਵੇਗਾ, ਇਸ ਦਾ ਅੰਦਾਜ਼ਾ ਹੀ ਲਾਇਆ ਜਾ ਸਕਦਾ ਹੈ। ਨਾ ਦੁਨੀਆ ਦਾ ਸਭ ਤੋਂ ਤਾਕਤਵਰ ਹਿੰਦੂ ਸੰਗਠਨ ਆਰ ਐੱਸ ਐੱਸ ਉਸ ਨੂੰ ਭਵਿੱਖ ਦਾ ਭਰੋਸਾ ਦੇ ਸਕਿਆ ਤੇ ਨਾ ਹੀ ਮੋਦੀ ਸਰਕਾਰ ਦਾ ਉਹ ਇਸ਼ਤਿਹਾਰ, ਜਿਸ 'ਚ ਭਾਰਤ ਪੰਜਵੀਂ ਸਭ ਤੋਂ ਵੱਡੀ ਅਰਥਵਿਵਸਥਾ ਬਣ ਕੇ ਦੁਨੀਆ ਵਿਚ ਆਪਣਾ ਪਰਚਮ ਲਹਿਰਾ ਰਿਹਾ ਹੈ। ਹੀਰਾ ਲਾਲ ਦੇ ਪਰਿਵਾਰ ਨੇ ਵਿਵਸਥਾ ਨੂੰ ਲਾਅਨਤ ਘੱਲਦਿਆਂ ਚੁੱਪਚਾਪ ਮੌਤ ਨੂੰ ਗਲੇ ਲਾ ਲਿਆ।

ਮੋਹਨ ਭਾਗਵਤ ਬੰਗਲਾਦੇਸ਼ ਦੇ ਘੱਟਗਿਣਤੀ ਹਿੰਦੂਆਂ ਦੀ ਮਿਸਾਲ ਦੇ ਕੇ ਹਿੰਦੂਆਂ ਨੂੰ ਇਕਜੁੱਟ ਹੋਣ ਦਾ ਸੱਦਾ ਤਾਂ ਦੇ ਰਹੇ ਹਨ, ਪਰ ਭਾਰਤ ਦੀਆਂ ਘੱਟਗਿਣਤੀਆਂ ਦੀ ਇਕਜੁੱਟਤਾ ਆਰ ਐੱਸ ਐੱਸ ਨੂੰ ਡਰਾਉਂਦੀ ਹੈ। ਉਨ੍ਹਾਂ ਦੀ ਆਏ ਦਿਨ ਲਿੰਚਿੰਗ ਨੂੰ ਭਾਗਵਤ ਨਿੱਕੀ-ਮੋਟੀ ਗੱਲ ਕਹਿ ਕੇ ਟਾਲਦੇ ਹਨ ਅਤੇ ਇਸ 'ਤੇ ਦੂਜੇ ਦੇਸ਼ਾਂ ਤੋਂ ਉੱਠਣ ਵਾਲੇ ਸਵਾਲਾਂ ਨੂੰ ਭਾਰਤ ਖਿਲਾਫ ਕੌਮਾਂਤਰੀ ਸਾਜ਼ਿਸ਼ ਦੱਸਦੇ ਹਨ, ਜਦਕਿ ਖੁਦ ਚਾਹੁੰਦੇ ਹਨ ਕਿ ਬੰਗਲਾਦੇਸ਼ ਵਿਚ ਹਿੰਦੂਆਂ 'ਤੇ ਹੋਣ ਵਾਲੇ ਜ਼ੁਲਮਾਂ ਖਿਲਾਫ ਦੁਨੀਆ ਨੂੰ ਬੋਲਣਾ ਚਾਹੀਦਾ ਹੈ। ਉਨ੍ਹਾਂ ਦੀ ਨਜ਼ਰ ਵਿਚ ਹਿੰਦੂ ਹੀ ਖਤਰੇ ਵਿਚ ਹਨ, ਭਾਵੇਂ ਕਿ ਦਸ ਸਾਲਾਂ ਤੋਂ ਮੋਦੀ ਰਾਜ ਚੱਲ ਰਿਹਾ ਹੈ। ਦਰਅਸਲ ਭਾਗਵਤ ਕਦੇ ਨਹੀਂ ਚਾਹੁੰਦੇ ਕਿ ਭਾਰਤ ਦਾ ਬਹੁਗਿਣਤੀ ਹਿੰਦੂ ਸਮਾਜ ਅਸਲ ਵਿਚ ਜਾਗੇ ਅਤੇ ਆਪਣੀ ਦੁਰਦਸ਼ਾ ਦੇ ਅਸਲ ਸਿਆਸੀ, ਸਮਾਜੀ ਤੇ ਆਰਥਿਕ ਕਾਰਨਾਂ ਨੂੰ ਪਛਾਣੇ।

ਹਿੰਦੂ ਸਮਾਜ ਦੀ ਏਕਤਾ ਦੇ ਰਾਹ ਵਿਚ ਸਭ ਤੋਂ ਵੱਡਾ ਰੋੜਾ ਜਾਤ ਪ੍ਰਥਾ ਹੈ, ਜਿਸ ਨੂੰ ਖਤਮ ਕਰਨ ਦਾ ਆਰ ਐੱਸ ਐੱਸ ਦਾ ਇਰਾਦਾ ਨਹੀਂ। ਆਰ ਐੱਸ ਐੱਸ ਲਈ ਹਿੰਦੂ ਏਕਤਾ ਦਾ ਮਤਲਬ ਪਿੰਡ-ਪਿੰਡ ਮੁਸਲਮਾਨਾਂ 'ਤੇ ਹਮਲੇ ਕਰਨ ਲਈ ਤਿਆਰ ਰਹਿਣ ਵਾਲੀਆਂ ਹਿੰਦੂ ਨੌਜਵਾਨਾਂ ਦੀਆਂ ਟੋਲੀਆਂ ਤੋਂ ਹੈ। ਭਿਆਨਕ ਬੇਰੁਜ਼ਗਾਰੀ ਝੱਲ ਰਹੇ ਹਿੰਦੂ ਨੌਜਵਾਨਾਂ ਲਈ ਉਸ ਕੋਲ ਇਹੀ ਪ੍ਰੋਗਰਾਮ ਹੈ। ਨਫਰਤ ਦੇ ਆਧਾਰ 'ਤੇ ਹਿੰਦੂ ਸਮਾਜ ਨੂੰ ਸੰਗਠਤ ਕਰਕੇ ਪੂੰਜੀਵਾਦੀ ਲੁੱਟ ਦਾ ਰਾਹ ਪੱਧਰਾ ਕਰਨ ਵਾਲੀ ਰਾਜ ਸੱਤਾ ਦਾ ਨਿਰਮਾਣ ਹੀ ਆਰ ਐੱਸ ਐੱਸ ਦਾ ਨਿਸ਼ਾਨਾ ਹੈ। ਉਸ ਦੇ ਸੌ ਸਾਲ ਦੇ ਸਫਰ ਦਾ ਇਹੀ ਹਾਸਲ ਹੈ।

# ਕੁਝ ਠੱਗਾਂ ਵਲੋਂ ਆਨਲਾਈਨ ਟ੍ਰੇਡਿੰਗ ਦੇ ਨਾਂ 'ਤੇ ਇਕ ਕਰੋੜ 20 ਲੱਖ ਦੀ ਮਾਰੀ ਠੱਗੀ

## ✪ ਸੋਸ਼ਲ ਮੀਡੀਆ 'ਤੇ ਕੀਤਾ ਸੀ ਸੰਪਰਕ, ਪੁਲਿਸ ਵਲੋਂ ਮਾਮਲਾ ਦਰਜ

ਬਠਿੰਡਾ-ਆਨਲਾਈਨ ਟ੍ਰੇਡਿੰਗ ਦੇ ਨਾਂ 'ਤੇ ਕੁਝ ਨੌਸਰਬਾਜਾਂ ਵੱਲੋਂ ਬਠਿੰਡਾ ਦੇ ਇਕ ਵਿਅਕਤੀ ਨਾਲ ਇਕ ਕਰੋੜ 20 ਲੱਖ ਰੁਪਏ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਥਾਣਾ ਸਾਈਬਰ ਸੈੱਲ ਦੀ ਪੁਲਿਸ ਨੇ ਠੱਗੀ ਮਾਰਨ ਵਾਲੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਐੱਸਐੱਸਪੀ ਬਠਿੰਡਾ ਨੂੰ ਦਿੱਤੀ ਦਰਖ਼ਾਸਤ ਵਿਚ ਹਰਵਿੰਦਰ ਸਿੰਘ ਬਰਾੜ ਨੇ ਦੱਸਿਆ ਕਿ 28 ਫਰਵਰੀ 2024 ਨੂੰ ਉਸ ਦੇ ਫੇਸਬੁਕ ਅਕਾਊਂਟ ਉੱਪਰ ਇਕ ਵੀਡੀਓ ਆਈ ਹੋਈ ਸੀ ਜਿਸ ਵਿਚ ਇਹ ਲੋਨ ਮਸਕ ਮਾਲਕ ਐਕਸ ਕੰਪਨੀ ਐਂਡ ਇਨਫੋਰਸਿਸ ਦੇ ਚੇਅਰਮੈਨ ਮੂਰਤੀ ਵੱਲੋਂ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਟ੍ਰੇਡਿੰਗ ਕਰਨ ਦੇ ਪ੍ਰਾਜੈਕਟ ਬਾਰੇ ਕਿਹਾ ਜਾ ਰਿਹਾ ਸੀ। ਪੀੜਤ ਨੇ ਦੱਸਿਆ ਕਿ ਉਕਤ ਵੀਡੀਓ ਦੇ ਥੱਲੇ ਇਕ ਟਾਈਮਰ ਲੱਗਾ ਹੋਇਆ ਸੀ, ਜਿਸ ਵਿਚ ਲਿਖਿਆ ਸੀ ਕਿ ਤੁਸੀਂ ਵੀ ਏਆਈ ਰਾਹੀਂ ਟ੍ਰੇਡਿੰਗ ਦਾ ਹਿੱਸਾ ਬਣ ਸਕਦੇ ਹੋ, ਕਿਉਂਕਿ ਇਸ ਦੀਆਂ ਸੀਟਾਂ ਲਿਮਟਿਡ ਰਹਿ ਗਈਆਂ ਹਨ।

ਪੀੜਤ ਨੇ ਦੱਸਿਆ ਕਿ ਉਕਤ ਜਗ੍ਹਾ ਕਲਿੱਕ ਕਰਨ ਤੋਂ ਦੋ ਘੰਟੇ ਬਾਅਦ ਕਿਸੇ ਵਿਅਕਤੀ ਨੇ ਉਸਨੂੰ ਫੋਨ ਕੀਤਾ, ਜਿਸ ਵਿਚ ਪ੍ਰਾਜੈਕਟ ਬਾਰੇ ਵਿਚਾਰ ਚਰਚਾ ਕੀਤੀ। ਉਸ ਨੇ ਕਿਹਾ ਕਿ ਜੇਕਰ ਤੁਸੀਂ 200 ਡਾਲਰ ਕੰਪਨੀ ਵਿਚ ਨਿਵੇਸ਼ ਕਰੋਗੇ ਤਾਂ ਤੁਹਾਨੂੰ 100 ਡਾਲਰ ਹੋਰ ਕੰਪਨੀ ਦੇਵੇਗੀ।

ਜਦੋਂ ਪੀੜਤ ਨੇ ਕਿਹਾ ਕਿ ਉਸ ਨੂੰ ਟ੍ਰੇਡਿੰਗ ਬਾਰੇ ਕੋਈ ਜਾਣਕਾਰੀ ਨਹੀਂ ਹੈ ਤਾਂ ਉਕਤ ਵਿਅਕਤੀ ਨੇ ਕਿਹਾ ਕਿ ਉਸ ਨੂੰ ਟ੍ਰੇਡਿੰਗ ਲਈ ਇਕ ਪਰਸਨਲ ਮੈਨੇਜਰ ਕੰਪਨੀ ਵੱਲੋਂ ਮੁਹੱਈਆ ਕਰਵਾਇਆ ਜਾਵੇਗਾ। ਉਸਨੇ ਦੱਸਿਆ ਕਿ ਉਕਤ ਵਿਅਕਤੀ ਦੇ ਕਹਿਣ ਤੇ ਐੱਚਡੀਐੱਫਸੀ ਬੈਂਕ ਦੇ ਦਿੱਤੇ ਖਾਤੇ ਵਿਚ 200 ਡਾਲਰ ਲਗਪਗ 17500 ਤਬਦੀਲ ਕਰ ਦਿੱਤੇ ਗਏ, ਜਦੋਂ ਉਸਨੇ ਅਕਾਊਂਟ ਚੈੱਕ ਕੀਤਾ ਤਾਂ ਉਕਤ ਖਾਤੇ ਵਿਚ 100 ਡਾਲਰ ਕੰਪਨੀ ਵੱਲੋਂ ਵੀ ਪਾਇਆ ਗਿਆ ਸੀ।

ਪੀੜਤ ਨੇ ਦੱਸਿਆ ਕਿ ਜਿਸ ਖਾਤੇ ਵਿਚ ਰਕਮ ਪਵਾਈ ਗਈ, ਉਹ ਭਾਰਤ ਦੀ ਬੈਂਕ ਦਾ ਖਾਤਾ ਸੀ।

ਪੀੜਤ ਨੇ ਦੱਸਿਆ ਕਿ ਇਸ ਤੋਂ ਦੋ ਦਿਨਾਂ ਬਾਅਦ ਇਕ ਰਿਹਾਨ ਨਾਮ ਦੇ ਵਿਅਕਤੀ ਦਾ ਫੋਨ ਆਇਆ ਜਿਸ ਵਿਚ ਉਸਨੇ ਕਿਹਾ ਕਿ ਉਸ ਦਾ ਖਾਤਾ ਮੌਰੀਸੀਐਸ ਵਿਚ ਵੀ ਖੁੱਲ੍ਹ ਗਿਆ ਹੈ। ਫੋਨ ਕਰਨ ਵਾਲੇ ਵਿਅਕਤੀ ਨੇ ਆਪਣੇ ਆਪ ਨੂੰ ਉਸ ਦਾ



ਮੈਨੇਜਰ ਕਰਾਰ ਦਿੱਤਾ। ਉਸ ਨੇ ਜਦੋਂ ਟ੍ਰੇਡਿੰਗ ਲਈ ਕੰਪਨੀ ਵਿਚ ਪੈਸਾ ਨਿਵੇਸ਼ ਕਰਨਾ ਸ਼ੁਰੂ ਕੀਤਾ ਤਾਂ ਉਕਤ ਵਿਅਕਤੀਆਂ ਨੇ ਲਗਾਤਾਰ ਉਸ ਉੱਪਰ ਕੰਪਨੀ ਵਿਚ ਨਿਵੇਸ਼ ਕਰਨ ਲਈ ਦਬਾਅ ਪਾਇਆ। ਪੀੜਤ ਨੇ ਦੱਸਿਆ ਕਿ ਇਕ ਜਾਂ ਦੋ ਹਫਤਿਆਂ ਬਾਅਦ ਕਥਿਤ ਦੋਸ਼ੀ ਉਸਦੇ ਬੈਂਕ ਖਾਤੇ ਨੂੰ ਜ਼ੀਰੋ ਕਰ ਦਿੰਦੇ ਸਨ ਕਿ ਮਾਰਕੀਟ ਵੋਲਟਾਈਲ ਹੋ ਗਈ ਹੈ। ਉਹ ਕਹਿੰਦੇ ਸਨ ਕਿ ਟਰੈਡਸ ਸਟਾਕ ਆਊਟ ਹੋ ਗਈਆਂ ਹਨ ਜੇਕਰ ਹੋਰ ਪੈਸੇ ਪਾਏ ਜਾਣਗੇ ਤਾਂ ਪਹਿਲਾਂ ਵਾਲੇ ਪੈਸੇ ਸੇਵ ਰਹਿ ਸਕਦੇ ਹਨ।

ਪੀੜਤ ਨੇ ਦੱਸਿਆ ਕਿ ਉਨ੍ਹਾਂ ਕਿਹਾ ਕਿ ਜੇਕਰ ਖਾਤੇ ਵਿਚ ਪੈਸੇ ਪੈਣਗੇ ਤਾਂ ਹੀ ਸਟਾਫ ਆਊਟ ਹੋਈਆਂ ਟ੍ਰੇਡਿੰਗਾਂ ਨੂੰ ਦੁਬਾਰਾ ਚਲਾਇਆ ਜਾ ਸਕਦਾ ਹੈ। ਉਸਨੇ ਦੱਸਿਆ ਕਿ ਕੰਪਨੀ ਵੱਲੋਂ ਪਹਿਲਾਂ ਜਮਾਂ ਕੀਤੇ ਪੈਸਿਆਂ ਦੇ ਡੁੱਬਣ ਦਾ ਡਰ ਪਾ ਕੇ ਉਸਨੂੰ ਬਲੈਕਮੇਲ ਕੀਤਾ ਗਿਆ ਅਤੇ ਲਗਾਤਾਰ ਉਸ ਕੋਲੋਂ ਪੈਸੇ ਜਮਾਂ ਕਰਵਾਏ ਜਾਂਦੇ ਰਹੇ। ਪੀੜਤ ਨੇ ਕਈ ਵਾਰ ਕੰਪਨੀ ਉੱਪਰ ਪੈਸੇ ਵਾਪਸ ਕਰਨ ਲਈ ਦਬਾਅ ਪਾਇਆ ਤਾਂ ਉਨ੍ਹਾਂ ਨੇ 500 ਡਾਲਰ ਅਕਾਊਂਟ ਵਿੱਚੋਂ ਕਢਵਾਉਣ ਲਈ ਪਾ ਦਿੱਤੇ।

ਪੀੜਤ ਹਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਤਰ੍ਹਾਂ ਉਕਤ ਕੰਪਨੀ ਨੇ ਉਸ ਨੂੰ ਲਾਲਚ ਦੇ ਕੇ ਇਕ ਕਰੋੜ 20 ਲੱਖ ਰੁਪਏ ਦੀ ਠੱਗੀ ਮਾਰ ਲਈ ਗਈ।

ਸਾਈਬਰ ਥਾਣੇ ਦੀ ਇੰਚਾਰਜ ਇੰਸਪੈਕਟਰ ਸੁਖਵੀਰ ਕੌਰ ਨੇ ਦੱਸਿਆ ਕਿ ਇਸ ਮਾਮਲੇ ਵਿਚ ਪੁਲਿਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਹੈ ਜਿਸ ਤੋਂ ਬਾਅਦ ਨਾ ਮਲੂਮ ਵਿਅਕਤੀਆਂ ਵੱਲੋਂ ਵਰਤੇ ਗਏ ਮੋਬਾਈਲਾਂ ਅਤੇ ਵੱਖ-ਵੱਖ ਖਾਤਿਆਂ ਦਾ ਰਿਕਾਰਡ ਹਾਸਲ ਕਰ ਕੇ ਉਨ੍ਹਾਂ ਨੂੰ ਨਾਮਜਦ ਕੀਤਾ ਜਾਵੇਗਾ।

# ਪੰਜਾਬ ਦੇ ਅਰਬਪਤੀ ਕਾਰੋਬਾਰੀ ਦੀ ਧੀ ਯੂਗਾਂਡਾ ਵਿਖੇ ਹਿਰਾਸਤ ਵਿਚ

## ✪ ਪਿਤਾ ਨੇ ਯੂਐਨਓ ਤੋਂ ਮੰਗੀ ਮਦਦ, ਕਿਹਾ ਕਿ ਮੈਨੂੰ ਗਲ ਨਹੀਂ ਕਰਨ ਦਿੱਤੀ ਜਾ ਰਹੀ

ਚੰਡੀਗੜ੍ਹ-ਪੰਜਾਬ ਦੇ ਵੱਡੇ ਅਰਬਪਤੀ ਕਾਰੋਬਾਰੀ ਓਸਵਾਲ ਗਰੁੱਪ ਦੇ ਮਾਲਕ ਪੰਕਜ ਓਸਵਾਲ ਦੀ ਧੀ ਵਸੁੰਧਰਾ ਓਸਵਾਲ ਨੂੰ ਯੁਗਾਂਡਾ ਵਿੱਚ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ 26 ਸਾਲਾ ਵਸੁੰਧਰਾ ਕੰਪਨੀ ਦਾ ਪਲਾਂਟ ਵੇਖਣ ਦੇ ਲਈ ਗਈ ਸੀ। ਪਿਤਾ ਪੰਕਜ ਓਸਵਾਲ ਨੇ ਧੀ ਨੂੰ ਛਡਾਉਣ ਦੇ ਲਈ ਯੂਐਨਓ ਤੋਂ ਮਦਦ ਮੰਗੀ ਹੈ।



ਹੁਣ ਤੱਕ ਸਾਹਮਣੇ ਆਈ ਜਾਣਕਾਰੀ ਦੇ ਮੁਤਾਬਿਕ ਪਲਾਂਟ ਦਾ ਮੈਨੇਜਰ ਕਾਫੀ ਦਿਨ ਤੋਂ ਗਾਇਬ ਸੀ ਜਿਸ ਦਾ ਇਲਜ਼ਾਮ ਵਸੁੰਧਰਾ ਓਸਵਾਨ 'ਤੇ ਲੱਗਿਆ ਅਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਪਿਤਾ ਪੰਕਜ ਓਸਵਾਲ ਨੇ ਕਿਹਾ ਮੇਰੀ ਧੀ ਨਾਲ ਯੁਗਾਂਡਾ ਵਿੱਚ ਬੁਰਾ ਸਲੂਕ ਕੀਤਾ ਗਿਆ ਹੈ ਮੈਨੂੰ ਗੱਲ ਕਰਨ ਦੀ ਇਜਾਜ਼ਤ ਨਹੀਂ ਹੈ। ਉਹ ਇਸ ਵੇਲੇ ਕਿੱਥੇ ਹੈ ? ਕੁਝ ਵੀ ਪਤਾ ਨਹੀਂ ਚੱਲ ਪਾ ਰਿਹਾ ਹੈ।

ਵਸੁੰਧਰਾ ਓਸਵਾਲ ਪੀਆਰਓ ਇੰਡਸਟ੍ਰੀਜ਼ ਦੀ ਐਗਜ਼ੀਕਿਊਟਿਵ ਡਾਇਰੈਕਟਰ ਹੈ ਉਹ ਯੁਗਾਂਡਾ ਵਿੱਚ ਈਐਨਏ ਪਲਾਂਟ ਦਾ ਦੌਰਾ ਕਰਨ ਦੇ ਲਈ ਗਈ ਸੀ। ਕੁਝ ਹਥਿਆਰਬੰਦ ਲੋਕਾਂ ਨੇ ਉਸ ਨੂੰ ਹਿਰਾਸਤ ਵਿੱਚ ਲਿਆ। ਪਿਤਾ ਓਸਵਾਲ ਇਸ ਵੇਲੇ ਵਿਦੇਸ਼ ਵਿੱਚ ਹਨ। ਉਨ੍ਹਾਂ ਦੀ ਪਤਨੀ ਵੱਲੋਂ ਵੀ ਪੋਸਟ ਪਾਕੇ ਮਦਦ ਮੰਗੀ ਗਈ ਹੈ। ਓਸਵਾਲ ਪਰਿਵਾਰ ਦੀ ਧੀ ਬੀਜੇਪੀ ਦੇ ਕੁਰੂਕਸ਼ੇਤਰ ਤੋਂ ਐੱਮਪੀ ਨਵੀਨ ਜਿੰਦਲ ਦੀ ਪਤਨੀ ਹੈ ਦੋਵਾਂ ਕਾਰੋਬਾਰੀਆਂ ਦਾ ਨਜ਼ਦੀਕੀ ਰਿਸ਼ਤਾ ਹੈ।

### -ਮਾਮਲਾ ਕੈਨੇਡਾ ਭੇਜਣ ਦੇ ਨਾਂ 'ਤੇ ਲੱਖਾਂ ਦੀ ਠੱਗੀ ਮਾਰਨ ਦਾ-

# ਟਰੈਵਲ ਏਜੰਟ ਨੇ 13.57 ਲੱਖ ਰੁਪਏ ਠੱਗੇ, ਮਾਮਲਾ ਦਰਜ

ਜਲੰਧਰ-ਥਾਣਾ ਬਾਰਾਦਰੀ ਦੀ ਪੁਲਿਸ ਨੇ ਵਿਦੇਸ਼ ਭੇਜਣ ਦੇ ਨਾਂ ਤੇ ਲੱਖਾਂ ਰੁਪਏ ਦੀ ਠੱਗੀ ਮਾਰਨ ਵਾਲੇ ਟਰੈਵਲ ਏਜੰਟ ਖਿਲਾਫ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਟਰੈਵਲ ਏਜੰਟ ਨੇ ਕੈਨੇਡਾ ਭੇਜਣ ਦੇ ਬਹਾਨੇ 13.57 ਲੱਖ ਰੁਪਏ ਦੀ ਠੱਗੀ ਮਾਰੀ। ਜਿਵੇਂ ਹੀ ਪੀੜਤ ਨੂੰ ਇਸ ਧੋਖਾਧੜੀ ਦਾ ਪਤਾ ਲੱਗਾ ਤਾਂ ਉਸ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ। ਜਾਂਚ ਤੋਂ ਬਾਅਦ ਥਾਣਾ ਬਾਰਾਦਰੀ ਦੀ ਪੁਲਿਸ ਨੇ ਦੋ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਮੁਲਜ਼ਮਾਂ ਦੀ ਪਛਾਣ ਪਰਮਿੰਦਰ ਸਿੰਘ ਅੰਮ੍ਰਿਤਸਰ ਤੇ ਨਵਦੀਪ ਵਜੋਂ ਹੋਈ ਹੈ। ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਅੰਮ੍ਰਿਤਸਰ ਵਾਸੀ ਅਰਵਿੰਦਰਜੀਤ ਸਿੰਘ ਨੇ ਦੱਸਿਆ ਕਿ ਉਸ ਨੇ ਆਪਣੇ ਭਰਾ ਨੂੰ ਕੈਨੇਡਾ ਭੇਜਣ ਲਈ ਪਰਮਿੰਦਰ ਸਿੰਘ ਤੇ ਨਵਦੀਪ ਕੋਲ ਫਾਈਲ ਕਰਵਾਈ ਸੀ। ਉਨ੍ਹਾਂ ਨੂੰ ਉਸ ਨੇ ਫੀਸ ਵਜੋਂ 13.57 ਲੱਖ ਰੁਪਏ ਜਮ੍ਹਾਂ ਕਰਵਾਏ ਸਨ। ਇਸ ਦੇ ਬਾਵਜੂਦ ਮੁਲਜ਼ਮਾਂ ਨੇ ਫਾਈਲ ਨਾ ਭਰ ਕੇ ਪੀੜਤ ਨਾਲ ਧੋਖਾਧੜੀ ਕੀਤੀ। ਕਾਫੀ ਸਮਾਂ ਬੀਤਣ ਦੇ ਬਾਅਦ ਵੀ ਜਦ ਉਸ ਨੂੰ ਵੀਜ਼ਾ ਨਹੀਂ ਲਗਵਾ ਕੇ ਦਿੱਤਾ ਤਾਂ ਉਸ ਨੇ ਆਪਣੇ ਪੈਸੇ ਵਾਪਸ ਮੰਗੇ। ਜਿਸ ਤੋਂ ਬਾਅਦ ਦੋਵਾਂ ਨੇ ਪੈਸੇ ਦੇਣ ਤੋਂ ਮਨਾ ਕਰ ਦਿੱਤਾ। ਜਦ ਉਨ੍ਹਾਂ ਦੇ ਦਫਤਰ ਦੇ ਚੱਕਰ ਲਗਾਏ ਗਏ ਤਾਂ ਉਨ੍ਹਾਂ ਨੇ ਗੱਲਬਾਤ ਕਰਨ ਤੋਂ ਵੀ ਇਨਕਾਰ ਕਰ ਦਿੱਤਾ। ਪੁਲਿਸ ਨੇ ਦੋਵਾਂ ਦੇ ਖਿਲਾਫ ਜਾਂਚ ਤੋਂ ਬਾਅਦ ਧੋਖਾਧੜੀ ਦਾ ਮਾਮਲਾ ਦਰਜ ਕਰ ਦਿੱਤਾ ਹੈ।

# ਬਲਾਤਕਾਰੀ ਸਾਧ ਨਾਰਾਇਣ ਨੂੰ ਗੁਜਰਾਤ ਹਾਈ ਕੋਰਟ ਨੇ ਦਿਤੀ ਜ਼ਮਾਨਤ

## ✪ ਕੇਵਲ ਚਾਰ ਘੰਟੇ ਲਈ ਪਿਤਾ ਬਾਪੂ ਆਸਾਰਾਮ ਨੂੰ ਜੋਧਪੁਰ ਜੇਲ ਵਿਚ ਮਿਲ ਸਕੇਗਾ

ਅਹਿਮਦਾਬਾਦ-ਰੇਪ ਦੇ ਮਾਮਲੇ ਵਿਚ ਸੂਰਤ ਦੀ ਲਾਜਪੋਰ ਜੇਲ੍ਹ ਵਿਚ ਬੰਦ ਨਾਰਾਇਣ ਸਾਈਂ ਨੂੰ ਆਪਣੇ ਪਿਤਾ ਆਸਾਰਾਮ ਨਾਲ ਜੋਧਪੁਰ ਜੇਲ੍ਹ ਵਿਚ ਮਿਲਣ ਦੀ ਹਾਈ ਕੋਰਟ ਤੋਂ ਸ਼ਰਤਾਂ 'ਤੇ ਇਜਾਜ਼ਤ ਮਿਲ ਗਈ ਹੈ। ਨਾਰਾਇਣ ਕੇਵਲ ਚਾਰ ਘੰਟੇ ਲਈ ਪਿਤਾ ਨੂੰ ਮਿਲ ਸਕੇਗਾ। ਰੇਪ ਦੇ ਹੀ ਇਕ ਹੋਰ ਮਾਮਲੇ ਵਿਚ ਆਸਾਰਾਮ ਜੇਲ੍ਹ ਵਿੱਚ ਬੰਦ ਹੈ। ਕਰੀਬ 11 ਸਾਲ ਬਾਅਦ ਪਿਤਾ-ਪੁੱਤ ਇਕ ਦੂਜੇ ਨੂੰ ਮਿਲ ਸਕਣਗੇ। ਨਰਾਇਣ ਸਾਈਂ ਪਿਛਲੇ ਕਰੀਬ 11 ਸਾਲਾਂ ਤੋਂ ਪਿਤਾ ਨੂੰ ਨਹੀਂ ਮਿਲ ਸਕੇ ਹਨ। ਹਾਈ ਕੋਰਟ ਵਿਚ ਪਟੀਸ਼ਨ ਦਾਖਲ ਕਰਕੇ ਉਸਦੇ ਵਕੀਲ ਰਾਜਨ ਯਾਦਵ ਨੇ ਦੱਸਿਆ ਕਿ ਆਸਾਰਾਮ ਦੀ ਤਬੀਅਤ ਖਰਾਬ ਹੈ ਤੇ ਨਾਰਾਇਣ ਨੂੰ ਉਸ ਨੂੰ ਮਿਲਣ ਦੀ ਜ਼ਮਾਨਤ ਦਿੱਤੀ ਜਾਣੀ ਚਾਹੀਦੀ ਹੈ। ਜ਼ਮਾਨਤ ਦੇ ਰੂਪ ਵਿਚ ਪੰਜ ਲੱਖ ਰੁਪਏ ਅਦਾਲਤ ਵਿਚ ਜਮ੍ਹਾਂ ਕਰਵਾਉਣੇ ਪੈਣਗੇ।



# ਕਿਸਮਤ ਦੇ ਸਿਤਾਰੇ

## ਵੀਰਵਾਰ 24 ਅਕਤੂਬਰ ਬੁੱਧਵਾਰ 30 ਅਕਤੂਬਰ 2024 ਤੱਕ

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ - (ਜਨਮ 14 ਮਾਰਚ ਤੋਂ 13 ਅਪ੍ਰੈਲ)** ਸੰਘਰਸ਼ ਭਰੇ ਹਾਲਾਤਾਂ ਦੇ ਬਾਵਜੂਦ ਕਾਰੋਬਾਰ ਵਿੱਚ ਗੁਜ਼ਾਰੇਯੋਗ ਆਮਦਨ ਦੇ ਸਾਧਨ ਬਣਦੇ ਰਹਿਣਗੇ। ਵਪਾਰ ਜਾਂ ਨੌਕਰੀ ਵਿੱਚ ਬਦਲਾਵ ਦਾ ਵਿਚਾਰ ਬਣੇਗਾ। ਸੰਤਾਨ ਸਬੰਧੀ ਕਿਸੇ ਵਿਗੜੇ ਕੰਮ ਵਿੱਚ ਸੁਧਾਰ ਤੇ ਕਾਰਜ ਸਿੱਧੀ ਦੇ ਯੋਗ ਹਨ। ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਰਹੇਗਾ।

**ਬ੍ਰਿਖ - (ਜਨਮ 14 ਅਪ੍ਰੈਲ ਤੋਂ 14 ਮਈ)** ਦਿਮਾਗੀ ਤਣਾਉ ਅਤੇ ਵਿੱਦਿਆ ਦੇ ਸਬੰਧ ਵਿੱਚ ਰੁਕਾਵਟਾਂ ਦੇ ਨਾਲ-ਨਾਲ ਕੁਝ ਆਰਥਿਕ ਪ੍ਰੇਸ਼ਾਨੀਆਂ ਵੀ ਬਣੀਆਂ ਰਹਿਣਗੀਆਂ। ਪਰਿਵਾਰਕ ਮੈਂਬਰਾਂ ਨਾਲ ਕਲਹ ਕਲੇਸ਼ ਰਹੇਗਾ। ਸਿਹਤ ਢਿੱਲੀ ਅਤੇ ਰਿਹਾਇਸ਼ੀ ਬਦਲਾਅ ਹੋ ਸਕਦੈ। ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਦੇ ਚੱਕਰ ਵਿੱਚ ਨਾ ਫਸੋ, ਨੁਕਸਾਨ ਹੋ ਸਕਦਾ ਹੈ।

**ਮਿਥੁਨ - (ਜਨਮ 15 ਮਈ ਤੋਂ 14 ਜੂਨ)** ਪਰਿਵਾਰਕ ਤੇ ਆਰਥਿਕ ਸਥਿਤੀ ਡਾਂਵਾਡੋਲ ਰਹੇਗੀ। ਗੁਪਤ ਪ੍ਰੇਸ਼ਾਨੀ, ਦੁਸ਼ਮਣ ਦਾ ਡਰ ਅਤੇ ਸਰੀਰਕ ਕਸ਼ਟ ਦੇ ਯੋਗ ਹਨ। ਗੈਰ ਜਰੂਰੀ ਕੰਮਾਂ 'ਤੇ ਧਨ ਦਾ ਖਰਚ ਜ਼ਿਆਦਾ ਹੋਵੇਗਾ। ਸਾਂਝੇਦਾਰੀ ਦੇ ਕੰਮਾਂ ਵਿੱਚ ਨੁਕਸਾਨ ਅਤੇ ਧਨ ਸਬੰਧੀ ਉਲਝਣਾਂ ਪੈਦਾ ਹੋਣਗੀਆਂ। ਮਾਤਾ ਪਿਤਾ ਬੱਚਿਆਂ ਨੂੰ ਗੁਰੂ ਘਰ ਜਰੂਰ ਲਿਜਾਉ।

**ਕਰਕ - (ਜਨਮ 15 ਜੂਨ ਤੋਂ 15 ਜੁਲਾਈ)** ਪਿਛਲੇ ਹਾਲਾਤਾਂ ਵਿੱਚ ਕੁਝ ਸੁਧਾਰ ਹੋਵੇਗਾ, ਕਿਸੇ ਨਵੇਂ ਕੰਮ 'ਤੇ ਧਨ ਖਰਚ ਦੀ ਯੋਜਨਾ ਬਣੇਗੀ। ਨਿਰਾਸ਼ਾ ਦੀ ਭਾਵਨਾ ਨੂੰ ਦੂਰ ਕਰਕੇ ਕੰਮ ਕਰਨਾ ਸ਼ੁੱਭ ਹੋਵੇਗਾ। ਸਮੇਂ ਦਾ ਸਹੀ ਇਸਤੇਮਾਲ ਕਰਨਾ ਠੀਕ ਹੋਵੇਗਾ। ਘਰੇਲੂ ਉਲਝਣਾਂ ਤੇ ਪ੍ਰੇਸ਼ਾਨੀਆਂ ਵਿੱਚ ਵਾਧੇ ਦੇ ਸੰਕੇਤ ਹਨ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ।

**ਸਿੰਘ - (ਜਨਮ 16 ਜੁਲਾਈ ਤੋਂ 15 ਅਗਸਤ)** ਇਸ ਹਫਤੇ ਧਨ ਲਾਭ ਸਾਧਾਰਨ ਹੀ ਹੋਵੇਗਾ। ਕਾਰਜ ਖੇਤਰ ਵਿੱਚ ਭੱਜ-ਦੌੜ ਜ਼ਿਆਦਾ ਰਹੇਗੀ। ਖਰਚੇ ਜ਼ਿਆਦਾ ਹੋਣ ਨਾਲ ਮਨ ਪ੍ਰੇਸ਼ਾਨ ਹੋਵੇਗਾ। ਖਾਸ ਮਿਹਨਤ ਤੋਂ ਬਾਅਦ ਹੀ ਕਾਮਯਾਬੀ ਦੀ ਉਮੀਦ ਕੀਤੀ ਜਾ ਸਕਦੀ ਹੈ। ਸਿਹਤ ਦਾ ਖਾਸ ਧਿਆਨ ਰੱਖਣ ਦੀ ਲੋੜ ਹੈ। ਆਪਣੇ ਬੱਚਿਆਂ ਨਾਲ ਇਕ ਘੰਟਾ ਜਰੂਰ ਪਰਿਵਾਰ ਦੀਆਂ ਗੱਲਾਂ ਬਾਤਾਂ ਕਰੋ।

**ਕੰਨਿਆ - (ਜਨਮ 16 ਅਗਸਤ ਤੋਂ 14 ਸਤੰਬਰ)** ਇਸ ਹਫਤੇ ਕਾਰੋਬਾਰ ਦੀ ਹਾਲਤ ਮੱਧਮ ਰਹੇਗੀ। ਬਣਦੇ ਕੰਮਾਂ ਵਿੱਚ ਰੁਕਾਵਟਾਂ ਹੋਣਗੀਆਂ, ਪਰ ਛੋਟੇ-ਛੋਟੇ ਕੰਮ ਨਿਪਟਾਨ ਨਾਲ ਜਰੂਰ ਲਾਭ ਮਿਲੇਗਾ। ਖਰਚ ਜ਼ਿਆਦਾ ਤੇ ਸਿਹਤ ਵੀ ਕੁਝ ਨਰਮ ਰਹੇਗੀ। ਰਿਸ਼ਤੇਦਾਰਾਂ ਨਾਲ ਮੇਲ-ਜੋਲ ਤੇ ਪਰਿਵਾਰ ਵਿੱਚ ਖੁਸ਼ੀ ਦੇ ਮੌਕੇ ਮਿਲਣਗੇ। ਘਰ ਵਿੱਚ ਸ਼ਰਾਬ ਦੀ ਵਰਤੋ ਨਾ ਕਰਨੀ।

**ਤੁਲਾ - (ਜਨਮ 15 ਸਤੰਬਰ ਤੋਂ 14 ਅਕਤੂਬਰ)** ਗੁਜ਼ਾਰੇਯੋਗ ਆਮਦਨ ਰਹੇਗੀ, ਪਰ ਖਰਚ ਵੀ ਕੁਝ ਜ਼ਿਆਦਾ ਹੋਣਗੇ। ਵਿਗੜੇ ਕੰਮਾਂ ਵਿੱਚ ਸੁਧਾਰ ਦੇ ਯੋਗ ਹਨ। ਪਰਿਵਾਰਕ ਸਹਿਯੋਗ ਮਿਲੇਗਾ, ਪਰ ਸਿਹਤ ਥੋੜ੍ਹੀ ਢਿੱਲੀ ਰਹੇਗੀ। ਜਲਦੀ ਉਤੇਜਿਤ ਹੋਣ ਨਾਲ ਕੋਈ ਬਣਿਆ ਕੰਮ ਵਿਗੜ ਸਕਦਾ ਹੈ। ਮਾਤਾ ਪਿਤਾ ਨੂੰ ਗੁਰਦੁਆਰਾ ਸਾਹਿਬ ਜਰੂਰ ਲੈ ਕੇ ਜਾਵੋ।

**ਬ੍ਰਿਸ਼ਚਕ - (ਜਨਮ 15 ਅਕਤੂਬਰ ਤੋਂ 13 ਨਵੰਬਰ)** ਹਫਤੇ ਦੇ ਸ਼ੁਰੂਆਤੀ ਦਿਨਾਂ ਵਿੱਚ ਕਾਰੋਬਾਰ ਵਿੱਚ ਮੁਸ਼ਕਿਲ ਹਾਲਾਤਾਂ ਦਾ ਸਾਹਮਣਾ ਰਹੇਗਾ। ਆਪਣੇ ਵੀ ਪਰਾਏ ਵਰਗਾ ਬਰਤਾਵ ਕਰਨਗੇ। ਘਰੇਲੂ ਉਲਝਣਾਂ ਕਾਰਨ ਤਣਾਉ, ਪਰ ਧਰਮ-ਕਰਮ ਵਿੱਚ ਰੁਝਾਨ ਰਹੇਗਾ। ਸਥਾਨ ਬਦਲਾਵ ਤੋਂ ਬਾਅਦ ਹੀ ਤਰੱਕੀ ਦੇ ਮੌਕੇ ਮਿਲਣਗੇ। ਸ੍ਰੀ ਜਪੁਜੀ ਜੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਰਹੇਗਾ।

**ਧਨੁ - (ਜਨਮ 14 ਨਵੰਬਰ ਤੋਂ 13 ਦਸੰਬਰ)** ਕੋਈ ਵਿਗੜਿਆ ਕੰਮ ਬਣੇਗਾ। ਆਰਥਿਕ ਪ੍ਰੇਸ਼ਾਨੀਆਂ, ਪਰਿਵਾਰਕ ਤੇ ਕਾਰੋਬਾਰੀ ਉਲਝਣਾਂ ਵੀ ਰਹਿਣਗੀਆਂ। ਵਾਦ-ਵਿਵਾਦ ਤੋਂ ਦੂਰ ਰਹੋ। ਫਜ਼ੂਲ ਭੱਜ-ਦੌੜ, ਮਨ ਉਚਾਟ, ਆਰਾਮ ਘੱਟ, ਮਨ ਵਿੱਚ ਅਸ਼ਾਂਤੀ ਬਣੀ ਰਹੇਗੀ। ਗੁਰੂ ਘਰ ਬੱਚਿਆਂ ਸਮੇਤ ਜਾ ਕੇ ਬਰਤਨ ਸਾਫ ਕਰਨ ਦੀ ਸੇਵਾ ਕਰੋ, ਕਮਾਈ ਵਿੱਚ ਬਰਕਤ ਹੋਵੇਗੀ।

**ਮਕਰ - (ਜਨਮ 14 ਦਸੰਬਰ ਤੋਂ 12 ਜਨਵਰੀ)** ਇਸ ਹਫਤੇ ਫਜ਼ੂਲ ਦੀ ਭੱਜ-ਦੌੜ ਅਤੇ ਸਿਹਤ ਵਿਕਾਰ ਦੀ ਸੰਭਾਵਨਾ ਰਹੇਗੀ। ਗੁੱਸਾ ਜ਼ਿਆਦਾ ਆਉਣ ਨਾਲ ਪ੍ਰੇਸ਼ਾਨੀ ਹੋਵੇਗੀ, ਪਰ ਕਾਰੋਬਾਰ ਵਿੱਚ ਤਰੱਕੀ ਦੇ ਯੋਗ ਹਨ। ਵਪਾਰ ਸਬੰਧੀ ਕੋਈ ਡੀਲ ਕਰਦੇ ਸਮੇਂ ਸੁਚੇਤ ਰਹਿਣ ਦੀ ਲੋੜ ਹੈ। ਕਿਸੇ ਦੀ ਨਿੰਦਾ-ਚੁਗਲੀ ਤੋਂ ਦੂਰ ਰਹੋ ਅਤੇ ਹਮੇਸ਼ਾ ਆਪਣੇ ਕੰਮ ਨਾਲ ਮਤਲਬ ਰੱਖੋ, ਸਮਾਜ ਵਿੱਚ ਮਾਣ-ਇੱਜ਼ਤ ਵਧੇਗਾ।

**ਕੁੰਭ - (ਜਨਮ 13 ਜਨਵਰੀ ਤੋਂ 11 ਫਰਵਰੀ)** ਸਰੀਰਕ ਕਸ਼ਟ ਅਤੇ ਦੁਸ਼ਮਣਾਂ ਕਰਕੇ ਪ੍ਰੇਸ਼ਾਨੀ ਦੇ ਯੋਗ ਹਨ। ਆਪਣੇ ਵੀ ਪਰਾਏ ਵਰਗਾ ਵਿਹਾਰ ਕਰਨਗੇ। ਆਮਦਨ ਨਾਲੋਂ ਖਰਚ ਵਧੇਰੇ ਹੋਵੇਗਾ। ਜ਼ਿਆਦਾ ਸਮਾਂ ਫਜ਼ੂਲ ਦੇ ਕੰਮਾਂ ਵਿੱਚ ਬੀਤੇਗਾ। ਗੁਜ਼ਾਰੇ ਯੋਗ ਆਮਦਨ ਦੇ ਸਾਧਨ ਬਣਦੇ ਰਹਿਣਗੇ। ਮਾਤਾ ਪਿਤਾ ਨੂੰ ਪਿਆਰ ਨਾਲ ਬੁਲਾਉ, ਕਾਰਜ ਸਿੱਧ ਹੋਣਗੇ।

**ਮੀਨ - (ਜਨਮ 12 ਫਰਵਰੀ ਤੋਂ 13 ਮਾਰਚ)** ਕਾਰਜ ਖੇਤਰ ਵਿੱਚ ਭੱਜ-ਦੌੜ ਜ਼ਿਆਦਾ, ਧਨ ਲਾਭ ਦੇ ਨਾਲ-ਨਾਲ ਖਰਚੇ ਵਿੱਚ ਵੀ ਵਾਧਾ ਹੋਵੇਗਾ। ਧਰਮ-ਕਰਮ ਵਿੱਚ ਰੁਝਾਨ ਤੇ ਸ਼ੁੱਭ ਕੰਮ ਵੀ ਹੋਣਗੇ। ਕਿਸੇ ਖਾਸ ਵਿਅਕਤੀ ਨਾਲ ਮੇਲ-ਜੋਲ ਦਾ ਲਾਭ ਬਹੁਤ ਜਲਦੀ ਮਿਲੇਗਾ। ਕਿਸੇ ਨਾਲ ਝਗੜਾ ਨਾ ਕਰਨਾ, ਨੁਕਸਾਨ ਦਾ ਡਰ ਹੈ। ਮਨ ਨੂੰ ਸਥਿਰ ਰੱਖਣ ਲਈ ਪਾਠ ਕਰੋ।-

## ਹਾਸੇ ਦੀ ਪਟਾਰੀ

**ਪਤਨੀ** (ਪਤੀ ਨੂੰ), ਮੈਂ ਕਿਹਾ ਜੀ ਕਿਥੇ ਜਾ ਰਹੇ ਹੋ?

ਪਤੀ, ਛੱਤ 'ਤੇ ਚਿੜੀਆਂ ਲਈ ਪਾਣੀ ਰੱਖਣ, ਕਿੰਨੀ ਜ਼ਿਆਦਾ ਗਰਮੀ ਹੈ ਨਾ।

ਪਤਨੀ, ਆ ਜਾਉ ਬੱਲੇ, ਸਾਰੀਆਂ ਚਿੜੀਆਂ ਪੇਕੇ ਚਲੀਆਂ ਗਈਆਂ ਹਨ।

*---*---*

**ਪਤੀ,** ਮੈਨੂੰ ਪਤਨੀ ਤੋਂ ਤਲਾਕ ਚਾਹੀਦਾ ਹੈ, ਉਹ ਭਾਂਡੇ ਸੁੱਟ ਕੇ ਮਾਰਦੀ ਹੈ।

ਜੱਜ, ਹੁਣੇ ਤੋਂ ਜਾਂ ਪਹਿਲਾਂ ਤੋਂ?

ਪਤੀ, ਪਹਿਲਾਂ ਤੋਂ।

ਜੱਜ, ਤਾਂ ਹੁਣ ਤਲਾਕ ਕਿਉਂ ਮੰਗ ਰਿਹਾ ਏਂ?

ਪਤੀ, ਹੁਣ ਉਸ ਦਾ ਨਿਸ਼ਾਨਾ ਪੱਕਾ ਹੋ ਗਿਆ ਹੈ।

*---*---*

**ਪੁਲਸ** (ਚੋਰ ਨੂੰ), ਤੂੰ ਇਕੋ ਦੁਕਾਨ 'ਤੇ ਪੰਜ ਵਾਰੀ ਚੋਰੀ ਕਿਉਂ ਕੀਤੀ?

ਚੋਰ, ਮੈਂ ਸਿਰਫ ਇਕੋ ਵਾਰੀ ਆਪਣੀ ਘਰਵਾਲੀ ਲਈ ਸੂਟ ਚੋਰੀ ਕੀਤਾ ਸੀ ਸਰ, ਬਾਕੀ ਦਿਨ ਤਾਂ ਕਲਰ ਬਦਲਣ ਗਿਆ ਸੀ।

ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £95 ☐
1 YEAR ---- £180 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME.......................................................................................................
ADDRESS.................................................................................................
...........................................................POST CODE...........................................
TEL..........................................................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.
TEL: 01332 372851 FAX: 01332 374819
or please ring on Mo: 07966 388 388
*www.panjabtimes.uk Email: Panjabtimes@aol.com*

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੁਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ


ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਸਿੱਖ ਧਰਮ ਦੇ ਪੈਰੋਕਾਰਾਂ ਲਈ ਪੰਜ ਤਖ਼ਤ ਸਰਵੋਤਮ ਹਨ

ਉਜਾਗਰ ਸਿੰਘ



ਸਿੱਖ ਧਰਮ ਦੇ ਪੈਰੋਕਾਰਾਂ ਲਈ ਪੰਜ ਤਖ਼ਤ ਸਰਵੋਤਮ ਹਨ। ਇਨ੍ਹਾਂ ਤਖ਼ਤਾਂ ਅਤੇ ਉਨ੍ਹਾਂ ’ਤੇ ਸ਼ਸ਼ੋਭਤ ਜਥੇਦਾਰ ਸਾਹਿਬਾਨ ਬਾਰੇ ਕੋਈ ਕਿੰਤੂ ਪ੍ਰੰਤੂ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸਿਆਣਪ ਤੋਂ ਕੰਮ ਲੈਂਦਿਆਂ ਗਿਅਨੀ ਹਰਪ੍ਰੀਤ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਅਸਤੀਫ਼ਾ ਰੱਦ ਕਰਕੇ ਤਖ਼ਤਾਂ ਦੇ ਜਥੇਦਾਰ/ਸਿੱਖ ਸੰਗਤ ਅਤੇ ਸ਼੍ਰੋਮਣੀ ਅਕਾਲੀ ਦਲ ਸ਼੍ਰੋਮਣੀ/ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਪਸੀ ਟਕਰਾਓ ਤੋਂ ਬਚਾ ਲਿਆ ਹੈ। ਜਿਸ ਤਰ੍ਹਾਂ ਹੁਣ ਸਿੱਖ ਧਰਮ ਦੇ ਵਕਾਰ ਨੂੰ ਸੱਟ ਮਾਰਨ ਲਈ ਹਮਲਾ ਹੋਇਆ ਹੈ, ਇਸੇ ਤਰ੍ਹਾਂ ਸਿੱਖ ਧਰਮ ਦੀ ਵੱਧਦੀ ਮਹੱਤਤਾ ਨੂੰ ਰੋਕਣ ਲਈ ਕਈ ਵਾਰ ਪਹਿਲਾਂ ਵੀ ਹਮਲੇ ਹੋਏ ਹਨ। ਅਕਾਲੀ ਫੂਲਾ ਸਿੰਘ ਤੋਂ ਬਾਅਦ ਪਹਿਲੀ ਵਾਰ ਸਿੱਖ ਪੰਥ ਦੇ ਜਥੇਦਾਰ ਸਾਹਿਬਨ ਵੱਲੋਂ ਪੰਥ ਵਿਰੋਧੀਆਂ ਦੀਆਂ ਅਵੱਗਿਆਵਾਂ ਬਾਰੇ ਦਲੇਰੀ ਵਾਲਾ ਫ਼ੈਸਲਾ ਕੀਤਾ ਗਿਆ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਇੱਕ ਸਾਬਕਾ ਸੀਨੀਅਰ ਅਕਾਲੀ ਨੇਤਾ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਸੰਬੰਧੀ ਕੀਤੇ ਗਏ ਕਿੰਤੂ ਪ੍ਰੰਤੂ ਤੋਂ ਬਾਅਦ, ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਅਚਾਨਕ ਅਸਤੀਫ਼ਾ ਦੇਣ ਨਾਲ ਸਿੱਖ ਪੰਥ ਹੈਰਾਨ ਅਤੇ ਪ੍ਰੇਸ਼ਾਨ ਹੋ ਗਿਆ ਸੀ ਕਿਉਂਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਇੱਕ ਸੁਲਝਿਆ ਹੋਇਆ ਸਿੱਖ ਸਿਧਾਂਤਾਂ ’ਤੇ ਪਹਿਰਾ ਦੇਣ ਵਾਲਾ ਦਲੇਰ ਜਥੇਦਾਰ ਸਮਝਿਆ ਜਾ ਰਿਹਾ ਹੈ। ਸਿੱਖ ਪੰਥ ਵਿੱਚ ਚਿੰਤਾ ਦੀ ਸਥਿਤੀ ਪੈਦਾ ਹੋ ਗਈ ਸੀ। 30 ਅਗਸਤ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹੀਆ ਕਰਾਰ ਦੇਣ ਤੋਂ ਬਾਅਦ ਪਾਰਟੀ ਦੇ ਭਵਿਖ ਲਈ ਘਬਰਾਹਟ ਵਿੱਚ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸੁਖਬੀਰ ਸਿੰਘ ਬਾਦਲ ਦੇ ਸ਼ਪਸ਼ਟੀਕਰਨ ਦੇਣ ਤੋਂ ਬਾਅਦ ਕੋਈ ਫ਼ੈਸਲਾ ਨਹੀਂ ਕੀਤਾ ਗਿਆ। ਤਨਖ਼ਾਹੀਆ ਪ੍ਰਧਾਨ ਸਿਆਸੀ ਕਾਰਵਾਈ ਨਹੀਂ ਕਰ ਸਕਦਾ, ਇਸ ਕਰਕੇ ਸੁਖਬੀਰ ਸਿੰਘ ਬਾਦਲ ਦੇ ਨਜ਼ਦੀਕੀ/ਕੋਟਰੀ ਬਹੁਤ ਜ਼ਿਆਦਾ ਚਿੰਤਾ ਵਿੱਚ ਹਨ। ਪ੍ਰੰਤੂ ਸੁਖਬੀਰ ਸਿੰਘ ਬਾਦਲ ਨੇ ਫਿਰ ਅਵੱਗਿਆ ਕਰਕੇ ਪੰਚਾਇਤ ਚੋਣਾਂ ਵਿੱਚ ਪ੍ਰਚਾਰ ਕੀਤਾ ਹੈ। ਦੂਜੇ ਪਾਸੇ ਪੰਜਾਬ ਦੀਆਂ ਚਾਰ ਵਿਧਾਨ ਸਭਾ ਦੀਆਂ ਉਪ ਚੋਣਾਂ ਦਾ ਐਲਾਨ ਹੋ ਗਿਆ ਹੈ। ਸਾਬਕਾ ਅਕਾਲੀ ਨੇਤਾ ਵਿਰਸਾ ਸਿੰਘ ਵਲਟੋਹਾ ਨੇ ਸੁਖਬੀਰ ਸਿੰਘ ਬਾਦਲ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਫ਼ੈਸਲੇ ਨੂੰ ਲਮਕਾਉਣ ਦੇ ਦੋਸ਼ ਲਗਾਏ ਅਤੇ ਮਰਿਆਦਾ ਵਿੱਚ ਨਾ ਰਹਿੰਦਿਆ ਜਥੇਦਾਰ ਸਾਹਿਬਾਨ ਬਾਰੇ ਬਿਆਨਬਾਜ਼ੀ ਕੀਤੀ ਗਈ ਸੀ। ਜਿਸ ਕਰਕੇ ਵਿਰਸਾ ਸਿੰਘ ਵਲਟੋਹਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਆਪਣਾ ਪੱਖ ਸ਼ਪਸ਼ਟ ਕਰਨ ਲਈ ਬੁਲਾਇਆ ਗਿਆ ਸੀ। ਆਪਣਾ ਪੱਖ ਪੇਸ਼ ਕਰਦਿਆਂ ਵਿਰਸਾ ਸਿੰਘ ਵਲਟੋਹਾ ਨੇ ਗਿਆਨੀ ਹਰਪ੍ਰੀਤ ਸਿੰਘ ’ਤੇ ਭਾਰਤੀ ਜਨਤਾ ਪਾਰਟੀ ਅਤੇ ਆਰ. ਐਸ. ਐਸ. ਦਾ ਏਜੰਟ ਹੋਣ ਦੇ ਦੋਸ਼ ਲਗਾ ਦਿੱਤੇ। ਜਿਹੜੇ ਨੇਤਾ ਗਿਆਨੀ ਹਰਪ੍ਰੀਤ ਸਿੰਘ ਉਪਰ ਬੀ. ਜੇ.ਪੀ. ਅਤੇ ਆਰ. ਐਸ. ਐਸ. ਨਾਲ ਮਿਲੇ ਹੋਣ ਦਾ ਇਲਜ਼ਾਮ ਲਗਾ ਰਹੇ ਹਨ, ਹਾਲਾਂ ਕਿ ਉਨ੍ਹਾਂ ਦਾ ਅਕਾਲੀ ਦਲ ਆਪ 1996 ਤੋਂ ਲਗਾਤਾਰ ਬੀ.ਜੇ.ਪੀ. ਦੇ ਭਾਈਵਾਲ ਬਣੇ ਹੋਏ ਹਨ।



ਪੰਜ ਸਿੰਘ ਸਾਹਿਬਾਨ ਨੇ ਵਿਰਸਾ ਸਿੰਘ ਵਲਟੋਹਾ ਨੂੰ ਸ਼੍ਰੋਮਣੀ ਅਕਾਲੀ ਦਲ ਵਿੱਚੋਂ 10 ਸਾਲ ਲਈ ਕੱਢਣ ਦਾ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਨੂੰ ਹੁਕਮ ਦੇ ਦਿੱਤਾ। ਇਸ ਤੋਂ ਬਾਅਦ ਵਿਰਸਾ ਸਿੰਘ ਵਲਟੋਹਾ ਨੇ ਸ਼ੋਸ਼ਲ ਮੀਡੀਆ ਤੇ ਫਿਰ ਆਪਣੇ ਦੋਸ਼ ਦੁਹਰਾ ਦਿੱਤੇ। ਗਿਆਨੀ ਹਰਪ੍ਰੀਤ ਸਿੰਘ ਦੇ ਕਹਿਣ ਅਨੁਸਾਰ ਉਸ ਦੀ ਕਿਰਦਾਰਕੁਸ਼ੀ ਕੀਤੀ ਗਈ ਹੈ ਅਤੇ ਉਸ ਦੀਆਂ ਪਰਵਾਸ ਵਿੱਚ ਪੜ੍ਹਾਈ ਕਰ ਰਹੀਆਂ ਧੀਆਂ ਬਾਰੇ ਅਪਸ਼ਬਦ ਕਹੇ ਗਏ ਅਤੇ ਉਨ੍ਹਾਂ ਨੂੰ ਅਗਵਾ ਕਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ। ਇਸ ਲਈ ਉਹ ਅਸਤੀਫ਼ਾ ਦੇ ਰਹੇ ਹਨ। ਗਿਆਨੀ ਰਘਵੀਰ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗਿਆਨੀ ਹਰਪ੍ਰੀਤ ਸਿੰਘ ਦਾ ਅਸਤੀਫਾ ਪ੍ਰਵਾਨ ਨਾ ਕਰਨ ਦੇ ਹੁਕਮ ਕਰ ਦਿੱਤੇ ਸਨ। ਉਨ੍ਹਾਂ ਇਹ ਵੀ ਕਿਹਾ ਸੀ ਕਿ ਜੇਕਰ ਗਿਆਨੀ ਹਰਪ੍ਰੀਤ ਸਿੰਘ ਦਾ ਅਸਤੀਫ਼ਾ ਪ੍ਰਵਾਨ ਕੀਤਾ ਜਾਂਦਾ ਹੈ ਤਾਂ ਉਨ੍ਹਾਂ ਦੇ ਸਮੇਤ ਬਾਕੀ ਜਥੇਦਾਰਾਂ ਨੂੰ ਅਸਤੀਫ਼ੇ ਦੇਣ ਲਈ ਮਜ਼ਬੂਰ ਹੋਣਾ ਪਵੇਗਾ। ਗਿਆਨੀ ਰਘਬੀਰ ਸਿੰਘ ਦੇ ਬਿਆਨ ਤੋਂ ਬਾਅਦ ਸਿੱਖ ਪੰਥ ਦਾ ਸੰਕਟ ਅਤਿਅੰਤ ਗਹਿਰਾ ਹੋ ਗਿਆ ਸੀ। ਇਉਂ ਮਹਿਸੂਸ ਹੋ ਰਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਸਿਆਸੀ ਤਾਕਤ ਤੋਂ ਬਿਨਾ ਰਹਿਣਾ ਮੁਸ਼ਕਲ ਹੋ ਗਿਆ ਲੱਗਦਾ ਹੈ। ਇਸ ਕਰਕੇ ਜਥੇਦਾਰ ਸਾਹਿਬਾਨ ’ਤੇ ਦਬਾਆ ਬਣਾਉਣ ਲਈ ਅਜਿਹੀਆਂ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ।

ਸ੍ਰੀ ਅਕਾਲ ਤਖ਼ਤ ਸਿੱਖ ਪੰਥ ਦੀ ਸਰਵੋਤਮ ਅਧਿਆਤਮਿਕ ਸੰਸਥਾ ਹੈ। ਇਸ ਸੰਸਥਾ ‘ਤੇ ਸ਼ਸ਼ੋਭਤ ਹੋਣ ਵਾਲੇ ਵਿਅਕਤੀ ਵੀ ਨਿਯੁਕਤੀ ਤੋਂ ਬਾਅਦ ਸਰਵੋਤਮ ਹੋ ਜਾਂਦੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਮੀਰੀ ਪੀਰੀ ਦੇ ਸਿਧਾਂਤ ਦੀ ਸੋਚ ਦਾ ਪ੍ਰਤੀਕ ਹੈ। ਗੁਰੂ ਸਾਹਿਬ ਦਾ ਭਾਵ ਪੀਰੀ ਅਰਥਾਤ ਸਿੱਖ ਧਰਮ ਦੀ ਪ੍ਰਫੁਲਤਾ ਵਿੱਚ ਰੁਕਾਵਟ ਪਾਉਣ ਵਾਲੇ ਨੂੰ ਰੋਕਣ ਲਈ ਮੀਰੀ ਦਾ ਹੋਣਾ ਅਤਿਅੰਤ ਜ਼ਰੂਰੀ ਸੀ ਪ੍ਰੰਤੂ ਉਨ੍ਹਾਂ ਦਾ ਭਾਵ ਇਹ ਨਹੀਂ ਸੀ ਕਿ ਪੀਰੀ, ਮੀਰੀ ਅਰਥਾਤ ਧਰਮ (ਸਿਆਸੀ ਤਾਕਤ) ਦੇ ਅਧੀਨ ਹੋ ਜਾਵੇ, ਇਸ ਕਰਕੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਰਵਪ੍ਰਵਾਣਤ ਸਿੱਖ ਧਰਮ ਦੇ ਨੈਤਿਕ ਕਦਰਾਂ ਕੀਮਤਾਂ ‘ਤੇ ਪਹਿਰਾ ਦੇਣ ਵਾਲੇ ਅਕਾਲੀ ਫੂਲਾ ਸਿੰਘ ਵਰਗੇ ਸਿਰਮੌਰ ਵਿਅਕਤੀ ਨਿਯੁਕਤ ਕੀਤੇ ਜਾਂਦੇ ਸਨ। ਪ੍ਰੰਤੂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮਾ ਨੂੰ ਨਿਯੁਕਤ ਕਰਨਾ ਸ਼ੁਰੂ ਕਰ ਦਿੱਤਾ, ਜਿਸ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫ਼ੈਸਲਿਆਂ ‘ਤੇ ਕਿੰਤੂ ਪ੍ਰੰਤੂ ਹੋਣ ਲੱਗ ਪਿਆ। ਮੇਰਾ ਏਥੇ ਮਤਲਵ ਇਹ ਨਹੀਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਉਚੇ ਕਿਰਦਾਰ ਦੇ ਮਾਲਕ ਨਹੀ ਹੁੰਦੇ। ਪ੍ਰੰਤੂ ਉਨ੍ਹਾਂ ਵਿੱਚੋਂ ਨਿਰਪੱਖ ਸੋਚ ਵਾਲੇ ਵਿਦਵਾਨ ਨਿਯੁਕਤ ਹੋਣੇ ਚਾਹੀਦੇ ਹਨ। ਉਹ ਜਥੇਦਾਰ ਬਣਨ ਤੋਂ ਬਾਅਦ ਮੁਲਾਜ਼ਮ ਨਹੀਂ ਹੋਣੇ ਚਾਹੀਦੇ। ਉਨ੍ਹਾਂ ਦੀ ਮਿਆਦ ਵੀ ਨਿਸਚਤ ਹੋਣੀ ਚਾਹੀਦੀ ਹੈ। ਭਾਵ ਜਥੇਦਾਰ ਸਾਹਿਬਾਨ ਦੀ ਨਿਯੁਕਤੀ ਦੇ ਧਾਰਮਿਕ ਨਿਯਮ ਹੋਣੇ ਚਾਹੀਦੇ ਹਨ। ਫਿਰ ਉਨ੍ਹਾਂ ਨੂੰ ਬਦਲਿਆ ਨਹੀਂ ਜਾ ਸਕੇਗਾ ਤਾਂ ਜੋ ਉਹ ਆਜ਼ਾਦਾਨਾ ਤੌਰ ਤੇ ਫ਼ੈਸਲੇ ਲੈ ਸਕਣ। ਸਿੱਖ ਧਰਮ ਦੇ ਵਰਤਮਾਨ ਸੰਕਟ ਦੀ ਜੜ੍ਹ ਡੇਰਾ ਸਿਰਸਾ ਦੇ ਰਾਮ ਰਹੀਮ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਿੱਖ ਪੰਥ ਦੀ ਵਿਚਾਰਧਾਰਾ ਦੇ ਵਿਰੁੱਧ ਮੁਆਫ਼ੀ ਦੇਣ ਦੇ ਲਏ ਗਏ ਫ਼ੈਸਲੇ ਹੀ ਹਨ। ਅਕਾਲੀ ਦਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣਾ ਇੱਕ ਵਿੰਗ ਸਮਝਣ ਲੱਗ ਪਿਆ, ਜਿਸ ਕਰਕੇ ਉਹ ਆਪਣੀ ਮਰਜ਼ੀ ਦੇ ਸਿਆਸੀ ਰੰਗਤ ਵਾਲੇ ਫ਼ੈਸਲੇ ਕਰਵਾਉਂਦਾ ਰਿਹਾ। ਗਿਆਨੀ ਹਰਪ੍ਰੀਤ ਸਿੰਘ ਦੇ ਅਸਤੀਫ਼ੇ ਨਾਲ ਸਿੱਖ ਪੰਥ ਗਹਿਰੇ ਸੰਕਟ ਵਿੱਚ ਘਿਰ ਗਿਆ ਹੈ। ਇਹ ਪਹਿਲੀ ਵਾਰ ਨਹੀਂ, ਇਸ ਤੋਂ ਪਹਿਲਾਂ ਵੀ ਸਿੱਖ ਪੰਥ ‘ਤੇ ਗਹਿਰੇ ਸੰਕਟ ਆਏ ਹਨ ਪ੍ਰੰਤੂ ਉਹ ਸੰਕਟ ਬਾਹਰੀ ਹੁੰਦੇ ਸਨ।

ਵਰਤਮਾਨ ਸੰਕਟ ਸਿੱਖ ਪੰਥ ਦੇ ਅੰਦਰੋਂ ਸ਼੍ਰੋਮਣੀ ਅਕਾਲੀ ਦਲ ਦੇ ਇੱਕ ਸਾਬਕਾ ਸੀਨਅਰ ਨੇਤਾ ਵੱਲੋਂ ਕੀਤਾ ਗਿਆ ਹੈ। ਸਿੱਖ ਪੰਥ ਦੇ ਮੁੱਦਈਆਂ ਵੱਲੋਂ ਸਿੱਖ ਸੰਸਥਾਵਾਂ ਦੀਆਂ ਮਰਿਆਦਾਵਾਂ ਦੀਆਂ ਉਲੰਘਣਾਵਾਂ ਲੰਬੇ ਸਮੇਂ ਤੋਂ ਹੋ ਰਹੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਕਦੀਂ ਵੀ ਅਜਿਹੀਆਂ ਘਟਨਾਵਾਂ ਨੂੰ ਸੰਜੀਦਗੀ ਨਾਲ ਨਹੀਂ ਲਿਆ, ਸਗੋਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ’ਤੇ ਦਬਾਆ ਪਾ ਕੇ ਅਜਿਹੀਆਂ ਘਟਨਾਵਾਂ ਨੂੰ ਆਪਣੇ ਸਿਆਸੀ ਨਿਸ਼ਾਨੇ ਪੂਰੇ ਕਰਨ ਲਈ ਸ਼ਹਿ ਦਿੰਦੇ ਰਹੇ ਹਨ। ਜਾਣੀ ਕਿ ਅਕਾਲੀ ਦਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਆਪਣੇ ਸਿਆਸੀ ਹਿਤ ਪੂਰੇ ਕਰਦਾ ਰਿਹਾ ਹੈ। ਵਰਤਮਾਨ ਸੰਕਟ ਵੀ ਸਿਆਸੀ ਹਿਤਾਂ ਦੀ ਪੂਰਤੀ ਲਈ ਕਰਵਾਇਆ ਜਾ ਰਿਹਾ ਹੈ। ਗ਼ਲਤੀ ਕਿਸੇ ਵੀ ਵਿਅਕਤੀ ਜਾਂ ਸੰਸਥਾ ਤੋਂ ਜਾਣੇ ਅਣਜਾਣੇ ਹੋ ਸਕਦੀ ਹੈ। ਉਹ ਗ਼ਲਤੀ ਸੁਧਾਰਨ ਦੀ ਥਾਂ ਸ਼੍ਰੋਮਣੀ ਅਕਾਲੀ ਦਲ ਗ਼ਲਤੀ ਤੇ ਗ਼ਲਤੀ ਕਰਦਾ ਆ ਰਿਹਾ ਹੈ। ਅਜਿਹੇ ਸੰਕਟ ਅਕਾਲੀ ਦਲ ਨੂੰ ਨੁਕਸਾਨ ਤਾਂ ਪਹੁੰਚਾ ਸਕਦੇ ਹਨ ਪ੍ਰੰਤੂ ਉਸਨੂੰ ਖ਼ਤਮ ਨਹੀਂ ਕਰ ਸਕਦੇ। ਇਹ ਚੰਗੀ ਗੱਲ ਹੈ ਕਿ ਸਿੱਖ ਪੰਥ ਨੇ ਅਜਿਹੇ ਸੰਕਟਮਈ ਸਮੇਂ ਵਿੱਚ ਇੱਕਮੁਠਤਾ ਦਾ ਸਬੂਤ ਦਿੱਤਾ ਹੈ। ਇਸ ਤੋਂ ਬਾਅਦ ਭਵਿਖ ਵਿੱਚ ਇਸ ਸਰਵੋਤਮ ਸੰਸਥਾ ਦੀ ਸਿਆਸੀ ਲੋਕ ਦੁਰਵਰਤੋਂ ਨਹੀਂ ਕਰ ਸਕਣਗੇ। ਇਨ੍ਹਾਂ ਘਟਨਾਵਾਂ ਦਾ ਜ਼ਿੰਮੇਵਾਰ ਇਕੱਲਾ ਸਿੱਖ ਪੰਥ ਹੀ ਨਹੀਂ ਸਗੋਂ ਸਿੱਖ ਸੰਸਥਾਵਾਂ ਦੇ ਉਚ ਅਹੁਦਿਆਂ ਤੇ ਸ਼ਸ਼ੋਭਤ ਤਤਕਾਲੀ ਵਿਅਕਤੀ ਵੀ ਬਰਾਬਰ ਦੇ ਜ਼ਿੰਮੇਵਾਰ ਰਹੇ ਹਨ, ਕਿਉਂਕਿ ਸਿੱਖ ਸੰਸਥਾਵਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ/ਸ਼੍ਰੋਮਣੀ ਅਕਾਲੀ ਦਲ ਆਪਣੇ ਸਿਆਸੀ ਹਿੱਤਾਂ ਲਈ ਵਰਤਦੀਆਂ ਰਹੀਆਂ ਹਨ। ਤੱਤਕਾਲੀ ਅਹੁਦੇਦਾਰ ਚੁੱਪ ਕਰਕੇ ਸਿਆਸੀ ਆਕਾਵਾਂ ਦੇ ਹੁਕਮ ਮੰਨਦੇ ਰਹੇ ਹਨ। ਹੁਣ ਇੱਕ ਦੂਜੇ ਬਾਰੇ ਦੂਸ਼ਣਬਾਜ਼ੀ ਤੁਰੰਤ ਬੰਦ ਹੋਣੀ ਚਾਹੀਦੀ ਹੈ। ਅਜਿਹੇ ਵਰਤਾਰੇ ਵਾਲਾ ਮਾਹੌਲ ਪਹਿਲਾਂ ਬਹੁਤ ਘੱਟ ਵੇਖਣ ਨੂੰ ਮਿਲਿਆ ਹੈ। ਇਉਂ ਮਹਿਸੂਸ ਹੋ ਰਿਹਾ ਹੈ ਕਿ ਜਿਵੇਂ ਸਿੱਖ ਪੰਥ ਵਿੱਚ ਘਰੇਲੂ ਖ਼ਾਨਜੰਗੀ ਵਰਗਾ ਵਾਤਾਵਰਨ ਬਣਾ ਰਿਹਾ ਹੈ। ਸਿੱਖ ਪੰਥ/ਸਿੱਖ ਲੀਡਰਸ਼ਿਪ/ ਸਿੱਖ ਸੰਸਥਾਵਾਂ ਦਾ ਜੋ ਨੁਕਸਾਨ ਪੰਥ ਵਿਰੋਧੀ ਆਗੂ ਜਾਂ ਜਥੇਬੰਦੀਆਂ ਨਹੀਂ ਕਰ ਸਕੀਆਂ, ਉਹ ਅਕਾਲੀ ਲੀਡਰਸ਼ਿਪ ਖੁਦ ਇੱਕ ਦੂਜੇ ’ਤੇ ਚਿਕੜ ਉਛਾਲਕੇ ਕਰ ਰਹੀ ਹੈ। ਸੰਕਟ ਦੀ ਘੜੀ ਵਿੱਚ ਸਿੱਖ ਬੁੱਧੀਜੀਵੀ, ਵਿਦਵਾਨ ਅਤੇ ਹੋਰ ਸੰਪਰਦਾਵਾਂ ਦੇ ਮੁਖੀਆਂ ਨੂੰ ਮਿਲ ਬੈਠਕੇ ਕੋਈ ਫ਼ਾਰਮੂਲਾ ਬਣਾਉਣ ਦੇ ਸੁਝਾਅ ਦੇਣੇ ਚਾਹੀਦੇ ਹਨ ਤਾਂ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਸਾਹਿਬਾਨ ਦੀ ਸਰਵਉਚਤਾ ਬਰਕਰਾਰ ਰਹਿ ਸਕੇ ਅਤੇ ਸ਼੍ਰੋਮਣੀ ਅਕਾਲੀ ਦਲ/ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣਾ ਖੋਇਆ ਵਕਾਰ ਮੁੜ ਬਹਾਲ ਕਰ ਸਕੇ।

ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

# ਦਾਅਵੇ ਅਤੇ ਹਕੀਕਤਾਂ

ਗੁਰਮੀਤ ਸਿੰਘ ਪਲਾਹੀ
-9815802070



ਦੇਸ਼ ਦੇ ਮੌਜੂਦਾ ਹਾਕਮਾਂ ਵੱਲੋਂ ਛੋਟੀਆਂ-ਵੱਡੀਆਂ ਕਈ ਸਕੀਮਾਂ ਚਲਾਈਆਂ ਗਈਆਂ, ਜੋ ਗਰੀਬਾਂ ਲਈ ਚਲਾਈਆਂ ਹੋਣ ਦਾ ਦਾਅਵਾ ਹੋਇਆ। ਜਨ ਧਨ ਯੋਜਨਾ, ਕਿਸਾਨਾਂ ਲਈ ਰਾਹਤ ਰਾਸ਼ੀ, ਸਿਹਤ ਬੀਮਾ ਆਯੂਸ਼ਮਾਨ ਯੋਜਨਾ, ਬੇਟੀ ਪੜਾਓ ਬੇਟੀ ਬਚਾਓ ਆਦਿ ਪਰ ਇਹ ਸਕੀਮਾਂ 'ਕੋਹ ਨਾ ਚੱਲੀ ਬਾਬਾ ਤਿਹਾਈ' ਵਾਲੀ ਕਹਾਵਤ ਵਾਂਗਰ ਹਵਾ 'ਚ ਉਡ ਗਈਆਂ। ਕਿਉਂਕਿ ਸਰਕਾਰ ਦਾ ਅਜੰਡਾ ਹੋਰ ਹੈ। ਕਿਉਂਕਿ ਸਰਕਾਰ ਸਿਰਫ਼ ਤੇ ਸਿਰਫ਼ ਉਹ ਕੰਮ ਕਰਦੀ ਹੈ, ਜਿਹੜੀ ਉਹਨਾਂ ਦਾ ਵੋਟ ਬੈਂਕ ਭਰ ਸਕੇ ਜਾਂ ਸਰਮਾਏਦਾਰਾਂ, ਕਾਰਪੋਰੇਟਾਂ ਦਾ ਢਿੱਡ ਤੂਸ ਸਕੇ। ਅਸਲ 'ਚ ਹਾਕਮਾਂ ਨੇ ਲੋਕਾਂ ਨੂੰ ਵੋਟਰ ਬਨਾਉਣ ਤੱਕ ਸੀਮਤ ਕਰ ਦਿੱਤਾ ਹੈ ਅਤੇ ਵੋਟ ਖੋਹਣ, ਪਵਾਉਣ, ਪ੍ਰਾਪਤ ਕਰਨ ਲਈ ਵੱਖੋ-ਵੱਖਰੇ ਰਾਹ ਉਲੀਕ ਲਏ ਹਨ।

ਦੇਸ਼ ਦੇ ਦੂਜੇ ਵੱਡੇ ਸੂਬੇ ਮਹਾਰਾਸ਼ਟਰ ਅਤੇ ਝਾਰਖੰਡ ਦੇ ਨਾਲ-ਨਾਲ ਤਿੰਨ ਲੋਕ ਸਭਾ ਅਤੇ ਘੱਟੋ-ਘੱਟ 47 ਵਿਧਾਨ ਸਭਾਵਾਂ ਦੀਆਂ ਜ਼ਿਮਨੀ ਚੋਣਾਂ 2024 ਦੀ ਨਵੰਬਰ 13 ਅਤੇ 20 ਨੂੰ ਭਾਰਤੀ ਚੋਣ ਕਮਿਸ਼ਨ ਨੇ ਕਰਵਾਉਣ ਦਾ ਐਲਾਨ ਕੀਤਾ ਹੈ। ਇਹ ਦੋ ਰਾਜਾਂ ਦੀਆਂ ਚੋਣਾਂ ਹਰਿਆਣਾ ਅਤੇ ਜੰਮੂ-ਕਸ਼ਮੀਰ ਦੀਆਂ ਚੋਣਾਂ ਵੇਲੇ ਹੀ ਹੋਣੀਆਂ ਸਨ ਪਰ ਕੁਝ ਦਿਸਦੇ-ਅਣਦਿਸਦੇ ਸਿਆਸੀ ਕਾਰਨਾਂ ਕਾਰਨ ਉਸ ਵੇਲੇ ਨਹੀਂ ਕਰਵਾਈਆਂ ਗਈਆਂ। ਪੰਜਾਬ 'ਚ 4 ਵਿਧਾਨ ਸਭਾ ਸੀਟਾਂ ਉੱਤੇ ਵੀ ਜ਼ਿਮਨੀ ਚੋਣਾਂ ਹੋਣਗੀਆਂ, ਜਿਹਨਾਂ 'ਚ ਚੱਬੇਵਾਲ, ਬਰਨਾਲਾ, ਡੇਰਾ ਬਾਬਾ ਨਾਨਕ ਅਤੇ ਗਿੱਦੜਬਾਹਾ ਪੰਜਾਬ ਵਿਧਾਨ ਸਭਾ ਹਲਕੇ ਸ਼ਾਮਲ ਹਨ।

ਦੇਸ਼ ਇਕ ਹੋਰ ਚੋਣ-ਤਮਾਸ਼ਾ ਵੇਖੇਗਾ। ਵੱਡੇ ਨੇਤਾ ਵੱਡੇ ਭਾਸ਼ਨ ਦੇਣਗੇ। ਲੋਕਾਂ ਨੂੰ ਸਬਜ਼ ਬਾਗ਼ ਦਿਖਾਉਣਗੇ। ਲੋਕਾਂ ਦੇ ਦਰੀਂ ਢੁਕਣਗੇ। ਵਾਅਦੇ ਕਰਨਗੇ। ਵੋਟਾਂ ਪ੍ਰਾਪਤ ਕਰਨ ਲਈ ਸਾਮ-ਦਾਮ-ਦੰਡ ਦੇ ਪਰਖੇ ਹੋਏ ਫਾਰਮੂਲੇ ਦੀ ਵਰਤੋਂ ਕਰਨਗੇ। ਦੇਸ਼ ਦੇ ਗੋਦੀ ਮੀਡੀਏ ਦੀ ਵਰਤੋਂ ਚੋਣਾਂ 'ਚ ਭਰਪੂਰ ਹੋਏਗੀ। ਸੋਸ਼ਲ-ਮੀਡੀਆ ਵੀ ਵਾਹ-ਲੱਗਦੀ ਆਪਣੀ ਗੱਲ ਕਹੇਗਾ। ਕੌਣ ਜਿੱਤੇਗਾ, ਕੌਣ ਹਾਰੇਗਾ, ਇਹ ਤਹਿ ਕਰਨ ਦਾ ਯਤਨ ਹੋਏਗਾ।

ਦੇਸ਼ ਦੇ ਹਾਲਾਤ ਕਿਹੋ ਜਿਹੇ ਹਨ? ਦੇਸ਼ਵਾਸੀ ਕਿਸ ਕਿਸਮ ਦੇ ਦੌਰ 'ਚੋਂ ਗੁਜਰ ਰਹੇ ਹਨ? ਇਸ ਦੀ ਬਾਤ ਕੌਣ ਪਾਏਗਾ ਕਿਸੇ ਨੂੰ ਕੁਝ ਪਤਾ ਨਹੀਂ? ਅਤੇ ਜੇਕਰ ਬਾਤ ਪਾਏਗਾ ਵੀ ਤਾਂ ਉਸ ਬਾਤ ਦਾ ਸਿੱਟਾ ਆਖ਼ਰ ਕੀ ਹੋਏਗਾ?

ਲੋਕਾਂ ਨੂੰ ਤਾਂ ਰੋਟੀ-ਕੱਪੜਾ-ਮਕਾਨ ਚਾਹੀਦਾ ਹੈ। ਲੋਕ ਮਹਿੰਗਾਈ ਦੀ ਮਾਰ ਤੋਂ ਬਚਣਾ ਚਾਹੁੰਦੇ ਹਨ। ਕੀ ਦੇਸ਼ ਦੇ ਹਾਕਮ ਜਾਣਦੇ ਹਨ ਕਿ ਮਹਿੰਗਾਈ ਸਿਖ਼ਰਾਂ ਛੂਹ ਰਹੀ ਹੈ। ਟਮਾਟਰ ਸੂਹਾ ਲਾਲ ਹੋ ਗਿਆ ਹੈ, ਪਿਆਜ਼ ਇੰਨਾ ਕੌੜਾ ਹੋ ਗਿਆ ਹੈ ਕਿ ਅੱਖਾਂ 'ਚੋਂ ਨਿਰੰਤਰ ਅੱਥਰੂ ਵਗਣ ਲੱਗੇ ਹਨ। ਹੋਰ ਤਾਂ ਹੋਰ ਦੇਸ਼ ਦੀ ਆਰਥਿਕਤਾ ਡਿਗੂੰ-ਡਿਗੂੰ ਕਰ ਰਹੀ ਹੈ। ਇਕ ਪੌਂਡ 109 ਰੁਪਏ ਦਾ ਇਕ ਅਮਰੀਕੀ ਡਾਲਰ 86 ਰੁਪਈਆਂ ਨੂੰ ਢੁਕ ਗਿਆ ਹੈ। ਅਤੇ ਦੇਸ਼ ਦਾ ਹਾਕਮ 'ਸੀਟੀਆਂ' ਵਜਾ ਰਿਹਾ ਹੈ।

ਦੇਸ਼ ਦਾ ਹਾਕਮ ਦਾਅਵਾ ਕਰਦਾ ਹੈ ਕਿ ਦੇਸ਼ ਤਰੱਕੀ ਕਰ ਰਿਹਾ ਹੈ। ਦੁਨੀਆਂ ਦੀ ਵੱਡੀ ਆਰਥਿਕਤਾ ਬਨਣ ਵੱਲ ਅੱਗੇ ਵੱਧ ਰਿਹਾ ਹੈ। ਦੇਸ਼ 'ਚ ਵੱਡੀਆਂ ਸੜਕਾਂ ਬਣ ਰਹੀਆਂ ਹਨ, ਮੌਲ ਉਸਰ ਰਹੇ ਹਨ, ਦੇਸ਼ ਤਰੱਕੀਆਂ ਕਰ ਰਿਹਾ ਹੈ। ਪਰ ਕੀ ਦੇਸ਼ ਦਾ ਹਾਕਮ ਇਸ ਗੱਲ ਤੋਂ ਜਾਣੂ ਹੈ ਕਿ ਦੁਨੀਆਂ ਭਰ ਦੇ 1.1 ਅਰਬ ਅਤਿ ਗਰੀਬੀ ਵਿਚ ਰਹਿ ਰਹੇ ਲੋਕਾਂ 'ਚ ਪਹਿਲਾ ਨੰਬਰ ਭਾਰਤ ਦਾ ਹੈ, ਜਿਸ ਦੇ 23.4 ਕਰੋੜ ਲੋਕ ਅਤਿ ਗਰੀਬ ਹਨ, ਜਿਹਨਾਂ ਦੇ ਪੇਟ ਨੂੰ ਇਕ ਡੰਗ ਦੀ ਰੋਟੀ ਮਸਾਂ ਨਸੀਬ ਹੁੰਦੀ ਹੈ। ਇਹਨਾਂ ਅਤਿ ਗਰੀਬ ਲੋਕਾਂ 'ਚੋਂ ਅੱਧੇ ਬੱਚੇ ਹਨ, ਇਹ ਰਿਪੋਰਟ ਸੰਯੁਕਤ ਰਾਸ਼ਟਰ ਨੇ ਛਾਪੀ ਹੈ, ਅਤੇ ਜਿਸ 'ਚ ਦਰਸਾਇਆ ਗਿਆ ਹੈ ਕਿ ਭਾਰਤ ਦਾ ਗਰੀਬਾਂ ਦੀ ਗਿਣਤੀ 'ਚ ਪਹਿਲਾ ਨੰਬਰ ਹੈ। ਇਹ ਰਿਪੋਰਟ ਉਹਨਾਂ ਲੋਕਾਂ ਦੀਆਂ ਮੁਸ਼ਕਲ ਹਕੀਕਤਾਂ ਨੂੰ ਉਜਾਗਰ ਕਰਦੀ ਹੈ ਜੋ ਇਕੋ ਸਮੇਂ ਸੰਘਰਸ਼ ਅਤੇ ਗਰੀਬੀ ਦਾ ਸਾਹਮਣਾ ਕਰ ਰਹੇ ਹਨ।

ਸਾਡੇ ਦੇਸ਼ ਦੇ ਹਾਕਮਾਂ ਦਾ ਹਾਲ ਵੇਖੋ, ਮਰਦਿਆਂ ਡੁਬਦਿਆਂ ਲਈ ਕੁਝ 'ਆਕਰਸ਼ਤ' ਸਕੀਮਾਂ ਚਲਾਈਆਂ ਜਾਂਦੀਆਂ ਹਨ, ਉਹਨਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ, ਧਰਮ ਦਾ ਸਿੱਕਾ ਚਲਾਇਆ ਜਾਂਦਾ ਹੈ, ਇਤਿਹਾਸ ਦੇ ਪੰਨਿਆਂ ਨੂੰ ਤਰੋੜਿਆਂ-ਮਰੋੜਿਆਂ ਜਾਂਦਾ ਹੈ, ਦੇਸ਼ਵਾਸੀਆਂ ਨੂੰ ਧਰਮ ਦੇ ਨਾਂਅ 'ਤੇ ਵੰਡਿਆ ਜਾਂਦਾ ਹੈ, ਵੋਟ ਵਟੋਰੇ ਜਾਂਦੇ ਹਨ ਅਤੇ ਤਾਕਤ ਆਪਣੇ ਹੱਥ-ਬੱਸ ਕਰਕੇ 'ਕੁੰਭਕਰਨੀ' ਨੀਂਦੇ ਸੋਇਆਂ ਜਾਂਦਾ ਹੈ। ਇਹੀ ਇਸ ਸਮੇਂ ਭਾਰਤੀ ਲੋਕਤੰਤਰ ਦਾ ਵੱਡਾ ਨਜ਼ਾਰਾ ਹੈ।

ਵੈਸੇ ਤਾਂ 'ਲੋਕਤੰਤਰ ਦਾ ਨਜ਼ਾਰਾ' ਪੰਜਾਬ ਦੀਆਂ ਪੰਚਾਇਤੀ ਚੋਣਾਂ 'ਚ ਪੰਜਾਬ ਦੇ ਲੋਕਾਂ ਨੇ ਵੇਖਿਆ, ਜਿੱਥੇ ਅਰਬਾਂ ਦੀ ਸ਼ਰਾਬ ਪੰਜਾਬੀਆਂ ਦੇ ਪੱਲੇ ਵੱਡੀਆਂ ਢੁੱਠਾਂ ਵਾਲਿਆਂ ਨੇ ਪਾਈ, ਅਰਬਾਂ ਰੁਪਏ ਦੀਆਂ ਵੋਟਾਂ ਖਰੀਦ ਕੇ ਸਰਪੰਚੀਆਂ ਹਥਿਆਈਆਂ, ਚਾਰ ਦਿਨ ਹੱਲਾ-ਗੁੱਲਾ ਕੀਤਾ, ਪਰ ਹਰਿਆਣਾ ਵੀ ਪਿੱਛੇ ਨਹੀਂ ਰਿਹਾ, ਧਰਮ ਧਰੁਵੀਕਰਨ ਦੀ ਨੀਤੀ ਹੀ ਹਾਕਮਾਂ ਨੇ ਨਹੀਂ ਵਰਤੀ ਸਗੋਂ ਜੱਟ, ਗ਼ੈਰ ਜੱਟ ਦਾ ਜਾਤੀਵਾਦੀ ਸਿੱਕਾ ਚਲਾ ਕੇ, ਹੱਥੋ ਜਾਂਦੀ-ਜਾਂਦੀ ਤਾਕਤ ਮੁੜ ਹਥਿਆ ਲਈ। ਲੋਕਤੰਤਰ ਦਾ ਉਹ ਨੰਗਾ ਨਾਚ ਵੇਖਣ ਨੂੰ ਮਿਲਿਆ, ਜਿਸ ਨਾਲ ਲੋਕ ਜਿੱਤਦੇ-ਜਿੱਤਦੇ ਹਰਦੇ ਦਿਸੇ। ਗੁਰਮੀਤ ਰਾਮ ਰਹੀਮ ਸਿੰਘ ਵਰਗੇ ਜੇਲ ਕੱਟ ਰਹੇ ਵਿਅਕਤੀ ਨੂੰ ਚੋਣਾਂ ਦੇ ਐਨ ਮੌਕੇ ਪੈਰੋਲ 'ਤੇ ਛੱਡ ਦਿੱਤਾ ਗਿਆ ਤਾਂ ਕਿ ਉਸ ਦੇ ਪੈਰੋਕਾਰਾਂ ਦੀਆਂ ਵੋਟਾਂ ਆਪਣੇ ਪਾਲ਼ੇ ਲਿਆਂਦੀਆਂ ਜਾ ਸਕਣ। ਹਰਿਆਣਾ ਹਾਕਮ ਨੇ ਤਾਂ ਇਸ 'ਮਹਾਂਪੁਰਸ਼' ਸੰਬੰਧੀ ਕਾਨੂੰਨ ਦੀਆਂ ਧੱਜੀਆਂ ਉਡਾ ਦਿੱਤੀਆਂ, ਜਿਸਨੂੰ ਬਾਵਜੂਦ ਉਮਰ ਕੈਦ ਦੀ ਸਜ਼ਾ ਦੇ ਪੈਰੋਲ ਰਿਹਾਈ ਦਿੱਤੀ ਗਈ। ਇਹ ਵਿਅਕਤੀ ਬਲਾਤਕਾਰ ਅਤੇ ਹੱਤਿਆ ਕੇਸ 'ਚ ਸਜ਼ਾ ਕੱਟ ਰਿਹਾ ਹੈ। ਗੁਰਮੀਤ ਰਾਮ ਰਹੀਮ ਨੂੰ ਪਿਛਲੇ 4 ਵਰ੍ਹਿਆਂ 'ਚ 11 ਵੇਰ ਪੈਰੋਲ ਰਿਹਾਈ ਮਿਲ ਚੁੱਕੀ ਹੈ। ਯਾਦ ਰਹੇ ਹਰਿਆਣਾ 'ਚ ਉਸ ਦੇ ਲੱਖਾਂ ਪੈਰੋਕਾਰ ਹਨ। ਹੈਰਾਨੀ ਨਹੀਂ ਹੋਈ, ਇਹ ਸਭ ਕੁਝ ਵੇਖ, ਸੁਣ, ਜਾਣ ਕੇ ਕਿਉਂਕਿ ਆਮ ਲੋਕਾਂ ਦੀ ਦੇਸ਼ 'ਚ ਸੁਣਵਾਈ ਕੋਈ ਨਹੀਂ ਹੈ, ਉਨਾਂ ਦੀ ਆਵਾਜ਼ ਇੰਨੀ ਕਮਜ਼ੋਰ ਹੈ ਕਿ ਸੱਤਾ ਦੇ ਗਲਿਆਰਿਆਂ 'ਚ ਪੁੱਜਦੀ ਹੀ ਨਹੀਂ। ਜੇਕਰ ਉਹਨਾਂ ਦੀ ਆਵਾਜ਼ ਉਹਨਾਂ ਤੱਕ ਪੁੱਜਦੀ ਵੀ ਹੈ ਤਾਂ ਅਣਦੇਖੀ ਕੀਤੀ ਜਾਂਦੀ ਹੈ।

ਕੀ ਦੇਸ਼ ਦਾ ਹਾਕਮ ਨਹੀਂ ਜਾਣਦਾ ਕਿ ਆਮ ਲੋਕ ਬੇਰੁਜ਼ਗਾਰੀ ਦੀ ਮਾਰ ਹੇਠ ਹਨ। ਗੰਦੀਆਂ ਬਸਤੀਆਂ 'ਚ ਜੀਵਨ ਬਸਰ ਕਰਨ ਲਈ ਮਜਬੂਰ ਹਨ। ਇਹਨਾਂ ਬਸਤੀਆਂ 'ਚ ਜ਼ਿਆਦਾਤਰ ਮਕਾਨ ਕੱਚੇ ਹਨ। ਉਹਨਾਂ 'ਚ ਫਰਸ਼ ਕੋਈ ਨਹੀਂ, ਬੱਚੇ ਨੰਗੇ ਘੁੰਮਦੇ ਹਨ ਨੰਗੇ ਪੈਰਾਂ ਨਾਲ, ਚਿਹਰਿਆਂ ਤੋਂ ਪਤਾ ਲੱਗਦਾ ਹੈ ਕਿ ਉਹ ਕੁਪੋਸ਼ਣ ਦੇ ਸ਼ਿਕਾਰ ਹਨ। ਗਰਮੀਆਂ, ਸਰਦੀਆਂ, ਬਰਸਾਤਾਂ 'ਚ ਉਹਨਾਂ ਦਾ ਜੀਵਨ ਨਰਕਾਂ ਵਾਲਾ ਹੈ। ਹਾਲ-ਬੇਹਾਲ ਇਹ ਬਸਤੀਆਂ ਜੀਵਨ ਮਰਨ ਦਾ ਚੱਕਰ ਹੰਢਾ ਰਹੀਆਂ ਹਨ।

ਗਰੀਬੀ ਦੀ ਸਮੱਸਿਆ ਭਾਰਤ 'ਚ ਪੁਰਾਣੀ ਹੈ। ਗਰੀਬੀ ਤੇ ਭਾਰਤ ਇਕ ਹਕੀਕਤ ਹੈ। ਕੀ ਇਸ ਹਕੀਕਤ ਨੂੰ ਦੇਸ਼ ਦੇ ਹਾਕਮਾਂ (ਰਾਜਿਆਂ, ਮਹਾਰਾਜਿਆਂ) ਨੇ ਕਦੇ ਸਮਝਿਆ? ਕਦੇ ਉਹਨਾਂ ਬਾਰੇ ਚਿੰਤਾ ਕੀਤੀ। ਗਰੀਬੀ ਹਟਾਓ ਦਾ ਨਾਹਰਾ ਤਾਂ ਲੱਗਾ ਪਰ ਹਕੀਕਤ ਇਹ ਕਿ ਗਰੀਬ ਵੀ ਹਟਾ ਦਿੱਤੇ ਗਏ।

ਰਾਜ ਨੇਤਾ ਜਨਤਾ ਦੇ ਸੇਵਕ ਕਹਕੇ ਜਾਣੇ ਜਾਂਦੇ ਹਨ, ਇਹ ਉਹ ਦਾਅਵਾ ਵੀ ਕਰਦੇ ਹਨ, ਪਰ ਹਕੀਕਤ ਇਹ ਹੈ ਕਿ ਰਾਜਨੀਤੀ ਇਕ ਵਪਾਰ ਬਣ ਗਈ ਹੈ। ਨੇਤਾ ਜਨਤਾ ਦੀ ਸੇਵਾ ਕਰਦੇ ਤਾਂ ਦਿਖਦੇ ਹਨ, ਪਰ ਇਸ ਸੇਵਾ 'ਚ ਉਹਨਾਂ ਦਾ ਆਪਣਾ ਸਵਾਰਥ ਲੁਕਿਆ ਹੁੰਦਾ ਹੈ। ਦੇਸ਼ 'ਚ ਭ੍ਰਿਸ਼ਟਾਚਾਰ ਹੈ। ਦੇਸ਼ ਦੇ ਮੌਜੂਦਾ ਹਾਕਮਾਂ ਨੇ ਭ੍ਰਿਸ਼ਟਾਚਾਰ ਮੁਕਤ ਦੇਸ਼ ਬਨਾਉਣ ਦਾ ਦਾਅਵਾ ਕੀਤਾ। ਪੰਜਾਬ ਦੇ ਹਾਕਮਾਂ ਨੇ ਇਸੇ ਨਾਹਰੇ 'ਤੇ ਸੱਤਾ ਹਥਿਆਈ। ਪਰ ਇਸ ਵੇਲੇ ਹਾਲਾਤ ਕੀ ਹਨ ਦੇਸ਼ ਦੇ। ਭ੍ਰਿਸ਼ਟਾਚਾਰ ਵਿਰੁੱਧ ਲੜਾਈ ਖੋਖਲੀ ਹੈ। ਭ੍ਰਿਸ਼ਟਾਚਾਰ 'ਚ ਉਹ ਲੋਕ ਦੇਸ਼ 'ਚ ਫੜੇ ਜਾਂਦੇ ਹਨ ਜੋ ਭਾਰਤੀ ਜਨਤਾ ਪਾਰਟੀ ਨਾਲ ਸਬੰਧ ਨਹੀਂ ਰੱਖਦੇ। ਪੰਜਾਬ 'ਚ ਵੀ ਹਾਲ ਵੱਖਰਾ ਨਹੀਂ, ਪਰਿਵਰਤਨ ਦੇ ਨਾਂਅ ਉੱਤੇ ਹਾਕਮ ਬਣੀ ਪਾਰਟੀ ਸੂਬੇ 'ਚ ਮਾਫ਼ੀਆ ਰਾਜ ਖਤਮ ਨਹੀਂ ਕਰ ਸਕੀ। ਦਾਅਵੇ ਲੱਖ ਕੀਤੇ ਜਾਣ ਹਕੀਕਤ ਮੂੰਹੋਂ ਬੋਲਦੀ ਹੈ।

ਦਾਅਵਿਆਂ ਦਾ ਮੁੱਢ ਚੋਣਾਂ ਵੇਲੇ ਬੱਝਦਾ ਹੈ। ਹਕੀਕਤ ਚੋਣਾਂ ਜਿੱਤਣ ਦੇ ਦੋ ਵਰ੍ਹਿਆਂ ਬਾਅਦ ਸਾਹਮਣੇ ਆਉਂਦੀ ਹੈ। ਜਦੋਂ ਲੋਕਾਂ ਦੀ ਝੋਲੀ ਖਾਲੀ ਦਿਸਦੀ ਹੈ, ਨੇਤਾ ਲੋਕ ਕੁਝ ਨਹੀਂ ਕਰਦੇ, ਹੰਕਾਰ ਨਾਲ ਭਰੇ ਬੱਸ ਆਪਣੀ ਦੁਨੀਆਂ 'ਚ ਵਿਚਰਦੇ ਹਨ। ਉਹ ਲੋਕ ਜਿਹੜੇ ਝੂਠ ਅਤੇ ਅਪਮਾਨਜਨਕ ਭਾਸ਼ਾ ਦੀ ਵਰਤੋਂ ਕਰਕੇ ਚੋਣਾਂ ਜਿੱਤਦੇ ਹਨ, ਉਹਨਾਂ ਲੋਕਾਂ ਨੂੰ ਵੀ ਆਪਣੀ ਜੱਫੀ 'ਚ ਲੈ ਲੈਂਦੇ ਹਨ, ਜਿਹੜੇ ਉਹਨਾਂ ਦੇ ਵਿਰੋਧੀ ਹੁੰਦੇ ਹਨ। ਤਾਕਤ ਦੇ ਨਸ਼ੇ 'ਚ ਇਹ ਲੋਕ ਆਪਣੇ ਆਪ ਨੂੰ ਸੁਪਰਮੈਨ, ਫਿਰ ਦੇਵਤਾ ਅਤੇ ਫਿਰ ਭਗਵਾਨ ਸਮਝਣ ਲੱਗਦੇ ਹਨ।

ਕਥਨੀ ਅਤੇ ਕਰਨੀ ਤੋਂ ਦੂਰ ਹੱਟੇ ਅੱਜ ਦੇ ਹਾਕਮ, ਆਪਣੇ ਹੱਕਾਂ ਦਾ ਦੁਰਉਪਯੋਗ ਕਰਦੇ ਦਿੱਸਦੇ ਹਨ, ਉਹ ਵਿਰੋਧੀ ਧਿਰਾਂ ਨੂੰ ਗਾਲੀ-ਗਲੋਚ ਕਰਦੇ ਹਨ ਅਤੇ ਆਪਣੇ ਸੌੜੀਆਂ ਸਿਆਸੀ ਨੀਤੀਆਂ ਨੂੰ ਅੱਗੇ ਵਧਾਉਂਦੇ, ਵਿਰੋਧੀਆਂ ਨੂੰ ਕੁਚਲਦੇ ਦਿੱਸਦੇ ਹਨ। ਦੇਸ਼ 'ਚ ਮੁਦਰਾ ਸਫੀਤੀ ਵਧ ਰਹੀ ਹੈ, ਬੇਰੁਜ਼ਗਾਰੀ ਫੰਨ ਫੈਲਾ ਰਹੀ ਹੈ, ਅਸਮਾਨਤਾ ਅਸਮਾਨ ਛੂੰਹ ਰਹੀ ਹੈ, ਸਮਾਜਿਕ ਦੁਖ-ਕਲੇਸ਼, ਪੀੜਾ ਵੱਧ ਰਹੀ ਹੈ, ਪੂੰਜੀਵਾਦ ਦਾ ਪਸਾਰਾ ਹੋ ਰਿਹਾ ਹੈ, ਫਿਰਕੂ ਫਸਾਦ ਵਧ ਰਹੇ ਹਨ, ਲੋਕਾਂ ਨੂੰ ਇਨਸਾਫ਼ ਨਹੀਂ ਮਿਲ ਰਿਹਾ, ਘੱਟ ਗਿਣਤੀਆਂ ਖ਼ਤਰੇ 'ਚ ਹਨ। ਇਹ ਉਹਨਾਂ ਦੇ ਸਰੋਕਾਰ ਨਹੀਂ ਹਨ। ਉਹਨਾਂ ਦਾ ਅਜੰਡਾ 'ਭਾਸ਼ਨ' ਹੈ। ਭਰਮ ਜਾਲ ਪੈਦਾ ਕਰਨਾ ਉਹਨਾਂ ਦਾ ਕਰਮ ਹੈ।

ਗੱਲ ਤਾਂ ਦੇਸ਼ ਦੇ ਪਹਿਲੇ ਹਾਕਮਾਂ ਕਾਂਗਰਸ ਵੇਲੇ ਵੀ ਵੱਖਰੀ ਨਹੀਂ ਸੀ, ਗਰੀਬੀ ਹਟਾਓ ਦੇ ਨਾਹਰੇ ਲੱਗੇ, ਬੈਂਕਾਂ ਦੇ ਰਾਸ਼ਟਰੀਕਰਨ ਦੀ ਗੱਲ ਹੋਈ, ਜੈ ਜਵਾਨ ਜੈ ਕਿਸਾਨ ਦੇ ਨਾਹਰੇ ਗੂੰਜੇ, ਪਰ ਮੌਜੂਦਾ ਹਾਕਮਾਂ ਨੇ ਤਾਂ ਕਹਿਰ ਹੀ ਕੀਤਾ ਹੋਇਆ ਹੈ। ਦੇਸ਼ ਕਾਰਪੋਰੇਟਾਂ ਦੀ ਝੋਲੀ ਪਾ ਦਿੱਤਾ। ਸਰਕਾਰੀ ਅਦਾਰਿਆਂ ਨੂੰ ਉਹਨਾਂ ਹੱਥ ਸੌਂਪ ਦਿੱਤਾ। ਦੇਸ਼ ਦਾ ਮੀਡੀਆ ਉਹਨਾਂ ਹਵਾਲੇ ਕਰ ਦਿੱਤਾ। ਜਮਹੂਰੀ ਹੱਕਾਂ ਦਾ ਘਾਣ ਕਰ ਦਿੱਤਾ। ਇਹੋ ਜਿਹੇ ਕਾਨੂੰਨ ਬਣਾ ਦਿੱਤੇ, ਜਿਹੜੇ ਲੋਕਾਂ ਦੀ ਸੰਘੀ ਘੁੱਟਣ ਵਾਲੇ ਹਨ। ਕੁਦਰਤੀ ਇਨਸਾਫ਼ ਨੂੰ ਦਬਾਉਣ ਵਾਲੇ ਹਨ। ਮੌਜੂਦਾ ਸਰਕਾਰ ਦੀ ਨੀਤੀ ਕਨੂੰਨ, ਇਨਸਾਫ਼ ਦੀ ਬਜਾਇ ਸਜ਼ਾ ਉੱਤੇ ਟੇਕ ਰੱਖਣ ਵਾਲੇ ਖਾਸੇ ਵਾਲੀ ਹੈ। ਤਾਂ ਕਿ ਕੋਈ ਬੋਲ ਨਾ ਸਕੇ। ਕੋਈ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਖੁਲ ਕੇ ਨਾ ਕਰ ਸਕੇ।


ਵਿਸ਼ਵੀਕਰਨ, ਨਿੱਜੀਕਰਨ ਅਤੇ ਨਵਉਦਾਰੀਕਰਨ ਦੇ ਇਸ ਦੌਰ ਵਿਚ ਦੇਸੀ ਅਤੇ ਵਿਦੇਸ਼ੀ ਸਰਮਾਏਦਾਰਾਂ ਨੂੰ ਭਾਰਤ ਦੇ ਕਿਰਤੀ ਕਿਸਾਨਾਂ ਦੀ ਲੁੱਟ ਦੀ ਹੋਰ ਵਧੇਰੇ ਖੁਲ ਦਿੱਤੀ ਜਾ ਰਹੀ ਹੈ। ਇਹ ਹਕੀਕਤ ਹੁਣ ਜੱਗ ਜਾਹਰ ਹੈ। ਦਾਅਵੇ ਕੁਝ ਵੀ ਹੋਣ, ਲੋਕਾਂ ਦੇ ਹੱਕ ਮਾਰੇ ਜਾ ਰਹੇ ਹਨ, ਉਹਨਾਂ ਨੂੰ ਢੁੱਠਾਂ ਵਾਲਿਆਂ ਦੇ ਰਹਿਮੋ ਕਰਮ ਉੱਤੇ ਛੱਡ ਦਿੱਤਾ ਗਿਆ ਹੈ।

ਦੇਸ਼ ਦੇ ਮੌਜੂਦਾ ਹਾਕਮਾਂ ਵੱਲੋਂ ਛੋਟੀਆਂ-ਵੱਡੀਆਂ ਕਈ ਸਕੀਮਾਂ ਚਲਾਈਆਂ ਗਈਆਂ, ਜੋ ਗਰੀਬਾਂ ਲਈ ਚਲਾਈਆਂ ਹੋਣ ਦਾ ਦਾਅਵਾ ਹੋਇਆ। ਜਨ ਧਨ ਯੋਜਨਾ, ਕਿਸਾਨਾਂ ਲਈ ਰਾਹਤ ਰਾਸ਼ੀ, ਸਿਹਤ ਬੀਮਾ ਆਯੂਸ਼ਮਾਨ ਯੋਜਨਾ, ਬੇਟੀ ਪੜਾਓ ਬੇਟੀ ਬਚਾਓ ਆਦਿ ਪਰ ਇਹ ਸਕੀਮਾਂ 'ਕੋਹ ਨਾ ਚੱਲੀ ਬਾਬਾ ਤਿਹਾਈ' ਵਾਲੀ ਕਹਾਵਤ ਵਾਂਗਰ ਹਵਾ 'ਚ ਉਡ ਗਈਆਂ। ਕਿਉਂਕਿ ਸਰਕਾਰ ਦਾ ਅਜੰਡਾ ਹੋਰ ਹੈ। ਕਿਉਂਕਿ ਸਰਕਾਰ ਸਿਰਫ਼ ਤੇ ਸਿਰਫ਼ ਉਹ ਕੰਮ ਕਰਦੀ ਹੈ, ਜਿਹੜੀ ਉਹਨਾਂ ਦਾ ਵੋਟ ਬੈਂਕ ਭਰ ਸਕੇ ਜਾਂ ਸਰਮਾਏਦਾਰਾਂ, ਕਾਰਪੋਰੇਟਾਂ ਦਾ ਢਿੱਡ ਤੂਸ ਸਕੇ। ਅਸਲ 'ਚ ਹਾਕਮਾਂ ਨੇ ਲੋਕਾਂ ਨੂੰ ਵੋਟਰ ਬਨਾਉਣ ਤੱਕ ਸੀਮਤ ਕਰ ਦਿੱਤਾ ਹੈ ਅਤੇ ਵੋਟ ਖੋਹਣ, ਪਵਾਉਣ, ਪ੍ਰਾਪਤ ਕਰਨ ਲਈ ਵੱਖੋ-ਵੱਖਰੇ ਰਾਹ ਉਲੀਕ ਲਏ ਹਨ।

ਦਾਅਵੇ ਖੋਖਲੇ ਹਨ। ਹਕੀਕਤ ਸੂਰਜ ਦੇ ਚਾਨਣ ਵਾਂਗਰ ਸਪੱਸ਼ਟ ਹੈ। ਹਕੀਕਤ ਵੇਖ ਕੇ ਅੱਖਾਂ ਮੀਟਾਂ ਦਾ ਸਮਾਂ ਵਿਹਾਜ ਗਿਆ ਹੈ। ਹਾਕਮਾਂ ਦੀ ਸੌੜੀ, ਸੀਮਤ ਸੋਚ ਨੂੰ ਬਦਲਣ ਲਈ ਲੋਕ ਚੇਤਨਾ, ਇਕੋ ਇਕ ਹਥਿਆਰ ਹੈ। ਨਹੀਂ ਤਾਂ ਭਾਰਤੀ ਲੋਕਤੰਤਰ, ਭਾਰਤੀ ਜਮਹੂਰੀਅਤ ਸਿਰਫ਼ ਇੱਕ ਨਾਂਅ ਬਣ ਕੇ ਰਹਿ ਜਾਏਗੀ। -ਗੁਰਮੀਤ ਸਿੰਘ ਪਲਾਹੀ

# ਜੇ ਦੂਜਿਆਂ ਦੀ ਆਲੋਚਨਾ ਕਰਨੀ ਹੈ ਤਾਂ ਆਪਣੀ ਆਲੋਚਨਾ ਬਰਦਾਸ਼ਤ ਕਰਨ ਦਾ ਵੀ ਮਾਦਾ ਹੋਣਾ ਚਾਹੀਦਾ ਹੈ

ਲੇਖਕ – ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



## ਇਹ ਅੰਦਾਜ਼ਾ ਕਿਵੇਂ ਲਾਇਆ ਕਿ ਪੱਗ ਦੀ ਪ੍ਰਸਿੱਧੀ (ਕੇਵਲ) ਦਿਲਜੀਤ ਦੁਸਾਂਝ ਦੀ ਦੇਣ ਹੈ ।

ਸਤਿਕਾਰ ਯੋਗ ਸੰਪਾਦਕ ਜੀਉ,
ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫ਼ਤਹਿ

ਪਿਛਲੇ ਹਫ਼ਤੇ ਦੇ ਪੰਜਾਬ ਟਾਈਮਜ਼ ਦੇ ਅੰਕ 3052 ਦੇ ਸਫ਼ਾ 42 ਉੱਤੇ ਪੰਜਾਬ ਟਾਈਮਜ਼ ਦੀ ਪੜਚੋਲੀਆ ਲੇਖਿਕਾ ਦਾ ਲੇਖ, ਪੱਗ ਵਾਲਾ ਮੁੰਡਾ ਕਹਿੰਦੀ ਬਾਲ੍ਹਾ ਜੱਚਦਾ ਦੇ ਸਿਰਲੇਖ ਹੇਠ ਛਪਿਆ ਹੈ। ਪੜਚੋਲੀਆ ਲੇਖਿਕਾ ਨੇ ਡਿਸਕੋ ਸਿੰਘ ਫ਼ਿਲਮ ਬਣਾ ਕੇ ਸਿੱਖ ਕੌਮ ਦਾ ਮਜ਼ਾਕ ਉਡਾਉਣ ਵਾਲੇ ਅਤੇ ਜੱਟ ਐਂਡ ਜੂਲੀਅਟ 3 ਫ਼ਿਲਮ ਵਿੱਚ ਆਪੇ ਖੋਲ ਲੈ ਵਾਲ ਨਹੀਂ ਤਾਂ ਮੈਂ ਖੋਲ ਦੂੰ, ਜੇ ਨੱਚੀ ਨਾ ਮੇਰੇ ਨਾਲ ਗੋਰੀਏ ਲਹਿੰਗੇ 'ਤੇ ਸ਼ਰਾਬ ਡੋਲ ਦੂੰ, ਵਰਗੇ ਗੀਤ ਗਾ ਕੇ ਸ਼ਰਾਬ ਨੂੰ ਪਰਮੋਟ ਕਰਨ ਵਾਲੇ ਦਿਲਜੀਤ ਦੁਸਾਂਝ ਦੀ ਭਰਪੂਰ ਪ੍ਰਸ਼ੰਸਾ ਕੀਤੀ ਹੈ। ਪੜਚੋਲੀਆ ਲੇਖਿਕਾ ਨੇ ਪਤਾ ਨਹੀਂ ਇਹ ਅੰਦਾਜ਼ਾ ਕਿਵੇਂ ਲਾਇਆ ਕਿ ਪੱਗ ਦੀ ਪ੍ਰਸਿੱਧੀ (ਕੇਵਲ) ਦਿਲਜੀਤ ਦੁਸਾਂਝ ਦੀ ਦੇਣ ਹੈ। ਅੰਤਰਰਾਸ਼ਟਰੀ ਪੱਧਰ 'ਤੇ ਪੱਗ ਦੀ ਪ੍ਰਸਿੱਧੀ ਕਰਨ ਵਾਲੇ ਹੋਰ ਵੀ ਗਾਇਕ ਹਨ, ਪੁਰਾਣਿਆਂ ਵਿੱਚੋਂ ਮਲਕੀਤ ਸਿੰਘ ਗੋਲਡਨ ਸਟਾਰ ਦਾ ਨਾਂਅ ਲਿਆ ਜਾ ਸਕਦਾ ਹੈ ਅਤੇ ਨਵਿਆਂ ਵਿੱਚੋਂ ਸਿੱਧੂ ਮੂਸੇਵਾਲੇ (ਸ਼ੁਭਦੀਪ ਸਿੰਘ) ਦਾ ਨਾਂਅ ਲਿਆ ਜਾ ਸਕਦਾ ਹੈ। ਪੜਚੋਲੀਆ ਲੇਖਿਕਾ ਨੇ ਮੁੰਡੇ ਕੁੜੀਆਂ ਨੂੰ ਪਟਿਆਲਾ ਪੈਗ ਲਾਉਣ ਦੀ ਵੀ ਪ੍ਰੇਰਨਾ ਦਿੱਤੀ ਹੈ, ਖ਼ੈਰ ਖਿਆਲ ਆਪਣਾ ਆਪਣਾ! ਦਾਸ ਦੇ ਇਸ ਪੱਤਰ ਦਾ ਮੁੱਖ ਵਿਸ਼ਾ ਇਹ ਹੈ ਕਿ ਪਰਚਾ ਪੜਚੋਲੀਆ ਲੇਖਿਕਾ ਪੰਜਾਬ ਟਾਈਮਜ਼ ਵਿੱਚ ਛੱਪੀ ਹਰ ਲਿਖਤ ਨੂੰ ਆਪਣੀਆਂ ਪ੍ਰਾਈਵੇਟ, ਸਨਾਤਨੀ ਅਤੇ ਅਕਾਲੀ ਦਲ ਬਾਦਲ ਦੀਆਂ ਐਨਕਾਂ ਨਾਲ ਹੀ ਵੇਖਦੀ ਹੈ। ਅਤੇ ਕਦੇ ਕਦੇ ਇਹ ਪੜਚੋਲੀਆ ਲੇਖਿਕਾ ਐਂਟੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਅਤੇ ਸਿੱਖ ਕੌਮ ਦੇ ਕੌਮੀ ਸ਼ਹੀਦ ਸੁੱਖੇ ਜਿੰਦੇ ਵਾਲੀਆਂ ਐਨਕਾਂ ਦੀ ਵਰਤੋਂ ਵੀ ਕਰ ਲੈਂਦੀ ਹੈ। ਇਸ ਦਾ ਨਮੂਨਾ ਪਿਛਲੇ ਹਫ਼ਤੇ ਦੇ ਪੰਜਾਬ ਟਾਈਮਜ਼ ਦੇ ਪਾਠਕਾਂ ਦੇ ਪੱਤਰ ਦੇ ਕਾਲਮ ਵਿੱਚ ਇਸ ਵੱਲੋਂ ਲਿਖੇ ਪੱਤਰ ਵਿੱਚੋਂ ਵੇਖਿਆ ਜਾ ਸਕਦਾ ਹੈ। 19-9-2024 ਪੰਜਾਬ ਟਾਈਮਜ਼ ਯੂ.ਕੇ. ਦੇ ਅੰਕ 3047 ਦੇ ਸਫ਼ਾ 11 ਉੱਤੇ ਬਲਵਿੰਦਰ ਸਿੰਘ ਪ੍ਰੋਫ਼ੈਸਰ ਦੀ ਲਿਖੀ ਕਵਰ ਸਟੋਰੀ ਛਪੀ। ਜਿਸ ਦਾ ਸਿਰਲੇਖ ਅਤੇ ਸਾਰ ਅੰਸ਼ ਹੇਠ ਲਿਖੇ ਅਨੁਸਾਰ ਹੈ। ਨਕੋਦਰ ਬੇਅਦਬੀ ਕਾਂਡ ਕਾਰਨ ਸੁਖਬੀਰ ਸਿੰਘ ਬਾਦਲ ਤੇ ਉਸ ਦੇ ਜੋਟੀਦਾਰ ਫਸੇ, ਦਰਬਾਰਾ ਸਿੰਘ ਗੁਰੂ ਦੀ ਨਿਯੁਕਤੀ ਵਾਪਸ ਲਈ, ਜਥੇਦਾਰ ਮੋਨ ਕਿਉਂ, ਬਾਦਲਕਿਆਂ ਦੀਆਂ ਸਰਗਰਮੀਆਂ ਉਪਰ ਪਾਬੰਦੀ ਕਿਉਂ ਨਹੀਂ, ਵਾਰ ਵਾਰ ਸਿੱਖ ਪੰਥ ਪ੍ਰਤੀ ਗੁਨਾਹ ਦੁਹਰਾਨੇ ਬਾਦਲਕੇ, ਕੀ ਪੰਥ ਦੇ ਗੁਨਾਹਕਾਰ ਚਲਾਉਣਗੇ ਅਕਾਲੀ ਦਲ, ਜਥੇਦਾਰ ਜੁਆਬ ਦੇਣ। ਪਰਚਾ ਪੜਚੋਲੀਆ ਬੀਬੀ 26-9-2024 ਦੇ ਪੰਜਾਬ ਟਾਈਮਜ਼ ਦੇ ਅੰਕ 3048 ਦੇ ਸਫ਼ਾ 41 ਉੱਤੇ ਉਪਰਲੀ ਕਵਰ ਸਟੋਰੀ ਦਾ ਪਰਚਾ ਪੜਚੋਲ ਦੇ ਸਿਰਲੇਖ ਹੇਠ ਅਕਾਲੀ ਦਲ ਬਾਦਲ ਦੀਆਂ ਐਨਕਾਂ ਲਾ ਕੇ ਜਿਥੇ ਪਰਚਾ ਪੜਚੋਲ ਕਰਦੀ ਹੈ, ਉਥੇ ਪ੍ਰੋਫ਼ੈਸਰ ਬਲਵਿੰਦਰਪਾਲ ਸਿੰਘ ਨੂੰ ਇਸ ਲਹਿਜੇ ਵਿੱਚ ਸੁਆਲ ਵੀ ਕਰਦੀ ਹੈ ਕਿ ਤੂੰ ਕੌਣ ਹੁੰਨਾ ਅਕਾਲੀ ਦਲ ਬਾਦਲ 'ਤੇ ਉਂਗਲ ਚੁੱਕਣ ਵਾਲਾ? ਇਥੇ ਹੀ ਬੱਸ ਨਹੀਂ ਪੜਚੋਲੀਆ ਬੀਬੀ ਉਸ ਉੱਤੇ ਜਾਤੀ ਹਮਲਾ ਵੀ ਕਰਦੀ ਹੈ। ਪਰਚਾ ਪੜਚੋਲੀਆ ਬੀਬੀ ਨੇ ਪ੍ਰੋ: ਬਲਵਿੰਦਰਪਾਲ ਸਿੰਘ ਕੋਲੋਂ ਜੋ ਸੁਆਲ ਪੁੱਛੇ ਉਨ੍ਹਾਂ ਦਾ ਸਾਰਅੰਸ਼ ਅਤੇ ਸਿਰਲੇਖ ਹੇਠ ਅਨੁਸਾਰ ਹੈ। ਪੜਚੋਲੀਆ ਬੀਬੀ ਨੇ ਜਿਵੇਂ ਲਿਖਿਆ ਦਾਸ ਹੂ-ਬ-ਹੂ ਹੀ ਲਿਖ ਰਿਹਾ ਹੈ। – ਪ੍ਰੋਫ਼ੈਸਰ ਬਲਵਿੰਦਰ ਪਾਲ ਸਿੰਘ ਗਰਾੜੀ ਨੂੰ ਜੋਕਾਂ ਦੀ : ਪਹਿਲਾ ਸੁਆਲ ਤੁਸੀਂ ਪ੍ਰੋਫ਼ੈਸਰ ਕਿਹੜੀ ਡਿਗਰੀ ਮਜ਼ਬੂਨ ਦੇ, ਦੂਜਾ ਅਕਾਲ ਤਖ਼ਤ ਨੂੰ ਕਿਵੇਂ ਹਦਾਇਤਾਂ, ਤੀਜਾ ਸਿੱਖੀ ਵਿੱਚ ਜਾਤ ਪਾਤ ਨਹੀਂ (ਮੈਂ ਤਾਂ ਮੰਨਦੀ ਹੀ ਨਹੀਂ) ਕੀ ਤੁਸੀਂ ਭੱਤਿਆਂ ਵਿਰੁੱਧ ਜਾਤੀ ਪ੍ਰਕਿਰਿਆ ਦਾ ਵਿਰੋਧ ਕੀਤਾ? ਤੁਹਾਡੀ ਕੀ ਪੰਥਕ ਸੇਵਾ ਹੈ? ਚੌਥਾ ਕੀ ਜਥੇਬੰਦੀ ਬਣਾ ਕੇ ਲਾਹੇ ਲਵੋ ਤੇ ਨਿੰਦਕ ਬਣੋ ਉਸ ਵਰਗ ਦੇ ਜੋ ਭੱਤਾ ਸ਼੍ਰੇਣੀ ਨਹੀਂ ਹਨ ਫਿਰ ਅਕਾਲੀ ਦਲ ਦੇ ਤੁਸੀਂ ਕਿਵੇਂ ਵਿਰੋਧੀ ਹੋ ਜਦੋਂ ਕਦੀ ਵੀ ਸਮਰਥਕ ਨਹੀਂ.......ਕੀ ਤੁਸੀਂ ਜੋ ਨਿਰਪੱਖਤਾ ਦੀ ਸੁਰ ਜਾਣਦੇ ਹੀ ਨਹੀਂ, ਵਿਦਿਆਰਥੀਆਂ ਨੂੰ ਪੜ੍ਹਾਕੇ ਕੀ ਉਸਾਰੂ ਨੀਤੀ ਸਿਖਾ ਰਹੇ ਹੋ ਤਾਂ ਹੀ ਹੁਣ ਵਿੱਦਿਆ ਦਾ ਮਿਆਰ ਨਿਘਰ ਗਿਆ ਹੈ, ਸਾਡੇ ਵੇਲੇ ਪ੍ਰੋਫ਼ੈਸਰ ਗੱਲ ਨਹੀਂ ਕਰ ਸਕਦੇ ਸਿਆਸਤ ਦੀ (ਭਾਵ ਪ੍ਰੋਫ਼ੈਸਰ ਸਿਆਸਤ ਦੀ ਗੱਲ ਨਹੀਂ ਸੀ ਕਰ ਸਕਦੇ) ਕੇਵਲ ਸਿੱਖਿਆ ਵੱਲ ਧਿਆਨ ਆਹ ਦੋ ਤਿੰਨ ਪ੍ਰੋਫ਼ੈਸਰਾਂ ਨੇ ਤਾਂ ਬੇੜਾ ਗਰਕ ਕਰਤਾ ਤਾਂ ਹੀ ਹੁਣ ਵਿਦਿਆਰਥੀ ਸਾਰਾ ਸਮਾਂ ਹੀ ਸਿਆਸਤਾਂ ਵਿੱਚ ਪੜ੍ਹਾਈ ਗੁੱਲ ਮਾਨਸਿਕਤਾ ਰੋਗੀ। ਹੁਣ ਪਾਠਕ ਜਨ ਆਪੇ ਹੀ ਸਮਝ ਜਾਣਗੇ ਕਿ ਪਰਚਾ ਪੜਚੋਲੀਆ ਬੀਬੀ ਕਿਵੇਂ ਅਕਾਲੀ ਦਲ ਬਾਦਲ ਦੀਆਂ ਐਨਕਾਂ ਲਾ ਕੇ ਕਿੰਨੀ ਪਿਆਰ ਭਰੀ ਸ਼ਬਦਾਵਲੀ ਵਿੱਚ ਪ੍ਰੋਫ਼ੈਸਰ ਬਲਵਿੰਦਰਪਾਲ ਸਿੰਘ ਦੀ ਲਿਖਤ ਦੀ ਪੜਚੋਲ ਕਰ ਰਹੀ ਹੈ। ਇਸੇ ਤਰ੍ਹਾਂ 10-10-2024 ਪੰਜਾਬ ਟਾਈਮਜ਼ ਦੇ ਅੰਕ 3050 ਦੇ ਸਫ਼ਾ 47 ਉੱਤੇ ਸਿੱਖ ਬੁੱਧੀਜੀਵੀ, ਪ੍ਰੋ: ਬਲਵਿੰਦਰਪਾਲ ਸਿੰਘ, ਭਾਈ ਹਰਸਿਮਰਨ ਸਿੰਘ, ਪਰਮਿੰਦਰਪਾਲ ਸਿੰਘ ਖਾਲਸਾ ਅਤੇ ਸ: ਗੁਰਤੇਜ ਸਿੰਘ ਆਈ. ਏ. ਐਸ. ਵੱਲੋਂ ਸਾਂਝਾ ਬਿਆਨ ਇਸ ਸਿਰਲੇਖ ਹੇਠ ਦਿੱਤਾ ਗਿਆ : ਅਕਾਲ ਤਖ਼ਤ ਦੇ ਜਥੇਦਾਰ ਬਾਦਲ ਪਰਿਵਾਰ ਦੇ ਪ੍ਰਭਾਵ ਅਧੀਨ ਬੀਬੀ ਜਗੀਰ ਕੌਰ ਨੂੰ ਜ਼ਲੀਲ ਨਾ ਕਰਨ-ਸਿੱਖ ਬੁੱਧੀਜੀਵੀ, ਗੁਨਾਹ ਲੀਡਰਸ਼ਿਪ ਨੂੰ ਬਚਾਉਣ ਦਾ ਰਾਹ ਪੱਧਰਾ ਨਾ ਕਰੋ ਜਥੇਦਾਰ ਜੀ, ਮੌਜੂਦਾ ਪੰਥਕ ਸੰਕਟ ਤੇ ਅਕਾਲੀ ਦਲ ਦੀ ਸਿਰਜਣਾ ਲਈ ਨੁਮਾਇੰਦਾ ਪੰਥਕ ਇਕੱਠ ਸੱਦੋ। ਪੰਥਕ ਬੁੱਧੀਜੀਵੀਆਂ ਦੇ ਉਕਤ ਬਿਆਨਾਂ ਦਾ ਪਰਚਾ ਪੜਚੋਲੀਆ ਬੀਬੀ ਜੀ, 17-10-2024 ਪੰਜਾਬ ਟਾਈਮਜ਼ ਯੂ.ਕੇ. ਦੇ ਅੰਕ 3051 ਦੇ ਪੰਨਾ 47 ਉੱਤੇ ਅਕਾਲੀ ਦਲ ਬਾਦਲ ਦੀਆਂ ਐਨਕਾਂ ਰਾਹੀਂ ਪੜਚੋਲ ਕਰਦੇ ਹੋਏ ਲਿਖਦੇ ਹਨ। ਪਰਚਾ ਪੜਚੋਲ ਸਫ਼ਾ 47 ਗੁਰਤੇਜ ਸਿੰਘ, ਪਰਮਿੰਦਰਪਾਲ ਸਿੰਘ, ਹਰਿਸਿਮਰਤ ਸਿੰਘ ਅਤੇ ਪ੍ਰੋ: ਬਲਵਿੰਦਪਾਲ ਸਿੰਘ, ਚਾਰ ਨਿਆਰੇ ਪੰਜਵੀਂ ਸ਼ਾਇਦ ਬੀਬੀ ਜੀ ਹੁਕਮ: ਅਕਾਲ ਤਖ਼ਤ ਦੇ ਜਥੇਦਾਰ ਨੂੰ ਗੁਨਾਹਗਾਰ ਲੀਡਰਸ਼ਿਪ ਨੂੰ ਬਚਾਉਣਾ ਆਦਿ : ਸਵਾਲ ਨੰਬਰ ਇਕ ਤੁਸੀਂ ਕੌਣ ਹੋ ਜੀ ਕੀਹਨੇ ਬੁੱਧੀਮਾਨ ਬਣਾਇਆ, ਕੀਹਨੇ ਚੁਣੇ? ਕੀ ਹੱਕ ਹੈ ਤੁਹਾਨੂੰ ਗੁਨਾਹਗਾਰ ਗਰਦਾਨਣ ਦਾ? (ਨੋਟ ਇਸ ਪੈਰ੍ਹੇ ਵਿੱਚ ਵੀ ਪਰਚਾ ਪੜਚੋਲੀਆ ਨੇ ਚੌਹਾਂ ਹੀ ਸਨਮਾਨਯੋਗ ਬੁੱਧੀਜੀਵੀਆਂ ਨੂੰ ਅਕਾਲੀ ਦਲ ਬਾਦਲ ਦੀਆਂ ਐਨਕਾਂ ਰਾਹੀਂ ਹੀ ਚੈਲਿੰਜ ਕੀਤਾ ਹੈ) ਇਸ ਤੋਂ ਅੱਗੇ ਵੀ ਪਰਚਾ ਪੜਚੋਲੀਆ ਨੇ ਕਾਫ਼ੀ ਲੰਬਾ ਚੋੜਾ ਲਿਖਤੀ ਵਿਖਿਆਨ ਕੀਤਾ ਹੋਇਆ ਹੈ, ਪਰ ਕੋਈ ਵੀ ਸੱਤਰ ਦੂਜੀ ਸੱਤਰ ਨਾਲ ਨਹੀਂ ਜੁੜਦੀ। ਦਾਸ ਪਰਚਾ ਪੜਚੋਲੀਆ ਦੀ ਬੇ-ਸਿਰ ਪੈਰ ਲਿਖਤ ਦੀ ਇਕ ਵੰਨਗੀ ਪੇਸ਼ ਕਰਕੇ ਸਮਾਪਤੀ ਕਰਦਾ ਹੈ, ਪਰਚਾ ਪੜਚੋਲੀਆ ਜੀ ਲਿਖਦੇ ਹਨ : ਸੁਖਬੀਰ ਸਿੰਘ ਤਾਂ ਹੁਕਮ ਮੰਨ ਚੁੱਪ ਹੈ ਤੁਹਾਡੀ ਬੀਬੀ ਸਭ ਨੂੰ ਹਿਸਤ ਕਹਿੰਦੀ ਹੈ ਡੇਰੇਦਾਰ ਪੰਥਕ ਠੀਕ ਹੈ ਬਾਦਲ ਸਾਹਿਬ ਨੇ ਸਿਆਸਤ ਵਿੱਚ ਲਿਆਂਦੀ ਮਾਣ ਦਿੱਤਾ ਹੈ ਤੇ ਇਹ ਅਹਿਸਾਨ ਫਰਾਮੋਸ਼ ਤੁਸੀਂ ਵਕੀਲੀ ਤੁਸੀਂ ਤਾਂ ਤਮਾਸ਼ਾ ਦੇਖਣੇ ਹੋ ਕੌਮੀ ਧਰਮੀ ਨਹੀਂ ਅਕਾਲ ਤਖ਼ਤ ਦੇ ਜਥੇਦਾਰ ਭੀ ਜੇਕਰ ਆਹੋ ਜਿਹੀਆਂ ਅਦਾਲਤਾਂ ਲਾਉਣਗੇ ਤੇ ਪ੍ਰਭਤਾ ਲਈ ਦੂਜੇ 'ਤੇ ਦੂਸ਼ਣ ਲਾ ਕੇ ਸੁੱਚੇ ਬਣਨਗੇ, ਰੱਬ ਦੀ ਕਚਹਿਰੀ ਹੈ ਉਥੇ ਤੁਹਾਡੇ ਵਰਗੇ ਨੀ ਬੈਠੇ ਮਿਲ ਜਾਊ ਇਨਾਮ ਧਾਰੇ ਰਹੋ ਤੁਹਾਨੂੰ ਭੀ ਕੁਫ਼ਰ ਦੀ ਉਮਰ ਹੁੰਦੀ ਹੈ, ਪਰਚਾ ਪੜਚੋਲੀਆ ਬੀਬੀ ਦੀ ਕਲਮ ਵਿੱਚੋਂ ਕਿਵੇਂ ਫੁੱਲ ਕਿਰਦੇ ਹਨ, ਉਕਤ ਪੈਰ੍ਹਾ ਪੜ੍ਹਕੇ ਪੰਜਾਬ ਟਾਈਮਜ਼ ਦੇ ਪਾਠਕ ਅਨੰਦ ਮਾਨਣਗੇ। ਕਿਸੇ ਵੀ ਲਿਖਤ ਦੀ ਪੜਚੋਲ ਕਰਨ ਲਈ, ਉਸ ਵਿੱਚਲੇ ਵਿਸ਼ੇ ਵਸਤੂ ਦਾ ਪਰਚਾ ਪੜਚੋਲੀਆ ਨੂੰ ਪੂਰਨ ਗਿਆਨ ਹੋਣਾ ਚਾਹੀਦਾ ਹੈ, ਪਰ ਇਥੇ ਪੜਚੋਲੀਆ ਬੀਬੀ ਦਾ ਆਦਮ ਨਿਰਾਲਾ ਹੈ, ਉਸ ਨੂੰ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ, ਗੁਰ ਇਤਿਹਾਸ ਗੁਰੂ ਜੋਤਿ ਦੀ ਨਿਰੰਤਰਤਾ ਬਾਰੇ ਕੋਈ ਗਿਆਨ ਨਹੀਂ ਹੈ, ਹਰ ਹਫ਼ਤੇ ਗੁਰੂ ਨਾਨਕ ਸਾਹਿਬ ਬਾਰੇ ਅਤੇ ਸਿੱਖ ਧਰਮ ਬਾਰੇ ਮਨ-ਘੜਤ ਦਲੀਲਾਂ ਦੇ ਕੇ ਸਨਾਤਨ ਧਰਮ ਨੂੰ ਵਡਿਆਉਣ ਦਾ ਯਤਨ ਕਰਦੀ ਰਹਿੰਦੀ ਹੈ - ਉਦਾਹਰਣ ਵਜੋਂ 3-10-2024 ਪੰਜਾਬ ਟਾਈਮਜ਼ ਦੇ ਪੰਨਾ 45 ਉੱਤੇ, ਮੂਰਖ ਲੋਕ ਸਦਾ ਸੁੱਖੀ ਸੌਂਦੇ ਕਿਨੀ ਡੂੰਘੀ ਸੋਚ ਦੀ ਤੁਕ ਹੈ, ਦੇ ਸਿਰਲੇਖ ਹੇਠ ਪੜਚੋਲੀਆ ਜੀ ਲਿਖਦੇ ਹਨ : ਪੰਜ ਵਰ੍ਹਿਆਂ ਦੇ ਬਾਲਕ ਨੂੰ ਗੱਦੀ ਨਸ਼ੀਨ ਕਿਸ ਕਰਕੇ ਥਾਪਿਆ ਹਾਂ ਜਦੋਂ ਸਮਾਂ ਬੀਤ ਜਾਂਦਾ ਹੈ ਅਸੀਂ ਉਸ ਨੂੰ ਵਧੀਆ ਮੰਨਦੇ ਹਾਂ, ਬਹੁਤ ਕੁਝ ਆਦਿ ਜੁਗਾਦ ਜੋੜਦੇ ਹਾਂ, ਜੀ ਗੁਰੂ ਕਾਲ ਵਿੱਚ ਆਹ ਹਾਲਾਂਕਿ (ਗੁਰੂ ਨਾਨਕ ਦੇਵ) ਜੀਵਨ ਵਿੱਚ ਗੁਰੂ ਨਹੀਂ ਸਨ, ਨਾ ਕੋਈ ਹੱਥ ਲਿਖਤ ਹੈ, ਕਿਸੇ ਵੀ ਗੁਰੂ ਸਾਹਿਬ ਦੀ ਆਪਣੀ ਹੱਥ ਲਿਖਤ ਸੁਸ਼ੋਭਿਤ ਨਹੀਂ, ਭਾਈ ਗੁਰਦਾਸ ਪੰਡਤਾਂ ਦਾ ਵਿਦਿਆਰਥੀ ਵੇਦਾਂ ਉਪਨਿਸ਼ਦਾਂ ਦਾ ਪ੍ਰਾਣਾ ਧਨੀ ਸੀ। ਇਥੇ ਵਿਚਾਰਨ ਯੋਗ ਤੱਥ ਇਹ ਹੈ ਕਿ ਕੌਣ ਨਹੀਂ ਜਾਣਦਾ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਨਾਨਕ ਸਾਹਿਬ ਤੇ ਬਾਕੀ ਪੰਜ ਗੁਰੂ ਸਾਹਿਬਾਨਾਂ ਦੀ ਜੋ ਬਾਣੀ ਅੰਕਿਤ ਹੈ ਉਹ ਉਨ੍ਹਾਂ ਦੀ ਆਪਣੀ ਹੱਥ ਲਿਖਤ ਹੈ। ਸਮਾਂ ਤੇ ਸਥਾਨ ਆਗਿਆ ਨਹੀਂ ਦਿੰਦਾ ਕਿ ਭਾਈ ਗੁਰਦਾਸ ਜੀ ਦੇ ਸਿੱਖੀ ਜੀਵਨ 'ਤੇ ਚਾਨਣਾ ਪਾਇਆ ਜਾ ਸਕੇ।

ਪਰਚਾ ਪੜਚੋਲੀਆ ਬੀਬੀ ਜੀ ਨੂੰ ਬਹੁਤ ਹੀ ਨਿਮਰਤਾ ਸਹਿਤ ਬੇਨਤੀ ਹੈ ਕਿ ਜੇ ਸਿੱਖ ਧਰਮ, ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ 'ਤੇ ਕੋਈ ਟਿੱਪਣੀ ਕਰਨੀ ਹੈ ਤਾਂ ਗੁਰਮਤਿ ਗੁਰਇਤਿਹਾਸ ਅਤੇ ਗੁਰੂ ਗ੍ਰੰਥ, ਗੁਰੂ ਪੰਥ ਦੇ ਸਿੱਖੀ ਸਿਧਾਂਤਾਂ ਦਾ ਪੂਰਨ ਅਧਿਐਨ ਕਰਕੇ ਕਰੋ ਨਾ ਕਿ ਸਨਾਤਨੀ ਧਰਮ ਦੀਆਂ ਐਨਕਾਂ ਲਾ ਕੇ ਕਰੋ। ਜੇ ਦੂਜਿਆਂ ਦੀ ਆਲੋਚਨਾ ਕਰਨੀ ਹੈ ਤਾਂ ਆਪਣੀ ਆਲੋਚਨਾ ਬਰਦਾਸ਼ਤ ਕਰਨ ਦਾ ਵੀ ਮਾਦਾ ਹੋਣਾ ਚਾਹੀਦਾ ਹੈ।


ਗੁਰੂ ਪੰਥ ਦਾ ਦਾਸ
ਜਥੇਦਾਰ ਮਹਿੰਦਰ ਸਿੰਘ

* * * * * * *

*ਅਗਰ ਕਿਸ਼ਤੀ ਹੋ ਤੂਫਾਂ ਮੇਂ, ਤੋ ਕਾਮ ਆਤੀ ਹੈਂ ਤਦਬੀਰੇਂ, ਮਪਗਰ ਕਿਸ਼ਤੀ ਮੇਂ ਤੂਫਾਂ ਹੋ, ਤੋ ਮਿਟ ਜਾਤੀ ਹੈਂ ਤਕਦੀਰੇਂ।*

# ਪੰਥ ਦੇ ਜਥੇਦਾਰਾਂ ਦਾ ਸੰਕਟ ਬਨਾਮ ਅਕਾਲੀ ਰਾਜਨੀਤੀ

**ਕੁਲਵੰਤ ਸਿੰਘ 'ਢੇਸੀ'**



ਇਹਨੀ ਦਿਨੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਖੇਮਕਰਨ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਰਹਿ ਚੁੱਕੇ ਵਿਧਾਇਕ ਵਿਰਸਾ ਸਿੰਘ ਵਲਟੋਹੇ ਦਰਮਿਆਨ ਚੱਲ ਰਹੀ ਖਿੱਚੋਤਾਣ ਨੇ ਪੰਥ ਵਿਚ ਤਹਿਲਕਾ ਮਚਾਈ ਰੱਖਿਆ। ਦੇਖਦਿਆਂ ਹੀ ਦੇਖਦਿਆਂ ਬਹੁਤੀਆਂ ਪੰਥਕ ਧਿਰਾਂ ਗਿਆਨੀ ਹਰਪ੍ਰੀਤ ਸਿੰਘ ਦੇ ਹੱਕ ਵਿਚ ਖੜ੍ਹੀਆਂ ਹੋ ਗਈਆਂ ਅਤੇ ਵਿਰਸਾ ਸਿੰਘ ਵਲਟੋਹਾ ਦੇ ਖਿਲਾਫ ਵੱਡੀ ਪੱਧਰ 'ਤੇ ਵਿਰੋਧ ਖੜ੍ਹਾ ਹੋ ਗਿਆ। ਜਿਓਂ ਹੀ ਗਿਆਨੀ ਹਰਪ੍ਰੀਤ ਸਿੰਘ ਨੇ ਅੱਖਾਂ ਭਰ ਕੇ ਦਮਦਮਾ ਸਾਹਿਬ ਦੀ ਜਥੇਦਾਰੀ ਤੋਂ ਅਸਤੀਫਾ ਦੇਣ ਦਾ ਐਲਾਨ ਕੀਤਾ ਤਾਂ ਉਹਨਾ ਦੇ ਹੱਕ ਵਿਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਬਾਕੀ ਦੇ ਜਥੇਦਾਰ ਵੀ ਨਿੱਤਰ ਪਏ। ਹਾਲਾਤਾਂ ਨੂੰ ਦੇਖਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜਥੇਦਾਰ ਦਾ ਅਸਤੀਫਾ ਨਾ ਮਨਜ਼ੂਰ ਕਰ ਦਿੱਤਾ ਅਤੇ ਜਥੇਦਾਰ ਸਾਹਿਬ ਦੀ ਮੁੜ ਬਹਾਲੀ ਹੋ ਗਈ। ਹੁਣ ਅਨੇਕਾਂ ਪੰਥਕ ਸ਼ਖਸੀਅਤਾਂ ਅਤੇ ਸੋਸ਼ਲ ਮੀਡੀਆ 'ਤੇ ਇਸੇ ਮੁੱਦੇ ਨੂੰ ਲੈ ਕੇ ਸ਼ਬਦੀ ਜੰਗ ਹੋਣ ਲੱਗ ਪਿਆ ਹੈ।

## ਦੋਹਾਂ ਧਿਰਾਂ ਦਰਮਿਆਨ ਝਗੜਾ ਕਿਓਂ ਵਧਿਆ

ਸੰਨ ੧੯੯੫ ਤੋਂ ਸ: ਪ੍ਰਕਾਸ਼ ਸਿੰਘ ਬਾਦਲ ਨਾਲ ਨੇੜੇ ਦੇ ਸਬੰਧ ਰੱਖਣ ਵਾਲੇ ਸ: ਵਲਟੋਹਾ ਨੇ ਜਿਸ ਵੇਲੇ ਮੌਜੂਦਾ ਸਮੇਂ ਆਪਣੇ ਆਗੂ ਸੁਖਬੀਰ ਸਿੰਘ ਬਾਦਲ ਨੂੰ ਸੰਕਟ ਵਿਚ ਦੇਖਿਆ ਤਾਂ ਬਿਆਨ ਦੇ ਮਾਰਿਆ ਕਿ ਜਥੇਦਾਰਾਂ ਨੇ ਆਰ ਐਸ ਐਸ ਅਤੇ ਭਾਜਪਾ ਦੇ ਦਬਾਅ ਹੇਠ ਸੁਖਬੀਰ ਬਾਦਲ ਨੂੰ ਤਨਖਾਹੀਆ ਕਰਾਰ ਦਿੱਤਾ ਹੈ। ਇਸ ਬਿਆਨ 'ਤੇ ਜਥੇਦਾਰਾਂ ਨੇ ਵਲਟੋਹੇ ਦੀ ਪੇਸ਼ੀ ਕਰਕੇ ਉਸ ਨੂੰ ੧੦ ਸਾਲਾਂ ਲਈ ਅਕਾਲੀ ਦਲ ਚੋਂ ਬਰਖਾਸਤ ਕਰਨ ਦੀ ਸਿਫਾਰਸ਼ ਕਰ ਦਿੱਤੀ। ਸ: ਵਲਟੋਹਾ ਨੇ ਇਸ ਦੇ ਮੋੜਵੇਂ ਜਵਾਬ ਵਿਚ ਜਿਸ ਵੇਲੇ ਗਿਆਨੀ ਹਰਪ੍ਰੀਤ ਸਿੰਘ 'ਤੇ ਆਰ ਐਸ ਐਸ ਨਾਲ ਸਬੰਧ ਹੋਣ ਬਾਬਤ ਇਲਜ਼ਾਮ ਬਾਜ਼ੀ ਕੀਤੀ ਤਾਂ ਮਾਮਲਾ ਹੋਰ ਵੀ ਤੂਲ ਫੜ ਗਿਆ। ਜਥੇਦਾਰ ਦਾ ਕਹਿਣਾ ਹੈ ਕਿ ਉਸ ਵਲੋਂ ਜਥੇਦਾਰ ਨੂੰ ਜਾਤੀ ਸੂਚਕ ਤਾਹਨੇ ਮਾਰੇ ਗਏ ਅਤੇ ਜਥੇਦਾਰ ਸਾਹਿਬ ਦੀਆਂ ਬੇਟੀਆਂ ਨੂੰ ਵੀ ਬੁਰਾ ਭਲਾ ਕਿਹਾ ਗਿਆ ਹੈ। ਸ: ਵਲਟੋਹਾ ਵਲੋਂ ਭਾਵੇਂ ਸਪੱਸ਼ਟੀਕਰਨ ਦੇ ਕੇ ਅਜੇਹਾ ਕੁਝ ਵੀ ਕਹਿਣ ਕਰਨ ਤੋਂ ਇਨਕਾਰ ਕੀਤਾ ਗਿਆ ਹੈ ਪਰ ਪੰਥਕ ਹਵਾ ਸ: ਵਲਟੋਹੇ ਦੇ ਖਿਲਾਫ ਚੱਲ ਰਹੀ ਹੈ।

## ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਬਾਰੇ ਜਾਣਕਾਰੀ

ਜਥੇਦਾਰ ਹਰਪ੍ਰੀਤ ਸਿੰਘ ਜੀ ਦਾ ਸਬੰਧ ਗਿੱਦੜਬਾਹਾ ਹਲਕੇ ਨਾਲ ਹੈ। ਉਹਨਾ ਦੇ ਪਿਤਾ ਜੀ ਪਿੰਡ ਵਿਚ ਗ੍ਰੰਥੀ ਸਨ। ਜਥੇਦਾਰ ਸਾਹਿਬ ਨੇ ਮੁਢਲੀ ਵਿੱਦਿਆ ਪ੍ਰਾਪਤ ਕਰਨ



ਮਗਰੋਂ ਬੀਏ ਐਮ ਏ ਕਰਕੇ ਧਾਰਮਕ ਮਜ਼ਮੂਨ ਵਿਚ ਪੀ ਐਚ ਡੀ ਕੀਤੀ ਅਤੇ ਉਹਨਾ ਨੂੰ ਮੁਕਤਸਰ ਸਾਹਿਬ ਵਿਚ ਹੈੱਡ ਗ੍ਰੰਥੀ ਹੋਣ ਦਾ ਮਾਣ ਪ੍ਰਾਪਤ ਹੋਇਆ। ਸੰਨ ੨੦੧੭ ਵਿਚ ਉਹਨਾ ਨੂੰ ਦਮਦਮਾ ਸਾਹਿਬ ਵਿਚ ਬਤੌਰ ਜਥੇਦਾਰ ਦੇ ਸੇਵਾ ਮਿਲੀ ਜਦ ਕਿ ਸੰਨ ੨੦੧੮ ਵਿਚ ਜਥੇਦਾਰ ਗੁਰਬਚਨ ਸਿੰਘ ਦੀ ਸਿਰਸੇ ਵਾਲੇ ਨੂੰ ਕਲੀਨ ਚਿੱਟ ਦੇਣ ਦੇ ਮੁੱਦੇ 'ਤੇ ਹੋਈ ਛੁੱਟੀ ਬਦਲੇ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਦਾ ਕਾਰਜਕਾਰੀ ਜਥੇਦਾਰ ਬਣਾ ਦਿਤਾ ਗਿਆ। ਇਸ ਸੇਵਾ 'ਤੇ ਉਹ ਪੰਜ ਸਾਲ ਰਹੇ ਪਰ ਜਿਸ ਵੇਲੇ ਉਹਨਾ ਬਾਬਤ ਰਾਜ ਸਭਾ ਮੈਂਬਰ ਰਾਘਵ ਚੱਢਾ ਦੇ ਵਿਆਹ ਵਿਚ ਸ਼ਾਮਲ ਹੋਣ ਦਾ ਪੰਥ ਵਿਚ ਵਿਰੋਧ ਹੋਣ ਲੱਗਾ ਤਾਂ ਗਿਆਨੀ ਰਘਬੀਰ ਸਿੰਘ ਨੂੰ ਸ੍ਰੀ ਅਕਾਲ ਤਖਤ ਦਾ ਜਥੇਦਾਰ ਬਣਾ ਕੇ ਗਿਆਨੀ ਹਰਪ੍ਰੀਤ ਸਿੰਘ ਨੂੰ ਮੁੜ ਦਮਦਮਾ ਸਾਹਿਬ ਵਿਖੇ ਜਥੇਦਾਰੀ ਦੀ ਸੇਵਾ ਦੇ ਦਿੱਤੀ ਗਈ।

## ਜਥੇਦਾਰ ਵਿਰਸਾ ਸਿੰਘ ਵਲਟੋਹਾ ਬਾਰੇ ਜਾਣਕਾਰੀ

ਸ: ਵਿਰਸਾ ਸਿੰਘ ਵਲਟੋਹਾ ਦਾ ਨਾਮ ਖਾੜਕੂ ਦੌਰ ਵਿਚ ਉੱਭਰਿਆ ਅਤੇ ਉਹ ਸੰਤ ਭਿੰਡਰਾਂਵਾਲਿਆਂ ਦੇ ਨਜ਼ਦੀਕੀ ਸਮਝੇ ਜਾਂਦੇ ਹਨ। ਖੇਮ ਕਰਨ ਤੋਂ ਅਕਾਲੀ ਦਲ ਬਾਦਲ ਦੇ ਦੋ ਵਾਰ ਵਿਧਾਇਕ ਰਹੇ ਸ:ਵਲਟੋਹਾ ਨੇ ਤਾਂ ਇੱਕ ਵਾਰ ਪੰਜਾਬ ਵਿਧਾਨ ਸਭਾ ਵਿਚ ਵੀ ਕਹਿ ਦਿੱਤਾ ਸੀ ਕਿ ਮੈਂ ਅੱਤਵਾਦੀ ਸਾਂ, ਹਾਂ ਅਤੇ ਰਹਾਂਗਾ ਜਿਸ ਦਾ ਭਾਜਪਾ ਵਲੋਂ ਤਿੱਖਾ ਵਿਰੋਧ ਹੋਇਆ ਸੀ। ਆਪਣੇ ਗਰਮ ਬਿਆਨਾ ਕਰਕੇ ਉਹ ਅਕਸਰ ਹੀ ਚਰਚਾ ਵਿਚ ਰਹਿੰਦੇ ਹਨ। ਖਾੜਕੂ ਦੌਰ ਵਿਚ ਸ: ਵਲਟੋਹਾ 'ਤੇ ਇੱਕ ਵਾਰ ਐਨ ਐਸ ਏ ਵੀ ਲੱਗ ਚੁੱਕਾ ਹੈ। ਸ: ਵਲਟੋਹਾ ਪਾਬੰਦੀ ਸ਼ੁਦਾ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਵਿਚ ਸਰਗਰਮ ਰਹੇ ਹਨ ਅਤੇ ਸੰਨ ੧੯੮੪ ਵਿਚ ਉਹ ਦਰਬਾਰ ਸਾਹਿਬ ਵਿਚੋਂ ਹੋਰ ਆਗੂਆਂ ਸਮੇਤ ਗ੍ਰਿਫਤਾਰ ਕੀਤੇ ਗਏ ਸੀ। ਸ:ਵਲਟੋਹਾ ਵੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਐਮ ਏ ਹਨ। ਪੱਟੀ ਵਿਚ ਡਾਕਟਰ ਸੁਦਰਸ਼ਨ ਦੇ ਹੋਏ ਕਤਲ ਸਬੰਧੀ ਭਾਵੇਂ ਜਥੇਦਾਰ ਵਲਟੋਹਾ ਨੂੰ ਚਾਰਜਸ਼ੀਟ ਕੀਤਾ ਗਿਆ ਪਰ ਚੋਣਾ ਦੌਰਾਨ ਹੋਏ ਹਲਫਨਾਮੇ ਵਿਚ ਉਹ ਐਸੇ ਕਿਸੇ ਵੀ ਦੋਸ਼ ਵਿਚ ਦੋਸ਼ੀ ਸਾਬਤ ਨਹੀਂ ਹੋ ਸਕੇ। ਸਬੰਧਤ ਮਾਮਲੇ ਸਬੰਧੀ ਹਾਲ ਦੀ ਘੜੀ ਸ: ਵਿਰਸਾ ਸਿੰਘ ਵਲਟੋਹਾ ਖਾਮੋਸ਼ ਹੋ ਗਏ ਹਨ।

## ਸ: ਇਮਾਨ ਸਿੰਘ ਮਾਨ ਵਲੋਂ ਜਥੇਦਾਰਾਂ ਦੇ ਕਿਰਦਾਰ ਨੂੰ ਚਣੌਤੀ

ਲਾਈਵ ਸੱਚ ਟੀ ਵੀ ਤੋਂ ਮਿਲੀ ਜਾਣਕਾਰੀ ਦੇ ਹਵਾਲੇ ਨਾਲ ਸ: ਸਿਮਰਨਜੀਤ ਸਿੰਘ ਮਾਨ ਦੇ ਬੇਟੇ ਇਮਾਨ ਸਿੰਘ ਮਾਨ ਵਲੋਂ ਜਥੇਦਾਰਾਂ ਸਬੰਧੀ ਪੁੱਛੇ ਗਏ ਕੁਝ ਬਿਆਨ ਧਿਆਨ ਮੰਗਦੇ ਹਨ। ਸ: ਇਮਾਨ ਸਿੰਘ ਮਾਨ ਨੇ ਕੁਝ ਨਿੱਜੀ ਚੈਨਲਾ ਨੂੰ ਦਿੱਤੇ ਬਿਆਨਾ ਵਿਚ ਜੋ ਮੁੱਦੇ ਉਠਾਏ ਹਨ ਇਹ ਸਵਾਲ ਕ੍ਰਮਵਾਰ ਇਸ ਤਰਾਂ ਹਨ-

ਜਿਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਦਾ ਸਾਂਗ ਰਚ ਰਹੇ ਸਿਰਸੇ ਵਾਲੇ ਨੂੰ ਸ੍ਰੀ ਅਕਾਲ ਤਖਤ ਤੋਂ ਕਲੀਨ ਚਿੱਟ ਦਿੱਤੀ ਗਈ ਤਾਂ ਸਾਡੇ ਜਥੇਦਾਰਾਂ ਨੇ ਇਸ ਸਬੰਧੀ ਆਵਾਜ਼ ਬੁਲੰਦ ਕਿਓਂ ਨਾ ਕੀਤੀ ?

ਜਿਸ ਵੇਲੇ ਬਰਗਾੜੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ ਤਾਂ ਉਸ ਸਮੇਂ ਇਹਨਾ ਜਥੇਦਾਰਾਂ ਨੇ ਆਪਣੇ ਸਿਆਸੀ ਆਗੂਆਂ ਖਿਲਾਫ ਆਵਾਜ਼ ਕਿਓਂ ਨਾ ਚੁੱਕੀ

ਜਿਸ ਵੇਲੇ ਸ੍ਰੀ ਗਰੁ ਗ੍ਰੰਥ ਸਾਹਿਬ ਦੇ ੩੨੮ ਸਰੂਪ ਗਾਇਬ ਹੋਏ ਉਸ ਵੇਲੇ ਵੀ ਇਹਨਾ ਜਥੇਦਾਰਾਂ ਨੇ ਪੰਥ ਦਾ ਮਾਰਗ ਦਰਸ਼ਨ ਕਿਓਂ ਨਾ ਕੀਤਾ ?

ਜਿਸ ਵੇਲੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਆਗੂ ਦੇਹਧਾਰੀਆਂ ਦੇ ਦਰਾਂ 'ਤੇ ਸ਼ਰੇਆਮ ਵੋਟਾਂ ਮੰਗਣ ਜਾਂਦੇ ਸਨ ਤਾਂ ਜਥੇਦਾਰਾਂ ਨੇ ਤਤਕਾਲ ਉਹਨਾ ਖਿਲਾਫ ਕਾਰਗੁਜ਼ਾਰੀ ਕਿਓਂ ਨਾ ਕੀਤੀ ? ਇਹਨਾ ਜਥੇਦਾਰਾਂ ਨੇ ਕੋਈ ਵੱਡਾ ਮੋਰਚਾ ਲਾ ਕੇ ਪੰਥ ਦੀ ਅਗਵਾਈ ਨਹੀਂ ਕੀਤੀ ਕਿਓਂਕਿ ਇਸ ਵਿਚ ਉਹਨਾ ਦੇ ਮਗਰਲਿਆਂ ਦਾ ਨਾਂ ਆਉਂਦਾ ਸੀ।

ਹੁਣ ਜਦੋਂ ਸ: ਵਲਟੋਹਾ ਨੇ ਜਥੇਦਾਰਾਂ ਨੂੰ ਕੁਝ ਕਹਿ ਦਿੱਤਾ ਤਾਂ ਜਥੇਦਾਰ ਹਰਪ੍ਰੀਤ ਸਿੰਘ ਜੀ ਰੋਣ ਕਿਓਂ ਲੱਗ ਪਏ। ਜਥੇਦਾਰ ਦਾ ਕਿਰਦਾਰ ਤਾਂ ਜਥੇਦਾਰ ਹਵਾਰਾ ਜਾਂ ਅਕਾਲੀ ਫੂਲਾ ਸਿੰਘ ਵਾਲਾ ਪ੍ਰਭਾਵਸ਼ਾਲੀ ਹੋਣਾ ਚਾਹੀਦਾ ਹੈ। ਪੰਥ ਦੇ ਜਥੇਦਾਰ ਤਾਂ ਅਸਹਿ ਅਤੇ ਅਕਹਿ ਕਸ਼ਟਾਂ ਵਿਚ ਵੀ ਟੱਸ ਤੋਂ ਮੱਸ ਨਾ ਹੋਏ ਪਰ ਇਸ ਤਰਾਂ ਰੋਣ ਨਾਲ ਕੀ ਪ੍ਰਭਾਵ ਬਣਦਾ ਹੈ ?

ਹੁਣ ਜਦੋਂ ਸ: ਸੁਖਬੀਰ ਸਿੰਘ ਬਾਦਲ ਨੇ ਆਪਣੇ ਦੋਸ਼ ਕਬੂਲ ਲਏ ਹਨ ਤਾਂ ਇਹ ਜਥੇਦਾਰ ਉਸ ਖਿਲਾਫ ਤਨਖਾਹ ਲਉਣ ਦੇ ਮੁੱਦੇ ਨੂੰ ਲਟਕਾਈ ਕਿਓਂ ਜਾ ਰਹੇ ਹਨ ? ਬਾਕੀਆਂ ਵਾਂਗ ਇਸ ਮੁੱਦੇ 'ਤੇ ਵੀ ਜਥੇਦਾਰਾਂ ਵਲੋਂ ਕਾਰਵਾਈ ਤਾਂ ਤਤਕਾਲ ਹੋਣੀ ਚਾਹੀਦੀ ਸੀ। ਜੋ ਦੋਸ਼ ਸ: ਸੁਖਬੀਰ ਸਿੰਘ ਬਾਦਲ ਨੇ ਮੰਨੇ ਹਨ ਉਹਨਾ ਦਾ ਸਬੰਧ ਪਿਛਲੇ ਅੱਠ ਦਸ ਸਾਲ ਦੇ ਅਰਸੇ ਨਾਲ ਹੈ। ਏਨੇ ਲੰਬੇ ਸਮੇਂ ਵਿਚ ਸਾਡੇ ਜਥੇਦਾਰਾਂ ਨੂੰ ਇਹ ਦੋਸ਼ ਨਜ਼ਰ ਕਿਓਂ ਨਾ ਆਏ ?

ਨਿੱਜੀ ਚੈਨਲਾਂ ਨੂੰ ਦਿੱਤੇ ਬਿਆਨਾ ਵਿਚ ਇਮਾਨ ਸਿੰਘ ਮਾਨ ਨੇ ਤਾ ਸਪੱਸ਼ਟ ਕਹਿ ਦਿੱਤਾ ਕਿ ਜਥੇਦਾਰਾਂ ਅਤੇ ਅਕਾਲੀ ਦਲ ਬਾਦਲ ਦੋਵੇਂ ਧਿਰਾਂ ਦੀ ਹੀ ਸਭ ਮਿਲੀ ਭੁਗਤ ਹੈ। ਉਸ ਨੇ ਤਾਂ ਮਜ਼ਾਕ ਵਿਚ ਇਹਨਾ ਧਿਰਾਂ ਨੂੰ ਇੱਕੋ ਥਾਲੀ ਦੇ ਚੱਟੇ ਵੱਟੇ ਕਹਿਣ ਦੀ ਥਾਂ ਇੱਕੋ ਹਾਂਡੀ ਦੇ ਬੈਂਗਣ ਤਕ ਕਹਿ ਦਿੱਤਾ ।

ਸੋਸ਼ਲ ਸਾਈਟਾਂ 'ਤੇ ਲੋਕ ਵੀ ਸਵਾਲ ਕਰਦੇ ਹਨ ਕਿ ਜਿਸ ਵੇਲੇ ਸ: ਵਲਟੋਹਾ ਨੇ ਜਥੇਦਾਰਾਂ 'ਤੇ ਕੋਈ ਵੀ ਇਲਜ਼ਾਮ ਤਰਾਸ਼ੀ ਕੀਤੀ ਤਾਂ ਜਥੇਦਾਰਾਂ ਵਲੋਂ ਇਸ ਦਾ ਤੱਥਾਂ ਸਹਿਤ ਜਵਾਬ ਦੇਣਾ ਬਣਦਾ ਸੀ ਜੋ ਕਿ ਨਹੀਂ ਦਿੱਤਾ ਗਿਆ। ਇਹ ਵੀ ਕਿਹਾ ਜਾਂਦਾ ਹੈ ਕਿ ਮੌਜੂਦਾ ਰੇੜਕਾ ਸ਼ਾਇਦ ਸੁਖਬੀਰ ਸਿੰਘ ਬਾਦਲ ਨੂੰ ਮੌਜੂਦਾ ਸੰਕਟ ਵਿਚੋਂ ਕੱਢਣ ਲਈ ਸਬੰਧਤ ਧਿਰਾਂ ਨੇ ਰਲ ਮਿਲ ਕੇ ਸ਼ੁਰੂ ਕੀਤਾ ਜੋ ਕਿ ਹੁਣ ਉਲਟਾ ਬਹਿ ਗਿਆ।

ਲੋਕ ਇਹ ਵੀ ਕਹਿੰਦੇ ਹਨ ਕਿ ਮਾਨਯੋਗ ਜਥੇਦਾਰਾਂ ਨੂੰ ਸ: ਵਲਟੋਹਾ ਵਲੋਂ ਜਿਸ ਤਰੀਕੇ ਨਾਲ ਮੁਖਤਾਬ ਹੋਇਆ ਗਿਆ ਹੈ ਉਹ ਹੀ ਉਸ ਦੇ ਖਿਲਾਫ ਭੁਗਤ ਗਿਆ ਜਦ ਕਿ ਸਵਾਲ ਜਵਾਬ ਤਾਂ ਕੋਈ ਵੀ ਜ਼ਿੰਮਵਾਰ ਵਿਅਕਤੀ ਕਰ ਸਕਦਾ ਹੈ।

ਨਿੱਜੀ ਚੈਨਲਾਂ ਅਤੇ ਸੋਸ਼ਲ ਸਾਈਟਾਂ ਦੇ ਹਾਵਲੇ ਨਾਲ ਇਹ ਗੱਲ ਵੀ ਸੁਣਨ ਵਿਚ ਆਈ ਹੈ ਕਿ ਜਥੇਦਾਰਾਂ 'ਤੇ ਇਹ ਇਹ ਇਲਜ਼ਾਮ ਤਾਂ ਸ: ਇਮਾਨ ਸਿੰਘ ਮਾਨ ਵਲੋਂ ਵੀ ਲਾ ਦਿੱਤਾ ਗਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਅਤੇ ਜਥੇਦਾਰ ਸਾਹਿਬ ਰਲ ਕੇ ਆਰ ਐਸ ਐਸ ਲਈ ਹੀ ਕੰਮ ਕਰ ਰਹੇ ਹਨ ਕਿਓਂਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਬੀ ਜੇ ਪੀ ਨਾਲ ਗੱਠਜੋੜ ਰਿਹਾ ਹੈ ਜੋ ਕਿ ਆਰ ਐਸ ਐਸ ਦਾ ਇੱਕ ਸਿਆਸੀ ਵਿੰਗ ਹੀ ਹੈ।

## ਪੰਥਕ ਵਿਦਵਾਨ ਗੁਰਦਰਸ਼ਨ ਸਿੰਘ ਢਿੱਲੋਂ ਦੇ ਬਿਆਨ

ਖਾਲਸਾ ਟੀ ਵੀ ਨੂੰ ਦਿੱਤੀ ਇੱਕ ਇੰਟਰਵਿਊ ਵਿਚ ਬਹੁਚਰਚਿਤ ਵਿਦਵਾਨ ਡਾ: ਗੁਰਦਰਸ਼ਨ ਸਿੰਘ ਢਿੱਲੋਂ ਨੇ ਮੁੜ ਇੱਕੋ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਭਾਰਤੀ ਸਰਕਾਰਾਂ ਨੇ ਵੱਖ ਵੱਖ ਸਮੇਂ ਸਿੱਖ ਕੌਮ ਨੂੰ ਮਾਰਨ ਲਈ ਅਰਬਾਂ ਖਰਬਾਂ ਰੁਪਿਆ ਖਰਚ ਕਰ ਦਿੱਤਾ

ਬਾਕੀ ਹਿਸਾ ਸਫਾ 31 ਤੇ ਪੜ੍ਹੋ

### 30 ਸਫ਼ੇ ਦੀ ਬਾਕੀ

ਪਰ ਏਨਾ ਕੁਝ ਹੋਣ ਦੇ ਬਾਵਜੂਦ ਵੀ ਸਿੱਖਾਂ ਦਾ ਜਲੌਂ ਸਾਰੀ ਦੁਨੀਆਂ ਵਿਚ ਵਧਦਾ ਜਾ ਰਿਹਾ ਹੈ ਇਸ ਕਰਕੇ ਕੌਮ ਦੇ ਖਿਲਾਫ ਸਾਜਸ਼ਾਂ ਨੇ ਨੀਵੇਂ ਦਰਜੇ ਦਾ ਰੁੱਖ ਤਿਆਰ ਕੀਤਾ ਹੋਇਆ ਹੈ ਅਤੇ ਇਹਨਾ ਸਾਜਸ਼ਾਂ ਵਿਚ ਆਰ ਐਸ ਐਸ ਦਾ ਵੀ ਪੂਰਾ ਜ਼ੋਰ ਲੱਗਾ ਹੋਇਆ ਹੈ, ਇਸ ਕਰਕੇ ਸਿਖਾਂ ਨੂੰ ਚਾਹੀਦਾ ਹੈ ਕਿ ਅਸੀਂ ਜਥੇਦਾਰਾਂ ਜਾਂ ਹੋਰ ਮਾਣਯੋਗ ਸ਼ਖਸੀਅਤਾਂ ਨਾਲ ਸੰਜੀਦਗੀ ਨਾਲ ਪੇਸ਼ ਆਈਏ। ਜਥੇਦਾਰ ਹਰਪ੍ਰੀਤ ਸਿੰਘ ਦੀ ਅਮਿਤ ਸ਼ਾਹ ਨਾਲ ਜਾਂ ਹੋਰ ਸਰਕਾਰੀ ਗੈਰ ਸਰਕਾਰੀ ਸ਼ਖ਼ਸੀਅਤਾਂ ਨਾਲ ਬੈਠਕਾਂ ਤੋਂ ਉਹਨਾ ਨੂੰ ਪੰਥ ਵਿਰੋਧੀ ਨਹੀਂ ਕਿਹਾ ਜਾ ਸਕਦਾ।

ਸ: ਢਿੱਲੋਂ ਨੇ ਇਸ ਇੰਟਰਵਿਊ ਵਿਚ ਜਥੇਦਾਰ ਹਰਪ੍ਰੀਤ ਸਿੰਘ ਦਾ ਰਾਘਵ ਚੱਢਾ ਦੇ ਵਿਆਵ ਵਿਚ ਸ਼ਾਮਲ ਹੋਣ ਦਾ ਦੱਬਵੀਂ ਆਵਾਜ਼ ਵਿਚ ਵਿਰੋਧ ਕਰਦਿਆਂ ਕਿਹਾ ਕਿ ਜਥੇਦਾਰ ਨੇ ਵਿਆਹਾਂ ਸ਼ਾਦੀਆਂ ਵਿਚ ਜਾਣਾ ਹੀ ਹੈ ਤਾਂ ਗਰੀਬ ਬੱਚੀਆਂ ਦੇ ਵਿਆਹਾਂ ਵਿਚ ਜਾਇਆ ਕਰਨ। ਇਸੇ ਤਰਾਂ ਸ: ਢਿੱਲੋਂ ਨੇ ਇਹ ਵੀ ਕਿਹਾ ਕਿ ਜਥੇਦਾਰ ਦਾ ਅਯੋਧਿਆ ਜਾਣਾ ਵੀ ਜਾਇਜ਼ ਨਹੀਂ ਸੀ। ਸ: ਢਿੱਲੋਂ ਨੇ ਕਿਹਾ ਕਿ ਸਾਡੇ ਜਥੇਦਾਰਾਂ ਨੇ ਆਰ ਐਸ ਐਸ ਦੇ ਖਿਲਾਫ ਅਤੇ ਪੰਥ ਦੇ ਹੱਕ ਵਿਚ ਕਈ ਫੈਸਲੇ ਧੜੱਲੇ ਨਾਲ ਵੀ ਲਏ ਹਨ ਜੋ ਕਿ ਸਾਨੂੰ ਨਜ਼ਰ ਅੰਦਾਜ਼ ਨਹੀਂ ਕਰ ਦੇਣਾ ਚਾਹੀਦਾ। ਹਮੇਸ਼ਾਂ ਵਾਂਗ ਸ: ਢਿੱਲੋਂ ਨੇ ਇਹ ਗੱਲ ਵਾਰ ਵਾਰ ਬੜੀ ਬੇਬਾਕੀ ਨਾਲ ਕਹੀ ਹੈ ਕਿ ਸਰਕਾਰ ਦੀਆਂ ਏਜੰਸੀਆਂ ਅਤੇ ਆਰ ਐਸ ਐਸ ਸਿੱਖਾਂ ਨੂੰ ਖਤਮ ਕਰਨ ਲਈ ਤਤਪਰ ਹਨ ਇਸ ਕਰਕੇ ਸਿੱਖ ਸ਼ਾਂਤ ਅਤੇ ਸਹਿਜ ਵਿਚ ਰਹਿਣ ਅਤੇ ਆਪਣੇ ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸ ਜਰੂਰ ਕਰਿਆ ਕਰਨ।

### ਸਾਬਕਾ ਜਥੇਦਾਰ ਪ੍ਰੋ: ਮਨਜੀਤ ਸਿੰਘ ਦੇ ਵਿਚਾਰ

'ਤਖਤ ਪੰਜਾਬ' ਦੇ ਸੰਪਾਦਕ ਸੁਖਵਿੰਦਰ ਸਿੰਘ ਨੂੰ ਦਿੱਤੀ ਇੰਟਰਵਿਊ ਵਿਚ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ ਮਨਜੀਤ ਸਿੰਘ ਨੇ ਕੌਮੀ ਅਤੇ ਕੌਮਾਂਤਰੀ ਤੌਰ 'ਤੇ ਵਿਚਰ ਰਹੀ ਸਿੱਖ ਸਿਆਸਤ 'ਤੇ ਨਜ਼ਰਸਾਨੀ ਕਰਦਿਆਂ ਕਿਹਾ ਹੈ ਕਿ ਭਾਰਤ ਤੋਂ ਬਾਹਰ ਦੁਨੀਆਂ ਭਰ ਦੇ ਸਿੱਖ ਸਿਆਸਤਦਾਨ ਤਾਂ ਜਥੇਦਾਰਾਂ ਦਾ ਮਾਨ ਸਨਮਾਨ ਕਰਦੇ ਹਨ ਪਰ ਪੰਜਾਬ ਜਾਂ ਭਾਰਤ ਦੇ ਸਿਆਸਤਦਾਨ ਕਈ ਵੇਰ ਟਕਰਾਓ ਵਿਚ ਆ ਜਾਂਦੇ ਹਨ। ਉਹਨਾ ਇਹ ਵੀ ਕਿਹਾ ਸਿੱਖ ਰਾਜਨੀਤੀ ਨੂੰ ਕੇਵਲ ਅਕਾਲੀਆਂ ਤਕ ਹੀ ਸੀਮਤ ਨਹੀਂ ਕੀਤਾ ਜਾ ਸਕਦਾ ਸਗੋਂ ਦੂਜੀਆਂ ਸਿਆਸੀ ਪਾਰਟੀਆਂ ਵਿਚ ਵਿਚਰ ਰਹੇ ਸਿੱਖਾਂ ਲਈ ਵੀ ਜਥੇਦਾਰ ਸਾਹਿਬਾਨ ਜਾਂ ਤਖ਼ਤਾਂ ਦਾ ਓਨਾ ਹੀ ਹੱਕ ਹੋਣਾ ਚਾਹੀਦਾ ਹੈ ਜਿੰਨਾ ਕਿ ਅਕਾਲੀਆਂ ਦਾ।

ਅੱਜ ਜੋ ਸੰਕਟ ਬਣਿਆ ਹੋਇਆ ਹੈ ਉਹ ਅਕਾਲੀ ਦਲ ਦੇ ਆਗੂਆਂ ਦੇ ਡਿੱਗੇ ਹੋਏ ਕਿਰਦਾਰ ਨੂੰ ਬਚਾਉਣ ਲਈ ਜਥੇਦਾਰਾਂ ਨੂੰ ਵਰਤਣ ਦੀ ਕੋਸ਼ਿਸ਼ ਕਾਰਨ ਹੈ। ਇਇਤਿਹਾਸਕ ਤੌਰ 'ਤੇ ਜਿਵੇਂ ਪੰਥ ਦੇ ਜਥੇਦਾਰ ਅਕਾਲੀ ਆਗੂਆਂ ਦੇ ਹੱਕ ਵਿਚ ਭੁਗਤਦੇ ਰਹੇ ਹਨ ਅਤੇ ਜੇ ਇਹ ਜਥੇਦਾਰ ਹੁਣ ਵੀ ਭੁਗਤੀ ਜਾਣ ਤਾਂ ਪੰਥਕ ਹਨ ਵਰਨਾ ਆਰ ਐਸ ਐਸ ਨਾਲ ਸਬੰਧਤ ਕਰਾਰ ਕਰ ਦਿੱਤੇ ਜਾਣਗੇ।

ਅੱਜ ਜਥੇਦਾਰ ਅਕਾਲੀਆਂ ਨਾਲ ਟਕਰਾਓ ਵਿਚ ਇਸ ਕਰਕੇ ਨਹੀਂ ਹਨ ਕਿ ਉਹਨਾ ਦੀ ਸੁੱਤੀ ਜ਼ਮੀਰ ਜਾਗ ਪਈ ਹੈ ਸਗੋਂ ਇਹ ਹੱਲਚਲ ਇਸ ਕਰਕੇ ਹੈ ਕਿ ਅੱਜ ਹਰ ਕੋਈ ਅਕਾਲੀ ਦਲ ਦੀ ਡੁੱਬਦੀ ਬੇੜੀ ਵਿਚੋਂ ਛਾਲਾਂ ਮਾਰਕੇ ਬਾਹਰ ਨਿਕਲਣ ਦੀ ਕੋਸ਼ਿਸ਼ ਵਿਚ ਹੈ।

ਜਥੇਦਾਰ ਪ੍ਰੋ: ਮਨਜੀਤ ਸਿੰਘ ਜੀ ਨੇ ਪੰਥ ਦੇ ਜਥੇਦਾਰਾਂ ਦੇ ਰੁਤਬੇ ਸਬੰਧੀ ਗੱਲ ਕਰਦਿਆਂ ਇਤਹਾਸਕ ਤੌਰ 'ਤੇ ਗੁਰੂ ਕਾਲ ਵਿਚ ਭਾਈ ਗੁਰਦਾਸ ਜੀ ਅਤੇ ਭਾਈ ਮਨੀ ਸਿੰਘ ਨੂੰ ਸ੍ਰੀ ਅਕਾਲ ਤਖਤ ਨਾਲ ਸਬੰਧਤ ਕਰਦਿਆਂ ਬਾਅਦ ਵਿਚ ਅਕਾਲੀ ਫੂਲਾ ਸਿੰਘ ਅਤੇ ਅਜੋਕੀ ਰਾਜਨੀਤੀ ਵਿਚ ਜਥੇਦਾਰ ਗਿਆਨੀ ਗੁਰਮੁਖ ਸਿੰਘ ਮੁਸਾਫਰ ਅਤੇ ਜਥੇਦਾਰ ਮੋਹਨ ਸਿੰਘ ਤੁੜ ਦਾ ਹਵਾਲਾ ਦਿੰਦੇ ਹੋਏ ਕਿਹਾ ਹੈ ਕਿ ਸਿੱਖ ਪੰਥ ਦੇ ਜਥੇਦਾਰਾਂ ਦਾ ਰੁਤਬਾ ਏਨਾ ਉੱਚਾ ਹੈ ਕਿ ਜਥੇਦਾਰਾਂ ਨੂੰ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਵਜੋਂ ਨਹੀਂ ਦੇਖਣਾ ਚਾਹੀਦਾ।

ਅੱਜ ਹਿੰਦੂ ਧਰਮ ਵਿਚ ਜੋ ਰੁਤਬਾ ਸ਼ੰਕਰਾਚਾਰੀਆ ਦਾ ਹੈ ਉਸ ਦੇ ਮੁਕਾਬਲੇ ਸਾਡੇ ਤਖਤਾਂ ਦੇ ਜਥੇਦਾਰਾਂ ਨੂੰ ਉਹ ਸਤਿਕਾਰ ਪ੍ਰਾਪਤ ਨਹੀਂ ਹੈ। ਅੱਜ ਹਰ ਆਮ ਖਾਸ ਸਿੱਖ ਜਥੇਦਾਰਾਂ ਪ੍ਰਤੀ ਜੋ ਮਰਜ਼ੀ ਬਿਆਨਬਾਜ਼ੀ ਕਰ ਰਿਹਾ ਹੈ।

ਇਸ ਇੰਟਰਵਿਊ ਵਿਚ ਇੰਝ ਜਾਪਦਾ ਹੈ ਕਿ ਪ੍ਰੋ: ਸਾਹਿਬ ਜਥੇਦਾਰਾਂ ਦੇ ਰੁਤਬੇ ਨੂੰ ਉਸ ਹੱਦ ਤਕ ਰਾਖਵਾਂ ਕਰਨਾ ਚਹੁੰਦੇ ਹਨ ਕਿ ਜਥੇਦਾਰਾਂ ਦੀ ਕੋਈ ਵੀ ਜਵਾਬਦੇਹੀ ਨਾ ਹੋਵੇ। । ਇਸ ਸਬੰਧੀ ਪ੍ਰੋ: ਸਾਹਿਬ ਗੁਰਦੁਆਰਾ ਐਕਟ ਦਾ ਹਵਾਲਾ ਦਿੰਦੇ ਕਹਿੰਦੇ ਹਨ ਕਿ ਇਸ ਐਕਟ ਵਿਚ ਬੇਸ਼ਕ ਗ੍ਰੰਥੀਆਂ ਦੀਆ ਸੇਵਾਵਾਂ ਦਾ ਜ਼ਿਕਰ ਤਾਂ ਹੈ ਪਰ ਜਥੇਦਾਰਾਂ ਦੀ ਮੁਲਾਜ਼ਮਤ ਦਾ ਕੋਈ ਜ਼ਿਕਰ ਨਹੀਂ ਹੈ। ਪ੍ਰੋ: ਸਾਹਿਬ ਸਪੱਸ਼ਟ ਤੌਰ 'ਤੇ ਇਹ ਵੀ ਕਹਿ ਰਹੇ ਹਨ ਕਿ ਜਥੇਦਾਰਾਂ ਨੂੰ ਪੰਥ ਵਿਚ ਵਿਚਰਣ ਲਈ ਕਿਸੇ ਤੋਂ ਛੁੱਟੀ ਲੈਣ ਦੀ ਵੀ ਲੋੜ ਨਹੀਂ ਹੈ। ਜਦ ਕਿ ਹੁਣ ਆਕਲੀ ਆਗੂਆਂ ਦੇ ਦਬਾਅ ਹੇਠ ਜਥੇਦਾਰ ਅਗਨੀ ਪ੍ਰਿਖਿਆ ਵਿਚੀਂ ਗੁਜ਼ਰ ਰਹੇ ਹਨ। ਪ੍ਰੋ: ਸਾਹਿਬ ਦਾ ਕਹਿਣਾ ਹੈ ਕਿ ਕੁਝ ਗਿਣਵੀਆਂ ਸ਼ਖੀਅਤਾਂ ਖੁਦ ਨੂੰ ਹੀ ਪੰਥ ਗਰਦਾਨ ਰਹੀਆਂ ਹਨ ਅਤੇ ਆਪਣੇ ਡਿਗੇ ਹੋਏ ਕਿਰਦਾਰ ਨੂੰ ਬਹਾਲ ਕਰਨ ਲਈ ਜਥੇਦਾਰਾਂ ਦੇ ਰੁਤਬੇ ਨੂੰ ਵਰਤਣ ਦੀ ਕੋਸ਼ਿਸ਼ ਵਿਚ ਹਨ।

ਇਸ ਇੰਟਰਵਿਊ ਵਿਚ ਬੇਸ਼ਕ ਪ੍ਰੋ: ਮਨਜੀਤ ਸਿੰਘ ਨੇ ਮੌਕਾ ਪ੍ਰਸਤ ਅਕਾਲੀ ਆਗੂਆਂ ਨੂੰ ਲੰਬੇ ਹੱਥੀਂ ਲਿਆ ਪਰ ਜਿਸ ਹਿਸਾਬ ਨਾਲ ਉਹ ਜਥੇਦਾਰਾਂ ਦੇ ਰੁਤਬੇ ਨੂੰ ਸਰਬ ਉੱਚ ਬਹਾਲ ਕਰਨ ਦੀ ਕੋਸ਼ਿਸ਼ ਵਿਚ ਹਨ ਉਹ ਬਿਆਨ ਉਲਾਰ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਮਗਰੋਂ ਆਪਣੇ ਫੈਸਲਿਆਂ ਨੂੰ ਗੁਰੂ ਖਾਲਸੇ ਦੀ ਤਾਬਿਆ ਕਰ ਦਿੱਤਾ ਸੀ। ਪੀਰ ਦਾਦੂ ਦੀ ਸਮਾਧ 'ਤੇ ਤੀਰ ਨਾਲ ਨਮਸ਼ਕਾਰ ਕਰਨ ਤੇ ਤਨਖਾਹ ਲਵਾਉਣੀ ਅਤੇ ਚਮਕੌਰ ਦੀ ਗੜ੍ਹੀ ਵਿਚ ਖਾਲਸੇ ਦੇ ਫੈਸਲੇ ਨੂੰ ਮੰਨਦੇ ਹੋਏ ਗੜ੍ਹੀ ਨੂੰ ਛੱਡ ਦੇਣਾ ਇਸੇ ਪਾਸੇ ਵਲ ਇਸ਼ਾਰੇ ਹਨ। ਜੇ ਸਾਡੇ ਜਥੇਦਾਰ ਚਹੁੰਦੇ ਹਨ ਕਿ ਪੰਥ ਵਿਚ ਉਹਨਾ ਦਾ ਸਰਬ ਉੱਚ ਰੁਤਬਾ ਬਹਾਲ ਹੋਵੇ ਤਾਂ ਉਹਨਾ ਨੂੰ ਅਕਾਲੀ ਦਲ ਦੇ ਆਗੂਆਂ ਦੀ ਤਾਬਿਆਦਾਰੀ ਛੱਡ ਕੇ ਸਿੱਖੀ ਸਿਧਾਤਾਂ 'ਤੇ ਪਹਿਰਾ ਦਿੰਦਿਆਂ ਪੰਥਕ ਹਿੱਤਾਂ ਵਿਚ ਵਿਚਰਨਾ ਹੋਵੇਗਾ ਜਦ ਕਿ ਸ਼੍ਰੋਮਣੀ ਕਮੇਟੀ ਦੀ ਚੋਣ ਪ੍ਰਕਿਰਿਆ ਵਿਚ ਜਥੇਦਾਰਾਂ ਨੂੰ ਉਸ ਧਿਰ ਦੀ ਤਾਬਿਆਦਾਰੀ ਦੇ ਰਹਿਮ 'ਤੇ ਛੱਡ ਦਿੱਤਾ ਜਾਂਦਾ ਹੈ ਜਿਸ ਧਿਰ ਦਾ ਵੀ ਸ਼੍ਰੋਮਣੀ ਕਮੇਟੀ 'ਤੇ ਕਬਜ਼ਾ ਹੋਵੇਗਾ।

### ੨੮ ਅਕਤੂਬਰ ਨੂੰ ਸਿਰ ਧੜ ਦੀ ਲੱਗੇਗੀ

ਇਸ ਵੇਲੇ ਭਾਵੇਂ ਅਕਾਲੀ ਆਗੂਆਂ ਨੂੰ ਡੇਰਾ ਬਾਬਾ ਨਾਨਕ, ਗਿੱਦੜਬਾਹਾ, ਬਰਨਾਲਾ ਅਤੇ ਜਲੰਧਰ ਦੀਆਂ ਜ਼ਿਮਨੀ ਚੋਣਾਂ ਦਾ ਮਾਮਲਾ ਘੂਰ ਰਿਹਾ ਹੈ ਪਰ ਇਸ ਤੋਂ ਵੀ ਵੱਧ ਮਾਮਲਾ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਲਈ ਬੀਬੀ ਜਗੀਰ ਕੌਰ ਦੀ ਚਣੌਤੀ ਦਾ ਹੈ। ਹੁਣ ਸੁਖਬੀਰ ਬਾਦਲ ਕੋਲ ਬਾਲਾਸਰ ਵਾਲੀ ਉਹ ਸੁਵਿਧਾ ਨਹੀਂ ਹੈ ਕਿ ਉਹ ਆਪਣੇ ਪੱਖੀ ਗੁਰਦੁਆਰਾ ਪ੍ਰਬੰਧਕ ਦੇ ਮੈਂਬਰਾਂ ਨੂੰ ਲੁਕੋ ਲਵੇ ਕਿਓਂਕਿ ਹਰਿਆਣੇ ਵਿਚ ਤਾਂ ਹੁਣ ਚੌਟਾਲੇ ਵੀ ਮੂਧੇ ਮੂੰਹ ਡਿੱਗ ਚੁੱਕੇ ਹਨ। ਪਰ ਕੁਝ ਸਿਆਸੀ ਪੰਡਤਾਂ ਦਾ ਕਹਿਣਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਪ੍ਰਕਿਰਿਆ ਵਿਚ ਬੀਬੀ ਜਗੀਰ ਕੌਰ ਦੇ ਮੈਂਬਰਾਂ ਦੀ ਗਿਣਤੀ ੪੨ ਤੋਂ ਬਹੁਤੀ ਵਧਣ ਦੇ ਆਸਾਰ ਹਾਲੇ ਵੀ ਨਜ਼ਰ ਨਹੀਂ ਆ ਰਹੇ। ਜੇਕਰ ਇਸ ਪ੍ਰਕਿਰਿਆ ਵਿਚ ਸੁਖਬੀਰ ਬਾਦਲ ਦਾ ਜੱਫਾ ਕਾਇਮ ਰਹਿੰਦਾ ਹੈ ਤਾਂ ਜਥੇਦਾਰਾਂ ਦਾ ਸੰਕਟ ਹੋਰ ਵੀ ਗੰਭੀਰ ਹੋ ਜਾਵੇਗਾ ਕਿਓਂਕਿ ਸੁਖਬੀਰ ਬਾਦਲ ਆਪਣੀ ਡੁੱਬਦੀ ਬੇੜੀ ਨੂੰ ਬਚਾਉਣ ਲਈ ਇਹਨਾ ਜਥੇਦਾਰਾਂ ਦੀ ਨਜ਼ਾਇਜ਼ ਵਰਤੋਂ ਤੋਂ ਸ਼ਾਇਦ ਹੀ ਪ੍ਰਹੇਜ਼ ਕਰਨ।

* * * * * * *

# ਪੰਜਾਬੀ ਮੂਲ ਦੀ ਪੈਮ ਕੌਰ ਐਚ ਐਸ ਬੀ ਸੀ ਬੈਂਕ ਦੀ ਪਹਿਲੀ ਮਹਿਲਾ ਵਿੱਤ ਮੁੱਖੀ ਨਿਯੁਕਤ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਐਚ ਐਸ ਬੀ ਸੀ ਬੈਂਕ ਦੇ 159 ਸਾਲਾਂ ਦੇ ਇਤਿਹਾਸ ਵਿੱਚ ਆਪਣੀ ਪਹਿਲੀ ਮਹਿਲਾ ਵਿੱਤ ਮੁਖੀ ਦੀ ਨਿਯੁਕਤੀ ਦਾ ਐਲਾਨ ਕੀਤਾ ਹੈ। ਪੰਜਾਬੀ ਮੂਲ ਦੀ 60 ਸਾਲਾ ਪੈਮ ਕੌਰ ਨੇ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਬੈਂਕ ਵਿੱਚ ਕੰਮ ਕਰ ਰਹੀ ਹੈ ਅਤੇ ਵਰਤਮਾਨ ਵਿੱਚ ਇਹ ਬਤੌਰ ਚੀਫ ਰਿਸਕ ਅਧਿਕਾਰੀ ਦੇ ਕੰਮ ਕਰ ਰਹੀ ਸੀ। ਪੈਮ ਕੌਰ ਨੇ ਅਪ੍ਰੈਲ 2013 ਵਿੱਚ ਐਚ ਐਸ ਬੀ ਸੀ ਬੈਂਕ ਦੇ ਅੰਦਰੂਨੀ ਆਡਿਟ ਮੁਖੀ ਵਜੋਂ ਕੰਮ ਕਰਨਾ ਸ਼ੁਰੂ ਕੀਤਾ ਸੀ, ਜਦ ਕਿ ਅਪ੍ਰੈਲ 2019 ਵਿੱਚ ਉਸ ਨੂੰ ਹੋਲਸੇਲ ਮਾਰਕਿਟ ਅਤੇ ਕ੍ਰੈਡਿਟ ਰਿਸਕ ਦੀ ਮੁਖੀ ਅਤੇ ਨਿਊ ਇੰਟਰਪ੍ਰਾਈਜ਼-ਵਾਈਡ ਨੌਨ-ਫਾਈਨੈਂਸ਼ੀਅਲ ਰੈਸਕ ਫੌਰਮ ਦੀ ਚੇਅਰ ਨਿਯੁਕਤ ਕੀਤਾ ਸੀ। ਐਚ ਐਸ ਬੀ ਸੀ ਦੀ ਮੁੱਖ ਵਿੱਤੀ ਅਧਿਕਾਰੀ ਬਣਨ ਦੇ ਨਾਲ ਪੈਮ ਕੌਰ ਬੋਰਡ ਦੀ ਕਾਰਜਕਾਰੀ ਨਿਰਦੇਸ਼ਕ ਦੀ ਭੂਮਿਕਾ ਵੀ ਸੰਭਾਲੇਗੀ, ਜੋ ਕਿ ਫਰਮ ਦੀ ਅਗਲੀ ਸਾਲਾਨਾ ਆਮ ਮੀਟਿੰਗ ਵਿੱਚ ਚੋਣ ਦੇ ਅਧੀਨ ਹੈ। ਬੈਂਕ ਦੇ ਚੀਫ ਐਗਜ਼ੀਕਿਊਟਿਵ ਜਾਰਜਸ ਏਲਹੇਡਰੀ ਨੇ ਕਿਹਾ ਕਿ ਸਾਡੇ ਕੋਲ ਚੁਣਨ ਲਈ ਅੰਦਰੂਨੀ ਅਤੇ ਬਾਹਰੀ ਉਮੀਦਵਾਰਾਂ ਦਾ ਇੱਕ ਮਜ਼ਬੂਤ ਬੈਂਚ ਸੀ ਅਤੇ ਪੈਮ ਕੌਰ ਹੀ ਇੱਕ ਬੇਮਿਸਾਲ ਉਮੀਦਵਾਰ ਸੀ। ਜਿਕਰਯੋਗ ਹੈ ਕਿ ਪੈਮ ਕੌਰ ਜਿਸ ਦਾ ਘਰੇਲੂ ਨਾਮ ਮਨਵੀਨ ਕੌਰ ਹੈ ਨੇ ਪੰਜਾਬ ਯੂਨੀਵਰਸਿਟੀ ਤੋਂ ਬੀ ਕਾਮ ਦੀ ਡਿਗਰੀ ਪ੍ਰਾਪਤ ਕੀਤੀ ਅਤੇ ਉਹ ਇੰਗਲੈਂਡ ਅਤੇ ਵੇਲਜ਼ ਦੀ ਦ ਇੰਸਟੀਚਿਊਟ ਆਫ ਚਾਰਟਡ ਅਕਾਊਂਟੈਂਟ ਦੀ ਮੈਂਬਰ ਵੀ ਹੈ।

# ਵਿਦੇਸ਼ੀ ਪੰਜਾਬੀ ਬੱਚਾ ਤੇ ਦੇਸੀ ਪੰਜਾਬੀ ਬੰਦਾ !

ਇੱਥੇ ਅਮਰੀਕਾ ਵਿਚ ਸਾਡੇ ਘਰਾਂ ਦੇ ਪਿਛਲੇ ਪਾਸੇ ਬੱਚਿਆਂ ਦੇ ਖੇਡ੍ਹਣ ਲਈ ਪਾਰਕ ਹੈ ਅਤੇ ਪਾਰਕ ਦੇ ਲਾਗੇ ਹੀ ਲਾਇਬਰੇਰੀ ਹੈ। ਇਕ ਦਿਨ ਮੇਰੇ ਨਾਲ ਸੈਨਹੋਜ਼ੇ ਸਕੂਲ ਵਿਚ ਤੀਜੀ 'ਚ ਪੜ੍ਹਦਾ ਸਾਡਾ ਦੋਹਤਾ ਵੀ ਲਾਇਬਰੇਰੀ ਚਲਾ ਗਿਆ। ਉੱਥੇ ਉਸਨੇ ਇਕ ਮਨਪਸੰਦ ਕਿਤਾਬ ਇਸ਼ੂ ਕਰਾ ਲਈ।

ਘਰ ਨੂੰ ਮੁੜਦੇ ਵਕਤ ਜਦ ਉਸਨੇ ਆਪਣੇ ਸਾਥੀ ਗੋਰਿਆਂ ਦੇ ਬੱਚਿਆਂ ਨੂੰ ਪਾਰਕ ਵਿਚ ਖੇਡ੍ਹਦੇ ਦੇਖਿਆ ਤਾਂ ਝੱਟ ਦੇਣੀ ਕਿਤਾਬ ਮੇਰੇ ਹੱਥ ਫੜਾਉਂਦਿਆਂ ਉਹ ਬੋਲਿਆ-

'ਨਾਨਾ ਜੀ ਬੁੱਕ ਮੇਰੇ ਬੈੱਡ 'ਤੇ 'ਬਿਠਾ' ਦਿਉ, ਮੈਂ ਇੱਥੇ 'ਪਲੇ' ਕਰਨਾਂ !'


ਪੰਜਾਬੀ ਪ੍ਰਵਾਰ ਦੇ ਵਿਦੇਸ਼ੀ ਜੰਮ ਪਲ਼ ਬੱਚੇ ਦੀ ਸ਼ਬਦਾਂ ਪ੍ਰਤੀ ਅਣਜਾਣਤਾ ਤੋਂ ਬਾਅਦ ਹੁਣ ਸੁਣੋ ਇਕ ਦੇਸੀ ਪੰਜਾਬੀ ਵਿਚੋਲੇ ਦੀ ਸ਼ਬਦਾਂ ਦੀ ਥੋੜ ਬਾਰੇ ਰੌਚਕ ਗੱਲ !

ਜਵਾਨ ਹੋ ਰਹੇ ਸਾਡੇ ਭਾਣਜੇ ਨੂੰ ਰਿਸ਼ਤਾ ਲਿਆਉਂਦਾ ਇਕ ਜਾਣੂ ਵਿਚੋਲਾ ਸਾਡੀ ਭੈਣ ਨੂੰ ਕਹਿੰਦਾ ਕਿ ਮੇਰੇ ਹੱਥ ਵਿਚ ਇਕ ਬਹੁਤ ਹੀ ਸਾਊ ਸ਼ਰੀਫ ਪ੍ਰਵਾਰ ਦੀ ਕੁੜੀ ਦਾ ਰਿਸ਼ਤਾ ਹੈ, ਤੁਸੀਂ ਹਾਂ ਕਰੋ !

ਭੈਣ ਦੇ ਪ੍ਰਵਾਰਕ ਮੈਂਬਰਾਂ ਨਾਲ ਰਿਸ਼ਤੇ ਬਾਰੇ ਜੋਰ ਪਾਉਂਦਿਆਂ ਜਦ ਉਹ ਸ਼ਾਮ-ਸਵੇਰੇ 'ਬਹੁਤ ਹੀ ਸਾਊ-ਸ਼ਰੀਫ, ਸਾਊ-ਸ਼ਰੀਫ' ਦੀ ਰਟ ਲਾਉਣ ਲੱਗਾ ਤਾਂ ਸਾਡਾ ਭਣੋਈਆ ਕਹਿੰਦਾ- 'ਗੁਰਮੇਲ ਸਿਆਂ ਯਾਰ ਉਹ ਕਿੰਨਾਂ ਕੁ ਸ਼ਰੀਫ ਪ੍ਰਵਾਰ ਹੈ ਜਿਹਦੀ ਸ਼ਰਾਫਤ ਦਾ ਤੂੰ ਬਹੁਤ ਹੀ ਗੁਣ-ਗਾਨ ਕਰੀ ਜਾ ਰਿਹਾ ਐਂ ?'

ਸ਼ਰੀਫੀ ਦੀ ਕੋਈ ਢੁਕਵੀਂ ਮਿਸਾਲ ਦੇਣ ਦੀ ਬਜਾਏ ਗੁਰਮੇਲ ਬੋਲਿਆ-

''ਭਰਾ ਜੀ ਤੁਸੀਂ ਤਾਂ ਹਾਲੇ ਮਾੜੇ-ਮੋਟੇ 'ਬਦਮਾਸ਼' ਹੋਣੇ ਈ ਆਂ, ਉਨ੍ਹਾਂ ਵਿਚ ਤਾਂ ਭੋਰਾ ਵੀ 'ਬਦਮਾਸ਼ੀ' ਹੈ ਨੀ !''




ਤਰਲੋਚਨ ਸਿੰਘ ਦੁਪਾਲਪੁਰ
ਸੰਪਰਕ 001-408-915-1268
tsdupalpuri@yahoo.com

# ਚਮਕ ਦਮਕ ਵਾਲਾ ਸ਼ਹਿਰ ਦੁਬਈ

## ਟੋਰਾਂਟੋ ਤੋਂ ਦੁਬਈ ਟੂਰ

ਅਨਿਲ ਧੀਰ ਕਾਲਮਨਿਸਟ
anil.dheer@yahoo.com
Columnist. Therapist. Social activist



ਕਾਫੀ ਸਮੇਂ ਤੋਂ ਚਮਕ-ਦਮਕ ਵਾਲਾ ਸ਼ਹਿਰ ਦੁਬਈ ਘੁੰਮਣ ਦਾ ਮਨ ਸੀ। ਆਖਿਰ, ਸਾਲ 2024 ਦੀਆਂ ਕੁੱਝ ਛੁੱਟੀਆਂ ਦੇ ਮਜੇਦਾਰ ਪੱਲ ਆਪਣੇ ਪਰਿਵਾਰ ਨਾਲ ਦੁਬਈ 'ਚ ਬਿਤਾਉਣ ਦਾ ਮੌਕਾ ਮਿਲਿਆ। ਆਪਣੀ ਗੱਲ ਦੀ ਸ਼ੁਰੁਆਤ ਦੁਬਈ ਸ਼ਹਿਰ ਤੋਂ ਕਰ ਰਹੇ ਹਾਂ। ਅਮੀਰਾਤ ਦੀ ਰਾਜਧਾਨੀ ਦੁਬਈ, ਸੰਯੁਕਤ ਅਰਬ ਅਮੀਰਾਤ ਦਾ ਸੱਭ ਤੋਂ ਵੱਧ ਆਬਾਦੀ ਵਾਲਾ ਅਤੇ ਚਮਕ-ਦਮਕ ਨਾਲ ਭਰਪੂਰ ਸ਼ਹਿਰ ਮੰਨਿਆ ਗਿਆ ਹੈ। ਅੱਜ ਦੁਬਈ ਨੂੰ ਦੇਸ਼ ਦੇ ਸੱਤ ਅਮੀਰਾਤਾਂ ਵਿੱਚੋਂ ਯਾਨਿ ਸੱਭ ਤੋਂ ਜ਼ਿਆਦਾ ਪਾਪੁਲੇਸ਼ਨ ਵਾਲਾ ਸ਼ਹਿਰ ਦੇਖਿਆ ਜਾ ਰਿਹਾ ਹੈ। ਦੁਬਈ ਦੀ ਸਥਾਪਨਾ 19ਵੀਂ ਸਦੀ ਵਿਚ ਇੱਕ ਮੱਛੀ ਫੜਨ ਵਾਲੇ ਪਿੰਡ ਵੱਜੋਂ ਕੀਤੀ ਗਈ ਸੀ। 20ਵੀਂ ਸਦੀ ਦੇ ਸ਼ੁਰੂ, ਇਹ ਸੈਰ-ਸਪਾਟਾ ਅਤੇ ਲਗਜ਼ਰੀ 'ਤੇ ਖਾਸ ਜੋਰ ਦੇਣ ਦੇ ਨਾਲ ਇੱਕ ਮਹੱਤਵਪੂਰਨ ਖੇਤਰੀ ਅਤੇ ਅੰਤਰਰਾਸ਼ਟਰੀ ਵਪਾਰਕ ਕੇਂਦਰ ਵੱਜੋਂ ਵਿਕਸਿਤ ਹੋਇਆ ਹੈ। ਦੁਬਈ 20ਵੀਂ ਸਦੀ ਦੇ ਸ਼ੁਰੂ ਤੋਂ ਖੇਤਰੀ ਅਤੇ ਅੰਤਰਰਾਸ਼ਟਰੀ ਵਪਾਰ ਦਾ ਕੇਂਦਰ ਰਿਹਾ ਹੈ, ਅਤੇ ਇਸਦੀ ਆਰਥਿਕਤਾ ਵਪਾਰ, ਸੈਰ-ਸਪਾਟਾ, ਹਵਾਬਾਜੀ, ਰੀਅਲ ਅਸਟੇਟ ਅਤੇ ਵਿੱਤੀ ਸੇਵਾਵਾਂ ਦੇ ਮਾਲੀਏ 'ਤੇ ਨਿਰਭਰ ਕਰਦੀ ਹੈ। ਤੇਲ ਦੀ ਆਮਦਨ ਨੇ ਸ਼ਹਿਰ ਦੇ ਵਿਕਾਸ ਨੂੰ ਤੇਜ਼ ਕਰਨ 'ਚ ਮਦਦ ਕੀਤੀ।

ਸੰਯੁਕਤ ਅਰਬ ਅਮੀਰਾਤ ਦੁਆਰਾ ਪਰਿਭਾਸ਼ਿਤ ਖੇਤਰ ਵਿਚ ਮਨੁੱਖੀ ਵਸੇਵੇ ਦਾ ਇਤਿਹਾਸ ਗੁੰਝਲਦਾਰ ਅਤੇ ਵਿਆਪਕ ਹੈ।



ਇਹ ਸਿੰਧੂ ਘਾਟੀ ਅਤੇ ਮੇਸੋਪੋਟੇਮੀਆ ਦੀਆਂ ਸਭਿਅਤਾਵਾਂ ਅਤੇ ਇੱਥੋਂ ਤੱਕ ਕਿ ਲੇਵੈਂਟ ਤੱਕ ਵੀ ਦੂਰ ਤੱਕ ਵਿਆਪਕ ਵਪਾਰਕ ਸਬੰਧਾਂ ਵੱਲ ਇਸ਼ਾਰਾ ਕਰਦਾ ਹੈ। ਦੁਬਈ ਦੇ ਅਮੀਰਾਤ ਵਿਚ ਪੁਰਾਤੱਤਵ ਖੋਜਾਂ, ਖਾਸ ਤੌਰ 'ਤੇ ਅਲ-ਆਸ਼ੂਸ਼, ਅਲ ਸੁਫੋਹ ਅਤੇ ਸਾਰੁਕ ਅਲ ਹਦੀਦ ਤੋਂ ਖਾਸ ਤੌਰ 'ਤੇ ਅਮੀਰ ਖਜ਼ਾਨੇ ਵਿਚ ਉਬੈਦ ਅਤੇ ਹਫੀਤ ਦੌਰ, ਉਮ ਅਲ ਨਾਰ ਅਤੇ ਵਾਦੀ ਸੁਕ ਦੌਰ ਅਤੇ ਤਿੰਨ ਲੋਹੇ ਯੁੱਗਾਂ ਵਿਚ ਬੰਦੋਵਸਤ ਦਰਸਾਉਂਦੇ ਹਨ। ਯੂ. ਏ. ਈ ਵਿਚ ਇਹ ਖੇਤਰ ਸੁਮੇਰੀਅਨ ਲੋਕਾਂ ਨੂੰ ਮਗਨ ਵੱਜੋਂ ਜਾਣਿਆ ਜਾਂਦਾ ਸੀ ਅਤੇ ਖਾਸ ਕਰਕੇ ਤਾਂਬਾ ਅਤੇ ਕਾਂਸੀ ਧਾਤੂ ਵਸਤਾਂ ਦਾ ਇੱਕ ਸਾਧਨ ਸੀ।

ਮਾਡਰਨ ਦੁਬਈ 1970 ਦੇ ਦਹਾਕੇ ਦੌਰਾਣ, ਦੁਬਈ ਨੇ ਤੇਲ ਅਤੇ ਵਪਾਰ ਤੋਂ ਪੈਦਾ ਹੋਏ ਮਾਲੀਏ ਦੁਆਰਾ ਲਗਾਤਾਰ ਵਾਧੇ ਦਾ ਅਨੁਭਵ ਕੀਤਾ, ਇੱਥੋਂ ਤੱਕ ਕਿ ਸ਼ਹਿਰ ਨੇ ਲੇਬਨਾਨੀ ਘਰੇਲੂ ਯੁੱਧ ਤੋਂ ਭੱਜਣ ਵਾਲੇ ਪ੍ਰਵਾਸੀਆਂ ਦੀ ਆਮਦ ਦੇਖੀ। ਸੰਯੁਕਤ ਅਰਬ ਅਮੀਰਾਤ ਦੇ ਗਠਨ ਤੋਂ ਬਾਅਦ ਵੀ ਅਮੀਰਾਤ ਵਿਚਕਾਰ ਸਰਹੱਦੀ ਵਿਵਾਦ ਜਾਰੀ ਰਹੇ। ਇਹ ਸਿਰਫ 1979 'ਚ ਹੀ ਸੀ ਕਿ ਇੱਕ ਰਸਮੀ ਸਮਝੌਤਾ ਹੋਇਆ ਸੀ, ਜਿਸ ਨਾਲ ਅਸਹਿਮਤੀ ਨੂੰ ਖਤਮ ਕੀਤਾ ਗਿਆ ਸੀ। 1979 ਵਿਚ ਜੇਬੇਲ ਅਲੀ ਬੰਦਰਗਾਹ ਦੀ ਸਥਾਪਨਾ, ਇੱਕ ਡੂੰਘੇ ਪਾਣੀ ਦੀ ਬੰਦਰਗਾਹ ਜਿਸ ਵਿਚ ਵੱਡੇ ਸਮੁੰਦਰੀ ਜਹਾਜ਼ ਸਨ, ਨੇ ਇੱਕ ਮਹੱਤਵਪੂਰਨ ਵਿਕਾਸ ਕੀਤਾ। ਸ਼ੁਰੂ 'ਚ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ, ਸ਼ੇਖ ਮੁਹੰਮਦ ਨੇ 1985 ਵਿਚ ਬੰਦਰਗਾਹ ਦੇ ਆਲੇ-ਦੁਆਲੇ ਜਾਫਜ਼ਾ ( ਜੇਬੇਲ ਅਲੀ ਫ੍ਰੀ ਜ਼ੋਨ) ਦੀ ਸ਼ੁਰੂਆਤ ਕੀਤੀ, ਜਿਸ ਨਾਲ ਵਿਦੇਸ਼ੀ ਕੰਪਨੀਆਂ ਲਈ ਲੇਬਰ ਦੀ ਬੇਰੋਕ ਦਰਾਮਦ ਅਤੇ ਪੂੰਜੀ ਦੇ ਨਿਰਯਾਤ ਦੀ ਸਹੂਲਤ ਦਿੱਤੀ ਗਈ। ਇਸਦੇ ਨਾਲ ਹੀ, ਦੁਬਈ ਹਵਾਈ ਅੱਡੇ ਅਤੇ ਹਵਾਬਾਜ਼ੀ ਇੰਡਸਟਰੀ ਨੇ ਆਪਣਾ ਵਿਸਥਾਰ ਜਾਰੀ ਰੱਖਿਆ ਹੋਇਆ ਹੈ।

ਦੁਬਈ ਅੰਤਰਰਾਸ਼ਟਰੀ ਹਵਾਈ ਅੱਡਾ: ਦੁਬਈ, ਸੰਯੁਕਤ ਅਰਬ ਅਮੀਰਾਤ ਦੀ ਸੇਵਾ ਕਰਨ ਵਾਲਾ ਪ੍ਰਾਈਮਰੀ ਅੰਤਰਰਾਸ਼ਟਰੀ ਹਵਾਈ ਅੱਡਾ ਹੈ, ਅਤੇ ਅੰਤਰਰਾਸ਼ਟਰੀ ਯਾਤਰੀ ਆਵਾਜਾਈ ਦੁਆਰਾ ਦੁਨੀਆ ਦਾ ਸੱਭ ਤੋਂ ਵਿਅਸਤ ਹਵਾਈ ਅੱਡਾ ਹੈ। ਸਾਲ 2023 'ਚ ਹਵਾਈ ਅੱਡੇ ਨੇ 87 ਮਿਲੀਅਨ ਯਾਤਰੀਆਂ ਅਤੇ 1.81 ਮਿਲੀਅਨ ਟਨ ਕਾਰਗੋ ਨੂੰ ਸੰਭਾਲਿਆ ਅਤੇ ਕਰੀਬਨ 416,405 ਜਹਾਜ਼ਾਂ ਦੀ ਆਵਾਜਾਈ ਦਰਜ ਕੀਤੀ। ਜੁਲਾਈ 2019 ਵਿਚ ਦੁਬਈ ਅੰਤਰਰਾਸ਼ਟਰੀ ਹਵਾਈ ਅੱਡੇ ਨੇ 2030 ਤੱਕ ਸ਼ਹਿਰ ਦੀ ਊਰਜਾ ਦੀ ਖਪਤ ਦਾ 30 ਪ੍ਰਤੀਸ਼ਤ ਘਟਾਉਣ ਦੇ ਦੁਬਈ ਦੇ ਟੀਚੇ ਦੇ ਹਿੱਸੇ ਵੱਜੋਂ ਖੇਤਰ ਦੇ ਹਵਾਈ ਅੱਡਿਆਂ 'ਚ ਸੱਭ ਤੋਂ ਵੱਡੀ ਸੂਰਜੀ ਊਰਜਾ ਪ੍ਰਣਾਲੀ ਸਥਾਪਤ ਕੀਤੀ।

ਅਮੀਰਾਤ ਏਅਰਲਾਈਨ ਦਾ ਦੁਬਈ ਇੰਟਰਨੈਸ਼ਨਲ ਵਿਚ ਆਪਣਾ ਹੱਬ ਏਅਰਪੋਰਟ ਹੈ ਅਤੇ ਇਸਦਾ ਆਪਣਾ ਟਰਮੀਨਲ 3 ਹੈ ਜਿਸ ਵਿਚ 3 ਕੰਕੋਰਸ ਹਨ ਜੋ ਉਹ ਫਲਾਈਦੁਬਈ ਨਾਲ ਸਾਂਝੇ ਕਰਦੇ ਹਨ। ਅਮੀਰਾਤ ਹੱਬ ਮੱਧ ਪੂਰਬ 'ਚ ਸੱਭ ਤੋਂ ਵੱਡਾ ਏਅਰਲਾਈਨ ਹੱਬ ਹੈ; ਅਮੀਰਾਤ ਸਾਰੇ ਯਾਤਰੀਆਂ ਦੇ ਟ੍ਰੈਫਿਕ ਦਾ 51% ਹੈਂਡਲ ਕਰਦੀ ਹੈ ਅਤੇ ਹਵਾਈ ਅੱਡੇ 'ਤੇ ਸਾਰੇ ਜਹਾਜ਼ਾਂ ਦੀ ਅਵਾਜਾਈ ਦਾ ਲੱਗਭਗ 42% ਹੈ। ਹਵਾਈ ਅੱਡੇ ਦੀ ਸਲਾਨਾ ਸਮਰਥਾ 90 ਮਿਲੀਅਨ ਯਾਤਰੀਆਂ ਦੀ ਹੈ। ਜਨਵਰੀ 2024 ਤੱਕ, 8000 ਤੋਂ ਵੱਧ ਹਫਤਾਵਾਰੀ ਉਡਾਨਾਂ 100 ਏਅਰਲਾਈਨਾਂ ਦੁਆਰਾ ਸਾਰੇ ਆਬਾਦੀ ਵਾਲੇ ਮਹਾਂਦੀਪਾਂ ਵਿਚ 262 ਤੋਂ ਵੱਧ ਮੰਜਿਲਾਂ ਲਈ ਚਲਾਈਆਂ ਜਾਂਦੀਆਂ ਹਨ।

*********

# 23 ਸਾਲਾ ਨਿਤਿਕਾ ਸ਼ਰਮਾ ਸ਼ੰਕਰ ਪਿੰਡ ਦੀ ਬਣੀ ਪੰਚ

## ✪ ਪੰਜਾਬ ਦੇ ਪਿੰਡਾਂ ਦੀ ਬੇਹਤਰੀ ਲਈ ਪੜ੍ਹੇ ਲਿਖੇ ਨੌਜ਼ਵਾਨਾ ਦਾ ਅੱਗੇ ਆਉਣਾ ਜ਼ਰੂਰੀ-ਨੀਤੂ ਸ਼ਰਮਾ

ਸੋਨਾ ਪੁਰੇਵਾਲ ਨਕੋਦਰ-ਅੱਜ ਦੇ ਸਮੇਂ ਜਦੋਂ ਨੌਜ਼ਵਾਨ ਪੀੜੀ ਵੱਡੀ ਗਿੱਣਤੀ ਵਿੱਚ ਵਿਦੇਸ਼ਾਂ ਨੂੰ ਰੁੱਖ ਕਰ ਰਹੀ ਪਰ ਕੁੱਝ ਨੌਜ਼ਵਾਨ ਅਪਣੇ ਪਿੰਡ ਵਿੱਚ ਰਹਿ ਕੇ ਅਗਾਂਹ ਵਧੂ ਸੋਚ ਨਾਲ ਪਿੰਡ ਦੀ ਬੇਹਤਰੀ ਲਈ ਕੰਮ ਕਰਨ ਦਾ ਇਰਾਦਾ ਵੀ ਰੱਖ ਦੇ ਹਨ। ਇਸੇ ਤਰਾਂ ਨਕੋਦਰ ਹਲਕੇ ਦੇ ਪਿੰਡ ਸ਼ੰਕਰ ਦੀ ਧੀ ਨਿਤਿਕਾ ਸ਼ਰਮਾ ਨੇ ਬੀਐਸਸੀ ਹੋਟਲ ਮੈਨੇਜਮੈਂਟ ਡਿੱਗਰੀ ਸ਼ਰਮਾ ਨੇ 23 ਸਾਲ ਦੀ ਉਮਰ ਵਿੱਚ ਹੀ ਪੰਚੀ ਦੀ ਚੋਣ ਜਿੱਤ ਕੇ ਮਾਂ ਬਾਪ ਦਾ ਮਾਣ ਵਧਾਇਆ ਹੈ। ਨਿਤਿਕਾ ਸ਼ਰਮਾ ਸ਼ਰਮਾ ਨੇ ਪੰਚੀ ਦੀ ਚੋਣ ਵਿੱਚ ਅਪਣੇ ਵਿਰੋਧੀ ਉਮੀਦਵਾਰ ਨੂੰ 82 ਵੋਟਾਂ ਨਾਲ ਹਰਾ ਕੇ ਜਿੱਤ ਪ੍ਰਪਤ ਕੀਤੀ ਹੈ। ਗੱਲ-ਬਾਤ ਕਰਦਿਆਂ ਨਿਤਿਕਾ ਸ਼ਰਮਾ ਨੇ ਦੱਸਿਆ ਕਿ ਉਸ ਨੇ ਇਨੋਸੈਂਟ ਹਾਰਟਸ ਮੈਨਿਜਮੈਂਟ ਕਾਲਜ ਤੋਂ 2022 ਵਿੱਚ ਬੀਐੱਸਸੀ ਹੋਟਲ ਮੈਨੇਜਮੈਂਟ ਦੀ ਚਾਰ ਸਾਲਾ ਡਿਨੇ ਬੀ ਐੱਸ ਸੀ ਗ੍ਰੈਜੂਏਟ ਡਿਗਰੀ ਪ੍ਰਾਪਤ ਕੀਤੀ। ਸਕੂਲੀ ਪੜ੍ਹਾਈ ਸਮੇਂ ਉਹ ਖੇਡਾਂ ਵਿੱਚ ਵੀ ਰੁਚੀ ਰੱਖਦੀ ਸੀ ਤੇ ਮੁੱਕੇਬਾਜ਼ੀ ਦੀ ਖਿਡਾਰਨ ਰਹੀ।ਸਕੂਲੀ ਖੇਡਾਂ ਵਿੱਚ ਉਸ ਨੇ ਸੂਬਾ ਪੱਧਰੀ ਗੋਲਡ ਮੈਡਲ ਹਾਸਿਲ ਕੀਤਾ। ਨਿਤਿਕਾ ਨੇ ਦੱਸਿਆ ਕਿ ਉਹ ਅੱਗੇ ਵੀ ਖੇਡਣਾਂ ਚਾਹੁੰਦੀ ਸੀ ਘਰੇਲੂ ਮਜ਼ਬੂਰੀ ਕਰਕੇ ਖੇਡ ਛੱਡਣੀ ਪਈ। ਹਾਲਾਕਿ ਉਹਨਾਂ ਦੇ ਮਾਤਾ ਪਿਤਾ ਹਮੇਸ਼ਾ ਚਾਹੁੰਦੇ ਸਨ ਕਿ ਉਹਨਾਂ ਦੀ ਧੀ ਹਰ ਖੇਤਰ ਵਿੱਚ ਕਾਮਯਾਬੀ ਹਾਸਿਲ ਕਰੇ। ਨਿਤਿਕਾ ਨੇ ਦੱਸਿਆ ਕਿ ਪੰਚਾਇਤੀ ਚੋਣਾਂ ਵਿੱਚ ਵੀ ਉਹਨਾਂ ਦੇ ਪਿਤਾ ਰਵਿੰਦਰ ਸ਼ਰਮਾ ਨੇ ਉਸ ਉਤਸ਼ਾਹਿਤ ਕੀਤਾ ਤਾਂ ਹੀ ਪੰਚੀ ਦੀ ਚੋਣ ਲੜਨ ਦਾ ਇਰਾਦਾ ਬਣਾਇਆ। ਚੋਣ ਦੌਰਾਨ ਉਸ ਨੇ ਪਿੰਡ ਦੀ ਬੇਹਤਰੀ ਲਈ ਕੰਮ ਕਰਨ ਦਾ ਭਰੋਸਾ ਦਿੱਤਾ ਤੇ ਚੋਣ ਜਿੱਤੀ। ਮਾਪਿਆਂ ਅਤੇ ਪਿੰਡ ਦਾ ਨਾਮ ਰੋਸ਼ਨ ਕੀਤਾ। ਨਿਤਿਕਾ ਨੇ ਦੱਸਿਆ ਕਿ ਉਹ ਨੌਜ਼ਵਾਨ ਮੁੰਡੇ ਕੁੜੀਆਂ ਨੂੰ ਖੇਡਾਂ ਵੱਲ ਆਉਣ ਲਈ ਪ੍ਰੇਰਤ ਕਰਨਾ ਚਾਹੁੰਦੀ ਏ ਤੇ ਪਿੰਡ ਵਿਕਾਸ ਲਈ ਕੰਮਾਂ ਵਿੱਚ ਯੋਗਦਾਨ ਪਾਉਣ ਦੀ ਚਾਹਵਾਨ ਹੈ। ਇਹਨਾਂ ਕੰਮਾਂ ਲਈ ਐੱਨਆਰਆਈ ਵੀਰਾਂ ਦਾ ਸਹਿਯੋਗ ਵੀ ਲੈਣਾ ਚਾਹੁੰਦੀ ਹੈ। ਨਿਤਿਕਾ ਦਾ ਕਹਿਣਾ ਹੈ ਕਿ ਉਹ ਲੜਕੀਆਂ ਲਈ ਸਲਾਈਸੈਂਟਰ ਖੁਲ੍ਹਵਾਉਣਾ ਚਾਹੁੰਦੀ ਹੈ ਤਾਂ ਜੋ ਲੜਕੀਆਂ ਨੂੰ ਆਤਮ ਨਿਰਭਰ ਬਣਾਇਆ ਜਾਵੇ। ਉਸ ਦਾ ਕਹਿਣਾ ਹੈ ਕਿ ਪਿੰਡਾਂ ਵਿੱਚ ਹੋਣ ਵਾਲੇ ਖੇਡ ਮੇਲਿਆਂ ਵਿੱਚ ਲੜਕੀਆਂ ਨੂੰ ਵੀ ਮੋਕਾਂ ਦਿੱਤਾ ਜਾਵੇ ਤਾਂ ਜੋ ਉਹ ਵੀ ਖੇਡਾਂ ਵਿੱਚ ਵੱਡੀ ਪੱਧਰ ਤੇ ਕਾਮਯਾਬੀ ਹਾਸਿਲ ਕਰ ਸਕਣ।



ਨਿਤਿਕਾ ਸ਼ਰਮਾ ਨੇ ਚੋਣ ਜਿੱਤ ਕਿ ਵੱਖਰੀ ਮਿਸਾਲ ਪੈਦਾ ਕੀਤੀ ਕਿਉਂਕਿ ਅੱਜ ਪੰਜਾਬ ਦੇ ਮੁੰਡੇ ਕੁੜੀਆਂ ਪੜ੍ਹ ਲਿਖ ਕੇ ਬਦੇਸ਼ਾ ਵੁੱਲ ਰੁੱਖ ਕਰ ਰਹੇ ਹਨ ਪਰ ਮਾਂ ਬਾਪ ਦੀ ਇਸ ਲਾਡਲੀ ਧੀ ਨੇ ਪੰਚਾਇਤ ਮੈਂਬਰ ਬਣ ਕੇ ਪਿੰਡ ਦੀ ਭਲਾਈ ਲਈ ਕੰਮ ਕਰਨ ਦਾ ਫੈਸਲਾ ਕੀਤਾ। ਚੋਣ ਜਿੱਤ ਕਿ ਨਿਤਿਕਾ ਨਵੀਂ ਪੀੜੀ ਲਈ ਪ੍ਰੇਰਨਾ ਸਰੋਤ ਵੀ ਬਣ ਰਹੀ ਹੈ ਉਸ ਦਾ ਕਹਿਣਾ ਹੈ ਕਿ ਪੰਜਾਬ ਦੀ ਬੇਹਤਰੀ ਲਈ ਪੜ੍ਹੇ ਲਿੱਖੇ ਨੌਜ਼ਵਾਨਾ ਦਾ ਅੱਗੇ ਆਉਣਾ ਬਹੁਤ ਜ਼ਰੂਰੀ। ਨੀਤੂ ਦੇ ਪਿਤਾ ਰਵਿੰਦਰ ਸ਼ਰਮਾ (ਅਰਵਿੰਦ) ਤੇ ਮਾਤਾ ਸੰਗੀਤਾਂ ਸ਼ਰਮਾ ਨੇ ਗੱਲ-ਬਾਤ ਕਰਦਿਆਂ ਕਿਹਾ ਕਿ ਨੀਤੂ ਸਾਡਾ ਪੁੱਤ ਆ ਤੇ ਸਾਨੂੰ ਉਸ ਤੇ ਬਹੁਤ ਮਾਣ ਹੈ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਉਹਨਾਂ ਹਰੀ ਜਨਾਂ ਨੂੰ ਪੂਰੇ ਤੇ ਸਹੀ ਜਾਣੋ, ਜਿਨ੍ਹਾਂ ਨੂੰ ਸਾਹ ਲੈਂਦਿਆਂ ਤੇ ਖਾਂਦਿਆਂ (ਕਦੇ ਭੀ) ਪਰਮਾਤਮਾ ਨਹੀਂ ਵਿਸਰਦਾ "ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਹਰਿ ਜਨ ਪੂਰੇ ਸਹੀ ਜਾਣਿ ॥ ਅੰਗ 651"।

ਜਿਨ੍ਹਾਂ ਗੁਰੂ ਅਨੁਸਾਰੀਆਂ ਨੇ ਪ੍ਰਭੂ ਦਾ ਨਾਮ ਸਿਮਰਿਆ ਹੈ, ਜਗਤ ਵਿਚ ਉਹੀ ਮਨੁੱਖ ਪੂਰਨ ਹਨ ਤੇ ਕਬੂਲ ਹਨ । "ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਨਾ ॥3॥ ਅੰਗ 797"।

ਹੇ ਭਾਈ! ਜਿਨ੍ਹਾਂ ਦਾ ਲੇਖਾ ਇੱਜ਼ਤ ਨਾਲ਼ ਨਿਬੜੇ ਉਹ ਪੂਰੇ ਹੁੰਦੇ ਹਨ । ਪੂਰਨ ਪੁਰਸ਼ ਦੀ ਮਤਿ ਭੀ ਪੂਰੀ ਹੁੰਦੀ ਹੈ ਅਤੇ ਉਸਦੀ ਵਡਿਆਈ ਸਦਾ-ਥਿਰ ਰਹਿਣ ਵਾਲ਼ੀ ਹੁੰਦੀ ਹੈ । "ਜਿਨ ਕੀ ਲੇਖੈ ਪਤਿ ਪਵੈ ਸੇ ਪੂਰੇ ਭਾਈ ॥ ਪੂਰੇ ਪੂਰੀ ਮਤਿ ਹੈ ਸਚੀ ਵਡਿਆਈ ॥ ਅੰਗ 1012"।

ਜਿਨ੍ਹਾਂ ਉਤੇ ਹਰੀ-ਪ੍ਰਭੂ ਮੇਹਰ ਦੀ ਨਜ਼ਰ ਕਰਦਾ ਹੈ, ਉਹ ਗੁਰੂ ਅਨੁਸਾਰੀ ਮਨੁੱਖ ਪਰਮਾਤਮਾ ਦੇ ਨਾਮ ਦੇ ਗੁਣ ਗਾਉਂਦੇ ਹਨ। ਉਹ ਪਵਿੱਤਰ ਪੁਰਖ ਬੇਅੰਤ ਤੇ ਪੂਰੇ ਹੁੰਦੇ ਹਨ ਤੇ ਜਗਤ ਵਿਚ ਗੁਰੂ, ਗੋਬਿੰਦ, ਹਰੀ ਦਾ ਰੂਪ ਹੁੰਦੇ ਹਨ । "ਗੁਰਮੁਖਿ ਰਾਮ ਨਾਮ ਗੁਣ ਗਾਵਹਿ ਜਾ ਕਉ ਹਰਿ ਪ੍ਰਭੁ ਨਦਰਿ ਕਰੇ ॥ ਤੇ ਨਿਰਮਲ ਪੁਰਖ ਅਪਰੰਪਰ ਪੂਰੇ ਤੇ ਜਗ ਮਹਿ ਗੁਰ ਗੋਵਿੰਦ ਹਰੇ ॥11॥ ਅੰਗ 1014"।

ਪ੍ਰਭੂ ਆਪ ਹੀ ਸਭ ਦੇ ਨੇੜੇ ਹੈ; ਦੂਰ ਨਹੀਂ। ਜਿਹੜੇ ਗੁਰੂ ਅਨੁਸਾਰੀ ਮਨੁੱਖ ਇਹ ਭੇਦ ਸਮਝ ਲੈਂਦੇ ਹਨ ਉਹ ਪੂਰੇ ਹੁੰਦੇ ਹਨ। "ਆਪੇ ਨੇੜੈ ਨਾਹੀ ਦੂਰੇ ॥ ਬੂਝਹਿ ਗੁਰਮੁਖਿ ਸੇ ਜਨ ਪੂਰੇ ॥ ਅੰਗ 1025"। ਜਿਹੜੇ ਗੁਰੂ ਅਨੁਸਾਰੀ ਖੋਜ ਕੇ ਪ੍ਰਭੂ ਨੂੰ ਪਾ ਲੈਂਦੇ ਹਨ ਉਹ ਪੂਰੇ ਹੁੰਦੇ ਹਨ ਤੇ ਇਸ ਤਰ੍ਹਾਂ ਉਹ ਸਮ ਦ੍ਰਿਸ਼ਟੀ ਵਾਲ਼ੇ ਪ੍ਰਭੂ ਨੂੰ ਜਾਣ ਲੈਂਦੇ ਹਨ । "ਗੁਰਮੁਖਿ ਖੋਜਿ ਲਹਹਿ ਜਨ ਪੂਰੇ ਇਉ ਸਮਦਰਸੀ ਚੀਨਾ ਹੇ ॥13॥ ਅੰਗ 1028"।

ਹੇ ਭਾਈ! ਜਦ ਤਕ ਤੂੰ ਆਪਣੇ ਮਨ ਵਿਚੋਂ ਵਿਕਾਰ ਨਹੀਂ ਛੱਡਦਾ, ਜੰਗਲ ਵਿਚ ਰਹਿਣ ਨਾਲ਼ ਪਰਮਾਤਮਾ ਕਿਵੇਂ ਮਿਲ ਸਕਦਾ ਹੈ? ਭਾਵ ਨਹੀਂ ਮਿਲ ਸਕਦਾ । ਪੂਰਨ ਪੁਰਖ ਉਹੀ ਹਨ ਜਿਨ੍ਹਾਂ ਨੇ ਘਰ ਤੇ ਜੰਗਲ ਨੂੰ ਇਕੋ ਜਿਹਾ ਕਰ ਜਾਣਿਆ ਹੈ; ਭਾਵ ਗ੍ਰਿਹਸਤ ਵਿਚ ਰਹਿੰਦੇ ਹੋਏ ਹੀ ਮਾਇਆ ਤੋਂ ਉਪਰਾਮ ਹਨ । "ਬਨਹਿ ਬਸੇ ਕਿਉ ਪਾਈਐ ਜਉ ਲਉ ਮਨਹੁ ਨ ਤਜਹਿ ਬਿਕਾਰ ॥ ਜਿਹ ਘਰੁ ਬਨੁ ਸਮਸਰਿ ਕੀਆ ਤੇ ਪੂਰੇ ਸੰਸਾਰ ॥1॥ ਅੰਗ 1103"।

ਧੰਨ ਧੰਨ ਹਨ ਉਹ ਪੂਰਨ ਸੇਵਕ ਜਿਨ੍ਹਾਂ ਨੇ ਗੁਰੂ-ਸੰਤ ਦੀ ਸੰਗਤਿ ਵਿਚ ਮਿਲ਼ ਕੇ ਪਰਮਾਤਮਾ ਦੇ ਗੁਣ ਯਾਦ ਕੀਤੇ ਹਨ । "ਧਨੁ ਧੰਨੁ ਤੇ ਜਨ ਪੁਰਖ ਪੂਰੇ ਜਿਨ ਗੁਰ ਸੰਤ ਸੰਗਤਿ ਮਿਲਿ ਗੁਣ ਰਵੇ ॥ ਅੰਗ 1114"।

ਹੇ ਭਾਈ! ਉਹ ਸੇਵਕ ਮਨੁੱਖ ਧੰਨ ਹਨ, ਮਹਾ ਪੁਰਖ ਹਨ, ਪੂਰੇ ਹਨ, ਜਿਹਨਾਂ ਨੇ ਗੁਰੂ ਦੀ ਮਤਿ ਉਤੇ ਤੁਰ ਕੇ ਇਸ ਔਖੇ ਤਰੇ ਜਾਣ ਵਾਲੇ ਸੰਸਾਰ-ਸਮੁੰਦਰ ਤੋਂ ਪਾਰ ਲੰਘ ਗਏ ਹਨ । "ਤੇ ਧੰਨੁ ਜਨ ਵਡ ਪੁਰਖ ਪੂਰੇ ਜੋ ਗੁਰਮਤਿ ਹਰਿ ਜਪਿ ਭਉ ਬਿਖਮੁ ਤਰੇ ॥ ਅੰਗ 1115"।

ਉਹ ਪ੍ਰਭੂ ਦੇ ਸੇਵਕ ਧੰਨ ਹਨ, ਬਹੁਤ ਵੱਡੇ ਹਨ, ਪੂਰਨ ਹਨ, ਜਿਹਨਾਂ ਨੇ ਹਰੀ ਪ੍ਰਭੂ ਨੂੰ ਹਿਰਦੇ 'ਚ ਧਾਰਨ ਕੀਤਾ ਹੈ ਤੇ ਟਿਕਾ ਰੱਖਿਆ ਹੈ । "ਸੇ ਧੰਨਿ ਵਡੇ ਵਡ ਪੂਰੇ ਹਰਿ ਜਨ ਜਿਨ੍ਹ ਹਰਿ ਧਾਰਿਓ ਹਰਿ ਉਰਛੇ ॥3॥ ਅੰਗ 1178"।

ਜਿਨ੍ਹਾਂ ਬੰਦਿਆਂ ਨੇ ਉਸ (ਘਟ ਘਟ ਦੀ) ਜਾਨਣ ਵਾਲ਼ੇ ਪਰਮਾਤਮਾ ਨੂੰ ਚੰਗੀ ਤਰ੍ਹਾਂ ਜਾਣ ਲਿਆ ਹੈ, ਜਗਤ ਵਿਚ ਆਏ ਉਹੀ ਬੰਦੇ ਪੂਰਨ ਹਨ ਤੇ ਕਬੂਲ ਹਨ । "ਜਿਨੀ ਜਾਣੁ ਸੁਜਾਣਿਆ ਜਗਿ ਤੇ ਪੂਰੇ ਪਰਵਾਣੁ ॥2॥ ਅੰਗ 1329"।

ਪੂਰੇ (ਪ੍ਰਭੂ) ਦਾ ਕੀਤਾ ਸਭ ਕੁਛ ਪੂਰਾ ਹੁੰਦਾ ਹੈ, ਉਹਦੀ ਕਰਨੀ 'ਚ ਘੱਟ ਵੱਧ ਕੁਛ ਨਹੀਂ ਹੁੰਦਾ! "ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ॥ ਅੰਗ 1412"।

ਪੂਰਨ ਪੁਰਸ਼ਾਂ ਦੀ ਕੋਈ ਨਿਸ਼ਾਨੀ? ਪੂਰਬਲੇ ਸੰਜੋਗਾਂ ਕਰਕੇ ਪਵਿਤਰ ਪੁਰਸ਼ (ਸਾਧ/ਗੁਰੂ) ਨਾਲ਼ ਮਿਲਾਪ ਹੁੰਦਾ ਹੈ । ਪ੍ਰਭੂ ਦੇ ਪੂਰਨ ਪੁਰਸ਼ ਸੱਚ (ਸਦਾ ਥਿਰ ਪ੍ਰਭੂ ਦੇ ਨਾਮ 'ਚ) ਖੁਸ਼-ਅਨੰਦ ਰਹਿੰਦੇ ਹਨ । "ਸਾਧੁ ਮਿਲੈ ਪੂਰਬ ਸੰਜੋਗ ॥ ਸਚਿ ਰਹਸੇ ਪੂਰੇ ਹਰਿ ਲੋਗ ॥ ਅੰਗ 153"।

### *576. ਭਗਤੀ ਹੈ ਕੀ?*


ਭਗਤੀ ਹੈ ਗੁਰੂ ਦੇ ਸ਼ਬਦ ਨੂੰ ਸਦਾ ਧਿਆਉਣਾ ਤੇ ਇਹੀ ਭਗਤੀ ਪ੍ਰਭੂ ਨੂੰ ਭਾਉਂਦੀ ਹੈ । "ਗੁਰ ਕੈ ਸਬਦਿ ਸਦਾ ਹਰਿ ਧਿਆਏ ਏਹਾ ਭਗਤਿ ਹਰਿ ਭਾਵਣਿਆ॥7॥ ਅੰਗ 122"। ਅਤੇ ਗੁਰੂ ਦੇ ਸ਼ਬਦ ਨਾਲ਼ ਪਿਆਰ ਹੀ ਸੱਚੀ ਭਗਤੀ ਹੈ । "ਸਚੀ ਭਗਤਿ ਗੁਰ ਸਬਦ ਪਿਆਰਿ॥ ਅੰਗ 158"। ਸਤਿਗੁਰੂ ਨਾਨਕ ਦੇਵ ਜੀ ਨੇ ਨਿਰੰਜਨ ਦਾ ਨਾਮ ਪਛਾਣਿਆ ਤੇ ਪ੍ਰੇਮ ਨਾਲ਼ ਬ੍ਰਿਤੀ ਜੋੜ ਕੇ ਭਗਤੀ ਕੀਤੀ । "ਨਾਨਕਿ ਨਾਮੁ ਨਿਰੰਜਨ ਜਾਨ੍ਯ੍ਯਉ ਕੀਨੀ ਭਗਤਿ ਪ੍ਰੇਮ ਲਿਵ ਲਾਈ ॥ ਅੰਗ 1406"। ਪ੍ਰਭੂ ਕਿਰਪਾ ਨਾਲ਼ ਗੁਰੂ ਮਿਲਦਾ ਹੈ ਤੇ ਗੁਰੂ ਪ੍ਰਭੂ ਦੀ ਭਗਤੀ ਨੂੰ ਦ੍ਰਿੜ ਕਰਾਉਂਦਾ ਹੈ । "ਗੁਰ ਹਰਿ ਮਿਲਿਆ ਭਗਤਿ ਦ੍ਰਿੜਾਈ ॥4॥ ਅੰਗ 356"। ਅਰਥਾਤ ਪੂਰੇ ਗੁਰੂ ਬਿਨਾ ਭਗਤੀ ਨਹੀਂ ਹੋ ਸਕਦੀ । "ਬਿਨੁ ਗੁਰ ਪੂਰੇ ਭਗਤਿ ਨ ਹੋਇ ॥ ਅੰਗ 363" । ਇਕ ਖਿਨ ਪਲ ਲਈ ਵੀ ਪ੍ਰਭੂ ਬਿਨਾ ਨਾ ਰਹਿ ਸਕਣਾ ਹੀ ਭਗਤੀ ਹੈ! ਮੇਰੇ ਮਨ ਵਿਚ ਪਰਮਾਤਮਾ ਦੀ ਇਹੋ ਜਿਹੀ ਭਗਤੀ ਬਣੀ ਪਈ ਹੈ ਕਿ ਮੈਂ ਪਰਮਾਤਮਾ ਦੀ ਯਾਦ ਤੋਂ ਬਿਨਾ ਇਕ ਅੱਖ ਝਮਕਣ ਦੇ ਸਮੇਂ ਜਿੰਨਾ, ਇਕ ਪਲ ਭੀ ਰਹਿ ਨਹੀਂ ਸਕਦਾ;

ਬਾਕੀ ਅਗਲੇ ਹਫ਼ਤੇ


## ਪੰਜਾਬੀ ਸਿੱਖਣ ਲਈ ਕਿਤਾਬਾਂ

**ਜੀ ਸੀ ਐਸ ਈ ਦੀ ਤਿਆਰੀ ਲਈ ਬੱਚਿਆਂ ਨੂੰ ਤੋਹਫ਼ੇ GIFT ਵਜੋਂ ਇਹ ਕਿਤਾਬਾਂ ਦਿਓ ਤੇ ਪੰਜਾਬੀ ਨਾਲ ਜੋੜੋ**

ਜੇ ਤੁਹਾਡੇ ਬੱਚੇ ਜਾਂ ਤੁਸੀਂ ਪੰਜਾਬੀ ਪੜ੍ਹਨੀ ਲਿਖਣੀ ਸਿੱਖਣੀ ਚਾਹੁੰਦੇ ਹੋ, ਤਾਂ ਇਸ ਵਾਸਤੇ ਪੰਜਾਬ ਟਾਈਮਜ਼ ਵੱਲੋਂ 1 ਤੋਂ 4 ਲੈਵਲ ਤੱਕ ਚਾਰ ਪੁਸਤਕਾਂ ਸਿੱਖ ਸਕੂਲ ਡੌਟ ਕੌਮ, ਕੈਲੇਫੋਰਨੀਆ ਦੀ ਆਗਿਆ ਨਾਲ ਛਾਪੀਆਂ ਗਈਆਂ ਹਨ । ਇਹਨਾਂ (Work Books) ਦੀ ਮਦਦ ਨਾਲ ਤੁਸੀਂ ਆਸਾਨੀ ਨਾਲ ਬੱਚਿਆਂ ਨੂੰ ਪੰਜਾਬੀ ਸਿਖਾ ਸਕਦੇ ਹੋ। ਇਹਨਾਂ ਪੁਸਤਕਾਂ ਨਾਲ ਅੰਗਰੇਜ਼ੀ ਰਾਹੀਂ ਪੰਜਾਬੀ ਸਿੱਖ ਸਕਦੇ ਹੋ। ਪੁਸਤਕਾਂ ਦੀ ਕੀਮਤ ਕੇਵਲ ਲਾਗਤ ਮਾਤਰ ਹੀ ਰੱਖੀ ਗਈ ਹੈ । ਇਹ ਪੁਸਤਕਾਂ ਮੁਨਾਫ਼ਾ ਕਮਾਉਣ ਲਈ ਨਹੀਂ ਬਲਕਿ ਪੰਜਾਬੀ ਦੇ ਪ੍ਰਚਾਰ ਹਿੱਤ ਬਹੁਤ ਹੀ ਸਸਤੀਆਂ ਦਿੱਤੀਆਂ ਜਾ ਰਹੀਆਂ ਹਨ ।




**ਇਹ ਕਿਤਾਬ ਤੁਹਾਡੇ ਆਪਣੇ ਗੋਰੇ ਸਾਥੀਆਂ ਨੂੰ ਦੇਣ ਲਈ ਵੀ ਬਹੁਤ ਲਾਭਦਾਇਕ ਹੈ । ਜਿਸ ਤੋਂ ਤੁਸੀਂ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਬੜੇ ਆਸਾਨ ਤਰੀਕੇ ਨਾਲ ਸਿੱਖ ਸਕਦੇ ਹੋ**

4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ
ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ਤੇ ਡਿਸਕਾਊਂਟ ਦਿੰਦੇ ਹਾਂ ।

**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

**Whats App (M) 07966 388388**

**PANJAB TIMES**
BRIDLE GATE LANE, ALVASTON, DERBY, DE24 0QW, U.K.
Email: panjabtimes@gmail.com,
www.panjabtimes.co.uk TEL: 01332 372 851
www.fb.com/punjabtimesuk



## VACANCY - Religious Worker Langari (non-pastoral role)

**NANAKSAR GURDWARA GURSIKH TEMPLE**

**224-226 FOLESHILL ROAD, COVENTRY, WEST MIDLANDS CV1 4HW, U.K.**

**An opportunity has arisen for the posts of Religious Workers at Nanaksar Gurdwara Gursikh Temple, Coventry.**

**We need religious workers to do the following duties:**

**Job Purpose:** Perform and Understand Duties include: Preparing Langar (food) 3 times a day for Blessings and Performing Nitnem, Sukhmani Sahib Path, Sehaj Patth Rohles, Ardaas and Sukhasan duties, alongside other general Gurdwara duties. Daily Vegatarian Food preparations for Blessing and for the congregation in accordance with Sikh Maryada.

Recite the daily Sikh prayer from Sri Guru Granth Sahib Ji, conduct weekly Diwan and preach Sikh Religion to congregation. Home visitation. To work collaboratively with all internal teams, departments and external agencies.

**Any other job as directed by the Gurdwara Committee.**

The Workers will be responsible for locking and unlocking the Gurdwara premises. The workers would only be assisting the Head Priest and would not be involved in leading the congregation.

**Personnel Specification:** Working Flexible Hours: **20-30 hours** per week

**Salary**: National Minimum Wage per working hour.

**Benefits**: Accommodation and food is provided free of charge.

**Requirements**: Must be able to read and speak Gurmukhi. Must be able to cook for large congregation on special occasions. Must have sufficient experience and Amritdhari (Baptised). Good communicational and interpersonal skills.

**Other details:** Applicants have to be a UK resident or have the right to work in the UK.

***Please apply with your C.V., and send your details on Emial below.***

***Closing date: 15th November 2024***

**For information please Contact:**
**S. Bulraj Singh Johal – 07899 937663 Tel: 024 7622 0434**
**or info@nanaksarglobal.com www.nanaksarglobal.com**

**NANAKSAR GURDWARA GURSIKH TEMPLE**
***UK Registered Charity No. 512089***
**224-226 FOLESHILL ROAD, COVENTRY, WEST MIDLANDS CV1 4HW, U.K.**

**ਲੜੀਵਾਰ ਨਾਵਲ**

ਸ਼ਿਵਚਰਨ ਜੱਗੀ (ਕੁੱਸਾ)



ਫ਼ੋਨ : 07853 317 891


Email: jaggikussa@yahoo.de

**ਕਿਸ਼ਤ ਪਹਿਲੀ**

# ਇੱਕ ਮੇਰੀ ਅੱਖ ਕਾਸ਼ਣੀ...

## ਸਮਰਪਣ:

8 ਜੂਨ 2023 ਨੂੰ ਵਿੱਛੜ ਗਈ ਮੇਰੀ ਪਿਆਰੀ ਬੇਟੀ 'ਲਾਲੀ ਕੁੱਸਾ' ਨੂੰ।
ਸਰੀਰਕ ਪੱਖੋਂ ਤਾਂ ਚਾਹੇ ਤੂੰ ਸਾਡੇ ਵਿੱਚ ਨਹੀਂ ਰਹੀ ਲਾਲੀ ਧੀਏ! ਪਰ ਸਾਡੇ ਦਿਲਾਂ ਵਿੱਚ ਤੂੰ ਹਮੇਸ਼ਾ ਇੱਕ 'ਜੋਤ' ਵਾਂਗ ਜਗੇਂਗੀ। ਤੂੰ ਜਿੱਥੇ ਵੀ ਰਹੇਂ, ਬੱਸ ਖ਼ੁਸ਼ ਰਹੇਂ, ਇਹੀ ਸਾਰੇ ਪ੍ਰੀਵਾਰ ਦੀ 'ਦੁਆ' ਹੈ। ਕੋਈ ਦਿਨ ਐਸਾ ਨਹੀਂ, ਜਿਸ ਦਿਨ ਤੇਰੀ ਯਾਦ ਵਿੱਚ ਹੰਝੂ ਨਾ ਵਗੇ ਹੋਣ। ਪਰ ਕੁਝ ਹੰਝੂ ਮੈਂ ਬਚਾ ਕੇ ਰੱਖੇ ਨੇ, ਜਦ ਮਿਲੇ, ਆਪਾਂ ਇੱਕਠੇ ਬੈਠ ਕੇ ਕੇਰਾਂਗੇ। ਤੈਨੂੰ ਕਦੇ ਵੀ 'ਅਲਵਿਦਾ' ਕਹਿਣ ਨੂੰ ਮਨ ਨਹੀਂ ਕਰਦਾ, ਪਰ ਕੀ ਕਰਾਂ...? ਬੇਵੱਸ ਹਾਂ...! ਰੱਬ ਤੈਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ੇ, ਧੀਏ!---ਸ਼ਿਵਚਰਨ ਜੱਗੀ ਕੁੱਸਾ




## ਕਾਂਡ ਇੱਕ

ਪੂਣੀਆਂ ਮੈਂ ਚਾਰ ਕੱਤੀਆਂ
ਟੁੱਟ ਪੈਣੇ ਦਾ ਪੁੰਦਰਵਾਂ ਗੇੜਾ....
ਸ਼ਾਮ ਦਾ ਵੇਲਾ ਸੀ।
ਸਰਦੀਆਂ ਦਾ ਮੌਸਮ ਸੀ।

ਅਸਮਾਨੋਂ ਧੁੰਦ ਛਾਲ਼ਾਂ ਮਾਰਦੀ ਧਰਤੀ 'ਤੇ ਉੱਤਰ ਰਹੀ ਸੀ। ਜਿਸ ਕਰ ਕੇ ਲੋਕ ਬੜੀ ਤੇਜ਼ੀ ਨਾਲ਼ ਖੇਤਾਂ ਵਿੱਚੋਂ ਘਰਾਂ ਨੂੰ ਪਰਤ ਰਹੇ ਸਨ। ਖੇਤਾਂ 'ਚੋਂ ਪਰਤਦੇ ਬਲ਼ਦਾਂ ਦੀਆਂ ਟੱਲੀਆਂ ਇੱਕ ਅਜੀਬ ਜਿਹਾ ਨਾਦ ਛੇੜ ਰਹੀਆਂ ਸਨ। ਕਿਸੇ ਘਰੋਂ ਪੱਠੇ ਕੁਤਰਨ ਵਾਲ਼ੀ ਮਸ਼ੀਨ ਦੀ "ਕਿਰਚ – ਕਿਰਚ" ਦੀ ਅਵਾਜ਼ ਆ ਰਹੀ ਸੀ ਅਤੇ ਕਿਸੇ ਘਰ ਕੱਟੀ ਰਿੰਗ ਰਹੀ ਸੀ। ਚੁੱਲ੍ਹਿਆਂ ਅਤੇ ਚੁਰਾਂ ਵਿੱਚੋਂ ਧੂੰਆਂ ਉਠ ਰਿਹਾ ਸੀ।

–"ਕੰਮ ਖਿੱਚ ਦੇ ਮੱਲਾ...! ਦਿਨ ਛਿਪਦੈ, ਚੜ੍ਹਦਾ ਨੀ...!" ਕੁਤਰੇ ਵਾਲ਼ੀ ਮਸ਼ੀਨ ਵਿੱਚ ਰੁੱਗ ਲਾਉਂਦੇ ਬਾਪੂ ਮਾਨ ਸਿੰਘ ਨੇ ਜਿੰਦਰ ਨੂੰ ਕਿਹਾ।

–"ਬਾਪੂ, ਮੈਂ ਮਸ਼ੀਨ ਨੀ, ਹੱਡ ਮਾਸ ਦਾ ਬੰਦਾ ਆਂ, ਤੂੰ ਤਾਂ ਮੈਨੂੰ ਇਉਂ ਖੱਭੀ ਰੱਖਦੈਂ, ਜਿਵੇਂ ਮੈਂ...!" ਗੱਲ ਜਿੰਦਰ ਨੇ ਜਾਣ ਕੇ ਅਧੂਰੀ ਛੱਡ ਦਿੱਤੀ, "ਜਿਵੇਂ ਮੈਂ ਬਾਈਲਾਰਸ ਹੁੰਨੈ....!" ਜਿੰਦਰ ਨਾਲ਼ ਬਾਪੂ ਵੀ ਹੱਸ ਪਿਆ। ਉਹਨਾਂ ਦੀ ਪਿਉ ਪੁੱਤਾਂ ਦੀ ਪੂਰੀ ਯਾਰੀ ਸੀ।

–"ਬਾਈਲਾਰਸ ਕੀ, ਮੈਂ ਤਾਂ ਤੈਨੂੰ 'ਚੁਤਾਲ਼ੀ' ਲਾਰਸ ਬਣਾ ਕੇ ਰੱਖੂੰ ਪੁੱਤ, ਦੇਖਦਾ ਜਾਹ..!"

–"............।" ਜਿੰਦਰ ਨੇ ਮਸ਼ੀਨ ਨੂੰ ਭੰਮੀਰੀ ਬਣਾ ਦਿੱਤਾ।

–"ਹੁਣ ਤੱਕ ਤੈਨੂੰ ਖੁਰਾਕ ਦੀ ਕੋਈ ਕਮੀਂ ਆਉਣ ਦਿੱਤੀ ਐ, ਦੱਸ...?"

–"ਨੀ ਬਹੁਓ, ਇੱਕ ਜਾਣੀ ਧਾਰਾਂ ਕੱਢਲੋ ਤੇ ਦੂਜੀ ਚੁਰ ਬਾਲ਼ੋ, ਰੋਟੀ ਨੂੰ ਕੁਵੇਲ਼ਾ ਹੋਜੂ..!" ਸਦਾ ਕੌਰ ਨੇ ਦੋਵੇਂ ਨੂੰਹਾਂ ਨੂੰ ਕਿਹਾ।

–"ਤੂੰ ਬੱਸ ਹੁਕਮ ਚਲਾਉਣ 'ਤੇ ਰਹੀਂ, ਤੂੰ ਨਾ ਡੱਕਾ ਦੂਹਰਾ ਕਰੀਂ ਉਠ ਕੇ..! ਮੰਜੇ 'ਤੇ ਬੈਠੀ ਬਕਰੈਣ ਮਾਂਗੂੰ ਫ਼ੈਲਰਦੀ ਜਾਂਦੀ ਐ...!" ਮਾਨ ਸਿੰਘ ਨੇ ਹੱਸਦਿਆਂ ਆਪਣੀ ਘਰਵਾਲ਼ੀ ਸਦਾ ਕੌਰ ਨੂੰ ਕਿਹਾ।

–"ਲੈ ਫ਼ੁੱਟ...! ਨੀ ਮੈਨੂੰ ਇਹ ਸਾਰੀ ਦਿਹਾੜੀ ਵਿਹਲੀ ਈ ਸਮਝਦੈ..! ਧੌਲ਼ੀ ਦਾਹੜੀ ਮੂੰਹ 'ਤੇ ਐ...!"

–"............।" ਮਾਨ ਸਿੰਘ ਹੱਸ ਪਿਆ।

–"ਨੂੰਹਾਂ ਸਾਰੀ ਦਿਹਾੜੀ ਇਹਨਾਂ ਜੁਆਕਾਂ ਨੂੰ ਕੌਣ ਸਾਂਭਦੈ..? ਘਰ ਦੇ ਹੋਰ ਵੀ ਵੀਹ ਚੱਕਣ ਧਰਨ ਦੇ ਕੰਮ ਹੁੰਦੇ ਐ..!" ਸਦਾ ਕੌਰ ਨੇ ਨਿਹੋਰਾ ਦਿੱਤਾ।

–"ਸਦਾ ਕੁਰੇ, ਜੇ ਤੂੰ ਨਾ ਹੁੰਦੀ, ਐਸ ਘਰ ਦਾ ਕੀ ਬਣਦਾ...?" ਮਾਨ ਸਿੰਘ ਫ਼ੇਰ ਹੱਸਿਆ। ਜਿੰਦਰ ਨੇ ਪੱਠੇ ਕੁਤਰ ਕੇ ਮਸ਼ੀਨ ਰੋਕ ਦਿੱਤੀ।

–"ਹੱਥ ਮੂੰਹ ਧੋ ਲੈ ਪੁੱਤ, ਤੇ ਰੋਟੀ ਖਾ ਲਓ ਸਾਰੇ...!" ਬੇਬੇ ਸਦਾ ਕੌਰ ਨੇ ਕਿਹਾ।

–"ਧੱਕ ਤਾਂ ਲੈਣ ਦੇ...! ਕਿਵੇਂ ਨਾਸਾਂ 'ਤੇ ਦੀਵਾ ਬਾਲ਼ੀ ਜਾਂਦੀ ਐ..!" ਮਾਨ ਸਿਉਂ ਤੋਂ ਫ਼ਿਰ ਨਾ ਰਿਹਾ ਗਿਆ।

–"ਤੈਨੂੰ ਧੌਲ਼ ਦਾਹੜੀਏ ਨੂੰ ਨੂੰਹਾਂ ਸਾਹਮਣੇ ਟਿੱਚਰਾਂ ਕਰਦੇ ਨੂੰ ਸ਼ਰਮ ਹਯਾ ਨੀ ਆਉਂਦਾ..?"

–"ਇਹਦੇ 'ਚ ਸ਼ਰਮ ਹਯਾ ਆਲ਼ੀ ਗੱਲ ਕਿਹੜੀ ਐ..?"

–"ਕਈਆਂ ਦੀਆਂ ਲੱਤਾਂ ਕਬਰ 'ਚ ਹੁੰਦੀਐਂ, ਤੇ ਅਕਲ ਉਹਨਾਂ ਨੂੰ ਫ਼ੇਰ ਵੀ ਨੀ ਆਉਂਦੀ..!" ਮਾਨ ਸਿੰਘ ਟੋਕਰਾ ਚੁੱਕ ਕੇ ਪਸ਼ੂਆਂ ਨੂੰ ਪੱਠੇ ਪਾਉਣ ਲੱਗ ਪਿਆ।

–"ਕੁੜੇ ਅੱਜ ਅਮਨ ਕਿੱਧਰ ਗਈ ਐ, ਅਜੇ ਤੱਕ ਆਈ ਨੀ..?"

–"ਉਹ ਤਾਂ ਬੇਬੇ 'ਟੂਸ਼ਨ' ਪੜ੍ਹਨ ਗਈ ਐ ਸੀਤਲ ਦੇ ਨਾਲ਼...!" ਨੂੰਹ ਨੇ ਦੱਸਿਆ ਤਾਂ ਬੇਬੇ ਚੁੱਪ ਵੱਟ ਗਈ।

–"ਨੀ ਜਸਮੇਲ ਕੁਰੇ, ਕਿੰਨੀ ਵਾਰੀ ਕਿਹੈ ਬਈ ਉਹਦੇ ਨਾਲ਼ ਕੁੜੀ ਨੂੰ 'ਟੂਸ਼ਣ' ਪੜ੍ਹਨ ਨਾ ਭੇਜਿਆ ਕਰੋ..!" ਬੇਬੇ ਨੇ ਦੱਬਵੀਂ ਅਵਾਜ਼ ਵਿੱਚ ਕਿਹਾ।

–"ਕਿਹੜਾ ਕਿਸੇ ਦੀ ਸੁਣਦੀ ਐ ਬੇਬੇ ਜੀ...! ਅੱਜ ਦੇ ਜੁਆਕ ਮਨ ਮਰਜ਼ੀ ਦੇ ਮਾਲਕ ਐ..!" ਨੂੰਹ ਬੋਲੀ।

ਅਜੇ ਬੇਬੇ ਨੇ ਜਿੰਦਰ ਅਤੇ ਮਾਨ ਸਿਉਂ ਨੂੰ ਰੋਟੀ ਪਾ ਕੇ ਫ਼ੜਾਈ ਹੀ ਸੀ ਕਿ ਕਿਤਾਬਾਂ ਹੱਥ ਵਿੱਚ ਫ਼ੜੀ ਅਮਨ ਵੀ ਆ ਗਈ।

–"ਆ ਗਈ ਪੁੱਤ...?"

–"............।" ਅਮਨ ਨਾ ਬੋਲੀ।

–"ਕਿਤਾਬਾਂ ਰੱਖ ਕੇ ਹੱਥ ਧੋ, ਤੇ ਰੋਟੀ ਖਾ ਲੈ ਤੱਤੀ ਤੱਤੀ, ਪੁੱਤ...!"

–"ਰੋਟੀ ਬੇਬੇ ਮੈਂ ਸੀਤਲ ਕੇ ਘਰੇ ਹੀ ਖਾ ਲਈ ਸੀ...!"

–"............।" ਬੇਬੇ ਕਿਸੇ ਧੁੰਧਕ ਵਿੱਚ ਲੰਮਾਂ ਹਾਉਕਾ ਭਰ ਕੇ ਫਿਰ ਚੁੱਪ ਕਰ ਗਈ।

–"ਇਹਨੂੰ ਕਿਵੇਂ ਸਮਝਾਵਾਂ...?" ਬੇਬੇ ਨੇ ਆਪਣੇ ਮੱਥੇ 'ਤੇ ਹੱਥ ਮਾਰਿਆ। ਪਤਾ ਅਮਨ ਨੂੰ ਵੀ ਲੱਗ ਗਿਆ ਸੀ ਕਿ ਬੇਬੇ ਸੀਤਲ ਨੂੰ ਅਤੇ ਉਸ ਦੇ ਪ੍ਰੀਵਾਰ ਨੂੰ ਚੰਗਾ ਨਹੀਂ ਸਮਝਦੀ ਸੀ। ਪਰ ਅਮਨ ਨੂੰ ਇਸ ਗੱਲ ਦਾ ਅੱਜ ਤੱਕ ਨਹੀਂ ਪਤਾ ਸੀ ਕਿ ਬੇਬੇ ਉਹਨਾਂ ਦੇ ਪ੍ਰੀਵਾਰ ਨੂੰ ਚੰਗਾ ਕਿਉਂ ਨਹੀਂ ਸਮਝਦੀ ਸੀ?

–"ਤੇਰੇ ਹਾਕੀ ਦੇ ਮੈਚ ਦਾ ਕੀ ਬਣਿਆਂ ਅਮਨ, ਪੁੱਤ...?" ਰੋਟੀ ਖਾਂਦੇ ਬਾਬੇ ਮਾਨ ਸਿਉਂ ਨੇ ਪੁੱਛਿਆ।

–"ਇਸ ਵਾਰ ਜਿਲ੍ਹਾ ਪੱਧਰ 'ਤੇ ਖੇਡਣੈਂ, ਬਾਪੂ ਜੀ..!" ਅਮਨ ਆਪਣੇ ਬਾਪ ਦੀ ਰੀਸ ਨਾਲ਼ ਦਾਦੇ ਨੂੰ "ਬਾਪੂ ਜੀ" ਕਹਿ ਕੇ ਹੀ ਬੁਲਾਉਂਦੀ ਸੀ।

–"ਰੱਬ ਸਫ਼ਲਤਾ ਬਖਸ਼ੂ ਪੁੱਤ..! ਪਰ ਮੈਚ ਹੈ ਕਦੋਂ...?"

–"ਅਜੇ ਤਾਰੀਕ ਪੱਕੀ ਨੀ ਹੋਈ, ਸਾਡੇ ਕੋਚ ਕਹਿੰਦੇ ਸੀ ਸ਼ਾਇਦ ਅਗਲੇ ਹਫ਼ਤੇ ਤੱਕ ਪਤਾ ਲੱਗਜੂ..!"

–"ਬੱਸ ਮਾਰ ਦਿਓ ਮੋਰਚਾ ਬਾਬੇ ਦਾ ਨਾਂ ਲੈ ਕੇ, ਜਿੱਤ ਕੇ ਮੁੜਨੈਂ, ਪੁੱਤ..!" ਮਾਨ ਸਿੰਘ ਨੇ ਰੋਟੀ ਖਾ ਕੇ ਥਾਲ਼ੀ ਮੰਜੇ ਦੀ ਪੈਂਦ ਵੱਲ ਨੂੰ ਸਰਕਾ ਦਿੱਤੀ।

–"ਤੂੰ ਬਾਹਲ਼ਾ ਸੀਤਲ ਕੇ ਘਰੇ ਨਾ ਜਾਇਆ ਕਰ ਅਮਨ ਪੁੱਤ, ਤੈਨੂੰ ਪਤਾ ਤਾਂ ਹੈਗ੍ਹਾ ਬਈ ਉਹਨਾਂ ਦਾ ਟੱਬਰ ਚੰਗਾ ਨੀ...!" ਬੇਬੇ ਨੇ ਅਮਨ ਕੋਲ਼ ਬੈਠ ਕੇ ਫਿਰ ਦੱਬਵੀਂ ਅਵਾਜ਼ ਵਿੱਚ "ਚੰਗਾ ਨੀ ਟੱਬਰ" ਕਿਹਾ।

ਅਮਨ ਪਹਿਲਾਂ ਹੀ ਕਿਸੇ ਗੱਲ ਤੋਂ ਖਿਝੀ ਪਈ ਸੀ। ਉਤੋਂ ਬੇਬੇ ਨੇ ਫ਼ਿਰ ਸੀਤਲ ਦੇ ਪ੍ਰੀਵਾਰ ਦਾ ਰੰਡੀ ਰੋਣਾ ਸ਼ੁਰੂ ਕਰ ਦਿੱਤਾ ਸੀ। ਅਮਨ ਸੋਚਦੀ ਸੀ ਕਿ ਜੇ ਘਰ ਦੇ ਇੱਕ ਜੀਅ ਨੇ ਜਾਣੇ ਅਣਜਾਣੇ ਵਿੱਚ ਗਲਤੀ ਕਰ ਦਿੱਤੀ ਸੀ, ਤਾਂ ਇਸ ਨਾਲ਼ ਸਾਰਾ ਟੱਬਰ ਥੋੜ੍ਹੋ ਦੋਸ਼ੀ ਹੋ ਗਿਆ...?

ਅਮਨ ਉਠ ਕੇ ਅੰਦਰ ਚਲੀ ਗਈ। ਉਸ ਨੇ ਦਾਦੀ ਨੂੰ ਕੋਈ ਉਤਰ ਨਾ ਦਿੱਤਾ। ਉਸ ਨੂੰ ਪਤਾ ਸੀ ਕਿ ਦਾਦੀ ਬਿਰਧ ਸੀ। ਪਰ ਵਾਰ-ਵਾਰ ਇੱਕੋ ਗੱਲ ਦੁਹਰਾ ਕੇ ਉਹ ਉਸ ਨੂੰ ਕਿਉਂ ਦੁਖੀ ਕਰਦੀ ਜਾਂ ਖਿਝਾਉਂਦੀ ਸੀ?

## ਕਾਂਡ ਦੋ

....ਅਸਲ ਵਿੱਚ ਦਾਦੀ ਸਦਾ ਕੌਰ ਇੱਕ ਪੁਰਾਣੀ ਗੱਲ ਨੂੰ ਲੈ ਕੇ ਸੀਤਲ ਦੇ ਪ੍ਰੀਵਾਰ ਨੂੰ ਚੰਗਾ ਨਹੀਂ ਸਮਝਦੀ ਸੀ। ਸੀਤਲ ਦੀ ਵੱਡੀ ਭੈਣ ਪਾਇਲ "ਜਿੰਦਲ ਕਾਲਜ" ਵਿੱਚ ਪੜ੍ਹਦੀ ਸੀ। ਉਹਨਾਂ ਦਾ ਸਾਰਾ ਪ੍ਰੀਵਾਰ ਬੜਾ ਅਗਾਂਹ ਵਧੂ ਅਤੇ ਖੁੱਲ੍ਹੇ ਖਿਆਲਾਂ ਦਾ ਸੀ। ਪਾਇਲ ਦਾ ਬਾਪ ਡਾਕਟਰ ਅਤੇ ਮਾਂ ਪ੍ਰਿੰਸੀਪਲ ਸੀ। ਪਾਇਲ ਨੂੰ ਸ਼ੁਰੂ ਤੋਂ ਹੀ ਸੰਗੀਤ ਸੁਣਨ ਅਤੇ ਗਾਉਣ ਦਾ ਸ਼ੌਕ ਸੀ। ਉਹ ਹਰ ਸਮੇਂ ਕੁਛ ਨਾ ਕੁਛ ਗੁਣਗੁਣਾਉਂਦੀ ਰਹਿੰਦੀ। ਸੰਗੀਤ ਉਸ ਦੀ ਰੂਹ ਸੀ। ਸੰਗੀਤ ਨੂੰ ਮਾਣਦੀ ਉਹ ਮੰਤਰ ਮੁਗਧ ਹੋ ਜਾਂਦੀ। ਸੰਗੀਤ ਉਸ ਦੀ ਰਗ-ਰਗ ਵਿੱਚ ਵਸ ਚੁੱਕਿਆ ਸੀ।

–"ਇਹ ਤਾਂ ਭਾਈ ਲਤਾ ਮੰਗੇਸ਼ਕਰ ਬਣੂੰਗੀ..!" ਉਸ ਦੀ ਮਾਂ ਲਾਡ ਪਿਆਰ ਨਾਲ਼ ਆਖਦੀ ਅਤੇ ਪਾਇਲ ਮੁਸਕੁਰਾ ਛੱਡਦੀ। ਸਕੂਲ ਦੀ ਬਾਲ ਸਭਾ ਵਿੱਚ ਹਰ ਸ਼ਨੀਵਾਰ ਨੂੰ ਉਹ ਕੋਈ ਨਾ ਕੋਈ ਗੀਤ ਪੇਸ਼ ਕਰਦੀ ਅਤੇ ਸਮੇਂ ਨੂੰ ਕੀਲ ਲੈਂਦੀ। ਉਸ ਦੀ ਅਵਾਜ਼ ਬੰਸੁਰੀ ਵਰਗੀ ਮਧੁਰ ਅਵਾਜ਼ ਸੀ। ਦਰੱਖ਼ਤਾਂ ਉਪਰ ਬੈਠੇ ਪੰਛੀ ਸਾਹ ਲੈਣਾਂ ਭੁੱਲ ਜਾਂਦੇ ਅਤੇ ਨਦੀਆਂ ਦਾ ਨੀਰ ਨਾਦ ਛੇੜਨ ਲੱਗ ਪੈਂਦਾ।

–"ਇੱਕ ਮੇਰੀ ਅੱਖ ਕਾਸ਼ਣੀਂ... ਦੂਜਾ ਰਾਤ ਦੇ ਅਣੀਂਦਰੇ ਨੇ ਮਾਰਿਆ... ਸ਼ੀਸ਼ੇ ਨੂੰ ਤਰੇੜ ਪੈ ਗਈ... ਵਾਲ਼ ਵਾਹੁੰਦੀ ਨੇ ਧਿਆਨ ਜਦੋਂ ਮਾ-ਰਿਆ....!" ਗੀਤ ਸੁਣ ਕੇ ਅਧਿਆਪਕ ਅਤੇ ਵਿਦਿਆਰਥੀ ਇੰਜ ਮੇਲ੍ਹਣ ਲੱਗ ਜਾਂਦੇ, ਜਿਵੇਂ ਕਾਲ਼ਾ ਨਾਗ ਬੀਨ ਦੇ ਲਹਿਰਿਆਂ 'ਤੇ ਮੇਲ੍ਹਦੈ!

–"ਇਹ ਕੁੜੀ ਇੱਕ ਨਾ ਇੱਕ ਦਿਨ ਆਪਣੇ ਸਕੂਲ ਦਾ ਹੀ ਨਹੀਂ, ਸਾਰੇ ਇਲਾਕੇ ਦਾ ਨਾਂ ਰੌਸ਼ਨ ਕਰੂਗੀ...!" ਹੈੱਡ ਮਾਸਟਰ ਗੁਰਚਰਨ ਸਿੰਘ ਲੁਹਾਰਾ ਕੁੜੀ ਦੀ ਸ਼ਲਾਘਾ ਕਰਦਾ, ਆਸ਼ੀਰਵਾਦ ਭਰੀ ਥਾਪੀ ਦਿੰਦਾ। ਪਾਇਲ ਨੂੰ ਹੋਰ ਹੌਸਲਾ ਮਿਲ ਜਾਂਦਾ ਅਤੇ ਉਹ ਮਾਣ ਨਾਲ਼ ਭਰ ਜਾਂਦੀ।

ਦਸਵੀਂ ਕਲਾਸ ਵਿੱਚੋਂ ਅੱਵਲ ਦਰਜੇ ਦੇ ਨੰਬਰ ਲੈ ਕੇ ਪਾਇਲ ਪਾਸ ਹੋਈ ਅਤੇ ਗਿਆਰਵੀਂ ਵਿੱਚ ਉਹ "ਜਿੰਦਲ ਕਾਲਜ" ਦਾਖ਼ਲ ਹੋ ਗਈ। ਇੱਥੇ ਵੀ ਉਸ ਨੇ ਕਾਲਜ ਦੇ ਸਮਾਗਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਸਾਰਾ ਇਲਾਕਾ ਉਸ ਦੀ ਮਧੁਰ ਅਵਾਜ਼ ਅਤੇ ਗਾਉਣ ਦੇ ਅੰਦਾਜ਼ ਦਾ ਕਾਇਲ ਹੋ ਗਿਆ। ਕਾਲਜ ਦੀਆਂ ਕੁੜੀਆਂ ਅਤੇ ਮੁੰਡੇ ਉਸ ਦੀ ਦੋਸਤੀ ਨੂੰ ਤਾਂਘਣ ਲੱਗੇ। ਕਾਲਜ ਦੇ ਤਮਾਮ ਸਟਾਫ਼ ਦੀ ਪਾਇਲ ਚਹੇਤੀ ਬਣ ਗਈ। ਆਪਣੇ ਇਸ ਅਣਮੁੱਲੇ ਗੁਣ ਕਾਰਨ ਉਹ ਨਲਾਇਕ ਕੁੜੀਆਂ ਦੀ ਈਰਖਾ ਦਾ ਸਬੱਬ ਵੀ ਬਣੀ। ਕੁਦਰਤ ਦਾ ਨਿਯਮ ਹੈ ਕਿ ਈਰਖਾ ਵੀ ਤੁਹਾਡੇ ਨਾਲ਼ ਓਹੀ ਕਰੂਗਾ, ਜੋ ਖ਼ੁਦ ਉਸ ਮੁਕਾਮ 'ਤੇ ਨਾ ਪਹੁੰਚ ਸਕੇ। ਆਪਣੇ ਤੋਂ ਉਚਾ ਉਡਣ ਵਾਲ਼ੇ ਨੂੰ ਰੀਂਘਣ ਵਾਲ਼ੇ ਲੋਕ ਸਭ ਤੋਂ ਵੱਧ ਘ੍ਰਿਣਾਂ ਕਰਦੇ ਨੇ। ਬਰਾਬਰ ਦੀ ਉਡਾਰੀ ਭਰਨ ਵਾਲ਼ੇ ਤਾਂ ਉਡਾਨ ਦਾ ਆਨੰਦ ਲੈਂਦੇ ਨੇ।

ਪਾਇਲ ਆਪਣੇ ਆਪ ਵਿੱਚ ਮਸਤ ਸੀ। ਉਸ ਦਾ ਹੁਨਰ ਹੀ ਉਸ ਦੀ ਅਸਮਾਨੀਂ ਪ੍ਰਵਾਜ਼ ਸੀ। ਹੁਣ ਉਹ ਆਪਣੀਆਂ ਸਹੇਲੀਆਂ ਨਾਲ਼ ਸਿਨੇਮਾ ਘਰ ਵਿੱਚ ਜਾ ਕੇ ਫ਼ਿਲਮਾਂ ਦੇਖਣ ਦੀ ਸ਼ੌਕੀਨ ਵੀ ਬਣ ਗਈ।

ਚਲਦਾ...

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

# ਗੁਰਬਾਣੀ ਦੇ ਟੀਕਾਕਾਰ ਪ੍ਰੋ: ਸਾਹਿਬ ਸਿੰਘ ਨੂੰ ਯਾਦ ਕਰਦਿਆਂ

**29 ਅਕਤੂਬਰ ਲਈ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਆਪਣੀ ਧੁੰਨ ਦੇ ਪੱਕੇ ਨਿਸ਼ਠਾਵਾਨ ਅਤੇ ਆਪਣੇ ਕਾਰਜ ਨੂੰ ਸਮਰਪਿਤ ਵਿਦਵਾਨਾਂ ਦੀ ਗਿਣਤੀ ਬਹੁਤ ਥੋੜ੍ਹੀ ਹੈ। ਪ੍ਰੋ: ਸਾਹਿਬ ਸਿੰਘ ਅਜਿਹੀ ਸ਼ਖ਼ਸੀਅਤ ਦੇ ਮਾਲਕ ਸਨ, ਜਿਨ੍ਹਾਂ ਪਾਵਨ ਗੁਰਬਾਣੀ ਦੀ ਅਰਥਾਂ ਸਹਿਤ ਵਿਆਖਿਆ, ਟੀਕਾਕਾਰੀ ਅਤੇ ਗੁਰਬਾਣੀ ਵਿਆਕਰਣ 'ਤੇ ਨਿੱਠ ਕੇ ਸਖ਼ਤ ਘਾਲਣਾ ਘਾਲੀ। ਅੱਜ ਵੀ ਪ੍ਰੋ: ਸਾਹਿਬ ਸਿੰਘ ਹੋਰਾਂ ਨੂੰ ਉਨ੍ਹਾਂ ਨੂੰ ਪਿਆਰ ਕਰਨ ਵਾਲੇ ਬੜੀ ਸ਼ਰਧਾ ਤੇ ਸਤਿਕਾਰ ਨਾਲ ਯਾਦ ਕਰਦੇ ਹਨ। ਪ੍ਰੋ: ਸਾਹਿਬ ਸਿੰਘ ਦਾ ਜਨਮ ਫੱਤੇਵਾਲੀ ਜ਼ਿਲ੍ਹਾ ਸਿਆਲਕੋਟ (ਲਹਿੰਦੇ ਪੰਜਾਬ) ਵਿੱਚ ਪਿਤਾ ਭਾਈ ਹੀਰਾ ਚੰਦ ਅਤੇ ਮਾਤਾ ਨਿਹਾਲ ਦੇਵੀ ਦੇ ਘਰ 16 ਫ਼ਰਵਰੀ, 1892 ਈ: ਨੂੰ ਹੋਇਆ। ਭਾਈ ਹੀਰਾ ਚੰਦ ਨੂੰ ਰੋਜ਼ੀ-ਰੋਟੀ ਖ਼ਾਤਰ ਆਪਣਾ ਪਿੰਡ ਛੱਡ ਕੇ ਬਰਪਾਲ ਪਿੰਡ ਵਿੱਚ ਨਿਵਾਸ ਕਰਨਾ ਪਿਆ। ਇਸੇ ਪਿੰਡ ਦੇ ਨੇੜੇ ਕਸਬਾ ਫਤਹਿਗੜ੍ਹ ਤੋਂ ਪ੍ਰੋ: ਸਾਹਿਬ ਸਿੰਘ ਨੇ ਅਠਵੀਂ ਦਾ ਇਮਤਿਹਾਨ ਪਾਸ ਕੀਤਾ। ਦੱਸਵੀਂ ਪਾਸ ਕਰਨ ਲਈ ਪਸਰੂਰ ਦੇ ਹਾਈ ਸਕੂਲ ਵਿੱਚ ਦਾਖਲਾ ਪ੍ਰਾਪਤ ਕੀਤਾ। ਪ੍ਰੋ: ਸਾਹਿਬ ਸਿੰਘ ਦਾ ਨਾਂਅ ਅੰਮ੍ਰਿਤਪਾਨ ਕਰਨ ਤੋਂ ਪਹਿਲਾਂ ਨੱਥੂ ਰਾਮ ਸੀ। ਖੰਡੇ-ਬਾਟੇ ਦੀ ਪਾਹੁਲ ਪ੍ਰਾਪਤ ਕਰਨ ਤੋਂ ਬਾਅਦ ਹੀਰਾ ਚੰਦ ਦਾ ਇਹ ਸਪੁੱਤਰ ਹੁਣ ਸਾਹਿਬ ਸਿੰਘ ਬਣ ਗਿਆ। ਪ੍ਰੋ: ਸਾਹਿਬ ਸਿੰਘ ਨੇ ਨੌਵੀਂ ਸ਼੍ਰੇਣੀ ਤੋਂ ਸੰਸਕ੍ਰਿਤ ਪੜ੍ਹਨੀ ਸ਼ੁਰੂ ਕੀਤੀ। ਦੱਸਵੀਂ ਤੋਂ ਪਿੱਛੋਂ ਇਹ ਨੌਜਵਾਨ ਅਗਾਂਹ ਨਹੀਂ ਪੜ੍ਹ ਸਕਿਆ ਕਿਉਂਕਿ ਪਿਤਾ ਜੀ ਦਾ ਸਾਇਆ 15 ਸਾਲ ਦੀ ਉਮਰ ਵਿੱਚ ਸਿਰ ਤੋਂ ਉੱਠ ਗਿਆ। ਪਿਤਾ ਜੀ ਦੇ ਅਕਾਲ ਚਲਾਣੇ ਤੋਂ ਪਿੱਛੋਂ ਘਰ ਵਿੱਚ ਆਰਥਿਕ ਤੰਗੀ ਵੱਧ ਗਈ। ਇਸ ਕਰਕੇ ਕੁਝ ਸਮੇਂ ਲਈ ਡਾਕਖਾਨੇ ਅਤੇ ਸਕੂਲ ਵਿੱਚ ਨੌਕਰੀ ਕਰਨੀ ਪਈ। ਪਰ ਪੜ੍ਹਾਈ ਵਿੱਚ ਪ੍ਰਬਲ ਰੁਚੀ ਹੋਣ ਕਰਕੇ ਨੌਕਰੀ ਛੱਡ ਕੇ ਫਿਰ ਪੜ੍ਹਨਾ ਸ਼ੁਰੂ ਕਰ ਦਿੱਤਾ। 1913 ਵਿੱਚ ਦਿਆਲ ਸਿੰਘ ਕਾਲਜ ਲਾਹੌਰ ਤੋਂ ਐਫ਼.ਏ. ਅਤੇ 1915 ਵਿੱਚ ਗੌਰਮਿੰਟ ਕਾਲਜ ਲਾਹੌਰ ਤੋਂ ਬੈਚੂਲਰ ਦੀ ਡਿਗਰੀ ਪ੍ਰਾਪਤ ਕੀਤੀ।

ਆਪ ਦੀ ਪਹਿਲੀ ਨਿਯੁਕਤੀ ਖਾਲਸਾ ਹਾਈ ਸਕੂਲ ਫਾਰੂਕਾ ਵਿਖੇ ਬਤੌਰ ਅਧਿਆਪਕ ਵਜੋਂ ਹੋਈ। ਇਸ ਤੋਂ ਪਿੱਛੋਂ 1917 ਈ: ਵਿੱਚ ਗੁਰੂ ਨਾਨਕ ਕਾਲਜ ਗੁਜਰਾਂਵਾਲਾ ਵਿਖੇ ਲੈਕਚਰਾਰ ਨਿਯੁਕਤ ਹੋਏ। 1921 ਈ: ਵਿੱਚ ਨਵੀਂ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਖੇ ਸੁਪਰਡੈਂਟ ਅਤੇ ਮੀਤ ਸਕੱਤਰ ਵਜੋਂ ਵੀ ਸੇਵਾਵਾਂ ਨਿਭਾਈਆਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਖੇ ਕੁਝ ਸਾਲ ਸੇਵਾ ਨਿਭਾਉਣ ਤੋਂ ਬਾਅਦ 1929 ਈ: ਵਿੱਚ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਧਰਮ ਅਧਿਐਨ ਦੇ ਲੈਕਚਰਾਰ ਨਿਯੁਕਤ ਹੋਏ। ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਲਗਾਤਾਰ 23-24 ਸਾਲ ਹਜ਼ਾਰਾਂ ਵਿਦਿਆਰਥੀਆਂ ਨੂੰ ਸਿੱਖ ਧਰਮ ਦਾ ਡੂੰਘਾ ਅਧਿਐਨ ਕਰਵਾਇਆ। ਜਦੋਂ 1952 ਵਿੱਚ ਦੇਸ਼ ਦੀ ਅਜ਼ਾਦੀ ਪਿੱਛੋਂ ਖਾਲਸਾ ਕਾਲਜ ਤੋਂ ਸੇਵਾ ਮੁਕਤ ਹੋਏ ਤਾਂ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਖੇ ਪ੍ਰਿੰਸੀਪਲ ਨਿਯੁਕਤ ਹੋਏ। ਗੁਰਦੁਆਰਾ ਸੁਧਾਰ ਲਹਿਰ ਦੌਰਾਨ ਗੁਰੂ ਕੇ ਬਾਗ ਅਤੇ ਜੈਤੋ ਦੇ ਮੋਰਚੇ ਦੌਰਾਨ ਗ੍ਰਿਫਤਾਰ ਹੋ ਕੇ ਜੇਲ੍ਹ ਯਾਤਰਾ ਵੀ ਕੀਤੀ।



ਪ੍ਰੋ: ਸਾਹਿਬ ਸਿੰਘ

ਪ੍ਰੋ: ਸਾਹਿਬ ਸਿੰਘ ਹੋਰਾਂ ਉੱਘੇ ਸਿੱਖ ਚਿੰਤਕ ਤੇ ਪੰਜਾਬੀ ਦੇ ਉੱਘੇ ਵਾਰਤਾਕਾਰ ਪ੍ਰਿੰਸੀਪਲ ਜੋਧ ਸਿੰਘ ਦੇ ਪ੍ਰਭਾਵ ਨੂੰ ਕਬੂਲਦਿਆਂ ਗੁਰਬਾਣੀ ਦੀ ਵਿਆਖਿਆ ਕਰਨੀ ਸ਼ੁਰੂ ਕੀਤੀ। ਵਿਆਖਿਆ ਵਿੱਚ ਰੁਚੀ ਹੋਣ ਕਰਕੇ 1929 ਵਿੱਚ ਗੁਰਬਾਣੀ ਵਿਆਕਰਣ ਪੁਸਤਕ ਦੀ ਪ੍ਰਕਾਸ਼ਨਾ ਕਰਵਾਈ। ਇਸ ਪੁਸਤਕ ਨੂੰ ਸਿੱਖ ਵਿਦਵਾਨਾਂ, ਗੁਰਬਾਣੀ ਦੇ ਖੋਜੀਆਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ। ਵਿਆਕਰਣ ਦੀ ਰੋਸ਼ਨੀ ਵਿੱਚ ਵੱਖ-ਵੱਖ ਬਾਣੀਆਂ ਦੇ ਟੀਕੇ ਵੀ ਲਿਖੇ। ਇਸ ਤੋਂ ਪਿੱਛੋਂ ਇਨ੍ਹਾਂ ਸਾਰੇ ਟੀਕਿਆਂ ਨੂੰ ਲੈ ਕੇ ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਸ੍ਰੀ ਗੁਰੂ ਸਾਹਿਬ ਦਰਪਨ ਦੱਸ ਭਾਗਾਂ ਵਿੱਚ ਲਿਖ ਕੇ 1962 ਤੋਂ 1964 ਈ: ਤੱਕ ਇਸ ਦੇ ਪ੍ਰਕਾਸ਼ਨ ਦਾ ਮਹਾਨ ਕਾਰਜ ਕੀਤਾ। ਪ੍ਰੋ: ਸਾਹਿਬ ਨੇ ਦੂਸਰਾ ਵੱਡਾ ਕਾਰਜ 14 ਪੁਸਤਕਾਂ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਗੁਰਬਾਣੀ ਸਬੰਧੀ ਖੋਜ ਭਰਪੂਰ ਲੇਖ ਸੰਗ੍ਰਿਹ ਵਜੋਂ ਛਾਪ ਕੇ ਪਾਠਕਾਂ ਦੀ ਝੋਲੀ ਪਾਈਆਂ।

ਸਾਂਝੇ ਪੰਜਾਬ ਵਿੱਚ ਪੈਪਸੂ ਦੀ ਸਰਕਾਰ ਵੱਲੋਂ 1952 ਈ: ਵਿੱਚ ਇਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। 1970 ਈ: ਵਿੱਚ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਪ੍ਰੋ: ਸਾਹਿਬ ਨੂੰ ਫੈਲੋਸ਼ਿਪ ਦੇ ਕੇ ਮਾਣ ਦਿੱਤਾ ਗਿਆ। ਉਨ੍ਹਾਂ ਦੀਆਂ ਕਈ ਪੁਸਤਕਾਂ ਨੂੰ ਵੀ ਸਨਮਾਨ ਪ੍ਰਾਪਤ ਹੋਏ। ਗੁਰਬਾਣੀ ਦੀ ਵਿਆਖਿਆਕਾਰੀ ਅਤੇ ਟੀਕਾਕਾਰੀ ਵਿੱਚ ਆਪਣੀ ਨਿਵੇਕਲੀ ਤੇ ਵੱਖਰੀ ਪਛਾਣ ਰੱਖਣ ਵਾਲਾ ਗੁਰਮਤਿ ਖੋਜੀ ਸਾਹਿਤਕਾਰ 29 ਅਕਤੂਬਰ 1977 ਨੂੰ ਇਸ ਸੰਸਾਰ ਨੂੰ ਹਮੇਸ਼ਾਂ ਲਈ ਅਲਵਿਦਾ ਆਖ ਗਿਆ।

* * * * * *

## ਬ੍ਰਿਟਿਸ਼ ਕੋਲੰਬੀਆ ਸੂਬਾਈ ਚੋਣਾਂ: ਕਿਸੇ ਵੀ ਪਾਰਟੀ ਨੂੰ ਸਪੱਸ਼ਟ ਬਹੁਮਤ ਨਹੀਂ ਮਿਲਿਆ

## ਐਨ. ਡੀ. ਪੀ. ਨੂੰ 46 ਸੀਟਾਂ, ਕੰਜ਼ਰਵੇਟਿਵ ਨੂੰ 45 ਅਤੇ ਗਰੀਨ ਪਾਰਟੀ ਨੂੰ 2 ਸੀਟਾਂ 'ਤੇ ਮਿਲੀ ਸਫਲਤਾ

ਵੈਨਕੂਵਰ-(ਮਲਕੀਤ ਸਿੰਘ)-ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੀਆਂ ਹੋਈਆਂ ਸੂਬਾਈ ਚੋਣਾਂ 'ਚ ਚੋਣ ਅਖਾੜੇ 'ਚ ਨਿੱਤਰੀਆਂ ਦੋਵੇਂ ਪ੍ਰਮੁੱਖ ਸਿਆਸੀ ਪਾਰਟੀਆਂ ਐਨ. ਡੀ. ਪੀ. ਅਤੇ ਕੰਜ਼ਰਵੇਟਿਵ ਨੂੰ ਸਪੱਸ਼ਟ ਬਹੁਮਤ ਨਹੀਂ ਮਿਲਿਆ। ਦੇਰ ਰਾਤ ਤੀਕ ਪ੍ਰਾਪਤ ਨਤੀਜਿਆਂ ਅਨੁਸਾਰ ਉਕਤ ਦੋਵੇਂ ਹੀ ਪਾਰਟੀਆਂ ਲਗਭਗ 'ਬਰਾਬਰ-ਬਰਾਬਰ' ਹੋਈਆਂ ਅਨੁਮਾਨੀਆਂ ਗਈਆਂ।ਇਨ੍ਹਾਂ ਚੋਣਾਂ 'ਚ ਸੱਤਾਧਾਰੀ ਐਨ. ਡੀ. ਪੀ. 46 ਸੀਟਾਂ ਅਤੇ ਉਸ ਦੀ ਪ੍ਰਮੁੱਖ ਵਿਰੋਧੀ ਕੰਜ਼ਰਵੇਟਿਵ ਨੂੰ 45 ਸੀਟਾਂ 'ਤੇ ਜਿੱਤ ਨਸੀਬ ਹੋਈ, ਜਦੋਂ ਕਿ ਇਕ ਹੋਰ ਗਰੀਨ ਪਾਰਟੀ ਸਿਰਫ 2 ਸੀਟਾਂ 'ਤੇ ਸਿਮਟ ਕੇ ਰਹਿ ਗਈ। ਇਨ੍ਹਾਂ ਚੋਣਾਂ 'ਚ ਐਨ. ਡੀ. ਪੀ. ਵੱਲੋਂ ਚੋਣ ਪਿੜ 'ਚ ਨਿੱਤਰੇ ਪੰਜਾਬੀ ਮੂਲ ਦੇ ਉਮੀਦਵਾਰ ਰਾਜ ਚੌਹਾਨ, ਰਵੀ ਕਾਹਲੋਂ, ਜਗਰੂਪ ਬਰਾੜ, ਨਿੱਕੀ ਸ਼ਰਮਾ, ਜੈਸੀ ਸੁੰਨੜ, ਹਰਵਿੰਦਰ ਸੰਧੂ, ਰਵੀ ਪਮਾਰ, ਸੁਨੀਤਾ ਧੀਰ ਅਤੇ ਰੀਆ ਅਰੋੜਾ ਜੇਤੂ ਰਹੇ।ਇਸੇ ਤਰ੍ਹਾਂ ਕੰਜ਼ਰਵੇਟਿਵ ਪਾਰਟੀ ਵੱਲੋਂ ਚੋਣ ਪਿੜ 'ਚ ਨਿੱਤਰੇ ਪੰਜਾਬੀ ਮੂਲ ਦੇ ਮਨਦੀਪ ਧਾਲੀਵਾਲ, ਹਰਮਨ ਭੰਗੂ ਹੋਣਹੀਰ ਰੰਧਾਵਾ ਅਤੇ ਜੋਤੀ ਤੂਰ ਜਿੱਤਣ 'ਚ ਕਾਮਯਾਬ ਰਹੇ। ਬੀ. ਸੀ. ਇਲੈਕਸ਼ਨ ਵੱਲੋਂ ਫਾਈਨਲ ਚੋਣ ਨਤੀਜੇ 26 ਅਕਤੂਬਰ ਨੂੰ ਘੋਸ਼ਿਤ ਕੀਤੇ ਜਾਣਗੇ।

### ਜਗਰੂਪ ਬਰਾੜ ਨੇ 6ਵੀਂ ਵਾਰੀ ਪ੍ਰਾਪਤ ਕੀਤੀ ਜਿੱਤ

ਸਰੀ ਫਲੀਟਵੁੱਡ ਹਲਕੇ ਤੋਂ ਐਨ. ਡੀ. ਪੀ. ਦੇ ਉਮੀਦਵਾਰ ਵਜੋਂ ਚੋਣ ਪਿੜ 'ਚ ਨਿੱਤਰੇ ਪੰਜਾਬੀ ਮੂਲ ਦੇ ਜਗਰੂਪ ਬਰਾੜ ਨੇ ਆਪਣੀਆਂ ਸਿਆਸੀ ਸਫਰ ਦੀਆਂ ਅਗਲੇਰੀਆਂ ਪੌੜੀਆਂ ਚੜ੍ਹਦਿਆਂ 6ਵੀਂ ਵਾਰ ਜਿੱਤ ਦਰਜ ਕਰਵਾਈ, ਉਹ ਸੂਬਾਈ ਸਰਕਾਰ 'ਚ ਮੰਤਰੀ ਵਜੋਂ ਵੀ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ।ਪੰਜਾਬ ਦੇ ਬਠਿੰਡਾ ਜ਼ਿਲ੍ਹੇ ਨਾਲ ਸਬੰਧਿਤ ਸ: ਬਰਾੜ ਵੱਲੋਂ ਆਪਣੀ ਜਿੱਤ ਮਗਰੋਂ ਵੋਟਰਾਂ ਅਤੇ ਸਪੋਟਰਾਂ ਦਾ ਧੰਨਵਾਦ ਕੀਤਾ ਜਾ ਰਿਹਾ ਹੈ।


## ਗੁਰੂ ਨਾਨਕ ਗੁਰਦੁਆਰਾ ਸਾਹਿਬ ਇਰਵਿਨ (ਸਕੌਟਲੈਂਡ) ਵਿਖੇ ਮੁੱਖ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ

ਮੁੱਖ ਕੰਮ :- ਸਵੇਰੇ ਸ਼ਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ, ਨਿੱਤਨੇਮ ਅਤੇ ਸੁਖਮਨੀ ਸਾਹਿਬ ਦਾ ਪਾਠ ਕਰਨਾ, ਕੀਰਤਨ ਕਰਨਾ, ਤਬਲਾ ਵਜਾਉਣਾ ਜਾਣਦੇ ਹੋਣ, ਇਥੋਂ ਦੇ ਜੰਮਪਲ ਬੱਚਿਆਂ ਤੇ ਨੌਜਵਾਨਾਂ ਨਾਲ ਵਧੀਆ ਢੰਗ ਨਾਲ ਗੱਲਬਾਤ ਕਰਨ ਦੀ ਮੁਹਾਰਤ ਹੋਵੇ, ਉਹਨਾਂ ਨੂੰ ਸਿੱਖ ਧਰਮ ਬਾਰੇ ਅੰਗਰੇਜ਼ੀ ਤੇ ਪੰਜਾਬੀ ਵਿਚ ਜਾਣਕਾਰੀ ਦੇ ਸਕਦੇ ਹੋਣ। ਗ੍ਰੰਥੀ ਸਿੰਘ ਅੰਮ੍ਰਿਤਧਾਰੀ ਹੋਣੇ ਜ਼ਰੂਰੀ ਹਨ।
ਸਥਾਨ :- ਇਰਵਿਨ ਵਿਖੇ।
ਸਮਾਂ ਤੇ ਕੰਮ:- 12 ਮਹੀਨੇ ਲਈ ਕੰਮ, ਕੰਮ ਦੇ ਅਨੁਸਾਰ ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਚੰਗੀ ਤਨਖਾਹ, ਰਿਹਾਇਸ਼ ਤੇ ਖਾਣਪੀਣ ਦਾ ਪ੍ਰਬੰਧ ਗੁਰੂ ਘਰ ਵੱਲੋਂ ਹੈ ।
ਸ਼ਰਤਾਂ:- ਕੀਰਤਨ ਕਰਨ ਦੇ ਯੋਗ ਅਤੇ ਧਾਰਮਿਕ ਕਾਰਜਾਂ ਸਬੰਧੀ ਹੋਰ ਡਿਊਟੀਆਂ ਵੀ ਕਰ ਸਕਦੇ ਹੋਣ। ਪੰਜਾਬੀ ਜ਼ਰੂਰ ਪੜ੍ਹ ਅਤੇ ਬੋਲ ਸਕਦਾ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਗੁਰਬਾਣੀ ਪੜ੍ਹਨ ਤੇ ਸਿਖਾਉਣ ਦਾ ਸੋਹਣਾ ਤਜ਼ਰਬਾ ਹੋਣਾ ਜ਼ਰੂਰੀ ਹੈ। ਜੇ ਕੋਈ ਸਿੰਘ ਪਹਿਲਾਂ ਹੀ ਯੂ ਕੇ ਵਿਚ ਆਇਆ ਹੋਵੇ ਉਸ ਬਾਰੇ ਵੀ ਸੋਚਿਆ ਜਾ ਸਕਦਾ ਹੈ। ਯੂ ਕੇ ਵਿੱਚ ਕਾਨੂੰਨੀ ਤੌਰ ਤੇ ਕੰਮ ਕਰਨ ਦੀ ਆਗਿਆ ਹੋਣੀ ਜ਼ਰੂਰੀ ਹੈ।
ਬਿਨੈਕਾਰ ਹੇਠਾਂ ਦਿੱਤੇ ਪਤੇ 'ਤੇ ਅਰਜ਼ੀਆਂ 22 ਨਵੰਬਰ 2024 ਤੱਕ ਭੇਜਣ ਜਾਂ ਹੋਰ ਜਾਣਕਾਰੀ ਲੈਣ ਲਈ ਹੇਠਾਂ ਦਿੱਤੇ ਸੇਵਾਦਾਰਾਂ ਨਾਲ ਸੰਪਰਕ ਕਰ ਸਕਦੇ ਹਨ:

**1 VACANCY OF MINISTER OF RELIGION (TIER-2 GRANTHI) AT GURU NANAK GURDWARA IRVINE, AYRSHIRE**

**Main Duties:** Sri Guru Granth Sahib's Parkash at morning, Nitnem, Sukhmani Sahib Paath, Performing Kirtan (Hymn Singing), in Morning and Evening, also can teach Gurbani, Kirtan in Punjabi langauage to children and youth.
**Location:** Irvine.
**Duration & Remuneration:** 12 Month. Attractive Salary and short hours and Salary will be according to UK employment Law. Job related accomodation and lodging shall be provided.
**Requirements:** Should be able to perform Kirtan and carry out other religious activities as listed in main duties. Must read and speak Punjabi. Must have sufficient experience and knowledge for reading Sri Guru Granth Sahib. Applicant should be baptised in Sikh religion, Clean character certificate required from previous employer.
**Must have Right to work in U.K.**

*For more information please contact:* Ravinder Singh on 07462 303 430
Please send applications before **22nd November 2024** to Address below

**GURU NANAK GURDWARA SAHIB IRVINE,**
*40-42 BANK STREET, IRVINE, AYRSHIRE, SCOTLAND KA12 0LP*

TAIL PIECE
Dalip Singh Wasan,
Advocatge
Email : dalipsinghwassan@yahoo.co.in

# Our Basic Structure Needs Revolutionary Changes-Narendar Modi, Prime minister of India

Our Prime Minister of India has come forward and pointed out that there is need of uplifting the basic structure of our country so that proper growth and reaching this tgrowth to all with maintaining unity and integrity of this countery. Very good idea and that too from the head of this country who has the courage and strength to come up with results.

When we are one nation, we must have one citizenship, one vote, one type of life showing unity and integrity, one income structure, one type of living houses, one type of uniform, one pay commission applicable to all even in private sector, one type of rules, regulations, one set of laws, one education, one training, one Parliament, no legislative assembly, health, education, training, employment and proper income to all and all the natural resources should be available to all the areas equally without any distinction and even old age benefits too must reach all and spirit of equality be maintained.

To divide and rule had been the rule of administration in this country and that spirit must go and we must maintain unity and integrity in this county. We had been suffering because of our divisions till date and even our social structure too had been damaged. Even religions which were just our private beliefs started interfering in social life and spirit of unity had always been in danger and worst of its result we suffered in Portion of India in 1947.

And now when we are independent and government of the people has come in India and idea of unity and one nation has come in mind of our Prime Minister, we can attain all these points of unity and we can attain all and shall become one nation and we shall enter in list of



developed countries with proud of such attainments. Let us pray that the present Parliament may concentrate on these points and achieve all in this tenure. And when they talk of improvements in basic structure, we must improve upon this election system and people be alllowed to elect their own representatives and not the suyporters of rulers and the opposition who just use them for their own purposes andthey do ot come with problems of the people of the areas from where they had been sent here in Parliament. Special offices must be established where these representatives should sit and meet the people and jointly mlA and tye MP should decide where this problem be taken up. A functional democracy could be established.

## Government of the people has not been established in India-A comment came

When BJP won Assembly Elections in the Statre of Haryana, a comment came that only Tantar has been established in Haryana and it is not Parja Tantar. It wasw clear that the commenter was telling us that in India government of the people, the first step of democracy could not be achieved in spite of repeated elections here.

Actuall the definition of democracy government of the people, by he people and for the people is still a far cry. Here contesting groups select and nominate candidates and people are asked uust to vote in them and let they they shall be called supoorters and with their number government shall be formed of the contesting group.

Actually government of the people is not formed, but government of the contesting group with majority is formed. This government cannot be called govwernment of the people because only the PM designate forms the government. The other two steps government of the people and far the people are just vote catching processes.

We have seen that gthe people sitting here cannot work as per their own conscience, will, desire, wisdom and discretion and work as per directions under whom they are sitting here. Even they are compelled to vote as per direct or indirect whips and violation of whips means ousted from the group and could be dismissed.

And the nominated members, when they shall become representatives of the people, no step could be taken update. The British had handed over the rule in hands of politicians and one of the groups shall continue to rule and turn of people cannot come now because government of the politicians has become a tradition. We can call this demdocrcy as government of the politiians, by the politicians elected by the people and for the.....

## There shall be no contract system in government service in Punjab-Bhagwant Maan CM

Sardar Bhagwant Maan, the Chief Minister of Punjab has xcome forward with another very important declaration that there shall be no contract system in government service in the State Punjab. While taking over charge of the State he had declared that provisions of our Constitution, specxially of equal work equal wages shall apply here and all posted shall get the same wages provided for the post and Punjab shall become a model employer in teh country and this last iem in distinction too shall be rooted out. Very good pronouncement.

It is an admitted fact that all jobs are created and established as per need and number of jobs too are not established just for giving employment but to fill up the jobs as per an esatqblished system. To provide proper service to the people, all jobs must be filled up and no job should remain vacant. Service to the people is the first duty of the state and therefore, we had established Employment Exchanges to provide candidates immediately and waiting for bulk recruitment could be avoided. The Chief Minister shall take this step.

All those who got regularization under new schemes may get pay and allowances equal with others in the same scale may get all benefits from the date of recruitment and even arrears too be paid to them and whole serice may count for increments and pension benefits and even towards seniority and uther promotions.

There had been reports that even youths who had gone abroad for getting better jobs have started coming back to Punjab because of model employment system in the state itself. All the states and even central government may adopt the system of eemjkloyment adopted in the state of Punjab.

# ਗੁਰੂ ਰਾਮਦਾਸ ਜੀ ਦੁਆਰਾ ਸਿੱਖੀ ਦੇ ਪ੍ਰਚਾਰ ਅਤੇ ਪਸਾਰ ਹਿੱਤ ਆਰੰਭ ਕੀਤੀ ਮਸੰਦ ਪ੍ਰਥਾ ਵਿਚ ਉਭਾਰ ਅਤੇ ਨਿਘਾਰ

## ਪ੍ਰਕਾਸ ਦਿਵਸ 'ਤੇ ਵਿਸ਼ੇਸ਼

**ਰਮੇਸ਼ ਬੱਗਾ ਚੋਹਲਾ**

9463132719



ਕੋਈ ਵੀ ਵਿਚਾਰਧਾਰਾ ਭਾਵੇਂ ਉਹ ਕਿੰਨੀ ਵੀ ਕੀਮਤੀ ਅਤੇ ਕਲਿਆਣਕਾਰੀ ਕਿਉਂ ਨਾ ਹੋਵੇ ਜਦੋ ਤੱਕ ਉਸ ਦਾ ਪ੍ਰਚਾਰ ਅਤੇ ਪਸਾਰ ਨਾ ਹੋਵੇ ਉਹ ਲੰਮੇ ਸਮੇਂ ਤੱਕ ਜਿਉਂਦੀ (ਪ੍ਰਭਾਵਸ਼ਾਲੀ) ਨਹੀਂ ਰਹਿ ਸਕਦੀ। ਉਸ ਨੂੰ ਚਿਰ-ਸਥਾਈ ਰੱਖਣ ਹਿੱਤ ਉਸ ਦਾ ਪ੍ਰਚਾਰ ਅਤਿ ਜ਼ਰੂਰੀ ਹੈ। ਇਸ ਜ਼ਰੂਰਤ ਨੂੰ ਮਹਿਸੂਸ ਕਰਕੇ ਹੀ ਜਗਤ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਾਥੀ ਭਾਈ ਮਰਦਾਨੇ ਨੂੰ ਨਾਲ ਲੈ ਕੇ ਦੇਸ਼-ਵਿਦੇਸ਼ ਵਿਚ ਸਰਬਤ ਦੇ ਭਲੇ ਵਾਲੀ ਸੋਚ (ਸਿੱਖੀ) ਦਾ ਪ੍ਰਚਾਰ ਅਤੇ ਪਸਾਰ ਕੀਤਾ। ਉਨ੍ਹਾਂ ਦੀ ਸੋਚ/ਵਿਚਾਰਧਾਰਾ ਕਹਿੰਦੀ ਹੈ:-

*ਜਬ ਲਗੁ ਦੁਨੀਆ ਰਹੀਐ*
*ਨਾਨਕ ਕਿਛੁ ਸੁਣੀਐ ਕਿਛੁ ਕਹੀਐ*

ਬਾਕੀ ਗੁਰੂ ਸਾਹਿਬਾਨ ਨੇ ਵੀ ਆਪੋ ਆਪਣੇ ਸਮੇਂ ਅਤੇ ਸਮਰੱਥਾ ਅਨੁਸਾਰ ਇਸ ਸੋਚ ਦੇ ਫੈਲਾਅ ਨੂੰ ਜਾਰੀ ਰੱਖਿਆ। ਉਨ੍ਹਾਂ ਨੇ ਨਵੇਂ ਨਗਰ ਵਸਾ ਕੇ ਜਿਥੇ ਸਿੱਖ ਧਰਮ ਦਾ ਭਰਪੂਰ ਪ੍ਰਚਾਰ ਕੀਤਾ। ਉੱਥੇ ਇਸ ਪ੍ਰਚਾਰ ਹਿੱਤ ਕੁੱਝ ਨਿਵੇਕਲੀਆਂ ਪਿਰਤਾਂ ਵੀ ਪਾਈਆਂ। ਇਨ੍ਹਾਂ ਪਿਰਤਾਂ ਵਿਚ ਜਿਥੇ ਗੁਰੂ ਅਮਰਦਾਸ ਜੀ ਨੇ 22 ਮੰਜੀਆਂ ਅਤੇ 52 ਪੀੜ੍ਹੀਆਂ ਦੀ ਸਥਾਪਨਾ ਕੀਤੀ ਉਥੇ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਅਤੇ ਉਭਾਰ (ਸੰਸਥਾਗਤ ਰੂਪ) ਹਿੱਤ ਮਸੰਦ ਪ੍ਰਥਾ ਦੀ ਆਰੰਭਤਾ ਕੀਤੀ।

ਮਸੰਦ ਸ਼ਬਦ ਅਰਬੀ ਭਾਸ਼ਾ ਦੇ ਸ਼ਬਦ 'ਮਨਸਦ' ਤੋਂ ਬਣਿਆ ਹੈ ਜਿਸ ਤੋਂ ਭਾਵ ਹੈ ਮੰਜੀ ਜਾਂ ਗੱਦੀ ਉਪਰ ਬੈਠਣ ਵਾਲਾ। ਇਹ ਮਸੰਦ ਸਿੱਖੀ-ਸਿਧਾਂਤਾਂ ਦੇ ਪ੍ਰਚਾਰਕ ਹੋਣ ਦੇ ਨਾਲ-ਨਾਲ ਕਾਰ-ਭੇਟਾ ਦੇ ਉਗ੍ਰਾਹਕ (ਉਗਰਾਹੀ ਕਰਨ ਵਾਲੇਚ ਵੀ ਸਨ ਜਿਹੜੇ ਗੁਰੂ-ਘਰ ਵਿਚ ਚੱਲਦੀਆਂ ਸੇਵਾਵਾਂ ਲਈ ਸੰਗਤ ਦੀ ਮਾਇਆ ਨੂੰ ਗੁਰੂ ਘਰ ਵਿਚ ਪਹੁੰਚਾਉਦੇ ਸਨ ਅਤੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਸਨ।

ਸਿੱਖ ਧਰਮ ਦੀ ਕਲਿਆਣਕਾਰੀ ਵਿਚਾਰਧਾਰਾ ਦੇ ਪ੍ਰਚਾਰ ਕਾਰਨ ਗੁਰੂ ਨਾਨਕ ਨਾਮ ਲੇਵਾ-ਸੰਗਤ ਦੀ ਗਿਣਤੀ ਦਿਨ-ਬ-ਦਿਨ ਵੱਧ ਰਹੀ ਸੀ। ਇਸ ਵਧੀ ਹੋਈ ਗਿਣਤੀ ਅਨੁਸਾਰ ਸਿੱਖੀ ਦੇ ਪ੍ਰਚਾਰ ਅਤੇ ਉਸਾਰ (ਸੰਸਥਾਈ ਰੂਪ ਵਿਚ) ਲਈ ਮਾਇਆ ਦੀ ਲੋੜ ਸੀ। ਇਸ ਲੋੜ ਦੀ ਪੂਰਤੀ ਹਿੱਤ ਸ੍ਰੀ ਗੁਰੂ ਰਾਮਦਾਸ ਜੀ ਨੇ ਇੱਕ ਅਜਿਹੀ ਪ੍ਰਥਾ ਦਾ ਆਰੰਭ ਕੀਤਾ ਜਿਸ ਨੂੰ ਸਿੱਖ ਇਤਿਹਾਸ ਵਿਚ ਮਸੰਦ ਪ੍ਰਥਾ ਕਿਹਾ ਜਾਂਦਾ ਹੈ। ਗੁਰੂ ਸਾਹਿਬ ਦੇ ਆਸ਼ੇ ਨੂੰ ਪੂਰਾ ਕਰਨ ਹਿੱਤ ਉਸ ਸਮੇਂ ਇਨ੍ਹਾਂ ਮਸੰਦਾਂ ਦੀ ਭੂਮਿਕਾ ਬਹੁਤ ਹੀ ਕਾਰਗਰ ਰਹੀ ਹੈ। ਭਾਵੇਂ ਮਸੰਦ ਪ੍ਰਥਾ ਦੀ ਆਰੰਭਤਾ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਤੋਂ ਹੋਈ ਹੈ ਪਰ ਇਸ ਦਾ ਉਭਾਰ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਸਮੇਂ ਹੋਇਆ ਹੈ। ਗੁਰੂ ਅਰਜਨ ਦੇਵ ਜੀ ਨੇ ਸਿੱਖ-ਸੰਗਤ ਨੂੰ ਆਪਣੀ ਕਿਰਤ-ਕਮਾਈ ਵਿਚ ਦਸਵੰਧ ਕੱਢਣ ਲਈ ਉਤਸ਼ਾਹਤ ਕੀਤਾ ਤਾਂ ਜੋ ਗੁਰੂ-ਘਰ ਦੇ ਕਾਰਜਾਂ ਤੋਂ ਇਲਾਵਾ ਲੋੜਵੰਦ ਦੀ ਲੋੜ ਨੂੰ ਵੀ ਪੂਰਾ ਕੀਤਾ ਜਾ ਸਕੇ। ਦਸਵੰਧ ਦੀ ਇਸ ਮਾਇਆ ਨਾਲ ਇਮਾਰਤਾਂ, ਗ਼ਰੀਬਾਂ ਤੇ ਬੀਮਾਰਾਂ ਲਈ ਦਵਾਖਾਨੇ, ਪਾਣੀ ਲਈ ਖੂਹ, ਸਰੋਵਰ, ਬਾਉਲੀਆਂ ਆਦਿ ਦਾ ਨਿਰਮਾਣ ਅਤੇ ਗੁਰੂ ਕੇ ਲੋਹ-ਲੰਗਰਾਂ ਨੂੰ ਚਲਾਇਆ ਜਾਂਦਾ ਸੀ। ਇਨ੍ਹਾਂ ਸਾਰੇ ਕਾਰਜਾਂ ਲਈ ਗੁਰੂ ਨਾਨਕ ਨਾਮ-ਲੇਵਾ ਸੰਗਤ ਵੱਲੋਂ ਮਾਇਆ ਆਪਣੀ ਇੱਛਾ ਅਤੇ ਸਮਰੱਥਾ ਅਨੁਸਾਰ ਭੇਟ ਕੀਤੀ ਜਾਂਦੀ ਸੀ।



**ਗੁਰੂ ਸਾਹਿਬ ਵੱਲੋਂ ਨਿਯੁਕਤ ਕੀਤੇ ਗਏ ਮਸੰਦ ਗੁਰੂ ਸਾਹਿਬ ਦਾ ਸੰਦੇਸ਼ ਪਹਿਲਾਂ ਇਲਾਕੇ ਦੇ ਮੁੱਖ ਪ੍ਰਚਾਰਕ ਕੋਲ ਪਹੁੰਚਾਉਂਦੇ ਸਨ ਅਤੇ ਪ੍ਰਚਾਰਕ ਅੱਗੋਂ ਇਲਾਕੇ ਦੀ ਸੰਗਤ ਤੱਕ ਪਹੁੰਚਾਉਂਦੇ ਸਨ। ਇਲਾਕੇ ਦੀ ਸੰਗਤ ਆਪਣੇ ਮਸੰਦ ਰਾਹੀਂ ਗੁਰੂ-ਘਰ ਨਾਲ ਜੁੜੀ ਹੁੰਦੀ ਸੀ। ਪੰਚਮ ਪਾਤਸ਼ਾਹ ਦੇ ਸਮੇਂ ਤੱਕ ਇਸ ਸੰਸਥਾਂ ਦੀ ਕਾਰਜ-ਪ੍ਰਣਾਲੀ ਸੰਤੋਖਜਨਕ ਅਤੇ ਲਾਹੇਵੰਦੀ ਰਹੀ। ਮਸੰਦ ਪੂਰੀ ਇਮਾਨਦਾਰੀ ਅਤੇ ਲਗਨ ਨਾਲ ਆਪਣੀ ਜ਼ਿੰਮੇਵਾਰੀ ਨੂੰ ਨਿਭਾਉਂਦੇ ਰਹੇ ਪਰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਮੇ ਇਸ ਸੰਸਥਾਂ ਵਿਚ ਨਿਘਾਰ ਆਉਣ ਸ਼ੁਰੂ ਹੋ ਗਿਆ। ਸੰਗਤ ਦੇ ਸਤਿਕਾਰ ਅਤੇ ਗੁਰੂ ਸਾਹਿਬ ਦੇ ਪਿਆਰ ਦੇ ਪਾਤਰ ਬਣ ਚੁੱਕੇ ਇਹ ਮਸੰਦ ਕਈਆਂ ਕੁਰੀਤੀਆਂ ਦਾ ਸ਼ਿਕਾਰ ਹੋ ਗਏ।**

ਗੁਰੂ ਸਾਹਿਬ ਵੱਲੋਂ ਨਿਯੁਕਤ ਕੀਤੇ ਗਏ ਮਸੰਦ ਗੁਰੂ ਸਾਹਿਬ ਦਾ ਸੰਦੇਸ਼ ਪਹਿਲਾਂ ਇਲਾਕੇ ਦੇ ਮੁੱਖ ਪ੍ਰਚਾਰਕ ਕੋਲ ਪਹੁੰਚਾਉਂਦੇ ਸਨ ਅਤੇ ਪ੍ਰਚਾਰਕ ਅੱਗੋਂ ਇਲਾਕੇ ਦੀ ਸੰਗਤ ਤੱਕ ਪਹੁੰਚਾਉਂਦੇ ਸਨ। ਇਲਾਕੇ ਦੀ ਸੰਗਤ ਆਪਣੇ ਮਸੰਦ ਰਾਹੀਂ ਗੁਰੂ-ਘਰ ਨਾਲ ਜੁੜੀ ਹੁੰਦੀ ਸੀ। ਪੰਚਮ ਪਾਤਸ਼ਾਹ ਦੇ ਸਮੇਂ ਤੱਕ ਇਸ ਸੰਸਥਾਂ ਦੀ ਕਾਰਜ-ਪ੍ਰਣਾਲੀ ਸੰਤੋਖਜਨਕ ਅਤੇ ਲਾਹੇਵੰਦੀ ਰਹੀ। ਮਸੰਦ ਪੂਰੀ ਇਮਾਨਦਾਰੀ ਅਤੇ ਲਗਨ ਨਾਲ ਆਪਣੀ ਜ਼ਿੰਮੇਵਾਰੀ ਨੂੰ ਨਿਭਾਉਂਦੇ ਰਹੇ ਪਰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਮੇ ਇਸ ਸੰਸਥਾਂ ਵਿਚ ਨਿਘਾਰ ਆਉਣ ਸ਼ੁਰੂ ਹੋ ਗਿਆ। ਸੰਗਤ ਦੇ ਸਤਿਕਾਰ ਅਤੇ ਗੁਰੂ ਸਾਹਿਬ ਦੇ ਪਿਆਰ ਦੇ ਪਾਤਰ ਬਣ ਚੁੱਕੇ ਇਹ ਮਸੰਦ ਕਈਆਂ ਕੁਰੀਤੀਆਂ ਦਾ ਸ਼ਿਕਾਰ ਹੋ ਗਏ। ਅਮਾਨਤ ਵਿਚ ਖ਼ਿਆਨਤ ਕਰਦਿਆਂ ਇਨ੍ਹਾਂ ਵਿੱਚੋਂ ਕੁੱਝ ਮਸੰਦਾਂ ਨੇ ਸੰਗਤ ਦੀ ਮਾਇਆ ਅਤੇ ਕਾਰ-ਭੇਟਾ ਨੂੰ ਗੁਰੂ ਦੀ ਗੋਲਕ ਵਿਚ ਪਾਉਣ ਦੀ ਬਜਾਏ ਆਪਣੀ ਜੇਬ ਵਿਚ ਪਾਉਣਾ ਸ਼ੁਰੂ ਕਰ ਦਿੱਤਾ। ਹੰਕਾਰ ਵਿਚ ਆ ਕੇ ਉਹ ਇਹ ਸਮਝਣ ਲੱਗੇ ਕਿ ਗੁਰੂ-ਘਰ ਦਾ ਸਮੁੱਚਾ ਪ੍ਰਬੰਧ ਉਨ੍ਹਾਂ ਦੀ ਬਦੌਲਤ ਹੀ ਚੱਲ ਰਿਹਾ ਹੈ।

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਇੱਕ ਹੁਕਮਨਾਮਾ ਜਾਰੀ ਕੀਤਾ ਜਿਸ ਦੇ ਅਨੁਸਾਰ ਮਸੰਦਾਂ ਨੂੰ ਸ਼ਸਤਰ ਭੇਟ ਲਿਆਉਣ ਲਈ ਕਿਹਾ ਗਿਆ। ਬਹੁਤਿਆਂ ਮਸੰਦਾਂ ਵੱਲੋਂ ਇਸ ਹੁਕਮ ਦੀ ਹਾਮੀ ਨਹੀਂ ਭਰੀ ਗਈ ਸਗੋਂ ਸ੍ਰੀ ਆਨੰਦਪੁਰ ਸਾਹਿਬ ਵੱਲ ਕੁੱਝ ਅਜਿਹੇ ਲੋਕਾਂ ਨੂੰ ਭੇਜਿਆ ਜਿਹੜੇ ਗੁਰੂ ਸਾਹਿਬ ਦੇ ਇਸ ਇਨਕਲਾਬੀ ਖਿਆਲ ਨੂੰ ਮੋੜਾ ਪਾ ਸਕਣ। ਇਨ੍ਹਾਂ ਲੋਕਾਂ ਨੇ ਗੁਰੂ ਸਾਹਿਬ ਨੂੰ ਤਾਂ ਕੁੱਝ ਨਹੀਂ ਕਿਹਾ ਪਰ ਪਰ ਮਾਤਾ ਜੀ ਨਾਲ ਢਹਿੰਦੀ ਕਲਾ ਦੀਆਂ ਬਹੁਤ ਗੱਲਾਂ ਕੀਤੀਆਂ। ਜਦੋਂ ਮਾਤਾ ਜੀ ਨੇ ਇਹ ਗੱਲਾਂ ਗੁਰੂ ਸਾਹਿਬ ਨੂੰ ਦੱਸੀਆਂ ਤਾਂ ਉਨ੍ਹਾਂ ਕਿਹਾ ਕਿ,'ਪੂਜਾ ਦਾ ਧਾਨ ਖਾ ਕੇ ਮਸੰਦਾਂ ਦੀ ਬੁੱਧੀ ਭ੍ਰਿਸ਼ਟ ਹੋ ਚੁੱਕੀ ਹੈ,ਇਹ ਨਿਕੰਮੇ ਅਤੇ ਆਲਸੀ ਹੋ ਗਏ ਹਨ।'

ਉਸ ਵਕਤ ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਦੇ ਜ਼ੁਲਮਾਂ ਨਾਲ ਟੱਕਰ ਲੈਣ ਦੀ ਵਿਉਂਤਬੰਦੀ ਕਰ ਰਹੇ ਸਨ ਪਰ ਇਹ ਲੋਕ/ਮਸੰਦ ਗੁਰੂ ਸਾਹਿਬ ਦੀ ਵਿਉਂਤ ਵਿਚ ਵਿਘਨ ਪਾ ਰਹੇ ਸਨ। ਇਨ੍ਹਾਂ ਦੀਆਂ ਕਾਲੀਆਂ ਕਰਤੂਤਾਂ ਦੀਆਂ ਖ਼ਬਰਾਂ ਰੋਜ਼ਾਨਾ ਹੀ ਗੁਰੂ-ਦਰਬਾਰ ਵਿਚ ਆ ਰਹੀਆਂ ਸਨ। ਕਾਰ-ਭੇਟਾਵਾਂ ਗੁਰੂ-ਘਰ ਤੱਕ ਪਹੁੰਚਾਉਣ ਦੀ ਥਾਂ ਇਨ੍ਹਾਂ ਵਿਗੜੇ ਹੋਏ ਮਸੰਦਾਂ ਨੇ ਗੁਰੂ ਸਾਹਿਬ ਨੂੰ ਕਿਹਾ ਕਿ,'ਤੁਹਾਡੀਆਂ ਨਿੱਤ ਦੀਆਂ ਮੰਗਾਂ ਤੋਂ ਤੰਗ ਆ ਕੇ ਸੰਗਤਾਂ ਹੁਣ ਭੇਟਾਵਾਂ ਨਹੀਂ ਦੇ ਰਹੀਆਂ।'

ਇਸ ਗੱਲ 'ਤੇ ਗੁਰੂ ਸਾਹਿਬ ਬਹੁਤ ਹੈਰਾਨ ਹੋਏ ਅਤੇ ਉਨ੍ਹਾਂ ਵੱਲੋਂ ਕੁੱਝ ਸਿੱਖਾਂ ਨੂੰ ਇਨ੍ਹਾਂ ਦੇ ਟਿਕਾਣਿਆਂ 'ਤੇ ਭੇਜਿਆ ਗਿਆ। ਜਦੋਂ ਸਿੱਖ ਇਨ੍ਹਾਂ ਦੇ ਤੰਬੂਆਂ ਵਿਚ ਗਏ ਤਾਂ ਉਥੋਂ ਕਾਰ-ਭੇਟਾ ਦਾ ਕੀਮਤੀ ਸਮਾਨ ਪ੍ਰਾਪਤ ਹੋਇਆ। ਇਹ ਸਮਾਨ ਜਦੋਂ ਗੁਰੂ ਸਾਹਿਬ ਅਤੇ ਸੰਗਤਾਂ ਦੇ ਸਾਹਮਣੇ ਰੱਖਿਆ ਗਿਆ ਤਾਂ ਮਸੰਦਾਂ ਦੀ ਨੀਚਤਾ ਦਾ ਪਰਦਾ ਫ਼ਾਸ਼ ਹੋ ਗਿਆ। ਹੋਰ ਵੀ ਕਈ ਇਖ਼ਲਾਕੀ ਊਣਤਾਈ ਸਨ ਜਿਹੜੀਆਂ ਇਨ੍ਹਾਂ ਮਸੰਦਾਂ ਵਿਚ ਦੇਖਣ ਨੂੰ ਮਿਲ ਰਹੀਆਂ ਸਨ। ਇਨ੍ਹਾਂ ਊਣਤਾਈਆਂ ਅਤੇ ਬੇਇਮਾਨ ਬਿਰਤੀਆਂ ਕਾਰਨ ਵਿਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਥੇ ਮਸੰਦਾਂ ਨੂੰ ਇਨ੍ਹਾਂ ਦੇ ਕੀਤੇ ਗੁਨਾਹਾਂ ਦੀ ਬਨਦੀ ਸਜ਼ਾ ਦਿੱਤੀ ਉੱਥੇ ਨਾਲ ਹੀ ਇਸ ਪ੍ਰਥਾ ਦਾ ਭੋਗ (ਅੰਤ ਕਰਕੇ) ਵੀ ਪਾ ਦਿੱਤਾ। ਇਨ੍ਹਾਂ ਬਾਬਤ ਗੁਰੂ ਸਾਹਿਬ ਨੇ ਸਿੱਖਾਂ ਨੂੰ ਕਿਹਾ ਕਿ, 'ਜੇਕਰ ਇੱਕ ਪਾਸੇ ਖ਼ੂਨੀ ਹਾਥੀ ਆਉਂਦਾ ਹੋਵੇ ਅਤੇ ਦੂਜੇ ਪਾਸੇ ਮਸੰਦ ਤਾਂ ਮਸੰਦ ਵਾਲੇ ਪਾਸੇ ਕਦੇ ਨਹੀਂ ਜਾਣਾ।' ਭਾਵ ਮਸੰਦ ਖ਼ੂਨੀ ਹਾਥੀ ਨਾਲੋਂ ਵਧੇਰੇ ਘਾਤਕ ਹੋ ਸਕਦਾ ਹੈ। ਅਜੋਕੇ ਸਮੇਂ ਵੀ ਜਿਸ ਦਾ ਵਿਚਾਰ ਅਤੇ ਵਿਹਾਰ ਸਿੱਖੀ ਸਿਧਾਂਤਾਂ ਦੇ ਪ੍ਰਤੀਕੂਲ ਹੋਵੇ ਉਸ ਨੂੰ ਮਸੰਦ ਦਾ ਦਰਜਾ ਦਿੱਤਾ ਜਾਂਦਾ ਹੈ।

********

## ਹਾਸ ਵਿਅੰਗ

**ਸੁਖਵਿੰਦਰ ਕੌਰ ਹਰਿਆਓ**

# ਬਾਬੇ ਭਾਨੇ ਦਾ ਮੋਬਾਇਲ

"ਆ ਬਈ ਭਾਨਿਆ ਬੜਾ ਕੁਵੇਲਾ ਕਰਤਾ ਅੱਜ, ਤੇਰੇ ਬਿਨਾਂ ਵੇਖ ਲੈ ਇੱਕ ਵੀ ਸਰ ਨਹੀਂ ਬਣੀ", ਸ਼ਿੰਦਰ ਨੇ ਭਾਨੇ ਨੂੰ ਪਿੱਪਲ ਵਾਲੇ ਥੜੇ ਦੇ ਕੋਲ ਆਉਂਦਾ ਵੇਖ ਕੇ ਕਿਹਾ।

"ਓਏ ਸ਼ਿੰਦਰਾ ਕਿੱਥੇ ਘਰੇ ਤਾਂ ਡੰਗਰ-ਪਸ਼ੂ ਤਾਂ ਮੇਰੇ ਗਲ਼ ਪਿਆ ਐ। ਜੀਤੋ ਤਾਂ ਕੁੜੀ ਕੋਲ ਗਈ ਐ। ਚਾਰ-ਪੰਜ ਦਿਨ ਲਾ ਕੇ ਆਊਂਗੀ। ਪਹਿਲਾਂ ਤਾਂ ਸਾਰੇ ਰਲ ਮਿਲ ਕੇ ਕੰਮ ਕਰ ਲੈਂਦੇ ਸੀ। ਹੁਣ ਮੈਂ 'ਕੱਲੀ ਜਾਨ ਕਿਸੇ ਡੰਗਰ ਨੂੰ ਮੌਕ ਲੱਗ ਗਈ, ਕਿਸੇ ਨੂੰ ਕਬਜੀ, ਧਾਰਾਂ ਕੱਢਣਾ, ਸੰਨ੍ਹੀ ਕਰਨਾ, ਨਹਾਉਣਾ ਮਖਾਂ ਡੰਗਰ ਤਾਂ ਬੰਦੇ ਨੂੰ ਵੀ ਡੰਗਰ ਬਣਾ ਲੈਂਦੇ ਐ", ਭਾਨੇ ਨੇ ਥੜ੍ਹੇ 'ਤੇ ਬੈਠਦਿਆਂ ਕਿਹਾ।

"ਓ ਚੱਲ ਕੋਈ ਨਾ ਮਾਸੀ ਨੂੰ ਵੀ ਚਾਰ ਦਿਨ ਦਮ ਲੈ ਆਉਣਦੇ। ਘਰ ਜਵਾਕਾਂ ਨੂੰ ਨਾਲ ਲਾ ਲਿਆ ਕਰ", ਸ਼ਿੰਦਰ ਨੇ ਕਿਹਾ।

"ਲੈ ਮਖਾਂ ਜਵਾਕ ਤਾਂ ਭੜੀਮਾਂ ਨਾ ਪਾ ਦੇਣ। ਕੰਜਰਾਂ ਦਾ ਕੋਈ ਵੀ ਡੰਗਰਾਂ ਦੇ ਲਵੇ ਨਹੀਂ ਲੱਗਦਾ। ਨੂੰਹਾਂ ਤੋਂ ਚੁੱਲ੍ਹੇ ਦਾ ਕੰਮ ਤੇ ਜਵਾਕ ਨਹੀਂ ਲੋਟ ਆਉਂਦੇ 'ਤੇ ਇੱਕ ਮੁੰਡਾ ਖੇਤ ਦਾ ਕੰਮ ਕਰਦਾ ਐ ਤੇ ਇੱਕ ਦਾ ਉਤਲਾ ਤੋਰਾ ਫੇਰਾ, ਉਨ੍ਹਾਂ ਦਾ ਤਾਂ ਉਈਂ ਪੈਰ ਘਰੇ ਨਹੀਂ ਟਿੱਕਦਾ", ਭਾਨੇ ਨੇ ਕਿਹਾ।

"ਬਾਬਾ ਘਰੇ ਆ ਜਾ ਕੰਮ ਐ", ਪਰਾਂ ਤੋਂ ਆ ਕੇ ਦੋ ਨਿਆਣਿਆਂ ਨੇ ਕਿਹਾ।

"ਓਏ ਕੰਜ਼ਰੋ ਮੇਰੀਆਂ ਲੱਤਾਂ ਨਾਲ ਵੀ ਵੈਰ ਐ, ਅੱਡੀ ਨਹੀਂ ਕਿਤੇ ਲੱਗਣ ਦਿੰਦੇ ਮਗਰੀ ਹੀ ਫੌਜ ਦੇ ਫੁਕਰੇ, ਹੁਣੇ ਤਾਂ ਘਰੋਂ ਆਇਆ ਸੀ। ਵੇਖ ਲੋ ਗੋਡੇ ਦਿੱਲੀ ਤੋਂ ਬਦਲਦੇ ਐ, ਲੈ ਕੇ ਤਾਂ ਕੋਈ ਚੀਮਿਆਂ ਤੱਕ ਨਹੀਂ ਜਾਂਦਾ", ਭਾਨੇ ਨੇ ਰੁੱਖੇ ਜਿਹੇ ਮਤੇ ਨਾਲ ਕਿਹਾ ਤੇ ਔਖਾ ਜਿਹਾ ਹੋ ਕੇ ਥੜੇ ਤੋਂ ਉਤਰ ਗਿਆ।

"ਲੈ ਤੇਰੇ ਉਦੋਂ ਹੀ ਮਗਰੋਂ ਸੱਦੇ ਦੇ ਸੱਦੇ ਆ ਜਾਂਦੇ ਐ, ਦੱਸ ਕੇ ਨਾ ਆਇਆ ਕਰ ਕਿੱਥੇ ਜਾਨਾ", ਸ਼ਿੰਦਰ ਨੇ ਕਿਹਾ।

"ਕਿੱਥੇ ਲੁਕਾਂਮਖਾਂ ਜਵਾਕ ਤਾਂ ਜੇ ਤਾਂ ਪਤਲਾ 'ਚੋਂ ਵੀ ਭਾਲ ਲੈਂਦੇ ਐ। ਤੂੰ ਨਹੀਂ ਜਾਣਦਾ ਇਹਨਾਂ ਨੂੰ, ਸਾਈ ਤੇ ਦਿਮਾਗ ਬਣੇ ਐ, ਸੀ.ਡੀ.ਆਈ ਵਾਂਗੂ ਮੇਰੇ ਸਾਰੇ ਟਿਕਾਣਿਆਂ ਦੀ ਖਬਰ ਰੱਖਦੇ ਐ। ਚਲੋ-ਚਲੋ ਦੱਸੋ ਬਾਬੇ ਤੋਂ ਕਿਹੜੀ ਮੂੰਗੀ ਦਲਾਉਣੀ ਐ", ਕਹਿ ਕੇ ਭਾਨਾ ਜਵਾਕਾਂ ਦੇ ਅੱਗੇ ਹੋ ਤੁਰਿਆ।

ਘਰ ਪਹੁੰਚਿਆ ਤਾਂ। "ਬਾਪੂ ਕਿੱਥੇ ਸੀ ਆ ਵੇਖ ਵੱਡੀ ਸਿੰਗਲ ਨੇ ਖੁੱਲ੍ਹ ਕੇ ਸਾਰਾ ਵਿਹੜਾ ਪੱਟ 'ਤਾ", ਵੱਡੀ ਨੂੰਹ ਨੇ ਕਿਹਾ।

"ਲੈ ਬਈ ਬਾਪੂ ਕਿ ਨਾਲ ਤੋਪਾਂ ਚੁੱਕੀ ਫਿਰਦਾ ਐ, ਮੱਝ ਖੁੱਲ੍ਹ ਗਈ ਤਾਂ ਬੰਨ੍ਹ ਦਿਓ", ਭਾਨੇ ਨੇ ਖੁੱਲ੍ਹੀ ਮੱਝ ਦਾ ਸੰਗਲ ਫੜਦਿਆਂ ਕਿਹਾ।

"ਬਾਪੂ ਮਾਰ ਖੰਡਾਈ ਐ, ਮਰਨਾ ਤਾਂ ਨਹੀਂ। ਟੱਕਰ ਮਾਰ ਕੇ ਕੰਧ 'ਤੇ ਦੇ ਲਊ", ਕਹਿ ਕੇ ਨੂੰਹ ਪਰਾਂ ਨੂੰ ਤੁਰ ਗਈ।

"ਬਾਪੂ ਕਿੱਥੇ ਰਹਿੰਦੇ ਐ ਗਿਆਰ੍ਹਾਂ ਵੱਜ ਗਏ, ਖੇਤ ਨਹੀਂ ਆਇਆ। ਮੈਂ ਪਾਣੀ ਛੱਡਿਆ ਹੋਇਆ ਸੀ ਵਹਾਨ ਨੂੰ। ਮਖਾਂ ਤੂੰ ਮੋਟਰ 'ਤੇ ਆ ਜਾਏਂਗਾ ਮੈਂ ਘਰ ਰੋਟੀ ਖਾ ਲਊ ਪਰ ਤੂੰਤਅਜੇ ਤੱਕ ਇਥੇ ਹੀ ਫਿਰਦਾ ਐ, ਮੈਂ ਭੁੱਖਾ ਮਰ ਗਿਆ। ਹੁਣ ਗੁਆਂਢੀਆਂ ਦੇ ਸੀਰੀ ਨੂੰ ਖੇਤ ਖੜਾ ਕਰਕੇ ਆਇਆਂ", ਵੱਡੇ ਮੁੰਡੇ ਨੇ ਸਾਇਕਲ ਕੰਧ ਨਾਲ ਲਾਉਂਦਿਆਂ ਕਿਹਾ।

"ਲੋ ਸਹੁਰੀ ਦਿਓ ਬਾਪੂ ਅਗਾਂਹ ਰੇਲ ਐ, ਹੱਡ ਤਾਂ ਉ ਮਸਾਂ ਤੁਰਦੇ ਐ। ਮੈਂ ਕੀ ਕਰਾਂਕੱਲਾ ਜਣਾ ਕਦੇ ਡੰਗਰਾਂ ਦਾ ਕਰਦਾਂ। ਮੈਂ ਕੀ ਕੁਰਸੀ ਤੇ ਬੈਠਾ ਸੀ", ਬਾਬੇ ਭਾਨੇ ਨੇ ਰਤਾ ਹਰਖ ਨਾਲ ਕਿਹਾ।

"ਐਂ ਕਰਦੇ ਆਂ ਬਾਪੂ ਤੈਨੂੰ ਮੋਬਾਇਲ ਲੈ ਦਿੰਨੇ ਆਂ", ਛੋਟੇ ਮੁੰਡੇ ਨੇ ਪਰਾਂ ਤੋਂ ਆਉਂਦਿਆਂ ਕਿਹਾ।

"ਹਾਂ ਜੀ ਆ ਗੱਲ ਠੀਕ ਐ। ਇਥੇ ਕਿਹੜਾ ਜਵਾਕ ਛੇਤੀ ਤੁਰਦੇ ਨੇ ਬਲਾਉਣ ਨੂੰ, ਪਹਿਲਾਂ ਕਰਾਇਆ ਭਾਲਦੇ ਨੇ ਕਹਿੰਦੇ ਦਸ ਰੁਪਏ ਦਿਓ ਚੀਜੀ ਖਾਣ ਨੂੰ", ਛੋਟੀ ਨੂੰਹ ਨੇ ਆਪਣੇ ਘਰਵਾਲੇ ਦੀ ਹਾਂ ਚ ਹਾਂ ਮਿਲਾਉਂਦਿਆਂ ਕਿਹਾ।

"ਓਏ ਬਸ ਕਰੋ ਆ ਲੈਟ ਆਲੇ ਛਿੱਤਰ ਜਿਹੇ ਆਬਦੇ ਕੋਲ ਹੀ ਰੱਖੋ। ਮੈਨੂੰ ਨਹੀਂ ਲੋੜ ਫੋਨ ਕਰਕੇ ਬਲਾਉਣ ਦੀ, ਬਾਪੂ ਤਾਂ ਤੁਹਾਡਾ ਹੋਕਰੇ ਤੇ ਲੱਗਿਆ ਜਦੋਂ ਦਾ ਜੰਮਿਆ", ਭਾਨੇ ਨੇ ਕਿਹਾ।

ਆਖਿਰ ਨਾਹ-ਨੁੱਕਰ ਤੋਂ ਬਾਅਦ ਬਾਪੂ ਨੂੰ ਮੋਬਾਇਲ ਲੈ ਕੇ ਦੇਣ ਦਾ ਫ਼ੈਸਲਾ ਲਿਆ ਗਿਆ। ਨੋਕੀਆ ਦਾ ਫੋਨ ਅਤੇ ਏਅਰਟੈਲ ਦਾ ਸਿੰਮ ਕਾਰਡ ਲਿਆਂਦਾ ਗਿਆ।

"ਓਏ ਮੁੰਡੇਓ ਆ ਖੇਡ ਜਿਹੀ ਦੇ ਮੂੰਹ ਸਿਰ ਦਾ ਮੈਨੂੰ ਤਾਂ ਨਹੀਂ ਲੱਗਦਾ ਕੋਈ", ਭਾਨੇ ਨੇ ਛੋਟੇ ਮੁੰਡੇ ਨੂੰ ਫੋਨ ਦਿਖਾ ਕੇ ਕਿਹਾ।

"ਦੇਖ ਬਾਪੂ ਜਦੋਂ ਫੋਨ ਦੀ ਘੰਟੀ ਖੜਕੂ ਤਾਂ ਆ ਹਰਾ ਬਟਨ ਦੱਬ ਦੇਈਂ", ਮੁੰਡੇ ਨੇ ਫੋਨ ਭਾਨੇ ਦੇ ਅੱਗੇ ਕਰਦਿਆਂ ਕਿਹਾ।

"ਫੇਰ ਤਾਂ ਖੇਤ ਆਲੇ ਮੋਟਰ ਸਟਾਟਰ ਦੇ ਵਰਗਾ ਸਾਬ-ਕਤਾਬ ਐ ਇਹਦਾ। ਉਹਦੀ ਵੀ ਹਰੀ ਜਿਹੀ ਸੁਚ ਦੱਬਦੇ ਆਂ", ਭਾਨੇ ਨੇ ਸਿਰ ਹਲਾਉਂਦਿਆਂ ਕਿਹਾ। ਜੀਤੋ ਵੀ ਖੁਸ਼ ਹੋ ਗਈ।

"ਚੱਲ ਪਾਲੋ ਦੇ ਬਾਪੂ ਹੁਣ ਤਾਂ ਮੌਜ ਬਣ ਗਈ, ਕੁੜੀਆਂ ਨਾਲ ਦੁੱਖ-ਸੁੱਖ ਫੋਨ ਤੇ ਹੀ ਕਰ ਲਿਆ ਕਰੂ। ਅੱਗੇ ਮੁੰਡੇ ਕਿਹੜਾ ਛੇਤੀ ਫੋਨ ਹੱਥ ਵਿਚ ਦਿੰਦੇ ਐ। ਉਹਨਾਂ ਦੇ ਆਬਦੇ ਰਾੜੇ-ਬੀੜੇ ਲੋਟ ਨਹੀਂ ਆਉਂਦੇ। ਸਾਰਾ ਦਿਨ ਆਪ ਹੀ ਕੰਨ 'ਤੇ ਲਾਈਂ ਰੱਖਦੇ ਨੂੰ"।

"ਹੋਰ-ਹੋਰ ਘਰ ਦੀ ਚੀਜ ਆ ਫਾਇਦਾ ਹੀ ਹੋਊਗਾ", ਭਾਨੇ ਨੇ ਕਿਹਾ। ਓ ਜੀ ਭਾਨਾ ਕਿਤੇ ਰਾਹ 'ਚ ਹੋਇਆ ਝੱਟ ਫੋਨ ਖੜਕਿਆ ਕਰੇ, ਭਾਨਾ ਘਰ। ਖੇਤੋਂ ਮੁੰਡੇ ਨੇ ਫੋਨ ਕਰਿਆ, ਝੱਟ ਭਾਨਾ ਖੇਤ ਹੋਵੇ।

"ਇੱਕ ਤਾਂ ਸ਼ਿੰਦਰਾ ਮਖਾਂ ਆ ਫੋਨ ਦਾ ਪੰਗਾ ਈ ਐ। ਮੇਰੇ ਗਲ਼ ਤਾਂ ਮਰਿਆ ਸੱਪ ਪੈ ਗਿਆ। ਓ ਬਿੰਦ ਝੱਟ ਜਵਾਕ ਜਿਹੇ ਤਾਂ ਹਾਕ ਮਾਰਨ ਨੂੰ ਟੈਮ ਲਾ ਦਿੰਦੇ ਸੀ, ਹੁਣ ਮਖਾਂ ਮਿੰਟੇ-ਮਿੰਟੇ ਬਿਲ ਮਾਰ ਛੱਡਦੇ ਐ। ਕੱਲ੍ਹ ਵੇਖ ਜੀਤੋ ਨੇ ਕੁੜੀ ਨੂੰ ਫੋਨ ਲਾ ਲਿਆ ਸੀ ਅਜੇ ਲਾਣੇ-ਬਾਣੇ ਤੇ ਡੰਗਰ-ਪਸ਼ੂਆਂ ਦੀ ਖੈਰ ਹੀ ਪੁੱਛੀ ਸੀ ਕਿ 'ਵਾਜ਼ ਆਉਣੋਂ ਹਟ ਗਈ ਕੁੜੀ ਦੀ। ਜੀਤੋ ਨੇ ਤਾਂ ਰੋਣ ਪਿੱਟਣ ਪਾ ਲਿਆ। ਆਖੇ ਚੰਗੀ ਭਲੀ ਬੋਲਦੀ ਕੁੜੀ ਨੂੰ ਕੀ ਹੋ ਗਿਆ, ਉਹਨੂੰ ਤਾਂ ਦੰਦਲਾਂ ਪੈ ਗਈਆਂ, ਮਸਾਂ ਜਾ ਕੇ ਮੂੰਹ 'ਚ



ਚਮਚੇ ਪਾ ਕੇ ਦੰਦਲ ਖੋਲ੍ਹੀ"।

"ਹੂੰ", ਸ਼ਿੰਦਰ ਨੇ ਹੁੰਗਾਰਾ ਭਰਿਆ।

"ਹੂੰ ਕਿ ਫੇਰ ਬਈ ਮੁੰਡੇ ਨੇ ਫੋਨ ਵੇਖਿਆ ਕਹਿੰਦਾ ਬਾਪੂ ਇਹਦੇ ਵਿਚ ਤਾਂ ਪੈਸੇ ਮੁੱਕ ਗਏ, ਹੁਣ ਬੋਲੇ ਕਿੱਥੋਂ ਕੋਈ। ਸਾਰੇ ਹੱਸ-ਹੱਸ ਦੂਹਰੇ ਹੋ ਗਏ। ਜੀਤੋ ਤਾਂ ਦੂਜੇ ਦਿਨ ਗੁਰੂ ਘਰ ਦੇਗ ਕਰਵਾ ਕੇ ਆਈਬਈ ਮੇਰੀ ਕੁੜੀ ਠੀਕ ਰਹਿ ਗਈ, ਮੇਰਾ ਤਾਂ ਕਾਲਜੀ ਬੈਠ ਗਿਆ ਸੀ ਬੋਲਦੀ ਦੀ ਜੁਬਾਨ ਠਾਕੀ ਗਈ। ਆ ਤਾਂ ਛਿੱਤਰ ਨੇ ਸਿਆਪਾ ਪਾਇਆ ਈ। ਪਹਿਲਾਂ ਰਿਸ਼ਤੇਦਾਰ ਆਉਂਦੇ ਮੂੰਹ ਮੱਥੇ ਲੱਗਦੇ ਸੀ, ਅੰਗ-ਸਾਕਾਂ ਨਾਲ ਮੋਹ ਪਿਆਰ ਵਧਦਾ ਸੀ। ਰਿਸ਼ਤੇਦਾਰੀ ਵਿਚ ਰਾਤ ਰਹਿੰਦੇ ਮੋਰ-ਘੁੱਗੀਆਂ ਆਲੇ ਨਵੇਂ ਵਿਛਾਣੇ 'ਤੇ ਪਾਸੇ ਮਾਰ-ਮਾਰ ਪੈਣਾ। ਹੁਣ ਵੇਖ ਲੋ ਫੋਨ 'ਤੇ ਹੀ ਮਾੜੀ ਜਿਹੀ ਸੁੱਖ ਸਾਂਦ ਪੁੱਛਦੇ ਐ, ਚਾਹੇ ਬੰਦਾ ਮਰ ਕੇ ਬੈਠਿਆ ਹੋਵੇ। ਮੁੱਲ ਦੀ ਗੱਲ ਕਰਦੇ ਐ ਅਖੇ ਪੈਸੇ ਲੱਗਦੇ ਐ। ਹੁਣ ਤਾਂ ਇਹ ਵੀ ਉਮੀਦ ਨਹੀਂ ਹੁੰਦੀ ਕਿ ਬਈ ਕੋਈ ਮਰੇ ਤੇ ਆਊਗਾ ਜਾਂ ਨਹੀਂਕੀ ਪਤਾ ਫੋਨ ਤੇ ਹੀ ਲੋਕ ਮਸੋਸ ਕਰਕੇ ਸਾਰ ਦੇਣ", ਭਾਨੇ ਨੇ ਕਿਹਾ।

"ਹਾਂ ਭਾਨਿਆ ਗੱਲ ਤਾਂ ਤੇਰੀ ਠੀਕ ਐ, ਵਿੱਚ-ਵਿੱਚ ਤਾਂ ਲੋਕ ਫੋਨ ਚੁੱਕ ਦੇ ਹੀ ਨਹੀਂ, ਨੰਬਰ ਵੇਖ ਕੇ ਪਰਾਂ ਧਰ ਦਿੰਦੇ ਐ। ਅੱਗੇ ਤਾਂ ਜਦੋਂ ਰਿਸ਼ਤੇਦਾਰੀ ਵਿਚ ਸਾਰਾ ਟੱਬਰ ਮਿਲਦਾ ਸੀ। ਹੁਣ ਕਿਤੇ ਜੇ ਕਿਸੇ ਬਮਾਰ-ਠਮਾਰ ਦਾ ਪਤਾ ਲੈਣ ਵੱਗ ਜਾਈਏ ਤਾਂ ਮੂਹਰੋਂ ਅਗਲਾ ਪਤੰਦਰ ਕਹਿ ਛੱਡਦਾ ਬਈ ਆਉਣ ਦੀ ਖੇਚਲ ਕਾਹਨੂੰ ਕਰਨੀ ਸੀ ਆ ਫੋਨ 'ਤੇ ਪਤਾ ਲੈ ਲੈਂਦੇ। ਇੱਕੋ ਹੀ ਗੱਲ ਸੀ। ਜਾਣ ਆਲੇ ਬੰਦੇ ਦੀ ਸਮਝ ਨਹੀਂ ਆਉਂਦਾ ਬਈ ਬੰਦਾ ਖੜੇ ਜਾਂ ਤਿੱਤਰ ਹੋਵੇ", ਸ਼ਿੰਦਰ ਨੇ ਕਿਹਾ। ਇੰਨੇ ਨੂੰ ਭਾਨੇ ਦੇ ਫੋਨ ਦੀ ਘੰਟੀ ਵੱਜੀ।

"ਲੈ ਆ ਗਿਆ ਸੁਨੇਹਾ, ਹਾਕ ਮਾਰਤੀ ਫੋਨ ਨੇ", ਕਹਿ ਕੇ ਭਾਨਾ ਫੋਨ ਸੁਣੇ ਬਿਨਾਂ ਹੀ ਤੁਰ ਪਿਆ। ਘਰੇ ਆਇਆ ਆਖਦਾ, "ਹਾਂ ਬਈ ਤੁਸੀਂ ਬੁਲਾਇਆ ਕੋਈ ਕੰਮ ਸੀ", ਨੂੰਹ ਨੂੰ ਪੁੱਛਿਆ।

"ਨਾ ਬਾਪੂ ਜੀ ਘਰੇ ਤਾਂ ਬੁਲਾਇਆ ਨਹੀਂ", ਨੂੰਹ ਨੇ ਕਿਹਾ। ਫਿਰ ਭਾਨੇ ਨੇ ਸੋਚਿਆ ਖੇਤੋਂ ਮੁੰਡੇ ਨੇ ਕਰਿਆ ਹੋਣਾ। ਭਾਨੇ ਨੇ ਸਾਇਕਲ ਚੁੱਕਿਆ ਵਾਹੋਂ ਵਾਹੀ ਖੇਤ ਵੱਲ ਹੋ ਤੁਰਿਆ। ਖੇਤ ਜਾ ਕੇ ਸਾਹ ਲਿਆ।

"ਮੁੰਡੇਓ ਹਾਂ ਦੱਸੋ ਕੀ ਗੱਲ ਹੋ ਗਈ, ਬੁਲਾਇਆ", ਭਾਨੇ ਨੇ ਸਾਇਕਲ ਥਾਏਂ ਹੀ ਖੜ੍ਹਾ ਕਰਦਿਆਂ ਚੜ੍ਹੇ ਸਾਹੀਂ ਆਖਿਆ।

"ਨਾਂਹ ਬਾਪੂ ਅਸੀਂ ਤਾਂ ਬੁਲਾਇਆ ਨਹੀਂ", ਵੱਡੇ ਮੁੰਡੇ ਨੇ ਹੈਰਾਨੀ ਨਾਲ ਕਿਹਾ।

"ਅੱਛਾ ਹੱਦ ਹੋ ਗਈ ਐ, ਵੇਖੋ ਫੋਨ ਖੜਕਿਆ ਸੀ", ਭਾਨੇ ਨੇ ਗੀਜੇ 'ਚੋਂ ਫੋਨ ਕੱਢ ਕੇ ਮੁੰਡੇ ਨੂੰ ਫੜਾਉਂਦਿਆਂ ਕਿਹਾ,

"ਬਾਪੂ ਐ ਤਾਂ ਕੰਪਨੀ ਆਲਿਆਂ ਦਾ ਨੰਬਰ ਐ", ਮੁੰਡੇ ਨੇ ਹੱਸ ਕੇ ਕਿਹਾ।

"ਹੁਣ ਇਹ ਕਿਹੜੇ ਆ ਗਏ ਹੌਕਰਿਆਂ ਆਲੇ, ਇਹ ਕਿੱਥੇ ਬੁਲਾਉਂਦੇ ਐ ਮੈਨੂੰ। ਹੋਰ ਨਾ ਕੰਜ਼ਰੋ ਪਿੰਡ ਛੱਡਣਾ ਪੈ ਜੇ। ਮੈਂ ਨਹੀਂ ਕਿਤੇ ਜਾਂਦਾ। ਮੈਂ ਤਾਂ ਨਿਆਣਾ ਹੁੰਦਾ ਕਦੇ ਮਾਂ ਨਾਲ ਨਾਨਕੀ ਨਹੀਂ ਗਿਆ ਸੀ। ਮੇਰਾ ਤਾਂ ਉਈਂ ਨਹੀਂ ਪਿੰਡ ਬਿਨਾਂ ਜੀਅ ਲੱਗਦਾ ਕਿਤੇ"।

"ਨਹੀਂ ਬਾਪੂ ਇਹ ਤਾਂ ਉਈਂ ਹੀ ਕਰਦੇ ਹੁੰਦੇ ਐਂ, ਕੰਨ 'ਤੇ ਲਾ ਕੇ ਵੇਖ ਲੈਂਦਾ", ਮੁੰਡੇ ਨੇ ਕਿਹਾ।

"ਮਖਾਂ ਤੁਸੀਂ ਕਹਿ ਦੇਨੇ ਓ ਪੈਸੇ ਲੱਗਦੇ ਆ ਬੋਲਣ ਦੇ, ਮਖਾਂ ਕਾਹਨੂੰ ਖਰਚ ਕਰਨਾ", ਭਾਨੇ ਨੇ ਮੰਜੇ 'ਤੇ ਪੈਂਦਿਆਂ ਕਿਹਾ।

"ਚਲ ਬਾਪੂ ਘਰੇ ਚਲੀਏ", ਮੁੰਡੇ ਨੇ ਕਿਹਾ।

"ਬਾਪੂ ਘਸੀੜ-ਘਸੀੜ ਮਾਰਨਾ, ਮੇਰਾ ਸਾਹ ਨਾਲ ਸਾਹ ਨਹੀਂ ਰਲਿਆ ਆਉਂਦੇ ਦਾ। ਮੈਂ ਤਾਂ ਆਥਣੇ ਘਰੇ ਆਊਂਗਾ, ਬਿੰਦ ਝੱਟ 'ਰਾਮ ਕਰਦਾ", ਭਾਨੇ ਨੇ ਮੰਜੇ ਤੇ ਪਏ-ਪਏ ਨੇ ਕਿਹਾ। ਆਥਣੇ ਭਾਨਾ ਘਰ ਆਇਆ।

"ਬਾਪੂ ਤੇਰਾ ਫੋਨ ਦੇਈਂ ਮੇਰੇ ਆਲੇ 'ਚ ਪੈਸੇ ਮੁੱਕ ਗਏ ਐ, ਕਿਤੇ ਕਰਨਾ", ਵੱਡੇ ਮੁੰਡੇ ਨੇ ਕਿਹਾ।

"ਲੈ ਸ਼ੇਰਾ ਚੱਕ", ਭਾਨੇ ਨੇ ਗੀਜੇ 'ਚੋਂ ਫੋਨ ਕੱਢ ਕੇ ਫੜਾਉਂਦਿਆ ਕਿਹਾ।

"ਬਾਪੂ ਇਹ ਤਾਂ ਬੰਦ ਪਿਆ, ਚਲਦਾ ਹੀ ਨਹੀਂ ਕੀ ਹੋਇਆ ਇਹਨੂੰ, ਕਿਤੇ ਡਿੱਗਿਆ ਤਾਂ ਨਹੀਂ", ਫੋਨ ਨੂੰ ਮੁੰਡੇ ਨੇ ਉਲਟਾਉਂਦਿਆ ਕਿਹਾ।


"ਹਾਂ ਸ਼ੇਰਾ ਪਹੀ ਤੇ ਰੇਤੇ ਵਿਚ ਡਿੱਗ ਪਿਆ ਸੀ। ਊ ਤਾਂ ਰੇਤਾ ਸਾਰਾ ਹੀ ਮੋਟਰ ਦੀ ਧਾਰ ਥੱਲੇ ਲਾਹ 'ਤਾ ਸੀ", ਭਾਨੇ ਨੇ ਸੁੱਤੇ ਸੁਭਾਅ ਕਿਹਾ।

"ਓਏ ਬਾਪੂ ਤੈਨੂੰ ਕਿਹਨੇ ਕਹਿ 'ਤਾ ਫੋਨ ਨਹਾਈਦੇ, ਪਾ 'ਤਾ ਪਾਣੀ ਦੋ ਹਜ਼ਾਰ ਵਿਚ ਬਿਨਾਂ ਗੱਲੋਂ", ਵੱਡੇ ਮੁੰਡੇ ਨੇ ਜਰਾ ਹਰਖ ਕੇ ਕਿਹਾ।

"ਲੈ ਨਹਾਇਆ ਹੀ ਐ, ਸਿਆਣੇ ਕਹਿੰਦੇ ਐ ਬਈ ਬੰਦਾ ਖਾ ਕੇ ਪਛਤਾਏ ਨਹਾ ਕੇ ਨਾ ਪਛਤਾਏ। ਰੱਖੋ-ਰੱਖੋ ਇਹਨੂੰ ਆਬਦੇ ਕੋਲ, ਮੈਨੂੰ ਹੋਕਰੇ ਹੀ ਚੰਗੇ ਐ। ਇਹ ਕੋਈ ਚੀਜ਼ ਆ ਜਿਹੜੀ ਧੋ ਸਵਾਰ ਕੇ ਖਰਾਬ ਹੁੰਦੀ ਐ। ਵੱਡਾ ਬਾਪੂ ਤਾਂ ਨਹੀਂ ਜਿਹਨੂੰ ਨਵ੍ਹਾ ਕੇ ਨਮੂਨੀਆ ਹੋ ਜਾਊ", ਕਹਿ ਕੇ ਭਾਨਾ ਕੰਧ ਨਾਲ ਪਿਆ ਮੰਜ਼ਾ ਚੁੱਕ ਕੇ ਕੋਠੇ 'ਤੇ ਲਿਜਾ ਕੇ ਪੈ ਗਿਆ 'ਤੇ ਮੁੰਡਾ ਕਦੇ ਫੋਨ ਤੇ, ਕਦੇ ਬਾਪੂ ਨੂੰ ਵੇਖਦਾ ਅੰਦਰ ਤੁਰ ਗਿਆ।

* * * * * * *

# ਸਿਹਤ ਤੇ ਸੁੰਦਰਤਾ



## ਖਜੂਰ ਹੈ ਗੁਣਾਂ ਨਾਲ ਭਰਪੂਰ

ਖਜੂਰ ਫਾਈਬਰ, ਆਇਰਨ, ਕੈਲਸ਼ੀਅਮ, ਵਿਟਾਮਿਨ ਅਤੇ ਮੈਗਨੀਸ਼ੀਅਮ ਨਾਲ ਭਰਪੂਰ ਹੁੰਦਾ ਹੈ। ਸਰਦੀਆਂ ਵਿੱਚ ਖਜੂਰ ਖਾਣਾ ਬਹੁਤ ਫਾਇਦੇਮੰਦ ਹੁੰਦਾ ਹੈ। ਇਹ ਸਰੀਰ ਵਿੱਚ ਗਰਮੀ ਪੈਦਾ ਕਰਨ ਦੇ ਨਾਲ-ਨਾਲ ਊਰਜਾ ਵੀ ਦਿੰਦਾ ਹੈ। ਹੱਡੀਆਂ ਨੂੰ ਮਜ਼ਬੂਤ ਬਣਾਉਣ ਵਿੱਚ ਖਜੂਰ ਬਹੁਤ ਫਾਇਦੇਮੰਦ ਸਾਬਤ ਹੁੰਦੇ ਹਨ। ਖਜੂਰ 'ਚ ਮੈਂਗਨੀਜ਼, ਕਾਪਰ ਅਤੇ ਮੈਗਨੀਸ਼ੀਅਮ ਪਾਇਆ ਜਾਂਦਾ ਹੈ, ਜੋ ਹੱਡੀਆਂ ਨੂੰ ਮਜ਼ਬੂਤ ਬਣਾਉਂਦੇ ਹਨ।



ਅਸਥਮਾ ਦੇ ਰੋਗੀਆਂ ਨੂੰ ਰੋਜ਼ਾਨਾ ਸਵੇਰੇ-ਸ਼ਾਮ 2 ਤੋਂ 3 ਖਜੂਰ ਖਾਣ ਨਾਲ ਆਰਾਮ ਮਿਲਦਾ ਹੈ। ਖਜੂਰ ਪ੍ਰੋਟੀਨ ਨਾਲ ਭਰਪੂਰ ਹੁੰਦੀ ਹੈ। ਇਸ ਦੇ ਸੇਵਨ ਨਾਲ ਪਾਚਨ ਕਿਰਿਆ ਠੀਕ ਰਹਿੰਦੀ ਹੈ।

ਖਜੂਰ ਵਿੱਚ ਪੋਟਾਸ਼ੀਅਮ ਅਤੇ ਥੋੜ੍ਹੀ ਮਾਤਰਾ ਵਿੱਚ ਸੋਡੀਅਮ ਹੁੰਦਾ ਹੈ। ਇਹ ਦੋਵੇਂ ਸਰੀਰ ਦੇ ਨਰਵਸ ਸਿਸਟਮ ਦੇ ਕੰਮ ਨੂੰ ਬਿਹਤਰ ਬਣਾਉਂਦੇ ਹਨ। ਨਾਲ ਹੀ ਖਜੂਰ ਦੇ ਸੇਵਨ ਨਾਲ ਸਟ੍ਰੋਕ ਦਾ ਖਤਰਾ ਵੀ ਘੱਟ ਹੋ ਜਾਂਦਾ ਹੈ। ਰੋਜ਼ਾਨਾ 5-6 ਖਜੂਰਾਂ ਦਾ ਸੇਵਨ ਬਲੱਡ ਪ੍ਰੈਸ਼ਰ ਦੇ ਰੋਗੀਆਂ ਲਈ ਫਾਇਦੇਮੰਦ ਹੁੰਦਾ ਹੈ।

## ਮੀਨੋਪੌਜ਼ ਤੋਂ ਬਾਅਦ ਕਿਉਂ ਵੱਧ ਜਾਂਦੈ ਔਰਤਾਂ ਵਿਚ ਹੱਡੀਆਂ ਦੀ ਕਮਜ਼ੋਰੀ ਦਾ ਖ਼ਤਰਾ

ਮੀਨੋਪੌਜ਼ ਇੱਕ ਕੁਦਰਤੀ ਜੈਵਿਕ ਪ੍ਰਕਿਰਿਆ ਹੈ ਜਿਸ ਵਿੱਚ ਇੱਕ ਔਰਤ ਦਾ ਮਾਹਵਾਰੀ ਚੱਕਰ ਪੂਰੀ ਤਰ੍ਹਾਂ ਬੰਦ ਹੋ ਜਾਂਦਾ ਹੈ। ਇਹ ਆਮ ਤੌਰ 'ਤੇ 45 ਤੋਂ 55 ਸਾਲ ਦੀ ਉਮਰ ਦੇ ਵਿਚਕਾਰ ਹੁੰਦਾ ਹੈ। ਮੀਨੋਪੌਜ਼ ਦੌਰਾਨ, ਐਸਟ੍ਰੋਜਨ ਨਾਮਕ ਹਾਰਮੋਨ ਦਾ ਪੱਧਰ ਘੱਟ ਜਾਂਦਾ ਹੈ, ਜੋ ਔਰਤਾਂ ਦੇ ਸਰੀਰ ਵਿੱਚ ਬਹੁਤ ਮਹੱਤਵਪੂਰਨ ਭੂਮਿਕਾਵਾਂ ਨਿਭਾਉਂਦਾ ਹੈ।



ਸਿਹਤ ਮਾਹਿਰਾਂ ਅਨੁਸਾਰ ਹਾਰਮੋਨ ਦੇ ਕਾਰਨਾਂ ਕਰਕੇ ਔਰਤਾਂ ਨੂੰ ਮਰਦਾਂ ਨਾਲੋਂ ਓਸਟੀਓਪੋਰੋਸਿਸ ਦਾ ਜ਼ਿਆਦਾ ਖ਼ਤਰਾ ਹੁੰਦਾ ਹੈ। ਓਸਟੀਓਪੋਰੋਸਿਸ ਇੱਕ ਅਜਿਹੀ ਬਿਮਾਰੀ ਹੈ ਜਿਸ ਵਿੱਚ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ। ਇਸ ਕਾਰਨ ਹੱਡੀਆਂ ਆਸਾਨੀ ਨਾਲ ਟੁੱਟ ਸਕਦੀਆਂ ਹਨ (ਓਸਟੀਓਪੋਰੋਸਿਸ ਦੇ ਲੱਛਣ)। ਜੇ ਸਮੇਂ ਸਿਰ ਇਸ ਦਾ ਇਲਾਜ ਨਾ ਕੀਤਾ ਜਾਵੇ ਤਾਂ ਕਈ ਵਾਰ ਥੋੜ੍ਹਾ ਜਿਹਾ ਝਟਕਾ ਜਾਂ ਛਿੱਕ ਆਉਣ ਨਾਲ ਵੀ ਹੱਡੀ ਟੁੱਟ ਜਾਂਦੀ ਹੈ।

ਮੀਨੋਪੌਜ਼ ਦੌਰਾਨ ਐਸਟ੍ਰੋਜਨ ਹਾਰਮੋਨ ਦਾ ਪੱਧਰ ਘੱਟ ਜਾਂਦਾ ਹੈ। ਜ਼ਿਕਰਯੋਗ ਹੈ ਕਿ ਐਸਟ੍ਰੋਜਨ ਹਾਰਮੋਨ ਕੈਲਸ਼ੀਅਮ ਦੇ ਅਵਸ਼ੋਸ਼ਣ ਨੂੰ ਵਧਾ ਕੇ ਹੱਡੀਆਂ ਨੂੰ ਮਜ਼ਬੂਤ ਬਣਾਉਂਦਾ ਹੈ ਅਤੇ ਹੱਡੀਆਂ ਦੇ ਨੁਕਸਾਨ ਨੂੰ ਰੋਕਦਾ ਹੈ। ਪਰ ਜਦੋਂ ਇਹ ਹਾਰਮੋਨ ਘੱਟ ਹੋਣ ਲੱਗਦਾ ਹੈ ਤਾਂ ਹੱਡੀਆਂ ਕਮਜ਼ੋਰ ਹੋਣ ਲੱਗਦੀਆਂ ਹਨ। ਇਸ ਤੋਂ ਇਲਾਵਾ ਔਰਤਾਂ ਦੀਆਂ ਹੱਡੀਆਂ ਮਰਦਾਂ ਨਾਲੋਂ ਛੋਟੀਆਂ ਅਤੇ ਪਤਲੀਆਂ ਹੁੰਦੀਆਂ ਹਨ, ਜਿਸ ਕਾਰਨ ਓਸਟੀਓਪੋਰੋਸਿਸ ਦਾ ਖ਼ਤਰਾ ਵੀ ਵੱਧ ਜਾਂਦਾ ਹੈ। ਇਸ ਤੋਂ ਇਲਾਵਾ 30 ਸਾਲ ਦੀ ਉਮਰ ਤੋਂ ਬਾਅਦ ਔਰਤਾਂ ਦੀ ਹੱਡੀਆਂ ਦੀ ਘਣਤਾ ਘਟਣ ਲੱਗਦੀ ਹੈ, ਜਿਸ ਕਾਰਨ ਹੱਡੀਆਂ ਆਸਾਨੀ ਨਾਲ ਟੁੱਟਣ ਲੱਗਦੀਆਂ ਹਨ।

ਓਸਟੀਓਪੋਰੋਸਿਸ ਰੋਕਥਾਮ ਸੁਝਾਅ-ਮੀਨੋਪੌਜ਼ ਤੋਂ ਬਾਅਦ ਓਸਟੀਓਪੋਰੋਸਿਸ ਨੂੰ ਰੋਕਣ ਲਈ ਇਹ ਜ਼ਰੂਰੀ ਹੈ ਕਿ ਔਰਤਾਂ ਛੋਟੀ ਉਮਰ ਤੋਂ ਹੀ ਆਪਣੇ ਖਾਣ-ਪੀਣ ਦੀਆਂ ਆਦਤਾਂ ਦਾ ਧਿਆਨ ਰੱਖਣ। ਇਸ ਦੇ ਲਈ, ਆਪਣੀ ਖ਼ੁਰਾਕ ਵਿੱਚ ਕੈਲਸ਼ੀਅਮ ਯੁਕਤ ਭੋਜਨ ਖਾਓ, ਜਿਵੇਂ ਕਿ ਡੇਅਰੀ ਉਤਪਾਦ, ਹਰੀਆਂ ਪੱਤੇਦਾਰ ਸਬਜ਼ੀਆਂ ਅਤੇ ਹੋਰ ਮਜ਼ਬੂਤ ਭੋਜਨ। ਇਸ ਤੋਂ ਇਲਾਵਾ ਵਿਟਾਮਿਨ ਡੀ ਦਾ ਵੀ ਖਾਸ ਧਿਆਨ ਰੱਖੋ।


ਕੈਲਸ਼ੀਅਮ ਲਈ ਵਿਟਾਮਿਨ ਡੀ ਜ਼ਰੂਰੀ-ਖਾਣ-ਪੀਣ ਤੋਂ ਇਲਾਵਾ ਕਸਰਤ ਵੀ ਜ਼ਰੂਰੀ ਹੈ। ਇਹ ਸੰਤੁਲਨ ਬਣਾਏ ਰੱਖਣ ਅਤੇ ਹੱਡੀਆਂ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਦਾ ਹੈ। ਇਸ ਦੇ ਲਈ ਡਾਂਸਿੰਗ, ਵਾਕਿੰਗ ਜਾਂ ਸਟ੍ਰੈਂਥ ਟਰੇਨਿੰਗ ਵਰਗੀਆਂ ਕਸਰਤਾਂ ਕਰੋ। ਨਾਲ ਹੀ, ਸ਼ਰਾਬ ਅਤੇ ਸਿਗਰਟ ਪੀਣ ਤੋਂ ਪਰਹੇਜ਼ ਕਰੋ। ਇਨ੍ਹਾਂ ਆਦਤਾਂ ਕਾਰਨ ਹੱਡੀਆਂ ਦੀ ਘਣਤਾ ਵੀ ਘੱਟ ਹੋਣ ਲੱਗਦੀ ਹੈ।

ਮੀਨੋਪੌਜ਼ ਤੋਂ ਬਾਅਦ, ਔਰਤਾਂ ਨੂੰ ਆਪਣੀ ਹੱਡੀਆਂ ਦੀ ਘਣਤਾ ਦੀ ਨਿਯਮਤ ਤੌਰ 'ਤੇ ਜਾਂਚ ਕਰਵਾਉਣੀ ਚਾਹੀਦੀ ਹੈ। ਇਸ ਨਾਲ ਹੱਡੀਆਂ ਦੇ ਨੁਕਸਾਨ ਦਾ ਜਲਦੀ ਪਤਾ ਲਗਾਉਣ ਵਿੱਚ ਮਦਦ ਮਿਲਦੀ ਹੈ ਅਤੇ ਡਾਕਟਰ ਇਸ ਨੂੰ ਰੋਕਣ ਵਿੱਚ ਬਿਹਤਰ ਮਦਦ ਕਰ ਸਕਦੇ ਹਨ।

## * ਚੁੰਝਾਂ-ਪ੍ਹੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*ਭਾਰਤ ਭੁੱਖਮਰੀ 'ਚ 127 ਦੇਸ਼ਾਂ 'ਚੋਂ 105 ਵੇਂ ਨੰਬਰ 'ਤੇ, ਹਾਲਾਤ ਗੰਭੀਰ।

-ਅੱਗੇ ਬੀਬੀ ਟੱਪਣੀ, ਪਿੱਛੇ ਢੋਲਾਂ ਦੀ ਘੜਮੱਸ।



*ਦਲਜੀਤ ਸਿੰਘ ਚੀਮਾ ਨੇ ਪਾਰਟੀ ਵਲੋਂ ਜਥੇਦਾਰ ਤੋਂ ਮੰਗੀ ਮੁਆਫ਼ੀ- ਇਕ ਖ਼ਬਰ

-ਨਾਨੀ ਖ਼ਸਮ ਕਰੇ, ਦੋਹਤਾ ਚੱਟੀ ਭਰੇ।



*'ਐਮਰਜੈਂਸੀ' ਫ਼ਿਲਮ 'ਚੋਂ ਸਿੱਖਾਂ ਸਬੰਧੀ ਸਾਰੇ ਇਤਰਾਜ਼ਯੋਗ ਸੀਨ ਕੱਟ ਦਿਤੇ ਗਏ ਹਨ- ਰਵਨੀਤ ਬਿੱਟੂ

-ਖ਼ੁਆਜੇ ਦਾ ਗਵਾਹ ਡੱਡੂ।



*ਸ਼੍ਰੋਮਣੀ ਅਕਾਲੀ ਦਲ ਨੇ ਵਿਰਸਾ ਸਿੰਘ ਵਲਟੋਹਾ ਦਾ ਅਸਤੀਫ਼ਾ ਕੀਤਾ ਪ੍ਰਵਾਨ- ਇਕ ਖ਼ਬਰ

-ਹੁਕਮ ਅਸਤੀਫ਼ਾ ਪ੍ਰਵਾਨ ਕਰਨ ਦਾ ਨਹੀਂ ਸਗੋਂ ਦਸ ਸਾਲ ਲਈ ਪਾਰਟੀ 'ਚੋਂ ਬਰਖ਼ਾਸਤ ਕਰਨ ਦਾ ਸੀ।




*ਵਲਟੋਹਾ ਨੇ ਜੋ ਬੀਜਿਆ ਉਹ ਹੀ ਵੱਢ ਰਿਹਾ ਹੈ- ਗੁਰਜੀਤ ਸਿੰਘ ਔਜਲਾ

-ਕਿੱਥੋਂ ਭਾਲਦੈਂ ਸੰਧੂਰੀ ਅੰਬੀਆਂ, ਬੀਜ ਕੇ ਤੂੰ ਕੰਡਿਆਂ ਨੂੰ।

*ਹਿਮਾਚਲ ਦੇ ਮੰਡੀ ਇਲਾਕੇ 'ਚ ਭੂਚਾਲ ਦੇ ਝਟਕੇ- ਇਕ ਖ਼ਬਰ

-ਕਿਉਂ ਬਈ ਪਹੁੰਚ ਗਈ ਝਟਕੇ ਦੇਣ ਵਾਲੀ ਉੱਥੇ ਵੀ?



*ਬੇਅਦਬੀ ਮਾਮਲੇ 'ਚ ਸੌਦਾ ਸਾਧ ਵਿਰੁਧ ਕੇਸ ਚਲਾਉਣ ਲਈ ਰਾਹ ਪੱਧਰਾ- ਇਕ ਖ਼ਬਰ

-ਸੰਭਲ ਕੇ ਬਈ, ਬਾਦਲਕੇ ਕਿਤੇ ਫੇਰ ਨਾ ਕੇਸ ਵਾਪਸ ਲੈ ਲੈਣ।



*ਲੋਕ ਸਭਾ 'ਚ ਇਕ ਸੀਟ 'ਤੇ ਸਿਮਟ ਜਾਣ ਦੇ ਬਾਵਜੂਦ ਬਾਦਲ ਪਰਵਾਰ ਦਾ ਹੰਕਾਰ ਕਾਇਮ- ਮਲਵਿੰਦਰ ਸਿੰਘ ਕੰਗ

-ਰੱਸੀ ਜਲ ਗਈ, ਪਰ ਵੱਟ ਨਾ ਗਿਆ।



*ਵਿਰਸਾ ਸਿੰਘ ਵਲਟੋਹਾ ਬਾਰੇ ਲਏ ਫ਼ੈਸਲੇ ਦੀ ਸਭ ਪਾਸੇ ਪ੍ਰਸ਼ੰਸਾ ਹੋ ਰਹੀ ਹੈ- ਇਕ ਖ਼ਬਰ

-ਆਉ ਸਈਓ ਨੀ ਰਲ ਵੇਖਣ ਚਲੀਏ, ਰਾਂਝੇ ਖੂਹਾ ਲੁਆਇਆ ਈ।



*ਪ੍ਰਧਾਨ ਮੰਤਰੀ ਮੋਦੀ ਦੀ ਹੱਲਾਸ਼ੇਰੀ ਬਾਅਦ ਜਾਖੜ ਨੇ ਭਾਜਪਾ 'ਚ ਸਰਗਰਮੀ ਫੜੀ- ਇਕ ਖ਼ਬਰ

-ਧੱਕਾ ਸਟਾਰਟ।



*ਸ਼੍ਰੋਮਣੀ ਅਕਾਲੀ ਦਲ ਚੋਣ ਲਈ ਤਿਆਰ ਹੈ- ਡਾ. ਦਲਜੀਤ ਸਿੰਘ ਚੀਮਾ

-ਜ਼ਮਾਨਤਾਂ ਹੀ ਜ਼ਬਤ ਕਰਵਾਉਣੀਆਂ, ਜਦੋਂ ਮਰਜ਼ੀ ਕਰਵਾ ਲਈਏ।




*ਕਮਲਾ ਹੈਰਿਸ ਬਣੇਗੀ ਅਮਰੀਕਾ ਦੀ ਪਹਿਲੀ ਮਹਿਲਾ ਰਾਸ਼ਟਰਪਤੀ- ਮਾਹਰ ਦੀ ਭਵਿੱਖਬਾਣੀ

-ਸਿਰ ਗੁੰਦ ਦੇ ਕੁਪੱਤੀਏ ਨੈਣੇ, ਉੱਤੇ ਪਾ ਦੇ ਡਾਕ ਬੰਗਲਾ।



*ਸੁਖਬੀਰ ਬਾਦਲ ਦੇ ਕਹਿਣ 'ਤੇ ਹੀ ਵਲਟੋਹਾ ਅਕਾਲ ਤਖ਼ਤ ਦੀ ਮਰਯਾਦਾ ਦਾ ਘਾਣ ਕਰ ਰਹੇ ਹਨ- ਸੁਧਾਰ ਲਹਿਰ ਕਮੇਟੀ

-ਤੂੰ ਨਹੀਂ ਬੋਲਦੀ ਰਕਾਨੇ, ਤੂੰ ਨਹੀਂ ਬੋਲਦੀ, ਤੇਰੇ 'ਚ ਤੇਰਾ ਯਾਰ ਬੋਲਦਾ।



*ਕਾਂਗਰਸ ਵਲੋਂ ਈ. ਵੀ. ਐਮ. ਮਸ਼ੀਨਾਂ ਉੱਤੇ ਚੁੱਕੇ ਗਏ ਸਵਾਲਾਂ ਦਾ ਚੋਣ ਕਮਿਸ਼ਨ ਜਵਾਬ ਦੇਵੇ- ਕਪਿਲ ਸਿਬਲ

-ਕੁਝ ਬੋਲ ਵੇ, ਦਿਲਾਂ ਦੀ ਘੁੰਡੀ ਖੋਲ੍ਹ ਵੇ।

*ਪੰਥ ਵਿਰੋਧੀ ਸ਼ਕਤੀਆਂ ਅਤੇ ਸਰਕਾਰੀ ਏਜੰਸੀਆਂ ਦੇ ਮਨਸੂਬੇ ਸਿੱਖਾਂ ਲਈ ਖ਼ਤਰਨਾਕ- ਇਕ ਖ਼ਬਰ

-ਬੂਟੇ ਸੁੱਖਾਂ ਦੇ ਹੋਣੀ ਨੇ ਸਾੜ ਦਿੱਤੇ, ਹਰੇ ਹੋ ਗਏ ਦੁੱਖਾਂ ਦੇ ਰੁੱਖ ਵੀਰਾ।

* * * * * * *

# THE SHROMANI COMMITTEE SHOULD SET A CLEAR DEFINITION REGARDING SACRILEGE OF GURBANI



**HARJINDER SINGH LALL**

• • •

SACH KEH DOON MAGAR IS DAUR KE INSANOn KO, BAAT JO DIL SE NIKALTI HAI BURI LAGTI HAI. (I can tell you the truth, but for the people of this era,The words that come out of the heart are bad.) -*Salim Ahmed*

The Sikh minds are very sad and disappointed with the cases of sacrilege of Sri Guru Granth Sahib Ji.(However its my thinking that no one can do desecration of The Gurbani) Even during the period of three governments, the perpetrators of the Bargari sacrilege case could not be punished, but the increase in the cases of sacrilege after this incident is probably more due to the difference in understanding of our phenomenon.We may have become a bit more sensitive in this matter and sometimes we start to find even common phenomena disrespectful. Some of us have started being rude and arbitrarily in the name of respect. The first thing is that there cannot be gutkas, pothis and religious books equal to Sahib Sri Guru Granth Sahib and the permission to keep, store and sell them cannot be given equal to Sahib Sri Guru Granth Sahib. Here it is necessary to clarify that it is the right of the Shiromani Committee to interpret Sikh ethics and Sikh principles. No one has any doubts about it and no one has the right to object. Shiromani Committee is our highest organization or there is any complaint or doubt, then the Jathedars of five Takht Sahibans can take a final decision after understanding the entire situation, but Shiromani Committee should take a decision whenever it takes all the good and bad of it. Consider the sides. It should also be stopped that some Sikhs do not try to get together like 'Hanne Hanne Miri' and try to implement arbitrary norms, as nowadays there is a lot of complaint that not only Punjab, but Delhi in the name of respect committees. In Adi too, some people forcefully take away Sri Guru Granth Sahib, which is being published in people's houses, along with the police. Do we want the scope of Sikhi to be limited and people to move away from Sikhi and Gurbani? Our performance has only played the role of alienating many Nanak Naam Leva sects like Sahajdharis, Sindhis and Nirmalas from us. Although the works of Bhai Gurdas Ji, the most respected scholar and poet of the Sikh community, are also chanted like Gurbani, while he was writing about Sahib Sri Guru Nanak Dev Ji he wrote in his verses:Every home become Dharamsal (place of worship)and there always singing the gurbani (kirtan).(Verse-1, Stanza-27)It is to be noted that till Sahib Sri Guru Arjun Dev Ji, all the Guru Asthanas were called Dharamshala.Now a recent issue has come to light that selling Gurbani Gutkas, Senchis etc. on online sites or apps like Amazon and Flipkart is also sacrilegious. Shiromani Committee President Advocate Harjinder Singh Dhami has asked Amazon to stop selling these gutkas.



We understand that the Shiromani Committee President Sahib has said this under the sensitivity of the Sangat regarding the sacrileges and under the pressure built on social media. But the other side of it is also worth considering. Let me make it clear before this that I have no business relationship with Amazon or Flipkart, what I am requesting to Pradhan Sahib is only for the promotion and propagation of Sikhism.

Because it is interesting to think that where will the ban on the sale of gutkas on Amazon lead us? Will we also ban making Gurbani 'apps' tomorrow? At present, millions of people have been seen pronouncing the words correctly just by opening this app while doing kirtan, even big ragi. Do we want Gurbani to be limited only to us? This era is the era of Artificial Intelligence (AI), where the knowledge about every religion and everything is available and a person who believes in any religion or even an atheist is becoming capable of gaining knowledge about any religion and anything. Will we stop putting the original text of Gurbani in AI?Amazon currently has a direct presence in 13 countries and delivers to nearly 100 countries. Are we ourselves capable of delivering Gurbani to these 100 countries? Of course, the final decision has to be taken by the SGPC, but according to our understanding, it is necessary that we translate Gurbani in every language of the world and make it in PDF format. and in other formats to the people of the whole world, so that the world can be aware of this spiritual knowledge and the light of Sikhism can spread all over the world.

So the thing to think about is that if we are thus preventing the site capable of delivering Gurbani gutkas worldwide from selling gutkas, then are we not also stopping the delivery of Gurbani to humanity? Are the Gutkas sold in the shops not being kept with other books, will we stop selling the Gutkas, Senchis in the shops too? Of course, there is no human being who has the same capacity as Guru Nanak Dev Ji, we cannot say what he did, we can also do it, but Bhai Gurdas Ji writes in his first verse 32, which means that Guru Sahib when Among the things that he had with him when he went to Makkah, the book ie Gurbani walk pothi was in his armpit.

AASAA HATH KITAAB KACHH KUJA BANG MUSLADHARI BAITHA JAAE MASEET VICH JITHEY HAAJI HAJJ GUJAARI

It is In front of us is how Sikhs are becoming Christians in Punjab as well. How do Christians distribute their religious literature for free? Well, our request to the Shiromani Committee is that a proper remedy for this is that the Shiromani Committee should define a definition of what is sacrilege and what is not sacrilegious, so that every small incident or thing is learned to be associated with disrespect and respect. The light cannot be stopped from spreading.

ITNA SACH BOL KE HITHOn KA TABBUSUM NAA BUJHEY

*ROSHNI KHATAM NAA KAR AAGEY ANDHERAA HOGA*

Speak so truthfully thet the smile on your lips stay remain,Do not end the light, there will be darkness ahead.) (Nida Fazli)

*Tabsum-smile.*

**-1044, Guru Nanak Street, Samrala Road, Khanna**

# ਪੰਜਾਬ ਦੀਵਾਲੀਉ ਪਹਿਲਾਂ ਦਵਾਲਾ ਤੱਤੇ ਤੱਤੇ ਖਾਊ ਪਰੌਂਠੇ ਕੜਾਹ ਮਗਰੋਂ ਲੱਭੂਆਂ ਨੇ ਤੂੰ ਪਟਤੀ ਤੋਰ ਨੇ ਪਟਵਾਰੀ ਗਿਆਨੀ ਹਰਪ੍ਰੀਤ ਸਿੰਘ ਦਾ ਅੱਜ-ਤੀਫਾ, ਅਸਤੀਫਾ ਨਾ ਪੁੰਨ ਨੂੰ ਨਾ ਦਾਨ ਨੂੰ ਖੱਲ ਬਚਾਉਣ ਨੂੰ

ਲੇਖਿਕਾ
ਬਲਵਿੰਦਰ ਕੌਰ
ਚਾਹਲ (ਸਾਊਥਾਲ)



ਭਾਅ ਦੀ ਤਪਾਦੀ ਤੇ ਮਤਾਬੀ ਲੇਖਕ ਪੱਤਰਕਾਰ, ਅਖ਼ਬਾਰ ਉਹੀ ਹਰਮਨ ਪਿਆਰਾ ਜੋ ਸੱਚ ਦਿਖਾਵੇ ਨਾ ਕਿ ਤਾਇਆ ਭੀ ਝੂਠਾ ਭੂਆ ਭੀ ਸੱਚੀ, ਪਾਠਕ ਛਾਤੀ ਮਾਰ ਲੈਣ, ਮੈਂ ਲੰਮੇ ਸਮੇਂ ਤੋਂ ਲਿਖਦੀ ਹਾਂ ਇਹ ਵਾਰਤਾ। ਪਿਛਲਾ ਅੰਕ ਦੇਖੋ ਸੁਣੋ ਜੀ ਸਾਰੰਗੀ ਦੀਆਂ ਸੁਰਾਂ ਵਿਆਹ ਜੋਗੇ ਦੇ ਅੜਾਟ ਭੋਗੇ ਦੇ ਨਾ ਪਾਉ:- ਵਿਰਸਾ ਸਿਘ ਵਲਟੋਹਾ ਪ੍ਰੋਫੈਸਰ, ਲਹਿਰੀ, ਫੈਡਰੇਸ਼ਨ ਵਿੱਚੋਂ ਦਾਅ ਪੇਚ 6 ਸਾਲ ਜੇਲ੍ਹ ਕੱਟੀ, ਸ਼੍ਰੋਮਣੀ ਅਕਾਲੀ ਦਲ ਵਿੱਚ ਦਾਖਲਾ, ਅਜੋਕੀ ਸਥਿਤੀ ਨੂੰ ਭਾਂਪ ਕੇ ਚਲੋ ਜਥੇਦਾਰ ਨੂੰ ਮਿਲਣ ਜਾ ਕੇ ਸੁਝਾਅ ਦੇ ਦਿੱਤਾ ਕਿ ਤੁਸੀਂ ਵਿਰੋਧੀਆਂ ਦੇ ਡਰੋਂ ਸੁਖਬੀਰ ਬਾਦਲ ਨੂੰ ਬਗੈਰ ਸਬੂਤੋਂ ਨਾ ਸਜ਼ਾ ਦੇਵੋ, ਲਿਖਦੀ ਜਾਵਾਂ ਕਿ ਇਸ ਗੁਨਾਗਾਰ ਅੱਖਰ ਵਾਲੀ ਵਾਰਤਾ ਜੋ ਜਥੇਦਾਰ ਨੇ ਪੜ੍ਹੀ ਲਿਖੀ ਗਿਆਨੀ ਹਰਿਪ੍ਰੀਤ ਸਿੰਘ ਦੀ ਸੀ ਪੰਜਾਂ ਦਾ ਫੈਸਲਾ ਨਹੀਂ ਹੁਣ ਸਿੱਧ ਹੋ ਗਿਆ ਇਹ ਆਪਣੀ ਕਿੜ ਅਤੇ ਸਿਆਸਤ ਨੂੰ ਰੋਸ਼ਨ ਕਰਨ ਲਈ ਨਾਲੇ ਗਿਆਨੀ ਰਘਬੀਰ ਸਿੰਘ ਭੀ ਧੜੇ ਚੜ੍ਹਿਆ ਲੋਕਪ੍ਰੀਅ ਬਨਣ ਲਈ, ਵਿਰੋਧੀਆਂ, ਵਿਦੇਸ਼ੀਆਂ ਤੋਂ ਪ੍ਰੇਸੇ ਲਈ ਸਭ ਕੁਝ ਕਰ ਰਿਹਾ ਸੀ, ਅਕਲਮੰਦ ਹੁੰਦਾ ਤਾਂ ਵਿਦੇਸ਼ੀ ਫੇਰੀਆਂ 'ਤੇ ਵਿਰੋਧ ਭਾਂਪ ਲੈਂਦਾ ਪਰ ਘਨੇੜੇ ਚੜਨਾ ਸੌਖਾ, ਪਰ ਫੇਰ ਡਿੱਗਣਾ ਮੂੰਹ ਲਮਕਾਉਂਦਾ ਜਥੇਦਾਰ ਨੇ ਵਲਟੋਹੇ ਦੀ ਸਲਾਹ ਨੂੰ ਭੱਲ ਲਈ ਬੜ੍ਹਕ ਮਾਰੀ ਜੀ ਮੈਨੂੰ ਧਮਕੀ ਦਿੱਤੀ ਕਿ ਜੇ ਸੁਖਬੀਰ ਵਿਰੁੱਧ ਇਕ ਪਾਸੜ ਫੈਸਲਾ ਲਿਆ ਤਾਂ ਸਿੱਖਾਂ ਵਿੱਚ ਲਾਂਬੂ ਲੱਗੂ (ਜੋ ਸੱਚ ਹੈ) ਪਰ ਸਲਾਹ ਕੋਈ ਮਾੜੀ ਨਹੀਂ ਸੀ, ਜਥੇਦਾਰੀ ਹੰਕਾਰ, ਬੱਸ ਵਲਟੋਹਾ ਜੇਕਰ ਤਾਂ ਦੁਆਬੇ ਦਾ ਜੱਟ ਹੁੰਦਾ ਤਾਂ ਸੋਚ ਸਮਝ ਤੇ ਸੁਘੜਤਾ ਵਰਤਦਾ ਪਰ ਮਾਝੇ ਦਾ ਜੱਟ ਭਾਵੇਂ ਥੋੜ੍ਹਾ ਡਾਰਾ ਨਹੀਂ ਕੇਵਲ ਛਿਟੀ ਹੀ ਚੱਕੀ ਕਹਿੰਦਾ ਆ ਜੋ ਫੇਰ ਇਹ ਗ੍ਰੰਥੀ ਕਿੰਨੀ ਚਾਨਕੀਆ ਗੁੜ੍ਹਤੀ ਲਈ ਫਿਰਦੇ ਨੇ ਸ਼ਤਰੰਜ ਦੀ ਖੇਡ, ਇਹ ਭੀ ਭੁੱਲੋ ਨਾ ਮੈਂ ਗਿਆਨੀ ਹਰਿਪ੍ਰੀਤ ਸਿੰਘ ਦੀ ਯੂ. ਕੇ. ਫੇਰੀ ਬੁੱਤ ਉਦਘਾਟਣ ਤੇ ਨਾਲ ਗੁਰਬਾਣੀ ਗਲਤ ਵਿਸ਼ੇ 'ਤੇ ਪਾਸਾ ਵੱਟ ਲਿਖਿਆ ਸੀ ਹੋਰ ਭੀ ਬਹੁਤਿਆਂ ਨੇ ਇਤਰਾਜ਼ ਕੀਤਾ ਸੀ ਪਰ ਪ੍ਰਬੰਧਕ ਭੀ ਕੌਂਸਲ ਕਰਕੇ ਗੁਰੂ ਘਰ ਦੀ ਗੋਲਕ ਦਬਾਰੇ ਚੜ੍ਹੇ ਸਨ ਬੱਸ ਉਸ ਮਗਰੋਂ ਗਿਆਨੀ ਤਾਂ ਚੜ੍ਹ ਗਿਆ ਛੱਤਣੀ ਸਾਰਾ ਵੇਰਵਾ ਤਾਂ ਹੁਣ ਨਸ਼ਰ ਹੋ ਗਿਆ ਹੈ ਇਹ ਕੁਰਸੀ ਖੁੱਸਣ ਤੇ ਸਿਆਸਤ ਦੀ ਪੌੜ੍ਹੀ ਚੜਨ ਦੀ ਤਿਆਰੀ ਵਿੱਚ ਦੇਖੋ ਕਿਵੇਂ ਅਕਾਲੀ ਸੰਕਟ ਵੇਲੇ ਕਹਿੰਦਾ ਕਿ ਅਕਾਲੀ ਦਲ ਦੀ ਪ੍ਰਧਾਨਗੀ ਲਈ ਸੋਚਿਆ ਜਾ ਸਕਦਾ, ਬੜੇ ਰੰਗ ਦਿਖਾਏ, ਫੇਰ ਦੂਜਾ ਗ੍ਰੰਥੀ ਰਘਬੀਰ ਸਿੰਘ ਬਠਾ ਤਾ ਤਖ਼ਤ 'ਤੇ, ਉਹ ਚਾਰ ਵਾਰੀ ਹਰ ਹਫ਼ਤੇ ਵਿਦੇਸ਼ੀ (ਇੰਗਲੈਂਡ) ਨਿੱਜੀ ਸਮਾਗਮ 'ਤੇ ਜਾਤ ਬਰਾਦਰੀ ਦੇ ਸੱਦੇ ਕੁਝ ਸਿੰਘ ਨਿਸ਼ਾਨ ਸਾਹਿਬ ਰੰਗ ਬਦਲਣ 'ਤੇ ਤਾਂ ਆਖ ਖਹਿੜਾ ਛਡਾ ਮੇਰਾ ਨੀ ਸ਼੍ਰੋਮਣੀ ਕਮੇਟੀ ਦਾ ਫੈਸਲਾ ਉਥੇ ਜਾ ਕੇ ਮੁੱਕਰ ਗਿਆ ਵਿਰੋਧਤਾ ਹੋਈ ਫੇਰ ਨਹੀਂ ਆਇਆ, ਇਹ ਧੂਣੀ ਤਾਂ ਅੰਦਰ ਤਪਦੀ ਹੀ ਸੀ ਪਰ ਇਹ ਵਿਰੋਧੀਆਂ ਦੀ ਹਮਾਇਤ 'ਤੇ ਚਾਂਬੜਦੇ ਸਨ ਤਾਂ ਹੀ ਤਾਂ ਕੇਵਲ ਸੁਖਬੀਰ ਸਿੰਘ ਬਾਦਲ ਹੀ ਦੋਸ਼ੀ ਹੋਰ ਕਿਸੇ ਭੀ ਸਿੱਖ ਯਾਨੀ ਸਿਆਸੀ ਆਗੂ ਦੂਜੀਆਂ ਦੇ ਪਾਰਟੀਆਂ ਦੇ ਭਾਵੇਂ ਉਹ ਭੀ ਸਿੱਖ ਹਨ ਕੋਈ ਤੌਖਲਾ ਨੀ ਕਿਉਂਕਿ ਵਿਰੋਧੀ ਬੈਟਰੀ ਚੌਵੀ ਘੰਟੇ ਚੱਲਦੀ ਹੈ ਕੀ ਅਧਿਕਾਰ ਹੈ ਕਿ ਫੈਸਲਾ ਦੇਣ ਕਿ 10 ਸਾਲ ਲਈ ਇਨ੍ਹੂੰ ਸ਼੍ਰੋਮਣੀ ਅਕਾਲੀ ਦਲ ਵਿੱਚੋਂ ਕੱਢੋ ਇਹ ਪਾਰਟੀ, ਕਮੇਟੀ ਤੇ ਮੈਂਬਰਾਂ ਦਾ ਮਾਮਲਾ ਹੈ। ਜਥੇਦਾਰਾਂ ਦੀ ਨੁਕਤਾਚੀਨੀ, ਅਲੋਚਨਾ ਕੋਈ ਧਾਰਮਿਕ ਅਵੱਗਿਆ ਹੈ ਆਹ ਯੂ.ਕੇ. ਬੜੇ ਕਰ ਰਹੇ ਹਨ ਮੈਂ ਭੀ ਅੱਗ ਬਗੋਲਾ ਹੋ ਕੇ ਆਪਣੇ ਵੱਲੋਂ ਚੁੱਪ ਕਰਾਉਣ ਦਾ ਯਤਨ ਕੀਤਾ, ਪਰ ਵਲਟੋਹੇ ਨੇ ਲੈ ਪ੍ਰਾਉਣਿਆ ਫੁਲਕਾ ਕਹਿਕੇ ਸ਼ਰੀਕ ਦੀ ਲਾਹੀ, ਹੁਣ ਉਹ ਹੋਲੀ ਹੋਲੀ ਜੀ ਮੁਆਫ ਕਰੋ ਪਰ ਆਹ ਜੋ ਤੱਥ ਹਨ ਨਸ਼ਰ ਕਰ ਦਿਉ ਇਹ ਅੱਗ ਹੁਣ ਬੁਝਣੀ ਨੀ, ਜਥੇਦਾਰ ਨਿਭਾਵੇ ਦੋਸਤੀ ਦੇਵੇ ਮਗਰੋਂ ਅਸਤੀਫਾ, ਮਗਰੋਂ ਲਹਿਣ। ਸਪੱਸ਼ਟ ਕਰਾਂ ਮੇਰੀਆਂ ਲਿਖਤਾਂ, ਦਲੀਲਾਂ, ਸਲਾਹਾਂ ਤੇ ਵਿਚਾਰਾਂ ਕਰਕੇ ਮੈਂ ਬਿਲਕੁੱਲ ਵਲਟੋਹਾ ਸਾਹਬ ਨਾਲ ਖੜ੍ਹੀ ਹਾਂ, ਹੋਰ ਪੁੱਛਿਆ ਤੇ ਪਸ਼ੀਨਗੋਈ:- ਵਿਦੇਸ਼ੀ ਦੌਰਿਆਂ ਦਾ ਹਿਸਾਬ, ਇੰਗਲੈਂਡ ਵਿੱਚ ਭੀ ਮਾਇਆ ਕਿਥੋਂ ਆ ਰਹੀ ਹੈ ਕੋਈ ਏਜੰਸੀ ਟੱਕਰੂ ਇਹ ਜੋ ਧਰਮ ਨੂੰ ਵਰਤ ਰਹੇ ਨੇ ਸਰਾਫ ਲੱਗੂ ਉੱਚ ਪੱਧਰੀ ਜਾਂਚ ਹੋਵੇ ਤਾਂ ਇਹ ਕੁਰੱਪਸ਼ਨ ਜਾਹਰ ਹੋਊ, ਹਾਲੇ ਤਾਂ ਇਹ ਪੰਜਾਬ ਨੂੰ ਹੀ ਅਧੋਗਤੀ ਵਿੱਚ ਪਾ ਰਹੇ ਨੇ, ਵਪਾਰੀ ਤਬਕਾ ਅੜਿੰਗ ਹੋਣਾ ਈ ਏ, ਸੌ ਦਿਨ ਸਾਧ ਦਾ ਇਕ ਚੋਰ ਦਾ ਮੇਰਾ ਅਗੋਂ ਸੁਝਾਅ, ਅਕਾਲ ਤਖ਼ਤ ਦਾ ਇਹ ਜਥੇਦਾਰੀ ਢਾਂਚਾ ਬਹੁਤਾ ਪੁਰਾਣਾ ਹੋ ਗਿਆ ਉਸ ਸਮੇਂ ਬੀਰ ਤੇ ਗ੍ਰੰਥੀ ਘੱਟ ਸਨ ਤੇ ਸਿਆਸਤ ਭੀ ਇਸ 'ਤੇ ਹੀ ਨਿਰਭਰ ਸੀ, ਹੁਣ ਗ੍ਰੰਥੀ ਧਰਮ ਕਰਮ ਕਰਨ, ਸੁਪਰੀਮ ਅਦਾਲਤ ਦਾ ਵਿਧੀ ਵਿਧਾਨ ਬਣਾਉ ਪੜ੍ਹੇ ਲਿਖੇ ਤਜ਼ਰਬੇਕਾਰ ਪ੍ਰਣਾਲੀ ਨਾਲ ਉਸ ਅਦਾਲਤ ਦੇ ਮੈਂਬਰ ਹੋਣ, ਜਵਾਬ ਦੇਹ ਹੋਣ ਸ਼੍ਰੋਮਣੀ ਕਮੇਟੀ ਚੁਣੀ ਜਮਾਤ ਹੈ, ਇਹਦੀ ਦੇਖ ਰੇਖ ਹੇਠ ਚੱਲੇ, ਕੇਂਦਰ ਦਾ ਭਲਾ ਸਿੱਖ ਅਦਾਲਤ ਨਾਲ ਕੀ ਵਾਸਤਾ, ਕਿਉਂ ਇਹ ਫੇਰ ਜਥੇਦਾਰ ਬਿਆਨ ਦੇ ਦੇ ਕੇ ਮੰਤਰਾਲਿਆਂ ਨੂੰ ਮਿਲੇ ਜਾਂਚ ਕਰਵਾਉ ਤੇ ਸਜ਼ਾ ਦੇਵੋ ਸ਼੍ਰੋਮਣੀ ਕਮੇਟੀ ਦੋਨੋਂ ਜਥੇਦਾਰ ਕਟਿਹਰੇ ਵਿੱਚ ਹੋਣ ਧੋਵੋ ਸਾਬਣ ਨਾਲ ਇਨ੍ਹਾਂ ਨੇ ਤਾਂ ਪੰਜਾਬ ਵਿੱਚ ਧੂ ਮਚਾ ਧਰੀ ਧਰਮ ਦੀ ਤਾਂ ਪ੍ਰਥਾ ਹੀ ਨਹੀਂ, ਲੱਲੂ ਪੰਜੂ ਉਠ ਕੇ ਜੀ ਜਥੇਦਾਰ ਆਹ ਕਰਨ ਕੀ ਇਨ੍ਹਾਂ ਹੁਕਮ ਦਿੱਤਾ ਕਿ ਵਿਰੋਧੀਆਂ ਦਾ ਹੱਕ ਨੀ ਬਣਦਾ ਤੁਸੀਂ ਆਪਣੀ ਸੰਸਥਾ ਵਿੱਚ ਕੰਮ ਕਰੋ, ਚੰਦੂਮਾਜਰਾ ਭਾਜਪਾ ਦਾ ਪ੍ਰਚਾਰ ਕਰਨ ਗਿਆ ਪਰ ਵਡਾਲਾ ਸਾਹਬ ਚੁੱਪ, ਸਭ ਵਿਰੋਧੀ ਸੰਲਾਘਾ ਕਾਰੀ ਹਾਲੇ ਧਰਮ ਹੈ।

ਮਨਜੀਤ ਸਿੰਘ ਭਰਾ ਅਮਰੀਕ ਸਿੰਘ ਪੁੱਤਰ ਸੰਤ ਕਰਤਾਰ ਸਿੰਘ: ਜੀ ਸ਼ਹੀਦਾਂ ਦਾ ਪਰਿਵਾਰ, ਅਮਰੀਕ ਪਰਿਵਾਰ ਬਣ ਗਿਆ, ਉਹਦਾ ਆਪਣਾ ਅੱਡ ਪਰਿਵਾਰ ਹੈ ਸੰਤ ਕਰਤਾਰ ਸਿੰਘ ਟਕਸਾਲ ਦਾ ਮੁਖੀ ਸੀ ਨਾ ਕਿ ਸ਼ਹੀਦ ਮਨਜੀਤ ਸਿੰਘ ਨੇ ਅਪਣਾ ਪੁੱਤਰ ਕੰਵਰ ਚੜ੍ਹਤ ਸਿੰਘ ਸ਼੍ਰੋਮਣੀ ਕਮੇਟੀ ਤੋਂ ਦਿਵਾ ਕੇ ਫੈਡਰੇਸ਼ਨ ਦਾ ਪ੍ਰਧਾਨ ਲਾਤਾ ਹਾਲੇ ਭੁੜਕਦੇ ਨੇ ਖਾ ਪੀ ਕੇ ਹਾਜਮੇ ਨੂੰ ਦਿੱਲੀ ਵਾਲਾ ਕਾਲਕਾ, ਮਨਜਿੰਦਰ ਭਾਜਪਾ ਖੇਮੇ ਪਰ ਪੰਜਾਬ ਦੇ ਬਾਲੀ ਵਾਰਸ ਸੋਚਣ ਕਿ ਇਹ ਦਿੱਲੀ ਨੂੰ ਮਾਈ ਮੰਨਣ ਭਗਵੰਤ ਮਾਨ ਭੀ ਹੁਣ ਕਰਨੀ ਭਰਦਾ ਹੈ, ਬਾਕੀ ਭੀ ਭਰਨਗੇ ਮੱਕਾਰੀ ਭਲੀ ਨੀ ਹੁੰਦੀ, ਫਲਦੀ ਹੈ ਪਰ ਸਭ ਸੁੰਭਰ ਦਿੰਦੀ ਹੈ ਮਗਰੋਂ ਇਤਿਹਾਸ ਫਰੋਲ ਲਵੋ ਸਭ ਦੇਸ਼ਾਂ ਦਾ ਹੱਕ ਹਲਾਲ ਦੀ ਕਮਾਈ ਵਿੱਚ ਬਰਕਤ ਹੈ, ਲਿਖ ਰਹੀ ਨੂੰ ਇਕ ਭਰਾ ਦਾ ਟੈਲੀਫੂਨ ਆਇਆ ਕਹਿੰਦਾ ਜੋ ਕੁਝ ਵਲਟੋਹਾ ਨੇ ਕਿਹਾ ਕੁਝ ਨਵਾਂ ਨਹੀਂ ਸਭ ਲੋਕਾਂ ਨੂੰ ਪਤਾ ਹੀ ਹੈ ਬਹੁਤਿਆਂ ਨੇ ਇਥੇ ਬੋਲਿਆ ਭੀ ਹੈ ਨਾਲ ਹੀ ਇਹ ਜੋ ਚੈਨਲਾਂ 'ਤੇ ਬੋਲਦੇ ਨੇ ਆਪਣਾ ਕਪੱਤਪੁਣਾ ਦਿਖਾ ਲੈਂਦੇ ਨੇ ਪਰ ਆਮ ਲੋਕੀ ਇਹਨਾ ਨੂੰ ਦੁਰਪਰ੍ਹਾਂ ਹੀ ਸਮਝਦੇ ਨੇ ਹੋਰ ਭੀ ਪਹਿਲੂ ਹੈ ਕਿ ਵਿਦੇਸ਼ਾਂ ਵਿੱਚ ਅਕਾਲੀ ਦਲ ਤੇ ਵਲਟੋਹੇ ਦੇ ਸਮਰਥੱਕ ਭੀ ਹਨ ਭਾਵੇਂ ਚੁੱਪ ਨੇ ਸੋ ਜਥੇਦਾਰਾਂ ਦੀ ਕੋਈ ਕੋਈ ਮਾਣਮੱਤੀ ਪੁੱਛ ਨਹੀਂ, ਅਕਾਲ ਤਖ਼ਤ ਨੂੰ ਮੰਨਣਾ ਅੱਡ ਹੈ ਇਨ੍ਹਾਂ ਉਥੇ ਤਨਖਾਹਕਾਰਾਂ ਨੂੰ ਮੰਨਣਾ ਵੱਖ ਲੋਕੀ ਤਾਂ ਗੁੱਸਾ ਸ਼੍ਰੋਮਣੀ ਕਮੇਟੀ 'ਤੇ ਹੀ ਕੱਢਦੇ ਨੇ ਪਰ ਇਹ ਗ੍ਰੰਥੀ ਲੋਕ ਕਿਸੇ ਦੇ ਮਿੱਤ ਨੀ, ਇਨ੍ਹਾਂ ਨੂੰ ਪਤਾ ਹੁੰਦਾ ਕਿ ਪਤਾ ਨੀ ਕਿੰਨੀ ਦੇਰ ਹਾਂ, ਲਾ ਲਈਏ ਝੁੱਟੀਆਂ, ਲੱਗਦਾ ਹੁਣ ਜਾਂਚਾਂ ਹੋਣ ਲੱਗ ਜਾਣੀਆਂ ਨੇ ਖੁੱਦੋ ਉਧੜੂਗੀ।

ਪੜ੍ਹ ਗਏ ਕਿ ਹੜ ਗਏ, ਕਦੇ ਇਹ ਗੱਲ ਵਡਿਆਂ ਤੋਂ ਸੁਣੀਦੀ ਸੀ ਯਾਨੀ ਜਦੋਂ ਪੜ੍ਹੇ ਲਿਖੇ ਜਬ੍ਹਲ ਮਾਰਨ ਤਾਂ ਹੜ੍ਹ ਗੇ ਕਹਿੰਦੇ ਸੀ, ਹੁਣ ਲੱਗਦਾ ਆਹ ਪ੍ਰੋਫੈਸਰ ਚਾਰ ਕੁ ਤਾਂ ਪਤਾ ਨੀ ਕਾਹਦੇ ਨੇ ਕੀ ਸਰਕਾਰੂ ਨੌਕਰੀ ਪ੍ਰਾਈਵੇਟ ਜਾਂ ਫੇਰ ਹੁਣ ਰਿਟਾਇਰ ਇਨ੍ਹਾਂ ਨੇ ਸਮਾਜ ਨੂੰ ਗਿਆਨ ਤੇ ਜਾਗ੍ਰਿਤੀ ਦੇਣੀ ਹੁੰਦੀ ਹੈ ਪਰ ਲੱਗਦਾ ਇਹ ਤਾਂ ਤਮਾਸ਼ੇ ਦੇਖ ਰਹੇ ਹਨ ਹਰ ਵਾਰੀ ਪਰਚੇ ਵਿੱਚ ਇਨ੍ਹਾਂ ਦਾ ਇਕ ਪਾਸੜ ਲੇਖ ਹੀ ਪੜ੍ਹਦੀ ਹਾਂ ਕੀ ਇਹ ਸੋਸ਼ਲ ਮੀਡੀਏ ਦੇ ਧਾਰਨੀ ਹਨ ਜਾਂ ਲੇਖਕ, ਇਸ ਹਫ਼ਤੇ ਸਿੱਖ ਸਫਾ ਵਿੱਚ ਇਕ ਹੱਲਚੱਲ ਮਚੀ ਜੋ ਕਿ ਮੇਰੇ ਪੜਤਾਲੀ ਸੂਤਰਾਂ ਤੋਂ (ਭਾਵੇਂ ਮਘਦੀ ਤਾਂ ਕਦੋਂ ਦੀ ਸੀ) ਕਿ ਇਹ ਜਥੇਦਾਰ ਜੋ ਕਿ ਉੱਚ ਅਹੁਦੇ 'ਤੇ ਫੇਰ ਗਿਆਨੀ ਫੇਰ ਪਾਠੀ, ਗ੍ਰੰਥੀ, ਕੀ ਧਰਮ ਦਾ ਮਨਾਂ 'ਤੇ ਅਸਰ ਹੈ ਜਾਂ ਨਹੀਂ, ਸਿੰਘ ਸਾਹਿਬ ਅਖਵਾਉਣਾ ਤੇ ਆਪਣੇ ਪ੍ਰਤੀਕਰਮ ਦਾ ਕੀ ਅਸਰ ਪਊ ਸਾਰੇ ਭਾਈਚਾਰੇ 'ਤੇ ਇਹਦਾ ਧਿਆਨ ਨਾ ਰੱਖਣਾ ਕੀ ਰੁਤਵੇ ਨੂੰ ਸ਼ੋਭਧਾ ਹੈ ਅਤੇ ਆਹ ਜੋ ਮੁੱਠੀ ਭਰ ਸਿਆਸੀ ਤੇ ਮੌਕਾ ਤਾੜ ਲੋਕ ਸ਼ਾਬਾਸ਼ੇ ਦੇ ਰਹੇ ਨੇ ਕੋਈ ਸੇਵਾ ਹੈ ਜਾਂ ਕੁਸੇਵਾ, ਮੰਨ ਲਉ ਵਿਰਸਾ ਸਿੰਘ ਵਲਟੋਹਾ ਕਸੂਰਵਾਰ ਸੀ ਕਿ ਉਹਨੇ ਸਲਾਹ ਕਿਉਂ ਦਿੱਤੀ ਜਾਂ ਰਿਕਾਰਡਿੰਗ ਕਿਉਂ ਕੀਤੀ ਤਾਂ ਇਹ ਕੋਈ ਅਪਰਾਧੀ ਮਸਲਾ ਨਹੀਂ ਸੀ ਨਸ਼ਰ ਕਰਨਾ, ਫੇਰ ਤਲਬ ਕਰਨਾ, ਤਰਥੱਲੀ ਮਚਾਉਣੀ ਜਥੇਦਾਰੀ ਹੈ ਤੇ ਆਹ ਹੋਕੇ ਦੇਣੇ ਪੰਥਕ? ਅਫਸੋਸ ਕਿ ਇਹ ਲੋਕ ਪੜਦੇ ਨਹੀਂ ਕੇਵਲ ਲਿਖ ਕੇ ਲੁੱਤੀ ਲਾ ਕੇ ਉੱਚੇ ਸੁੱਚੇ ਬਣਦੇ ਨੇ, ਪਰਚਾ ਤਾਂ ਲੱਗਦਾ ਪੜਦੇ ਹੀ ਨਹੀਂ, ਸੋਸ਼ਲ ਮੀਡੀਆ ਇਨ੍ਹਾਂ ਦਾ ਗੁਰੂ, ਹੁਣ ਮੈਂ ਲਿਖਣਾ ਚਾਹੁੰਦੀ ਹਾਂ ਕਿ ਜਥੇਦਾਰਾਂ ਨੂੰ ਨੁਕਤਾਚੀਨੀ ਤੇ ਆਹ ਕਾਂਗਰਸੀ ਭੁੜਕੇ ਜੀ ਅਨਰਥ ਹੈ ਪਹਿਲੀ ਵਾਰ ਹੈ ਪੜ੍ਹੋ ਜੀ, ਗਿਆਨੀ ਗੁਰ-ਬਚਨ ਸਿੰਘ ਜਥੇਦਾਰ ਸਮੇਤ ਦੂਜੇ ਭੀ, ਵਿਦਾਂਤੀ ਨੂੰ ਲਾਹੇ ਤੇ ਬਣੇ ਤਾਂ ਸਿੰਘ ਸਭਾ ਸਾਊਥਾਲ (ਪਾਰਕ ਐਵੇਨੀਯੂ) ਉਹ ਜਲੀਲ ਕੀਤੇ (ਜਸਵੰਤ ਸਿੰਘ ਠੇਕਦਾਰ ਅਤੇ ਬੀਬੀ ਸਰਬਜੀਤ ਕੌਰ ਕੇਸਕੀ ਵਾਲੀ) ਤਸਦੀਕ ਕਰ ਲਵੋ, ਮੈਂ ਥੋੜ੍ਹਾ ਵਰਜਿਆ ਭੀ, ਹੋਰ ਸੁਣੋ ਵਿਦਾਂਤੀ ਨੇ ਇਹ ਸਲਾਹ ਦਿੱਤੀ ਸੀ, ਹੰਸਲੋ ਨਿਸ਼ਕਾਮੀਆਂ ਦੇ ਬੈਠੇ ਨੇ ਕੀ ਗਜ਼ਬ ਆ ਗਿਆ ਜੇਕਰ ਹੁਣ ਜਥੇਦਾਰਾਂ ਨੂੰ ਕੁਝ ਸਵਾਲ ਕਰ ਲਏ ਗਏ, ਬੁਖਲਾਹਟ ਜੀ ਸਾਡੇ ਪਰਿਵਾਰਾਂ 'ਤੇ ਸਵਾਲ, ਹਾਂ ਅਸ਼ਲੀਲ ਭਾਸ਼ਾ, ਧੀਆਂ ਭੈਣਾਂ ਨੂੰ ਮੰਦਾ ਚੰਗਾ ਬੋਲਣਾ ਨਿੰਦਣਯੋਗ ਹੈ ਪਰ ਕੀ ਇਹ ਸਬੂਤ ਹੈ ਕਿ ਇਹ ਅਕਾਲੀ ਦਲ ਜਾਂ ਵਲਟੋਹਾ, ਸੁਖਬੀਰ ਬਾਦਲ ਦਾ ਕੰਮ ਹੈ ਜਾਣ ਬੁੱਝ ਕੇ ਜਥੇਦਾਰ ਇਲਜਾਮ ਲਾ ਰਹੇ ਹਨ ਆਪਣੀ ਔਕਾਤ ਦਿਖਾ ਕੇ ਆਪਣੀ ਯੋਗਤਾ ਦੱਸ ਰਹੇ ਹਨ ਆਹ ਵਿਰੋਧੀਆਂ ਦੇ ਧੜੇ ਚੜ੍ਹ ਕੇ ਇਸ ਝੁਰਮਟ ਦਾ ਲਾਹਾ ਪੰਥ ਵਿਰੋਧੀਆਂ ਨੂੰ ਇਹ ਹੈ ਧਾਰਮਿਕਤਾ ਕਿਉਂ ਇਨ੍ਹਾਂ ਹੁਕਮ ਕੀਤਾ ਕਿ ਵਲਟੋਹੇ ਨੂੰ ਦੱਸ ਸਾਲ ਲਈ ਕੱਢੋ, ਹੁਣ ਕਹਿੰਦੇ ਸ਼ੇਕੋ ਪੁੱਛੋ ਮਹਾਰਥੀਆਂ ਤੋਂ ਕੋਈ ਧਰਮ ਦੀ ਅਵੱਗਿਆ ਕੀਤੀ ਹੈ, ਜਥੇਦਾਰਾਂ ਵਿਰੁੱਧ ਖੜਨਾ ਜੁਰਮ ਹੈ ਇਹ ਪ੍ਰੋਫੈਸਰ ਹਨ ਜਾਂ ਕਲਾਕਾਰ ਕੀ ਇਹ ਧਾਰਮਿਕ ਹਨ ਜਾਂ ਪੇਸ਼ਾਵਰ? ਸਾਬਤ ਕਰੋ ਜਥੇਦਾਰਾਂ ਨੇ ਕਿਸੇ ਕਾਂਗਰਸੀ ਕਤਲੇਆਮ ਬਾਰੇ ਜਬਾਨ ਭੀ ਖੋਲ੍ਹੀ ਹੋਵੇ ਤਲਬ ਤਾਂ ਦੂਰ ਦੀ ਗੱਲ ਹੈ। ਕੇਵਲ ਸੁਖਬੀਰ ਬਾਦਲ ਨੂੰ ਡੰਗੋ ਰਾਜਨੀਤੀ ਵਿੱਚ ਗਲਤ ਠੀਕ ਤਾਂ ਹਰ ਸਰਕਾਰ ਵਿੱਚ ਹਨ, ਬੱਸ ਅਕਾਲੀ ਕਰਕੇ ਭੰਡਨੇ ਨੇ, ਭੁੱਲੋ ਨਾ ਸਦਾ ਦਿਨ ਇਕ ਨੀ ਰਹਿੰਦੇ, ਇਕ ਪਹਿਲੂ ਜੋ ਆਹ ਰੌਲਾ ਪਾਊ ਮਹਿਕਮਾ ਪ੍ਰੋਫੈਸਰ, ਆਈ. ਏ. ਐਸ. ਅਫ਼ਸਰ ਗੁਰਤੇਜ ਸਿੰਘ ਅਤੇ ਹੋਰ ਹੀ ਹੁਣ ਸੌਦੇ ਵਾਲੇ ਦੇ ਡੇਰੇ, ਕਿਤੇ ਕਦੀ ਕਿਤੇ ਫੇਰੀਆਂ ਫੇਰ ਹੱਦੋਂ ਵੱਧ ਵਿਰੋਧ ਪ੍ਰੋ: ਸੜੇਹਾਂਦ ਸਿੰਘ ਕੀ ਇਹ ਨਹੀਂ ਜਾਣਦੇ ਕਿ ਤਨਖਾਹ ਦੇਣਾ (ਬੌਸ) ਭੀ ਕਈ ਅਧਿਕਾਰ ਰੱਖਦਾ ਹੈ (ਸ਼੍ਰੋਮਣੀ ਕਮੇਟੀ) ਜਥੇਦਾਰ ਪਦਵੀ ਮਾਣਦੇ ਹਨ ਪਰ ਮੁਫ਼ਤ ਸੇਵਾ?

ਇਸ ਸੰਦਰਭ ਵਿੱਚ ਮੈਂ ਕਾਨੂੰਨੀ ਪੱਖ ਹਾਲੇ ਨਹੀਂ (ਰਾਖਵਾਂ) ਲਾਗੂ ਹੋ ਸਕਦਾ ਹੈ ਜਥੇਦਾਰਾਂ 'ਤੇ ਅਸਤੀਫਾ ਦੇਣਾ ਹੱਕ ਹੈ ਨਿੱਜੀ ਤੇ ਮਨਜੂਰ ਜਾਂ ਨਾ ਮਨਜੂਰ ਸ਼੍ਰੋਮਣੀ ਕਮੇਟੀ ਦੀ ਮਰਜ਼ੀ, ਇਸ ਵੇਲੇ ਮੈਂ ਕੁਝ ਨਹੀਂ ਆਖੂੰਗੀ, ਆਪਣੀ ਸਲਾਹ ਦਲੀਲ ਰਾਖਵੀਂ ਠੀਕ ਹੈ ਜੇਕਰ ਜਥੇਦਾਰਾਂ ਆਹ ਅਡੰਬਰ ਭੀ ਪਹਿਲੀ ਵਾਰ ਰਚਿਆ ਤਾਂ ਦੂਜਾ ਕਾਰਜ ਭੀ ਪਹਿਲੀ ਵਾਰ ਹੀ ਹੋਊ ਚੁੱਕ ਦੇਣੇ ਲੱਭਣੇ ਨੀ ਕੁਝ ਅਕਲ ਤੋਂ ਕੰਮ ਲੈਣਾ ਬਣਦਾ ਸੀ ਜਥੇਦਾਰਾਂ ਸਿੱਖ ਜਗਤ ਵਿੱਚ ਤਣਾਅ ਪਾ ਕੇ

ਬਾਕੀ ਹਿਸਾ ਸਫਾ 42 'ਤੇ

41 ਸਫ਼ੇ ਦੀ ਬਾਕੀ

ਚੌਧਰੀ ਬਨਣਾ ਸਿਆਣਪ ਨਹੀਂ ਕੀ ਇਹ ਭੀ ਸੱਚ ਨਹੀਂ ਕਿ ਜਥੇਦਾਰਾਂ ਨੇ ਜਾਣ ਬੁੱਝ ਕੇ ਲਮਕਾਇਆ ਫੈਸਲਾ ਆਹ ਭਸੂੜੀ ਲਈ, ਹੁਣ ਜੇਕਰ ਉਹ ਲੋਕ ਸ਼ਿਕਾਇਤਾਂ ਕਰ ਸਕਦੇ ਹਨ ਅੱਗੋਂ ਆਉਣ ਵਾਲੇ ਸਮੇਂ ਹੋਰ ਪ੍ਰੋ: ਬੁੱਧੀਮਾਨ, ਸਾਡੇ ਵਰਗੇ ਨਹੀਂ ਕਰਨਗੇ ਫੇਰ ਵਾਹਣੀ ਪੈਣਗੇ ਇਹ ਸਭ ਭਾਵੇਂ ਕਿ ਸ਼੍ਰੋਮਣੀ ਅਕਾਲੀ ਦਲ ਦਾ ਤਾਂ ਨੁਕਸਾਨ ਕਰ ਦੇਣਗੇ ਪਰ ਫੇਰ ਵਾਰੀ ਦਾ ਵੱਟਾ, ਉਠ ਖੜ ਜੱਟਾ।

ਇਤਿਹਾਸਕਾਰ ਬਨਣਾ ਸੌਖਾ ਨੀ ਦੂਜਿਆਂ ਦੀਆਂ ਕਿਤਾਬਾਂ ਪੜ੍ਹਕੇ ਜੀ ਆਹ ਹੈ ਔਹ ਹੈ ਇਤਿਹਾਸ ਨਹੀਂ ਮੈਂ ਬੀਤੀਆਂ ਲਿਖਦੀ ਹਾਂ ਕਿਹੜੇ ਸਮੇਂ ਦੀਆਂ, ਬੇੜਾ ਗਰਕ ਕਰਤਾ ਆਹ ਜੋ ਦੇਸੀ ਘੁਤੂਆਂ 'ਤੇ ਬੈਠੇ, ਕੁਝ ਬੁਲਾਰੇ ਐਮੇ ਹੀ ਜੀ ਕਰਾੜ ਸਿੰਘ ਹਾਂ ਲੰਡਨ ਜੀ ਮੈਂ ਘਿਉ ਸਿੰਘ ਹਾਂ ਮੈਂ ਸਲੋਸ਼ਣ ਸਿੰਘ ਹਾਂ ਬੱਸ ਉਨੇ ਕੁ ਸਭ ਪਾਸੇ ਘੁੰਮਦੇ ਨੇ, ਦਲੀਲ ਤਾਂ ਕੋਈ ਹੈ ਨਹੀਂ ਬੱਸ ਇਕ ਚੈਨਲ 'ਤੇ ਤਾਂ ਦਿੱਲੀ ਕਾ, ਸ਼ਹਿਰੀ ਮੀਡੀਆ ਠਾਣੇਦਾਰ, ਪੱਤਰਕਾਰ ਸਭ ਯੂ:ਟੀਊਬਾਂ ਕਮਾਉਣੇ ਇਕੋ ਹੀ ਪਾਸਾ ਬਾਦਲ ਸਰਕਾਰ ਸੁਥਰਿਉ ਹੁਣ ਤਾਂ ਦੋ ਸਰਕਾਰਾਂ ਬਦਲ ਗਈਆਂ ਗੱਲ ਹੁਣ ਦੀ ਕਰੋ ਪਰ ਨਾ ਰੱਟਾ ਹੈ ਸਭ ਤੋਂ ਵੱਧ ਮਿਆ-ਦੀ ਤਾਪ ਰੱਬ ਦੇ ਤੂੰਬੇ ਨੂੰ ਦੂਜੇ ਨੰਬਰ 'ਤੇ ਲਫਟੈਣ, ਕਥਾਵਾਚਕ ਸਭ ਦੀ ਅਵਾਜ਼ ਕਈ ਵਿਹਲੇ ਤੇ ਕਈ ਜੋ ਦੂਜੇ ਚੈਨਲਾਂ ਤੋਂ ਟਾਹੇ ਗਏ ਇਸ ਸਾਧ ਦੀ ਭੂਰੀ 'ਤੇ ਕੱਠ, ਸ਼ਰਤ ਹੈ ਕਿ ਜੇ ਇਨ੍ਹਾਂ ਕਦੀ ਅਖ਼ਬਾਰ ਖਰੀਦਿਆ ਹੋਵੇ ਹਾਲਾਂਕਿ ਸਭ ਤੋਂ ਵੱਧ ਸ਼ਾਪ 'ਤੇ ਸ਼ਾਹਦੀ ਇਹਦੀ ਹੈ ਪਰ ਇਹ ਬੇਸਬਰੇ, ਬੇ-ਸੰਤੋਖੇ ਸਮਾਜ ਨੂੰ ਪਾੜਨ 'ਤੇ ਨੇ, ਕਦੀ ਪੜ੍ਹਨ ਤਾਂ ਮੱਤ ਭੀ ਦੂਜੇ ਪਾਸੇ ਸੋਂਦੇ ਪਰ ਹਾਂ ਅਖ਼ਬਾਰ ਵਿੱਚ ਭੀ ਉਹੀ ਲੇਖਕ ਨੇ ਜੋ ਗੁੰਮਰਾਹਕੁੰਨ ਨੇ ਉਸਾਰੂ ਸੁਝਾਅ, ਸੁਹਿਰਦ ਦਲੀਲਾਂ ਨਾਲ ਕੁਝ ਬਦਲਾਅ ਲਿਆਉਣ ਪੰਥ ਭੀ ਬਗਲੀ ਚੁੱਕ ਕੇ ਘੁੰਮਣ ਵਾਲੇ ਬਣੇ ਪਏ ਨੇ ਕੰਮ ਕਾਰ ਕਿਰਤ ਤਾਂ ਅਲੋਪ ਮੰਗ ਖਾਉ ਚੈਨਲਾਂ ਤੋਂ ਟ੍ਰੇਨਿੰਗ ਲੈ ਲਵੋ, ਮੁੱਦਾ ਜੀ ਔਨ-ਲਾਈਨ ਗੁਟਕਾ ਸੇਲ ਬੰਦ, ਕੀ ਹੱਟੀਆਂ 'ਤੇ ਠੀਕ ਹੈ, ਫੇਰ ਮੁਫ਼ਤ ਵੰਡੋ, ਵੇਚੋ ਹੀ ਕਿਉਂ ?

ਭੱਜੇ ਨੂੰ ਜਾਣ ਨੀ ਦੇਣਗੇ, ਮੇਰੇ ਡਾਡੇ ਵੀਰ ਭਰਾ ਜਥੇਦਾਰਾਂ ਨੂੰ ਇਹ ਭਾਜੀ ਪਉਣੀ ਨੀ ਸੀ ਚਾਹੀਦੀ ਕੀ ਜਥੇਦਾਰ ਰਘਬੀਰ ਸਿੰਘ ਹੁਣ ਧਮਕੀ ਨਹੀਂ ਦੇ ਰਹੇ ਕਿ ਜੇਕਰ ਅਸਤੀਫਾ ਮਨਜ਼ੂਰ ਕੀਤਾ ਤਾਂ ਅਸੀਂ ਸਾਰੇ ਅਸਤੀਫ਼ਾ ਦੇਵਾਂਗੇ, ਕੀ ਘੱਟਾ ਉਡੀਕਦੇ ਹੋ ਲੋੜ ਹੀ ਨਹੀਂ ਜਥੇਦਾਰਾਂ ਦੀ, ਅਕਾਲ ਤਖ਼ਤ ਤੋਂ ਹੁਕਮ ਤਾਂ ਗੁਰੂ ਗ੍ਰੰਥ ਤੋਂ ਵਾਕ ਲਉ ਬੱਸ ਹੁਕਮਨਾਮਾ ਇਹ ਵਾਧੂ ਦਾ ਲਾਣਾ ਸਿਰ 'ਤੇ ਬੈਠ ਗਲ੍ਹੀਆਂ ਕਰਦਾ ਹੈ। ਦੂਜੀ ਗੱਲ ਇੱਟ ਮਾਰ ਕੇ ਕੋਈ ਭੀ ਬਚਦਾ ਨੀ ਹੁੰਦਾ, ਗੁਨਾਹਗਾਰ ਦੇ ਮਾਅਨੇ ਪੁੱਛਣੇ ਨੇ, ਧਮਕੀ ਭੀ ਹੁਣ ਫਰੋਲਣੀ ਪਊ, ਐਧਰ ਭੀ ਸ਼ਾਹ ਪੀਣੇ ਨੀ ਬੈਠੇ ਜੱਟ ਸਿਆਣੇ ਹੋ ਗਏ ਧੀਰੇ ਰਹੋ ਵਾਹਣੀ ਪਾ ਕੇ ਹਟਣਗੇ, ਪੁਰਾਣੇ ਜਥੇਦਾਰ ਭੀ ਕੇਵਲ ਸਿੰਘ ਵਰਗੇ ਤਲਬ, ਲੰਮੀ ਜ਼ਬਾਨ ਲੱਗੀ ਹੈ, ਸਾਡੇ ਦੇਸ਼ ਦੀ ਪੁਲਸ ਦੀ ਮੁੱਢਲੀ ਜਾਂਚ ਜੋ ਇਤਲਾਹ ਦੇਵੇ ਉਹਤੋਂ ਪੜਤਾਲ ਯਾਨੀ ਜੇਕਰ ਸ਼ੱਕ ਹੈ ਤਾਂ ਘੇਰੋ ਗਿਆਨੀ ਜੀ ਕਹਿੰਦੇ ਵਲਟੋਹਾ ਤੇ ਹੋਰ ਅਕਾਲੀ ਲੀਡਰ ਜ਼ਿੰਮੇਵਾਰ ਸੁਖਦੇਵ ਸਿੰਘ ਫਗਵਾੜਾ ਕਹਿੰਦੇ ਨੇ ਉਸੇ ਨੰਬਰ ਤੋਂ ਪੋਸਟਾਂ, ਭਾਈ ਉਸ ਨੰਬਰ ਦੀ ਘੋਖ ਕਰੋ ਤੇ ਫੜੋ, ਫਗਵਾੜਾ ਨੂੰ ਜੋ ਕਿ ਬੜੇ ਅਡੰਬਰਾਂ ਦਾ ਮਾਹਰ ਹੈ ਤੇ ਗਿਆਨੀ ਹਰਿਪ੍ਰੀਤ ਸਿੰਘ ਕੇਸ ਕਰੇ ਕਿਉਂ ਛੱਡੋ ਮਾਨ-ਹਾਨੀ, ਕੀ ਹੁਣ ਧੀਆਂ ਦੀ ਆਪਤੀ ਧਮਕੀ ਮੈਂ ਕੰਮ ਨਹੀਂ ਕਰ ਸਕੂੰਗਾ, ਸਭ ਰਾਹ ਪੱਧਰਾ? ਐਡਾ ਡਰਾਮਾਂ ਤਾਂ ਫਿਲਮ ਵਾਲੇ ਭੀ ਨਹੀਂ ਕਰ ਸਕਦੇ ਜੋ ਇਨ੍ਹਾਂ ਜਥੇਦਾਰਾਂ ਨੇ ਕਰ ਦਿਖਾਇਆ।

ਸਿਆਸਤ ਭਾਮੇ ਘੁਮੇਟੇ ਖਾਵੇ ਪਰ ਮੇਰੇ ਵਿਚਾਰ ਡੋਲਦੇ ਨੀ ਸਬੂਤ ਕੋਲ ਹਨ ਤਾਂ ਗੁਰਜੀਤ ਸਿੰਘ ਔਜਲਾ ਐਮ.ਪੀ. ਹੈ ਭਗਵੰਤ ਨੂੰ ਕਹਿੰਦਾ ਪੰਜਾਬ ਸਰਕਾਰ ਵਲਟੋਹੇ 'ਤੇ ਕੇਸ ਕਰੇ ਕਾਹਦਾ ਕੇਸ? ਫੇਰ ਕੇਸ ਮਾਨਹਾਨੀ ਦਾ ਜਥੇਦਾਰ ਕਰੇ ਦੂਜੀ ਗੱਲ ਗਿਆਨੀ ਹਰਿਪ੍ਰੀਤ ਸਿੰਘ ਦੀ ਦੂਸ਼ਣ ਬਾਜ਼ੀ ਕਿ ਅਕਾਲੀ ਦਲ ਕਰ ਰਿਹਾ ਹੈ ਭਾਈ ਗ੍ਰੰਥੀ ਤਖ਼ਤਾਂ ਦੇ, ਜਥੇਦਾਰ ਸਾਰਾ ਸਮਾਂ ਹੀ ਗੁਰੂ ਗ੍ਰੰਥ ਦੀ ਤਾਬਿਆ ਵਿੱਚ ਰਹੋ ਤੇ ਸੋਚ ਇੰਨੀ ਨੀਮੀ ਕਿ ਕਿੜ ਲਈ ਆਹ ਵਿਰੋਧੀ ਇਕੱਠੇ ਕੀਤੇ, ਕੀ ਹਾਲੇ ਕਸਰ ਹੈ, ਇਹ ਸਿਆਸੀ ਲਹਿਰ ਸੀ, ਸ਼੍ਰੋਮਣੀ ਅਕਾਲੀ ਦਲ ਨੂੰ ਡੇਗਣ ਦੀ, ਬਾਦਲਾਂ ਦੇ ਸਭ ਵਿਰੋਧੀ, ਕਾਂਗਰਸੀ, ਆਪ, ਮਾਨ ਦਲ ਬਗਲੀਦਾਰ ਕਿਵੇਂ ਬਹੁੜੇ ਤੇ ਫਟਾ ਫੱਟ ਤਖ਼ਤੀਆਂ ਚੱਕ ਲਈਆਂ ਅਸਤੀਫਿਆਂ ਲਈ ਫੇਰ ਇਹ ਤਖ਼ਤਾਂ ਦੇ ਜਥੇਦਾਰ ਕਿਵੇਂ ਤੇ ਕਿੰਨੇ ਧਰਮ ਫਰਮਾਬਰਦਾਰ? ਇਹ ਤਾਂ ਸਗੋਂ ਮਾਰੂ ਤੇ ਨਾਲ ਚੇਲੇ, ਸ਼ਰਧਾਲੂ ਤੇ ਚੁੱਕਣ ਵਾਲੇ ਭੀ ਭਾਗੀ, ਰੱਬ ਦਾ ਤਖ਼ਤ ਉੱਚਾ ਹੈ ਆਊ ਹੁਕਮਨਾਮਾ ਕਦੇ ਆਹਲਾ ਨੀ ਜਾਣਾ ਭਰਨਗੇ ਦੇਖਿਉ, ਬੱਸ ਅਰਦਾਸ ਹੈ ਕਿ ਇਹੀ ਭਰਨ ਕੌਮ ਨਾ, ਭਾਈਚਾਰਾ ਨਾ, ਕਿਨਾਰੇ ਪੇ ਖੜ੍ਹੇ ਹੋ ਕਰ ਨਾ ਸੋਚੋ ਬਚ ਗਏ, ਕਭੀ ਲਹਿਰੋਂ ਕੋ ਜੋਸ਼ ਆਏ, ਕਿਨਾਰੇ ਟੂਟ ਜਾਤੇ ਹੈਂ, ਇਹ ਸਾਰੀ ਕਹਾਣੀ ਜਿਮਨੀ ਚੋਣਾਂ ਲਈ ਹੈ, ਅੱਗੇ ਭੀ ਕਿਸਾਨਾਂ ਨੇ ਕਾਂਗਰਸ ਜਤਾਈ ਹੁਣ ਇਹ ਗ੍ਰੰਥੀ ਪਾਠ ਕਰਨਗੇ ਆਪ ਦੇ ਦੋ ਜਾਤੀ-ਵਾਦੀ ਐਮ.ਐਲ.ਏ. ਭੀ ਆਏ ਜਥੇਦਾਰ ਦੇ ਬਾਡੀਗਾਰਡ ਬਨਣ, ਫੇਰ ਕਹਿੰਦੇ ਮੇਰੀ ਜਾਤ ਪੁੱਛੀ, ਗਿਆਨੀ ਰਘਬੀਰ ਸਿੰਘ ਦੀ ਯੋਗਤਾ ਕੋਈ ਵਧੀਆ ਔਹਦਾ ਦੇਵੇ ਕਾਂਗਰਸ, ਆਪ ਜਾਂ ਭਾਜਪਾ ਬੜਾ ਕੰਮ ਦਾ ਬੰਦਾ ਹੈ ਸੂਬਾ ਹਲਾ ਤਾ ਡੱਡਾਂ ਵਾਂਗੂ ਗੜੈਂ ਗੜੈਂ ਕਰਵਾ ਤੀ, ਪਰ ਭਵਿੱਖਤ ਕਿਥੇ? ਖੈਰ ਸਾਡੇ ਦੇਸ਼ ਦੇ ਟੋਰੀ ਕੌਂਸਲਰ ਦੀ ਪਤਨੀ ਨੇ ਭੜਕਾਊ ਪੋਸਟ ਕਰਕੇ 31 ਮਹੀਨੇ ਦੀ ਜੇਲ੍ਹ ਲਈ ਹੈ ਕੀ ਫੇਰ ਪੰਜਾਬ ਪੁਲਸ ਨੂੰ ਜਾਂਚ ਨੀ ਆ ਰਹੀ ਕਿ ਕੌਣ ਹਨ ਜਲੂਲ ਬੋਲਣੇ, ਸਵਾਲ ਸੂਬੇ ਅਤੇ ਵਸ਼ਿੰਦਿਆਂ ਦੀ ਕੀਹਨੂੰ ਹੈ ਸੰਸਾ ਖੇਤਰੀ ਪਾਰਟੀ ਦਾ ਘਾਣ ਭਾਜਪਾ ਭੀ ਵਫ਼ਾਦਾਰ ਨਹੀਂ ਪਰ ਇਸ ਸਾਰੀ ਘਟਨਾ ਦਾ ਲਾਭ ਕੇਵਲ ਕਾਂਗਰਸ ਨੂੰ ਹੋਣਾ ਹੈ। ਕੀ ਜਥੇਦਾਰਾਂ ਨੇ ਇਹ ਹੁਕਮ ਕੀਤੇ ਸੀ ਕਿ ਕਾਂਗਰਸੀਉ ਪਹਿਲਾਂ ਇਸੇ ਤਖ਼ਤ ਦੀ ਹੁਰਮਤੀ ਦਾ ਹਿਸਾਬ ਦਿਉ ਜਿਥੇ ਸ਼ਿਕਾਇਤਾਂ ਕਰਨ ਆਏ ਉ? ਜੀ ਅਸੀਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਹੁੰਦੇ ਸੀ, ਉਥੇ ਉਦੋਂ ਭੀ ਇਹ ਰੰਗ ਲਉਂਦੇ ਹੋਵੋਂਗੇ ਜੀ ਜਥੇਦਾਰ ਨੂੰ ਅਕਾਲੀ (ਬਾਦਲ) ਵਰਤਣਾ ਚਾਹੁੰਦੇ ਸੀ, ਰੁਸਤਮੋ ਉਹ ਤਾਂ ਹਾਲੇ ਹੀ ਸੀ ਤੁਸੀਂ ਵਰਤ ਲਿਆ, ਹਾਲੇ ਸਬਰ ਨੀ ਸਿੱਖ ਤਾਂ ਢਿੱਡ ਬਜਾਉਣੇ ਨੇ ਕੌਮ ਬਚਾਉਣੇ ਨਹੀਂ, ਵਿਦੇਸ਼ੀ ਮਾਇਆ ਨੇ ਮੱਤ ਖੁੱਚਾਂ ਵਿੱਚ ਵਾੜ ਤੀ ਧਰਮੀ ਬੰਦੇ ਭੀ ਸਾਰਾ ਦਿਨ ਪਾਠ ਕਰਕੇ ਆਖਣ ਨੂੰ ਸਭ ਪੋਚ ਲੈਂਦੇ ਨੇ ਜਦ ਸੱਚ ਨਾਲ ਨੀ ਖੜ੍ਹਦੇ, ਡਰਦੇ ਚਲੋ ਚੁੱਪ ਹੀ ਕਰੋ ਨਾ ਕਿ ਹਾਮੀ ਭਰੋ, ਫੇਰ ਕਿਸਾਨ ਆਗੂ ਲੱਗ ਗੇ ਧਰਨੇ, ਟੋਲ ਰੋਕਣ ਘਿਰਾਉ ਕਰਨ ਮੰਤਵ ਜਿਮਨੀ ਚੋਣਾਂ ਮੁੜ 80-84 ਦੇ ਅਸਾਰ, ਕੈਨੇਡਾ, ਅਮਰੀਕੀ ਚੋਣਾਂ ਦੇ ਰੰਗ ਭਾਰਤ ਨਾਲ ਜੰਗ ਟਰੂਡੋ ਕੋਲ ਸਬੂਤ ਹੈ ਨੀ ਅਮਰੀਕਾ ਨੇ ਚੱਕ ਤਾਂ ਸੀ, ਹੁਣ (ਮੁੜਾਂ ਮੂਲ ਨਾ ਰੇਡੋਟੜੇ ਤੋਂ) ਲੋਕਾਂ ਲਈ ਆਉਣਾ ਜਾਣਾਂ ਖਤਰੇ ਵਿੱਚ, ਏਅਰ ਇੰਡੀਆ ਜਹਾਜ਼ਾਂ ਵਿੱਚ ਭਗਦੜ ਹਰ ਥਾਂ ਲੋਕ ਦੁਖੀ ਕੀ ਕਰੂ ਲੰਗਰ ਪ੍ਰਸ਼ਾਦਾ ਰਿੰਨ ਕੇ ਲੂਣ ਪਾ ਦਿਉ ਪ੍ਰਮਾਤਮਾਂ ਕੀ ਕਰੇ ਅਸੀਂ ਢੋਂਗੀ ਹਾਂ, ਸਾਨੂੰ ਛੜੀ ਨਾਲ ਸਿੱਧੇ ਕਰੇ।

# ਪਾਠਕਾਂ ਦੇ ਪੱਤਰ

To, Editor, Panjab Times
Bridle Gate Lane,
Derby. DE24 9QW, U.K.

**ਪਾਠਕਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਪਾਠਕ ਆਪਣੇ ਪੱਤਰ ਦੇ ਨਾਲ ਆਪਣਾ ਸਹੀ ਪਤਾ ਅਤੇ ਟੈਲੀਫੋਨ ਨੰਬਰ ਜ਼ਰੂਰ ਲਿਖ ਕੇ ਭੇਜਣ, ਅਜਿਹਾ ਨਾ ਹੋਣ ਦੀ ਸੂਰਤ ਵਿਚ ਅਸੀਂ ਉਹ ਪੱਤਰ ਛਾਪਣ ਤੋਂ ਅਸਮਰੱਥ ਹੋਵਾਂਗੇ।**

**ਪੁਰੇਵਾਲ ਸਾਹਬ ਜੀ**

ਜਿਉਂ ਭਿੱਜੇ ਕੰਬਲੀ ਦੇਸੀ ਧੂਤੂ ਸੁਣਕੇ ਬੜੀ ਬੇਚੈਨੀ ਹੁਣ ਹੋਰ ਜਾਤ-ਪਾਤ, ਬਰਾਦਰੀ ਦਾ ਮੇਲਾ, ਲੱਗਦਾ ਅਮ੍ਰਿਤਪਾਲ ਪਰਿਵਾਰ ਤਾਂ ਸੂਬੇ ਦਾ ਰਾਸ਼ਟਰਪਤੀ ਬਣ ਗਿਆ, ਨਾਲ ਸਤਵੰਤ ਸਿੰਘ ਦਾ ਕੋਈ ਹੋਰ ਰਿਸ਼ਤੇਦਾਰ ਅਗਵਾਨ, ਨਿੱਤ ਪ੍ਰੈਸ ਕਾਨਫਰੰਸਾਂ ਕਤਲ ਗੁਰ-ਪ੍ਰੀਤ-ਨੌ ਦਾ ਜਵਾਨੀ ਵਿੱਚ ਪਰਿਵਾਰ ਵੱਲੋਂ ਅਮ੍ਰਿਤਪਾਲ 'ਤੇ ਦੋਸ਼ ਪਤਾ ਨਹੀਂ ਪੰਜਾਬ ਵਿੱਚ ਕੀ ਪਰਲੋ ਆਈ ਏ, ਪਿਤਾ ਕਹਿੰਦਾ ਅਸੀਂ ਸਿਆਸੀ ਪਾਰਟੀ ਦਾ ਗਠਨ ਕਰਨਾ ਸੀ ਤਾਂ ਭਟਕਾ ਰਹੇ ਨੇ, ਦੂਜੇ ਪਾਸੇ ਕਹਿੰਦਾ ਅਕਾਲ ਤਖ਼ਤ ਦਾ ਜਥੇਦਾਰ ਜਾਂਚ ਕਰੇ, ਜਥੇਦਾਰ ਡੀ.ਜੀ.ਪੀ. ਹੈ ਮੈਂ ਇਹ ਜਾਤਾਂ ਦੀ ਯੂਨੀਅਨ ਦੇਖ ਕੇ ਖੋਜ ਵਿੱਚ ਰੁੜ ਗਈ, ਮਨੂੰ ਨੇ ਰਮਾਇਣ ਲਿਖੀ, (ਭਗਵਾਨ ਬਾਲਮੀਕ ਮਗਰੋਂ) ਪ੍ਰਵਾਨਤ ਨਹੀਂ, ਸਿਮਰਤੀ ਲਿਖੀ ਗੁਣ ਔਗੁਣ ਘੱਟ ਵੱਧ ਪਰ ਹੁੰਦੇ ਹਰ ਧੁਰੇ ਧਿਰ, ਵਿਅਕਤੀ ਵਿੱਚ ਹੀ ਹਨ, ਮਨੂੰ ਦੀ ਮੈਨੂੰ ਜਾਤ ਵਾਲੀ ਸੋਚ ਬੜੀ ਵਧੀਆ ਲੱਗੀ ਕਿਉਂ? ਕੁਦਰਤੀ ਪੈਦਾਵਾਰ ਡੰਗਰ ਪਸ਼ੂ ਜੀਵ-ਜੰਤੂ ਆਦਿ ਦੀ ਨਸਲ ਹੁੰਦੀ ਹੈ, ਸੰਖੇਪ ਅੱਜ ਦ੍ਰਿੜ ਯੁੱਗ ਨੇ ਵਿਗਾੜ ਧਰੀ, ਪਰ ਬੜੇ ਗੰਭੀਰ ਰੋਗ ਅਪਾਹਜਪੁਣਾ ਆਦਿ, ਚੰਗੀ ਗੱਲ ਸੀ ਕਿ ਆਪਣੀ ਜਾਤ, ਲਹੂ ਆਦਿ ਦੀ ਵਿਧੀ ਤੁਰੀ ਰਹਿੰਦੀ, ਮੈਨੂੰ ਖੁਸ਼ੀ ਹੈ ਕਿ ਅੱਜ ਕੱਲ੍ਹ ਸਭ ਜਾਤਾਂ ਇਸ ਸੰਦਰਭ ਵਿੱਚ ਜੁੜ ਰਹੀਆਂ ਹਨ, ਖਾਸ ਕਰਕੇ ਜੋ ਮਨੂੰ ਨੇ ਹੇਠਲੀਆਂ ਗਰਦਾਨੀਆਂ ਸਨ, ਪਰ ਦੁੱਖ ਇਹ ਹੈ ਕਿ ਇਹ ਦੂਜੀਆਂ ਨੂੰ ਨੀਮੀ ਕਤਾਰ ਵਿੱਚ ਖੜ੍ਹਾ ਕਰਕੇ ਆਪ ਉੱਚੀਆਂ ਬਨਣ ਗਰਕਣੀ ਪੰਜਾਬ ਵਿੱਚ ਇਸ ਕਰਕੇ ਆ ਰਹੀ ਹੈ, ਖਾਸ ਕਰਕੇ ਸਿੱਖ ਧਰਮ ਵਿਰਸੇ 'ਤੇ ਅਤੇ ਦੋ ਸੰਸਥਾਵਾਂ 'ਤੇ ਕਬਜ਼ੇ ਅੱਜ ਦੇਖੋ ਜਥੇਦਾਰਾਂ ਵਿਵਾਦ 'ਤੇ ਆਹ ਜਾਤੀ ਤੂਤਣੀਆਂ ਜੀ ਅਸੀਂ ਪੱਤਰਕਾਰ ਭੜਥੂ ਪਾ ਰਹੀਆਂ ਨੇ ਹੋਰ ਸੁਣੋ ਅੱਜ ਖੰਡਾ (ਪੰਜ ਪਿਆਰਾ) ਲਿਆਂਦਾ ਚੈਨਲ 'ਤੇ ਦੱਸੋ ਕਿ ਪੰਜਾਂ ਦਾ ਸੰਕਲਪ ਪਿਆਰੇ ਭੀ ਇਕੋ ਦਲ ਬਣਾ ਲਿਆ, ਜੀਹਨੂੰ ਨੌਕਰੀ ਤੋਂ ਬਰਖਾਸਤ ਉਹੀ ਜੱਥੀ ਹਾਲੇ ਸਿੱਖੀ ਹੈ ਸਭ ਧਰਮ ਦਾ ਥੱਲਾ ਇਸ ਕੜੀ ਨੇ ਲਾਇਆ ਹੈ, ਲੱਗਦਾ ਮਨੂੰ ਠੀਕ ਤੇ ਸੱਚ ਹੀ ਲਿਖਦਾ ਸੀ, ਹਿੰਦੂ ਧਰਮ ਨੂੰ ਕੋਈ ਭੀ ਹਿੜਕ ਝਿੜਕ ਨਹੀਂ ਪਰ ਸਿੱਖ ਜੋ ਉਸ ਸਮੇਂ ਸੀ ਹੀ ਨਹੀਂ, ਲਿਬੜਗੇ ਸਪੱਸ਼ਟ ਕਰਾਂ ਕਿ ਕੋਈ ਇਹ ਭੀ ਆਖ ਸਕਦਾ ਹੈ ਕਿ ਮੈਂ ਆਹ ਬੇਹੂਦਾ ਲਿਖ ਰਹੀ ਹਾਂ ਪਰ ਵਿਚਾਰੋ ਕਿ ਜੇਕਰ ਸਮੇਂ ਦੇ ਹਾਣੀ ਪ੍ਰਮਾਣੀ ਉਕਰ ਨਾ ਜਾਣ ਤਾਂ ਵਿਰਸਾ ਕਿਵੇਂ ਪਤਾ ਲੱਗੂ ਸੱਚਾਈ ਕਿ ਜੋ ਜਾਤਾਂ ਪਾਤਾਂ ਅੱਜ ਇੱਕਜੁੱਟ ਹਨ ਕੇਵਲ ਜੱਟ-ਵਰਗ ਅਤੇ ਖੇਤਰੀ-ਪਾਰਟੀ ਸ਼੍ਰੋਮਣੀ ਅਕਾਲੀ ਦਲ ਖਾਸ ਕਰਕੇ ਬਾਦਲ ਪਰਿਵਾਰ ਅਸਲੀਅਤ ਕਿ ਇਨ੍ਹਾਂ ਨੂੰ ਮੁਕਾਬਲਾ ਦਾ ਕੇਵਲ ਸੁਖਬੀਰ ਬਾਦਲ ਹੀ ਹੈ, ਭੈਅਭੀਤ ਹਨ ਪਰ ਇਹ ਸਭ ਜਾਤਾਂ ਦੀ ਆਪਸ ਮੂੰਹੀ ਭੀ ਨਹੀਂ ਰਲ੍ਹਦੀ ਤੇ ਅੰਦਰੋਂ ਏਕਤਾ ਨਹੀਂ ਬੱਸ ਹੋਂਦ ਲਈ ਭੀਂ-ਭੀਂ ਹੈ, ਕਿਧਰੇ ਭਾਜਪਾ ਦਾ ਘੁਰਡੋ ਚੱਲ ਗਿਆ ਤਾਂ ਨਜ਼ਾਰਾ ਦੇਖਿਉ ਹਾਲੇ ਸਮਾਂ ਲੱਗੂ ਪੰਜਾਬ ਵਿੱਚ ਜਿਮੇ ਮਾਨਸਿਕ ਰੋਗ ਦਾ ਭਮਾਰਾ ਹੈ ਕਾਨੂੰਨ ਅਵਸਥਾ ਦਾ ਘਾਣ ਕਰੀ ਜਾਂਦੇ ਨੇ ਪਰ ਕਸੂਰ ਸਰਕਾਰਾਂ ਦਾ ਕਿਸਾਨ ਤਾਂ ਧਰਨਿਆਂ ਦੇ ਆਦੀ ਨੇ, ਪਰ ਆਹ ਨੱਥੂ ਖੈਰੇ ਹੀ ਨੇਤਾ ਬਲਦੇਵ ਸਿੰਘ ਸਿਰਸਾ, ਮਿਆਨੀ ਵਾਲਾ, ਸੁਖਜੀਤ ਖੋਸਾ ਹੁਣ ਆਹ ਲੱਖਾ ਸਿਧਾਣਾ, ਗੁਰਪ੍ਰੀਤ ਹਰੀਨੌ ਦੇ ਕਤਲ ਦੀ ਜਾਂਚ ਵਿੱਚ ਹੀ ਅਮ੍ਰਿਤਪਾਲ ਦਾ ਨਉਂ ਆਉਣ 'ਤੇ ਫਫੜ ਕੁੱਟ ਜੀ ਸਿੱਖਾਂ ਨੂੰ ਬਦਨਾਮ ਲਈ, ਡੀ. ਜੀ. ਪੀ. ਜਾਂਚ ਕਰਨ ਨੂੰ ਅੜਿੱਕੇ ਡਾਹ ਰਹੇ ਹਨ ਜੀ ਅਮ੍ਰਿਤਪਾਲ ਐਨੇ ਹਜ਼ਾਰ ਮੀਲ ਜੇਲ੍ਹ ਵਿੱਚ ਉਹਦਾ ਨਉਂ ਕਿਉਂ ? ਪੁੱਛੋ ਕਿ ਤੁਸੀਂ ਤਾਂ ਵਿਦੇਸ਼ੀ ਬੈਠਿਆਂ ਨੂੰ ਅੜਿੰਗ, ਭਾਈ ਕਤਲ ਜਾਂਚ ਹੈ ਹੋਣ ਦਿਉ, ਕਿਉਂ ਵਿੱਚ ਚੂਚਰਾਂ ਡਾਹੋਂ ਘੇਰੇ ਸ਼ੱਕ ਦੇ ਤਾਂ ਆਪੇ ਸਹੇੜਦੇ ਹੋ। ਯਾਦ ਰੱਖੋ ਇਹ ਇੰਨੇ ਕੁ ਬੰਦੇ ਹਨ ਜੋ ਹਰ ਵੇਲੇ ਅਜਿਹੀ ਸਥਿਤੀ ਵਿੱਚ ਭਾਗੀ ਹਨ, ਸਰਕਾਰਾਂ ਤੇ ਸਿਆਸੀ ਧਿਰਾਂ ਨੂੰ ਇਹ ਲੋੜੀਂਦੇ ਹੁੰਦੇ ਹਨ ਤਾਂ ਫੜਦੇ ਨਹੀਂ, ਬੇਅਦਬੀ ਕਾਂਡ ਵੇਲੇ ਭੀ ਬਾਦਲ ਸਰਕਾਰ ਦੋਸ਼ੀ ਦਾਗਣ ਵਿੱਚ ਇਹੀ ਵਿਧੀ ਸੀ, ਹਾਲੇ ਤੱਕ ਚੱਲੀ ਜਾਂਦੀ ਹੈ ਕਿ ਕਿਧਰੇ ਫੇਰ ਉਹ ਨਾ ਆ ਜਾਣ, ਪੁਲਸ ਅਫਸਰ ਭੀ ਉਹੀ ਦੋਸ਼ੀ, ਮਗਰੋਂ ਸਭ ਸੁੱਚੇ, ਕੇ.ਪੀ. ਗਿੱਲ ਬਰਾੜ ਵੈਦਿਆ, ਇੰਦਰਾ ਗਾਂਧੀ ਸਭ ਗੱਡਣ ਜੋਗੇ, ਸੋਸ਼ਲ ਮੀਡੀਆ ਇਨ੍ਹਾਂ ਭਗਤਾਂ ਨੇ ਸਾਂਭਿਆ ਹੈ ਭੇਡ ਹਨ ਇਹ ਪੰਜਾਬ ਫੂਨ ਕੀਤਾ ਤਾਂ ਕਈ ਤਾਂ ਆਖਦੇ ਨੇ ਤੁਸੀਂ ਬਾਹਰਲੇ ਹੀ ਤੀਲੀ ਲਉਂਦੇ ਹੋ, ਭਾਵੇਂ ਇਹ ਹਾਨੀਕਾਰਕ ਸਾਨੂੰ ਹੀ ਹੈ ਪਰ ਇਥੋਂ ਭੀ ਥੋੜ੍ਹੇ ਹੀ ਹਨ ਲੂਤੀਆਂ ਲਉਣੇ, ਭਰਨੀ ਸਭ ਨੂੰ ਸੁਣਾਅ ਕੋਈ ਸੁਣਦਾ ਮੰਨਦਾ ਨਹੀਂ ਨਾ ਹੀ ਸੱਚੀ ਗੱਲ ਹੈ ਲੋਕੀ ਇਨ੍ਹਾਂ ਯੂ:ਟੀਊਬੀਆਂ ਨੂੰ ਚੈਨਲਾਂ 'ਤੇ ਧੂੰਆਂ ਧਾੜ ਪ੍ਰੋਗਰਾਮ ਪੰਜਾਬ ਨੂੰ ਸੂਲੀ ਚੜਨ ਲਈ ਉਕਸਾਂਦੇ ਨੇ ਭਾਵੇਂ ਕਾਨੂੰਨ ਤਾਂ ਇਥੇ ਭੀ ਹੈ ਪਰ ਹਾਲੇ ਇਹ ਅੜਿੱਕੇ ਨਹੀਂ ਜਾਂਦੇ, ਫਲ ਕੇ ਹੀ ਗਲਦਾ ਹੁੰਦਾ ਏ ਰੱਬ ਨੂੰ ਪ੍ਰਮੇਸ਼ਰ ਨੂੰ ਸਿੱਖ ਮੰਨਦੇ ਹੀ ਨਹੀਂ ਅਸੀਂ ਗੁਰੂ ਮਨੌਤ ਦੇ ਧਾਰਨੀ ਤਾਂ ਬੱਸ ਸਭ ਆਖਦੇ ਨੇ ਗੁਰੂ ਨੇ ਹੀ ਕੀਤਾ ਹੈ ਸੋਧੇ ਭੀ ਧਰਮ ਪਾਲਣ ਹੈ, ਪ੍ਰਮਾਤਮਾਂ ਹੀ ਅੰਤ ਸਹਾਈ ਹੋਊ, ਦੇਖੋ ਕਦੋਂ ਸੰਸਾਰ ਹੀ ਗੰਧਲਿਆ ਪਿਆ, ਦੈਂਤਾਂ ਦਾ ਬੋਲ ਬਾਲਾ ਹੈ।

**-ਬਲਵਿੰਦਰ ਕੌਰ ਚਾਹਲ**

# ਜਥੇਦਾਰ ਸਾਹਿਬਾਨਾਂ ਨੂੰ ਆਪਣੀਆਂ ਕਮਜ਼ੋਰੀਆਂ ਉਪਰ ਕਾਬੂ ਪਾਕੇ ਕੌਮ ਪ੍ਰਸਤ ਫੈਸਲੇ ਲੈਣ ਦੀ ਲੋੜ

**ਬਘੇਲ ਸਿੰਘ ਧਾਲੀਵਾਲ**

• • •



ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਪਿਛਲੇ ਦਿਨੀ ਇੱਕ ਵੀਡੀਓ ਸੁਨੇਹੇ ਰਾਹੀ ਸਿੱਖ ਸੰਗਤ ਨੂੰ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਵੱਲੋਂ ਉਹਨਾਂ ਦੇ ਪਰਿਵਾਰ ਦੀ ਕਿਰਦਾਰਕੁਸ਼ੀ ਕਰਨ ਸਬੰਧੀ ਦੱਸਦਿਆਂ ਭਾਵਕ ਹੋਣ ਤੇ ਕਮਜ਼ੋਰ ਦਿਖਾਈ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ, ਉਹ ਸੱਚਮੁੱਚ ਹੀ ਸਿੱਖ ਕੌਮ ਦੇ ਹੁਣ ਤੱਕ ਦੇ ਸਭ ਤੋ ਨਿਘਾਰ ਦਾ ਸਮਾਂ ਸਮਝਿਆ ਜਾਣਾ ਚਾਹੀਦਾ ਹੈ। ਬਿਨਾ ਸ਼ੱਕ ਸਿੱਖ ਕੌਮ ਦੇ ਜਥੇਦਾਰ ਬਹੁਤ ਲੰਮੇ ਸਮੇਂ ਤੋਂ ਹੀ ਸਿੱਖ ਪੰਥ ਦੀ ਨੁਮਾਇੰਦਗੀ ਨਹੀਂ ਕਰਦੇ ਬਲਕਿ ਇੱਕ ਪਰਿਵਾਰ ਦੇ ਪ੍ਰਭਾਵ ਅਧੀਨ ਸਿੱਖ ਵਿਰੋਧੀ ਤਾਕਤਾਂ ਦੇ ਪੱਖ ਵਿਚ ਭੁਗਤਣ ਦਾ ਕਾਰਜ ਕਰਦੇ ਆ ਰਹੇ ਹਨ। ਇਹ ਵਰਤਾਰਾ 1849 ਤੋਂ ਬਾਅਦ ਲਗਾਤਾਰ ਵਾਪਰਦਾ ਆ ਰਿਹਾ ਹੈ। ਦੇਸ ਅਜ਼ਾਦ ਹੋਣ ਤੋ ਬਾਅਦ ਇਹ ਵਰਤਾਰਾ ਹੋਰ ਵੀ ਵਿਕਰਾਲ ਰੂਪ ਵਿੱਚ ਸਿੱਖ ਪੰਥ ਦੇ ਦਰਪੇਸ਼ ਰਿਹਾ ਹੈ। ਇੱਕਾ ਦੁੱਕਾ ਕਿਸੇ ਜਥੇਦਾਰ ਸਾਹਿਬ ਦੀ ਕਿਸੇ ਇੱਕ ਅੱਧੀ ਪ੍ਰਾਪਤੀ ਤੋਂ ਛੁੱਟ ਜ਼ਿਆਦਾਤਰ ਜਥੇਦਾਰਾਂ ਦੀ ਭੂਮਿਕਾ ਸਿੱਖ ਵਿਰੋਧੀ, ਪੰਥ ਵਿਰੋਧੀ ਅਤੇ ਸਿੱਖੀ ਸਿਧਾਂਤਾਂ ਦੇ ਘਾਣ ਕਰਨ ਵਾਲੀ ਰਹੀ ਹੈ ਅਤੇ ਪੰਥ ਦੇ ਪੱਲੇ ਨਮੋਸ਼ੀਆਂ ਤੋਂ ਬਗੈਰ ਕੁੱਝ ਵੀ ਨਹੀਂ ਪਿਆ। ਇਹ ਸਾਰਾ ਕੁੱਝ ਵਾਪਰਨ ਦਾ ਅਸਲ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸੁਯੋਗ ਲੀਡਰਸ਼ਿੱਪ ਹੋਣ ਦੀ ਬਜਾਏ ਲਾਲਚੀ, ਸੱਤਾ ਲਾਲਸਾ ਦੀ ਭੁੱਖੀ ਲੀਡਰਸ਼ਿਪ ਨੂੰ ਸਮਝਿਆ ਜਾਣਾ ਚਾਹੀਦਾ ਹੈ।

ਸਿੱਖਾਂ ਦੀਆਂ ਦੋਵਾਂ ਹੀ ਸਿਰਮੌਰ ਸੰਸਥਾਵਾਂ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਰਾਜਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ’ਤੇ ਕੇਂਦਰੀ ਤਾਕਤਾਂ ਨੇ ਉਹ ਲੋਕ ਕਾਬਜ ਕਰਵਾ ਦਿੱਤੇ ਹੋਏ ਹਨ,ਜਿਨ੍ਹਾਂ ਦਾ ਮੰਤਵ ਆਪਣੇ ਪਰਿਵਾਰਾਂ ਲਈ ਲੋਭ ਲਾਲਸਾ ਅਤੇ ਸੱਤਾ ਪ੍ਰਾਪਤੀ ਖਾਤਰ ਪੰਥਕ ਹਿਤਾਂ ਨੂੰ ਕੁਰਬਾਨ ਕਰਨ ਤੋ ਵੱਧ ਹੋਰ ਕੁੱਝ ਵੀ ਨਹੀਂ ਰਿਹਾ। ਸਿੱਖ ਆਗੂਆਂ ਨੇ ਜਿੱਥੇ ਸਿੱਖੀ ਸਿਧਾਂਤਾਂ ਦਾ ਰੱਜ ਕੇ ਘਾਣ ਕਰਵਾਇਆ, ਓਥੇ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਵਿੱਚ ਵੀ ਵੱਡੀ ਭੂਮਿਕਾ ਨਿਭਾਈ ਹੈ। ਲਿਹਾਜ਼ਾ ਅੱਜ ਕੋਈ ਵੀ ਸਿੱਖ ਸੰਸਥਾ ਅਜਿਹੀ ਨਜ਼ਰ ਨਹੀਂ ਆਉਂਦੀ, ਜਿਹੜੀ ਸਿੱਖ ਵਿਰੋਧੀ ਕੇਂਦਰੀ ਤਾਕਤਾਂ ਦੇ ਪ੍ਰਭਾਵ ਤੋ ਮੁਕਤ ਦਿਖਾਈ ਦਿੰਦੀ ਹੋਵੇ।ਤਖਤ ਸਾਹਿਬਾਨਾਂ ਦੇ ਜਥੇਦਾਰਾਂ ਦੀ ਜੋ ਦੁਰਦਸ਼ਾ ਪਿਛਲੇ 40,50 ਸਾਲਾਂ ਤੋਂ ਅਕਾਲੀ ਦਲ ਦੇ ਤਤਕਾਲੀ ਸੁਪਰੀਮੋ ਪ੍ਰਕਾਸ਼ ਸਿੰਘ ਬਾਦਲ ਨੇ ਕਰਵਾਈ ਹੈ, ਅਜਿਹੀ ਸਾਇਦ ਇਤਿਹਾਸ ਵਿੱਚ ਨਾ ਪਹਿਲਾਂ ਕਦੇ ਹੋਈ ਹੈ ਅਤੇ ਨਾ ਹੀ ਸਾਇਦ ਹੋ ਸਕੇ। ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਤੋ ਲੈ ਕੇ ਗੁਰੂ ਸਾਹਿਬ ਦੇ ਸਰੂਪ ਗਾਇਬ ਕਰਨ ਤੱਕ ਦਾ ਵਰਤਾਰਾ ਦਰਸਾਉਂਦਾ ਹੈ ਕਿ ਸਿੱਖ ਕੌਮ ਦੀ ਅਗਵਾਈ ਸਿੱਖਾਂ ਦੇ ਹੱਥ



ਨਹੀ ਬਲਕਿ ਭੇਖੀ ਤੇ ਕਪਟੀ ਸਿਆਸਤ ਦਾਨਾਂ ਦੇ ਹੱਥਾਂ ਵਿੱਚ ਹੈ, ਜਿੰਨਾਂ ਦਾ ਸਿਖ ਸਿਧਾਂਤਾਂ ਤੇ ਨਿਆਰੀ ਹਸਤੀ ਨਾਲ ਕੋਈ ਵਾਸਤਾ ਹੈ। ਸਿੱਖ ਕੌਮ ਦੇ ਜਥੇਦਾਰਾਂ ਦਾ ਇਤਿਹਾਸ ਅਕਾਲੀ ਬਾਬਾ ਫੂਲਾ ਸਿੰਘ ਵਾਲਾ ਰਿਹਾ ਹੈ, ਜਿੰਨਾਂ ਨੇ ਦੁਨੀਆਂ ਦੇ ਸ਼ਕਤੀਸ਼ਾਲੀ ਸਿੱਖ ਬਾਦਸ਼ਾਹ ਸਮਝੇ ਜਾਂਦੇ ਸਿੱਖ ਮਹਾਰਾਜਾ ਰਣਜੀਤ ਸਿੰਘ “ਸ਼ੇਰ ਏ ਪੰਜਾਬ” ਨੂੰ ਵੀ ਦਰਖਤ ਨਾਲ ਬੰਨ ਕੇ ਕੋੜੇ ਮਾਰਨ ਦੀ ਸਜ਼ਾ ਸੁਣਾਈ ਸੀ ਅਤੇ ਇਸ ਤੋਂ ਪਹਿਲਾਂ ਮਹਾਰਾਜੇ ਦੇ ਅਹਿਲਕਾਰਾਂ ਨੂੰ ਇਹ ਅਦੇਸ਼ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਪਹੁੰਚਾ ਦਿੱਤੇ ਗਏ ਸਨ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਕੋਈ ਵੀ ਅਹਿਲਕਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਅਗਲੇ ਹੁਕਮਾਂ ਤੱਕ ਝੁਕ ਕੇ ਸਤਿਕਾਰ ਨਹੀ ਦੇਵੇਗਾ ਅਤੈ ਨਾ ਹੀ ਕੋਈ ਵੀ ਸਿੱਖ ਮਹਾਰਾਜੇ ਨਾਲ ਫਤਿਹ ਦੀ ਸਾਂਝ ਪਾਵੇਗਾ। ਇਹ ਹੁਕਮ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦਾ ਓਸ ਮਹਾਰਾਜੇ ਨੂੰ ਸੀ, ਜਿਸ ਦੇ ਡਰ ਤੋ ਕਾਬਲ ਕੰਧਾਰ ਥਰ ਥਰ ਕੰਬਦਾ ਸੀ ਅਤੇ ਈਸਟ ਇੰਡੀਆ ਕੰਪਨੀ ਪੰਜਾਬ ਵੱਲ ਮਾੜੀ ਨਜ਼ਰ ਨਾਲ ਤੱਕ ਸਕਣ ਦੀ ਹਿੰਮਤ ਵੀ ਨਹੀ ਸੀ ਰੱਖਦੀ। ਇਹ ਇਤਿਹਾਸ ਸਿੱਖ ਕੌਮ ਉਪਰ ਆਪਾ ਵਾਰਨ ਵਾਲੇ ਜਥੇਦਾਰ ਸਹਿਬਾਨਾਂ ਦਾ ਰਿਹਾ ਹੈ। ਏਥੇ ਹੀ ਬੱਸ ਨਹੀਂ ਇਸ ਤੋਂ ਵੀ ਪਹਿਲਾਂ ਅਕਾਲ ਤਖਤ ਸਾਹਿਬਾਨ ਅਸਥਾਨ ਦੀ ਸੇਵਾ ਸੰਭਾਲ ਕਰਦਿਆਂ ਜਥੇਦਾਰ ਦਰਬਾਰਾ ਸਿੰਘ, ਨਿਹੰਗ ਨੈਣਾ ਸਿੰਘ, ਜਥੇਦਾਰ ਬਾਬਾ ਸਾਹਿਬ ਸਿੰਘ ਬੇਦੀ ਨੇ ਆਪਣੀ ਕੌਮ ਨੂੰ ਦੁਸ਼ਮਣ ਹਕੂਮਤ ਦੇ ਜਬਰ ਤੋਂ ਬਚਾਉਣ ਲਈ ਪੰਥ ਦੀ ਅਗਵਾਈ ਸੂਝਬੂਝ ਨਾਲ ਕੀਤੀ ਤੇ ਖਾਲਸਾ ਰਾਜ ਦੀ ਉਸਾਰੀ ਵਿਚ ਹਿੱਸਾ ਪਾਇਆ।ਉਸ ਤੋਂ ਉਪਰੰਤ ਜਥੇਦਾਰ ਬਾਬਾ ਗੁਰਬਖਸ਼ ਸਿੰਘ ਅਤੇ ਵੀਹਵੀ ਸਦੀ ਵਿੱਚ ਜਥੇਦਾਰ ਭਾਈ ਗੁਰਦੇਵ ਸਿੰਘ ਕੌਂਕੇ ਵਰਗਿਆਂ ਦੀ ਸ਼ਹਾਦਤ ਇਸ ਅਸਥਾਨ ਦੇ ਸੇਵਾਦਾਰਾਂ ਦੇ ਫਰਜ਼ਾਂ ਅਤੇ ਨਿਡਰਤਾ ਨੂੰ ਪਰਗਟ ਕਰਦੀ ਹੈ। ਮੌਜੂਦਾ ਸਮੇ ਦੇ ਸੰਦਰਭ ਵਿੱਚ ਦੇਖਿਆ ਜਾਵੇ ਤਾਂ ਜਥੇਦਾਰਾਂ ਦੀ ਨਿਯੁਕਤੀ ਸਿੱਖ ਪਰੰਪਰਾਵਾਂ ਦੇ ਅਨੁਸਾਰੀ ਹੋਣ ਦੀ ਬਜਾਏ ਸ੍ਰੋਮਣੀ ਕਮੇਟੀ ਦੀ ਕਾਰਜਕਾਰਨੀ ਦੁਆਰਾ ਕੀਤੀ ਜਾਣੀ ਇਸ ਕਮਜੋਰੀ ਦਾ ਵੱਡਾ ਕਾਰਨ ਬਣੀ ਹੋਈ ਹੈ। ਜਦ ਕਿ ਸ੍ਰੋਮਣੀ ਕਮੇਟੀ ਨੂੰ ਜਥੇਦਾਰ ਦੀ ਯੋਗਤਾ, ਚੋਣ ਵਿਧੀ ਤੇ ਦਾਇਰੇ ਬਾਰੇ ਪੰਥਕ ਸਹਿਮਤੀ ਨਾਲ ਨਿਯਮ ਬਣਾਉਣ ਦੀ ਲੋੜ ਹੈ। ਜਥੇਦਾਰ ਦੇ ਸਤਿਕਾਰਿਤ ਰੁਤਬੇ ਦਾ ਪਾਰਟੀਆਂ,ਧੜੇਬੰਦੀਆਂ ਨਾਲ ਦੂਰ ਦਾ ਵੀ ਵਾਸਤਾ ਨਹੀ ਹੋਣਾ ਚਾਹੀਦਾ। ਇਹ ਰੁਤਬਾ ਪੰਥ ਦੀਆਂ ਧੜੇਬੰਦੀਆਂ ਖਤਮ ਕਰਨ ਦੇ ਸਮਰੱਥ ਹੋਣਾ ਚਾਹੀਦਾ ਹੈ, ਜਿਸ ਤਰ੍ਹਾਂ ਪੁਰਾਤਨ ਇਤਿਹਾਸ ਵਿੱਚ ਰਿਹਾ ਹੈ। ਜੇਕਰ ਅਜਿਹਾ ਹੁੰਦਾ ਤਾਂ ਜਥੇਦਾਰ ਸਾਹਿਬ ਨੂੰ ਨਾ ਹੀ ਕੋਈ ਸਿੱਖ ਆਗੂ ਧਮਕੀਆਂ ਦੇਣ ਦੀ ਹਿੰਮਤ ਕਰ ਸਕਦਾ ਹੈ ਅਤੇ ਨਾ ਹੀ ਜਥੇਦਾਰ ਸਾਹਿਬ ਨੂੰ ਕੌਮ ਦੇ ਸਾਹਮਣੇ ਬੇਬਸ ਹੋਇਆ ਦੇਖਣ ਦੀ ਲੋੜ ਪੈ ਸਕਦੀ ਹੈ।

ਅੱਜ ਸਿੱਖ ਕੌਮ ਦੀ ਦਿਨ ਪ੍ਰਤੀ-ਦਿਨ ਬਿਖਰਦੀ ਜਾ ਰਹੀ ਕੌਮੀ ਦਿਸ਼ਾ ਅਤੇ ਕੌਮੀ ਸੇਧ ਨੂੰ ਸਾਂਭਣ ਲਈ ਇਹ ਪ੍ਰਮੁੱਖ ਜਰੂਰਤ ਹੈ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਉਪਾਧੀ ਨੂੰ ਕਿਸੇ ਰਾਜਨੀਤਿਕ ਅਤੇ ਧਾਰਮਿਕ ਸੰਸਥਾ ਤੋਂ ਉੱਪਰ ਚੁੱਕਿਆ ਜਾਵੇ ਤਾਂ ਜੋ ਉਹ ਸਮੁੱਚੀ ਸਿੱਖ ਕੌਮ ਦੀ ਪ੍ਰਤੀਨਿਧਤਾ ਦਾ ਪ੍ਰਤੀਕ ਬਣ ਸਕੇ।

ਜਥੇਦਾਰ ਸਾਹਿਬਾਨਾਂ ਨੂੰ ਭਾਵੁਕ ਨਹੀ ਬਲਕਿ ਆਪਣੀਆਂ ਕਮਜ਼ੋਰੀਆਂ ਉਪਰ ਕਾਬੂ ਪਾਕੇ ਸਖਤ ਹੋਣ ਦੀ ਜਰੂਰਤ ਹੈ। ਉਨ੍ਹਾਂ ਨੂੰ ਪੰਥਕ ਫੈਸਲੇ ਬੜੀ ਸੂਝ ਬੂਝ ,ਨਿਰਪਖਤਾ ਤੇ ਪੰਥਕ ਭਲਾਈ ਅਨੁਸਾਰ ਲਏ ਜਾਣੇ ਚਾਹੀਦੇ ਹਨ। ਅਕਾਲ ਤਖ਼ਤ ਸਿੱਖ ਕੌਮ ਦੀ ਆਜ਼ਾਦ ਹਸਤੀ ਦਾ ਪ੍ਰਤੀਕ ਹੈ।


## ਗੁਰੂ ਨਾਨਕ ਦਰਬਾਰ ਗੁਰਦੁਆਰਾ ਈਰਥ ਅਤੇ ਬੈਲਵੀਡੀਅਰ ਵਿਖੇ
## 3 ਰਾਗੀ ਅਤੇ ਰਾਗੀ ਜੱਥੇ ਦੀ ਜ਼ਰੂਰਤ ਹੈ

ਸਾਨੂੰ ਗੁਰੂ ਘਰ ਦੀਆਂ ਰੋਜ਼ਾਨਾ ਸੇਵਾਵਾਂ ਕਰਨ ਲਈ ਤਜ਼ਰਬੇਕਾਰ 3 ਰਾਗੀ ਅਤੇ ਰਾਗੀ ਜੱਥੇ ਦੀ ਜ਼ਰੂਰਤ ਹੈ। ਉਮੀਦਵਾਰਾਂ ਕੋਲ ਗੁਰਬਾਣੀ, ਕੀਰਤਨ ਅਤੇ ਧਾਰਮਿਕ ਸਿੱਖਿਆ ਅਤੇ ਸੇਵਾ ਨਿਭਾਉਣ ਦਾ ਗਿਆਨ ਹੋਣਾ ਜ਼ਰੂਰੀ ਹੈ। ਰਾਗੀ ਅਤੇ ਰਾਗੀ ਜੱਥੇ ਦੇ ਸੇਵਾਦਾਰ ਸਿੱਖੀ ਮਰਿਆਦਾ ਅਨੁਸਾਰ ਬਾਕੀ ਸਾਰੇ ਪ੍ਰੋਗਰਾਮਾਂ (ਵਿਆਹ, ਅੰਤਮ ਸੰਸਕਾਰ ਹੋਰ ਧਾਰਮਿਕ ਸੇਵਾਵਾਂ ਆਦਿ) ਵਿੱਚ ਮੁੱਖ ਗ੍ਰੰਥੀ (ਰਿਲੀਜਸ ਮਨਿਸਟਰ) ਦੇ ਸਹਾਇਕ ਹੋਣਗੇ। ਬੱਚਿਆਂ ਨੂੰ ਗੁਰਬਾਣੀ ਕੀਰਤਨ ਸਿਖਾਉਣ ਦੇ ਕਾਬਿਲ ਹੋਣ। ਇਹ ਯੋਗਤਾਵਾਂ ਰੱਖਣ ਵਾਲੇ ਨੂੰ 25 ਘੰਟੇ/ਹਫਤਾ ਯੂ ਕੇ ਦੇ ਕਾਨੂੰਨ ਮੁਤਾਬਕ 12 ਪੌਂਡ ਪ੍ਰਤੀ ਘੰਟਾ (ਮਿਨੀਮਮ ਵੇਜ਼) ਤਨਖਾਹ ਦਿੱਤੀ ਜਾਵੇਗੀ।

ਯੂ ਕੇ ਵਿੱਚ ਕੰਮ ਕਰਨ ਦੀ ਕਾਨੂੰਨੀ ਇਜ਼ਾਜ਼ਤ ਹੋਣੀ ਜ਼ਰੂਰੀ ਹੈ। ਰਿਹਾਇਸ਼ ਦਾ ਪ੍ਰਬੰਧ ਹੈ।

ਉਮੀਦਵਾਰ ਹੋਰ ਜਾਣਕਾਰੀ ਲਈ ਹੇਠਾਂ ਦਿੱਤੇ ਈਮੇਲ ਰਾਹੀਂ ਸੰਪਰਕ ਕਰ ਸਕਦੇ ਹਨ:

**ਅਰਜ਼ੀਆਂ ਦੇਣ ਦੀ ਆਖਰੀ ਤਰੀਖ 19 ਨਵੰਬਰ 2024**

## Vacancies for 3 Ragi / Ragi Jatha at
## Guru Nanak Durbar Gurdwara Erith and Belvedere

We require experienced 3 Ragi / Ragi Jatha to assist with everyday duties of the Sikh Temple. Must have excellent skills, knowledge, reading ability and understanding of Kirtan and Gurbani. They will also be assisting with all the ceremonies associated with the Sikh Faith (marriages, funerals and other religious functions) under the guidance of the religious minister.

The posts are for 25 Hours per week and £12 per hour (minimum wage) wages will be in accordance with UK employment law. Full boarding and lodging facilities included. You must have the right to work in the UK.

**Closing date 19th November 2024**

Please apply in writing or email with full experience and skill detail to General Secretary of the Gurdwara Sahib.

**GURU NANAK DURBAR GURDWARA (SIKH TEMPLE)**
**31 Mitchell Close, Belvedere, DA17 6AA**
**Email:gurunanak-erith@hotmail.com**

# ਸਮਾਜਿਕ ਰਿਸ਼ਤਿਆਂ ਦੀ ਸਾਰਥਿਕਤਾ - ਸਮਾਰਟ ਫੋਨ ਦੇ ਸੰਦਰਭ ਵਿਚ



ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)



ਮਨੁੱਖਾ ਸਮਾਜ ਰਿਸ਼ਤਿਆਂ ਦਾ ਸੰਗਲੀਬੱਧ ਪ੍ਰਬੰਧ (ਚਹਿਨ ਲਿਨਕ ਰਲਿਟਿਦ ਸੇਸਟੲਮ) ਹੁੰਦਾ ਹੈ। ਔਰਤ ਤੇ ਮਰਦ ਇਹਨਾਂ ਰਿਸ਼ਤਿਆਂ ਦੀ ਉਤਪਤੀ ਤੇ ਵਿਕਾਸ ਦਾ ਧੁਰਾ ਹੁੰਦੇ ਹਨ। ਮਨੁੱਖੀ ਸਮਾਜਿਕ ਰਿਸ਼ਤਿਆਂ ਦੀ ਲੜੀ ਵਿਚ ਵਾਧਾ ਘਾਟਾ ਮਨੁੱਖੀ ਰਿਸ਼ਤਿਆਂ ਦੇ ਆਪਸੀ ਸਬੰਧਾਂ ਅਤੇ ਵਿਵਹਾਰ ਉੱਤੇ ਨਿਰਭਰ ਕਰਦਾ ਹੈ। ਦੂਜੇ ਸ਼ਬਦਾਂ ਵਿਚ ਇੰਜ ਕਹਿ ਲਓ ਕਿ ਰਿਸ਼ਤਿਆਂ ਦਾ ਬੰਧਨ ਰੇਸ਼ਮੀ ਧਾਗੇ ਜਿਹਾ ਹੁੰਦਾ ਹੈ ਜੋ ਥੋਹੜਾ ਜਿਹਾ ਤਨਾਅ ਦੇਣ ਨਾਲ ਜਾਂ ਫਿਰ ਅਣਗੋਲਿਆ ਕਰਨ ਨਾਲ ਟੁੱਟ ਜਾਂਦਾ ਹੈ। ਇਸ ਨੂੰ ਹੋਰ ਵੀ ਸ਼ਪੱਸ਼ਟ ਕਰਨ ਵਾਸਤੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਰਿਸ਼ਤੇ ਹੱਥ ਵਿਚ ਫੜੀ ਚਿੜੀ ਵਾਂਗ ਹੁੰਦੇ ਹਨ।

ਜੇਕਰ ਹੱਥ ਵਿਚ ਫੜੀ ਚਿੜੀ ਨੂੰ ਜਰਾ ਜਿੰਨਾ ਘੁੱਟ ਦਿੱਤਾ ਜਾਵੇ ਤਾਂ ਉਹ ਮਰ ਜਾਂਦੀ ਹੈ, ਤੇ ਜੇਕਰ ਪੋਲੇ ਹੱਥ ਫੜੀ ਜਾਵੇ ਤਾਂ ਉਹ ਕਦੇ ਵੀ ਫੁਰਰ ਕਰਕੇ ਉੱਡ ਜਾਵੇਗੀ। ਇਸੇ ਤਰਾਂ ਜਰਾ ਜਿੰਨਾ ਤਨਾਅ ਦਿੱਤਿਆਂ ਰਿਸ਼ਤਿਆਂ ਦੀ ਅਹਿਮੀਅਤ ਜੇਕਰ ਖਤਮ ਨਹੀਂ ਹੁੰਦੀ ਤਾਂ ਘਟ ਜਰੂਰ ਹੋ ਜਾਂਦੀ ਹੈ ਤੇ ਜੇਕਰ ਕਠੋਰਤਾ ਜਾਂ ਅਣਗਹਿਲੀ ਵਰਤੀ ਜਾਵੇ ਤਾਂ ਰਿਸ਼ਤੇ ਕਮਜੋਰ ਹੋ ਜਾਂਦੇ ਹਨ। ਰਿਸ਼ਤਿਆਂ ਦੀ ਹੋਂਦ ਦਾ ਧੁਰਾ ਅਹਿਸਾਸ ਤੇ ਵਿਸ਼ਵਾਸ਼ ਦੇ ਨਾਲ ਨਾਲ ਤੀਜਾ ਤੱਤ ਸਤਿਕਾਰ ਹੁੰਦਾ ਹੈ। ਇਹਨਾਂ ਤਿੰਨਾਂ ਵਿਚੋਂ ਕਿਸੇ ਇਕ ਦੀ ਕਮੀ ਵੀ ਰਿਸ਼ਤਿਆਂ ਦੀ ਨੀਂਹ ਨੂੰ ਖੋਖਲਾ ਕਰ ਸਕਦੀ ਹੈ ਜਿਵੇਂ ਉਦਾਹਰਣ ਵਜੋਂ ਜੇਕਰ ਕਿਸੇ ਰਿਸ਼ਤੇ ਵਿਚ ਵਿਸ਼ਵਾਸ਼ ਦੀ ਬਜਾਏ ਸ਼ੱਕ ਪੈਦਾ ਹੋ ਜਾਵੇ ਤਾਂ ਅਜਿਹਾ ਰਿਸ਼ਤਾ ਕਦੇ ਵੀ ਕੱਚੀ ਕੰਧ ਵਾਂਗ ਢਹਿ ਢੇਰੀ ਹੋ ਜਾਵੇਗਾ। ਸ਼ਾਇਦ ਇਸੇ ਕਰਕੇ ਹੀ ਇਹ ਵੀ ਕਹਿ ਲਿਆ ਜਾਂਦਾ ਹੈ ਕਿ ਰਿਸ਼ਤੇ ਕੱਚੀ ਕੰਧ ਵਰਗੇ ਹੁੰਦੇ ਹਨ, ਜੇਕਰ ਕੱਚੀ ਕੰਧ ਦੀ ਦੇਖ ਭਾਲ ਸਮੇਂ ਸਮੇ ਨਾ ਕੀਤੀ ਜਾਵੇ ਤਾਂ ਉਹ ਕੰਧ ਕਦੋਂ ਵੀ ਢਹਿ ਢੇਰੀ ਹੋ ਜਾਵੇਗੀ, ਬਹੁਤੀ ਵਾਰ ਤਾਂ ਪਤਾ ਵੀ ਨਹੀਂ ਲਗਦਾ, ਇਸੇ ਤਰਾਂ ਅਣਗੌਲੇ ਰਿਸ਼ਤਦਿਆਂ ਦੀ ਤਰਾਸਦੀ ਹੁੰਦੀ ਵੀ ਆਮ ਹੀ ਦੇਖੀ ਜਾ ਸਕਦੀ ਹੈ।

ਉਪਰੋਕਤ ਤਿੰਨ ਤੱਤਾਂ ਤੋਂ ਇਲਾਵਾ ਰਿਸ਼ਤਿਆਂ ਦੀ ਸਲਾਮਤੀ ਵਾਸਤੇ ਇਕ ਤੱਤ ਹੋਰ ਵੀ ਹੈ ਤੇ ਉਹ ਹੈ ਆਪਸੀ ਤਾਲਮੇਲ (ਟੁਓਲ ਛੋਮਮੁਨਿਚਓਟਿਨ/ ਨਦੲਰਸਟਓਨਦਿਨਗ)। ਪੰਜਾਬੀ ਵਿਚ ਆਮ ਕਿਹਾ ਜਾਂਦਾ ਕਿ "ਰਿਸ਼ਤੇ ਮਿਲਦਿਆਂ ਗਿਲਦਿਆਂ ਦੇ ਹੁੰਦੇ ਹਨ।" ਜੇਕਰ ਰਿਸ਼ਤਿਆਂ ਵਿਚ ਮੇਲ ਮਿਲਾਪ ਜਾਂ ਸੰਪਰਕ ਨਹੀਂ ਤਾਂ ਸਮਝ ਲਓ ਕਿ ਅਜਿਹਾ ਰਿਸ਼ਤਾ ਬਹੁਤ ਸਾਰੀਆਂ ਭਰਾਂਤੀਆਂ ਦਾ ਸ਼ਿਕਾਰ ਹੋ ਕੇ ਜਲਦੀ ਹੀ ਮਰ ਜਾਵੇਗਾ। ਸਾਡੇ ਸਮਾਜ ਵਿਚ ਇਹ ਆਮ ਚਲਦਾ ਹੈ ਕਿ ਕਿਸੇ ਦਾ ਕੁੱਝ ਦੇਰ ਫੋਨ ਨਾ ਆਵੇ ਤਾਂ ਅਕਸਰ ਹੀ ਬਹੁਤੀ ਵਾਰ ਇਹ ਨਹੀਂ ਸੋਚਿਆ ਜਾਂਦਾ ਕਿ ਹੋ ਸਕਦਾ ਹੈ ਕਿ ਸੰਬੰਧਿਤ ਵਿਅਕਤੀ ਕਿਸੇ ਮੁਸੀਬਤ ਦਾ ਸ਼ਿਕਾਰ ਹੋਵੇ ਤੇ ਅਸੀਂ ਹੀ ਫੋਨ ਕਰਕੇ ਰਾਜੀ ਬਾਜੀ ਪਤਾ ਕਰ ਲਈਏ ਬਲਕਿ ਇਹ ਸੋਚਿਆ ਜਾਂਦਾ ਹੈ ਕਿ ਜੇਕਰ ਉਸ ਨੇ ਫੋਨ ਨਹੀਂ ਕੀਤਾ ਤਾਂ ਅਸੀਂ ਵੀ ਕਿਓਂ ਕਰੀਏ ?

ਅੱਜ ਵਿਗਿਆਨਕ ਯੁੱਗ ਵਿਚ ਰਿਸ਼ਤਿਆਂ ਦੀ ਪਹਿਚਾਣ ਤਹਿ ਕਰਨੀ ਬਹੁਤ ਸੌਖੀ ਹੋ ਗਈ ਹੈ। ਸਮਾਰਟ ਫੋਨ ਨੇ ਰਿਸ਼ਤਿਆਂ ਵਿਚ ਨੇੜਤਾ ਤੇ ਦੂਰੀ ਦਾ ਪੈਮਾਨਾ ਤਹਿ ਕਰ ਦਿੱਤਾ ਹੈ। ਮਿਸਾਲ ਵਜੋਂ ਜੇਕਰ ਤੁਹਾਡਾ ਫੋਨ ਅੱਗਿਓਂ ਉਸੇ ਵੇਲੇ ਅਨਸਰ ਹੋ ਜਾਂਦਾ ਹੈ ਤਾਂ ਸਮਝ ਲਓ ਕਿ ਰਿਸ਼ਤਾ ਨਿਭ ਰਿਹਾ ਹੈ, ਜੇਕਰ ਦੋ ਤਿੰਨ ਵਾਰੀ ਫੋਨ ਕਰਨ ਤੋਂ ਬਾਅਦ ਅਗਲੇ ਰਿਸ਼ਤੇ ਨਾਲ ਗੱਲ ਹੁੰਦੀ ਹੈ ਤਾਂ ਮੰਨ ਕੇ ਚੱਲੋ ਕਿ ਰਿਸ਼ਤਾ ਬੱਸ ਠੀਕ ਠੀਕ ਹੀ ਹੈ, ਜਿੰਨਾ ਕੁ ਮਤਲਬ ਹੈ, ਓਸ ਹਿਸਾਬ ਨਾਲ ਅਹਿਮੀਅਤ ਦਿੱਤੀ ਜਾ ਰਹੀ ਹੈ ਪਰੰਤੂ ਜੇਕਰ ਕਈ ਵਾਰ ਫੋਨ ਕਰਨ ਤੋਂ ਬਾਅਦ ਵੀ ਫੋਨ ਅਨਸਰ ਕਰਨ ਦੀ ਬਜਾਏ, ਵਾਟਸ ਐਪ ਉਤੇ ਕੁੱਝ ਦਿਨਾਂ ਬਾਅਦ ਇਹ ਸੁਨੇਹਾ ਆ ਜਾਂਦਾ ਹੈ ਕਿ "ਮੁਆਫ ਕਰਨਾ ਜਰਾ ਬੀਜੀ ਹੋਣ ਕਰਕੇ ਤੁਹਾਡਾ ਫੋਨ ਨਹੀਂ ਸੁਣ ਸਕਿਆ।" ਤਾਂ ਅਸਿੱਧੇ ਸ਼ਬਦਾਂ ਵਿਚ ਫੋਨ ਸੁਣਨ ਵਾਲਾ ਤੁਹਾਨੂੰ ਇਹ ਸੁਨੇਹਾ ਜਰੂਰ ਦੇ ਗਿਆ ਹੈ ਕਿ ਤੁਹਾਡੇ ਫੋਨ ਨੂੰ ਸੁਣਨ ਨਾਲੋਂ, ਉਸ ਕੋਲ ਹੋਰ ਬਹੁਤ ਸਾਰੇ ਜਰੂਰੀ ਕੰਮ ਹਨ। ਕਹਿਣ ਦਾ ਭਾਵ ਉਕਤ ਤਰਾਂ ਦੇ ਤਾਲਮੇਲ ਵਿਚੋਂ ਰਿਸ਼ਤੇ ਦੀ ਪਕਿਆਈ ਜਾਂ ਕਚਿਆਈ ਸਹਿਜੇ ਹੀ ਪਹਿਚਾਣੀ ਜਾ ਸਕਦੀ ਹੈ। ਇਸੇ ਤਰਾਂ ਹੀ ਵਾਟਸ ਐਪ, ਟੈਲੀਗਰਾਮ, ਐਸ ਐਮ ਐਸ ਤੇ ਹੋਰ ਸਭ ਤਰਾਂ ਦੇ ਸ਼ੋਸ਼ਲ ਮੀਡੀਏ ਰਾਹੀਂ ਅਦਾਨ ਪ੍ਰਦਾਨ ਹੋ ਰਹੇ ਸੁਨੇਹਿਆਂ ਤੋਂ ਆਪਸੀ ਰਿਸ਼ਤਿਆਂ ਦੀ ਕਚਿਆਈ ਪਕਿਆਈ ਦੀ ਪਹਿਚਾਣ ਸਹਿਜੇ ਹੀ ਕੀਤੀ ਜਾ ਸਕਦੀ ਹੈ।

ਇਕ ਗੱਲ ਇਥੇ ਜਿਕਰ ਕਰਨੀ ਜਰੂਰੀ ਬਣ ਜਾਂਦੀ ਹੈ ਕਿ ਅਜੋਕੇ ਰਿਸ਼ਤੇ ਨਾ ਹੀ ਖੂਨੀ ਸਾਂਝ ਦੇ ਹਨ, ਨਾ ਹੀ ਅਹਿਸਾਸ, ਵਿਸ਼ਵਾਸ਼ ਤੇ ਇੱਜਤ ਸਤਿਕਾਰ ਦੇ ਹਨ ਬਲਕਿ ਅੱਜਕਲ੍ਹ ਰਿਸ਼ਤਿਆਂ ਦੇ ਸਬੰਧ ਮਤਲਬ ਪ੍ਰਸਤੀ 'ਤੇ ਅਧਾਰਤ ਹਨ, ਜਿਨਾਂ ਚਿਰ ਮਤਲਬ ਹੈ, ਸਤਿਕਾਰ ਵੀ ਹੁੰਦਾ ਰਹੇਗਾ, ਤਾਲਮੇਲ ਵੀ ਵਾਹਵਾ ਬਣਿਆ ਰਹੇਗਾ, ਜਿਓਂ ਹੀ ਮਤਲਬ ਨਿੱਕਲ ਜਾਵੇਗਾ, ਰਿਸ਼ਤਾ ਸਮਾਪਤ ਹੋ ਜਾਵੇਗਾ, ਫੋਨ ਦੀ ਘੰਟੀ ਵੱਜਣੀ ਬੰਦ ਹੋ ਜਾਵੇਗੀ ਤੇ ਸੁਣਨੀ ਵੀ ਬੰਦ ਹੋ ਜਾਵੇਗੀ। ਇਸ ਤਰਾਂ ਕਰਕੇ ਸਮਾਰਟ ਫੋਨ ਅਤੇ ਸ਼ੋਸ਼ਲ ਮੀਡੀਆ ਸਮਾਜੀ ਮਨੁੱਖ ਨੂੰ ਸਮਾਜਿਕ ਰਿਸ਼ਤਿਆਂ ਦੇ ਪੱਕ ਕੱਚ ਬਾਰੇ ਬਹੁਤ ਕੁੱਝ ਸਮਝਾ ਦੇਂਦਾ ਹੈ।

ਅਸੀਂ ਦੇਖਦੇ ਹਾਂ ਕਿ ਘਰਾਂ ਵਿਚ ਇਕ ਦੂਜੇ ਨਾਲ ਬੋਲ ਚਾਲ ਨਾਲੋਂ ਵਧੇਰੇ ਹੁਣ ਸਮਾਰਟ ਫੋਨ ਨੂੰ ਵਧੇਰੇ ਅਹਿਮੀਅਤ ਦਿੱਤੀ ਜਾ ਰਹੀ ਹੈ। ਹਾਲਾਤ ਇਹ ਹਨ ਕਿ ਜਿਸ ਦੇ ਸ਼ੋਸ਼ਲ ਮੀਡੀਆਂ ਉਤੇ ਹਜ਼ਾਰਾਂ ਮਿੱਤਰ ਹਨ, ਉਸ ਦੀ ਗਲੀ ਗੁਆਂਢ ਵਿਚ ਰੱਤੀ ਮਾਤਰ ਵੀ ਜਾਣ ਪਹਿਚਾਣ ਨਹੀਂ, ਇਥੋਂ ਤੱਕ ਕਿ ਕਈਆਂ ਦੀ ਤਾਂ ਆਪਣੇ ਪਰਿਵਾਰਕ ਮੈਂਬਰਾਂ ਨਾਲ ਬੋਲ ਚਾਲ ਵੀ ਬੰਦ ਹੈ।

ਸਮਾਰਟ ਫੋਨ ਮਨੁੱਖ ਦੀ ਸੋਚ ਵਿਚ ਨਿੱਤ ਦਿਨ ਆ ਰਹੀਆਂ ਨਵੀਆਂ ਸਮਾਜਿਕ, ਮਾਨਸਿਕ ਅਤੇ ਬੌਧਿਕ ਵਿਵਹਾਰਕ ਤਬਦੀਲੀਆਂ ਦੀ ਜਾਣਕਾਰੀ ਪ੍ਰਦਾਨ ਕਰ ਜਾਂਦਾ ਹੈ। ਜੋ ਮਨੁੱਖ ਇਹਨਾਂ ਵਾਪਰ ਰਹੀਆਂ ਤਬਦੀਲ਼ੀਆਂ ਨੂੰ ਪਹਿਚਾਣ ਕੇ ਉਹਨਾਂ ਮੁਤਾਬਿਕ ਆਪਣੀ ਜੀਵਨ ਦਿਸ਼ਾ ਨਿਰਧਾਰਤ ਕਰ ਲੈਂਦਾ ਹੈ, ਉਹ ਆਪਣੀ ਭਵਿੱਖੀ ਜਿੰਦਗੀ ਨੂੰ ਸੁਖਾਲਾ ਬਣਾਉਣ ਵਿਚ ਸਫਲ ਹੋ ਜਾਂਦਾ ਹੈ।

ਮੁੱਕਦੀ ਗੱਲ ਇਹ ਹੈ ਕਿ ਸਮਾਰਟ ਫੋਨ ਨੇ ਮਨੁੱਖੀ ਜਿੰਦਗੀ ਨੂੰ ਹਰ ਪੱਖੋਂ ਪ੍ਰਭਾਵਤ ਕੀਤਾ ਹੈ, ਅਜੋਕਾ ਮਨੁੱਖ ਇਸ ਦੀ ਪੂਰੀ ਤਰਾਂ ਜਕੜ ਵਿਚ ਆ ਚੁੱਕਾ ਹੈ, ਇਸ ਵੇਲੇ ਸਮਾਰਟ ਫੋਨ ਮਨੁੱਖੀ ਸਰੀਰ ਵਿਚ ਫਿਟ ਕੀਤੀ ਹੋਈ ਚਿਪ ਹੈ ਜੋ ਸਾਡੇ ਸਭਨਾ ਬਾਰੇ ਹਰ ਤਰਾਂ ਦੀ ਜਾਣਕਾਰੀ ਰੱਖਦੀ ਹੈ ਕਿ ਅਸੀਂ ਕੀ ਕਰਦੇ ਹਾਂ। ਕੀ ਪੀਂਦੇ ਹਾਂ, ਕਿੱਥੇ ਜਾਂਦੇ ਹਾਂ ਤੇ ਕਿਥੋਂ ਆਉਂਦੇ ਹਾਂ, ਸਾਡਾ ਮਨ ਪਸੰਦ ਖਾਣਾ ਤੇ ਪੀਣਾ ਕੀ ਹੈ, ਇੰਟਰਨੈੱਟ ਉੱਤੇ ਸਾਡੀ ਮਨ ਪਸੰਦ ਬਰਾਊਸਿੰਗ ਕੀ ਹੈ, ਕਿਹੜੀਆਂ ਸਾਇਟਾਂ 'ਤੇ ਅਸੀਂ ਨਿੱਤ ਦਿਨ ਜਾਂਦੇ ਹਾਂ ਅਤੇ ਕੀ ਦੇਖਦੇ ਸੁਣਦੇ ਹਾਂ। ਸਾਡੀ ਹਰ ਹਰਕਤ ਉਤੇ ਸ਼ੋਸ਼ਲ ਮੀਡੀਆ ਬਾਜ ਨਜਰ ਰੱਖ ਰਿਹਾ ਹੈ ਤੇ ਫਿਰ ਉਸੇ ਹਿਸਾਬ ਨਾਲ ਹੀ ਸਾਨੂੰ ਸ਼ੋਸ਼ਲ ਮੀਡੀਏ ਰਾਹੀਂ ਪਰੋਸਿਆ ਜਾਂਦਾ ਹੈ।

ਸਹੀ ਰੂਪ ਵਿਚ ਮਨੁੱਖ ਹਣ ਵਿਸ਼ਵ ਮੰਡੀ ਦੀ ਵਸਤੂ ਬਣ ਚੁੱਕਾ ਹੈ, ਕਾਰਪੋਰੇਟਾਂ ਦੀ ਆਮਦਨ ਦਾ ਇਕ ਬਹੁਤ ਵੱਡਾ ਜਰੀਆ ਬਣ ਚੁੱਕਾ, ਉਹਨਾਂ ਨੂੰ ਕਿਧਰੇ ਕੋਈ ਸਰਵੇ ਕਰਨ ਦੀ ਜਰੂਰਤ ਨਹੀਂ ਕਿਉਂਕਿ ਸ਼ੋਸ਼ਲ ਮੀਡੀਆ ਅਚੇਤ ਜਾਂ ਸੁਚੇਤ ਰੂਪ ਵਿਚ ਅਛੋਪਲੇ ਜਿਹੇ ਹੀ ਉਹਨਾਂ ਤੱਕ ਸਾਡੀ ਸਾਰੀ ਨਿੱਜੀ ਜਾਣਕਾਰੀ ਉਹਨਾਂ ਤੱਕ ਪਹੁੰਚਾ ਰਿਹਾ ਹੈ। ਜੇਕਰ ਇਹ ਸਿਲਸਿਲਾ ਇਸੇ ਤਰਾਂ ਚਲਦਾ ਰਿਹਾ ਤਾਂ ਆਉਣ ਵਾਲੇ ਸਾਲਾਂ ਵਿਚ, ਇਸ ਸਮਾਰਟ ਫੋਨ ਦੀ ਬਹੁ ਵਰਤੋਂ/ ਦੁਰਵਰਤੋਂ ਕਾਰਨ, ਸਮਾਜਿਕ ਤਾਣਾ ਬਾਣਾ ਬਿਖਰਨ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਦੇ ਨਾਲ ਹੀ ਸਰੀਰਕ, ਮਾਨਸਿਕ ਅਤੇ ਬੌਧਿਕ ਸਿਹਤ ਦਾ ਵੀ ਦੀਵਾਲਾ ਨਿਕਲ ਜਾਵੇਗਾ। ਸੋ ਇਸ ਵੇਲੇ ਬਹੁਤ ਸਖਤ ਲੋੜ ਹੈ ਸਮਾਰਟ ਫੋਨ ਦੀ ਵਰਤੋਂ ਬਹੁਤ ਹੀ ਇਹਤਿਹਾਤ ਨਾਲ ਕੀਤੇ ਜਾਣ ਦੀ ਆਦਤ ਪਾ ਲਈ ਜਾਵੇ ਤਾਂ ਕਿ ਮਨੁੱਖੀ ਸਮਾਜ ਤਾਰ ਤਾਰ ਹੋਣ ਤੋਂ ਬਚਿਆ ਰਹੇ, ਸਾਡੀ ਸਰੀਰਕ ਤੇ ਮਾਨਸਿਕ ਸਿਹਤ ਬਚੀ ਰਹੇ ਤੇ ਅਸੀਂ ਵੀ ਬਚੇ ਰਹੀਏ।

# ਰਾਸ਼ਟਰਵਾਦੀ ਗੈਂਗਸਟਰ ਲਾਰੇਂਸ ਕੈਨੇਡਾ ਦੀ ਹਿਟਲਿਸਟ ਵਿਚ, ਲਾਰੇਂਸ ਪਿਛੇ ਕੌਣ ?

## ✪ ਵਿਦੇਸ਼ ਤੱਕ ਫੈਲਿਆ ਸਾਮਰਾਜ, ਸਮੇਂ ਦੇ ਨਾਲ ਅਤੇ ਖੂੰਖਾਰ ਹੋਇਆ

ਸਰਫਰੋਸ਼ੀ ਦੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ, ਜੇਲ ਦੀ ਬੈਰਕ ਵਿਚ ਫੋਨ ਤੋਂ ਬਣੀ ਵੀਡੀਓ ਵਿਚ ਦੇਸ਼ ਭਗਤੀ ਦਾ ਇਹ ਗੀਤ ਗਾਉਣ ਵਾਲਾ ਨੌਜਵਾਨ ਭਾਰਤ ਦਾ ਸਭ ਤੋਂ ਵੱਡਾ ਗੈਂਗਸਟਰ ਲਾਰੈਂਸ ਬਿਸ਼ਨੋਈ ਹੈ। ਕਮਰੇ ਦੀ ਕੰਧ 'ਤੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀਆਂ ਫੋਟੋਆਂ ਹਨ। ਗੀਤ ਖਤਮ ਹੋਣ ਤੋਂ ਬਾਅਦ, ਲਾਰੈਂਸ ਕਹਿੰਦਾ ਹੈ, 'ਸਾਰੇ ਸ਼ਹੀਦਾਂ, ਨੂੰ ਮੈਂ ਬਹੁਤ-ਬਹੁਤ ਪ੍ਰਣਾਮ ਕਰਦਾ ਹਾਂ... ਸਾਰੇ ਭਾਰਤੀ ਸੈਨਿਕਾਂ, ਜੋ ਸਰਹੱਦ 'ਤੇ ਹਨ, ਮੈਂ ਤੁਹਾਨੂੰ ਸਲਾਮ ਕਰਦਾ ਹਾਂ।' ਇਹ ਜੇਲ੍ਹ ਦੀਆਂ ਕੰਧਾਂ ਦੇ ਅੰਦਰ ਲਾਰੈਂਸ ਦੁਆਰਾ ਬਣਾਈ ਗਈ ਇੱਕ ਪੁਰਾਣੀ ਵੀਡੀਓ ਹੈ, ਜਿਸ ਵਿੱਚ ਸਾਰਿਆਂ ਨੂੰ ਦੀਵਾਲੀ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ ਸਨ। ਅਖੀਰ ਵਿਚ ਉਹ 'ਜੈ ਸ਼੍ਰੀ ਰਾਮ' ਕਹਿ ਕੇ ਵੀਡੀਓ ਖਤਮ ਕਰਦਾ ਹੈ।

ਇਹ ਪਹਿਲੀ ਵਾਰ ਨਹੀਂ ਹੈ ਜਦੋਂ ਲਾਰੈਂਸ ਨੇ ਆਪਣੇ ਆਪ ਨੂੰ ਦੇਸ਼ਭਗਤ ਵਜੋਂ ਪੇਸ਼ ਕਰਨ ਲਈ ਆਪਣੇ ਆਪ ਨੂੰ ਸ਼ਹੀਦ ਭਗਤ ਸਿੰਘ ਸਮੇਤ ਕਈ ਕ੍ਰਾਂਤੀਕਾਰੀਆਂ ਦਾ ਉਪਾਸ਼ਕ ਦੱਸਿਆ ਹੈ। ਇਸ ਤੋਂ ਪਹਿਲਾਂ ਅਦਾਲਤ ਵਿੱਚ ਪੇਸ਼ੀ ਸਮੇਂ ਵੀ ਉਨ੍ਹਾਂ ਨੇ ਸ਼ਹੀਦ ਭਗਤ ਸਿੰਘ ਦੀ ਫੋਟੋ ਵਾਲੀ ਟੀ-ਸ਼ਰਟ ਪਾਈ ਹੋਈ ਸੀ। ਇਸ ਵਾਰ ਇਹ ਵੀਡੀਓ ਮੁੰਬਈ ਵਿਚ 12 ਅਕਤੂਬਰ 2024 ਨੂੰ ਐਨਸੀਪੀ ਨੇਤਾ ਬਾਬਾ ਸਿੱਦੀਕੀ ਦੇ ਕਤਲ ਤੋਂ ਬਾਅਦ ਵਾਇਰਲ ਹੋ ਰਿਹਾ ਸੀ। ਲਾਰੈਂਸ ਨੂੰ ਦਿੱਲੀ ਦੇ ਪੌਸ਼ ਇਲਾਕੇ ਗ੍ਰੇਟਰ ਕੈਲਾਸ਼ ਵਿੱਚ 12 ਸਤੰਬਰ ਨੂੰ ਹੋਏ ਨਾਦਿਰ ਸ਼ਾਹ ਕਤਲ ਦਾ ਮਾਸਟਰਮਾਈਂਡ ਵੀ ਕਿਹਾ ਜਾ ਰਿਹਾ ਹੈ। ਇੱਕ ਮਹੀਨੇ ਦੇ ਅੰਦਰ ਦੋ ਸਨਸਨੀਖੇਜ਼ ਕਤਲ... ਇੱਕ ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਅਤੇ ਦੂਜਾ ਦੇਸ਼ ਦੀ ਵਿੱਤੀ ਰਾਜਧਾਨੀ ਮੁੰਬਈ ਵਿੱਚ ਭਾਈ ਨਿਝਰ ਕਤਲ ਕਾਂਡ ਕਾਰਣ ਉਹ ਕੈਨੇਡਾ ਦੀ ਹਿਟ ਲਿਸਟ ਵਿਚ ਹੈ

33 ਸਾਲਾ ਲਾਰੈਂਸ ਕਾਤਲਾਨਾ ਹਮਲਿਆਂ, ਕਤਲਾਂ,ਜਬਰੀ ਵਸੂਲੀ ਆਦਿ ਸਮੇਤ 70 ਤੋਂ ਵੱਧ ਮਾਮਲਿਆਂ ਦਾ ਸਾਹਮਣਾ ਕਰ ਰਿਹਾ ਹੈ । ਉਹ 2014 ਤੋਂ ਜੇਲ੍ਹ ਵਿੱਚ ਹੈ। ਇਸ ਦੌਰਾਨ ਉਹ 16 ਜਨਵਰੀ 2015 ਨੂੰ ਮੋਹਾਲੀ ਵਿਖੇ ਪੁਲਿਸ ਹਿਰਾਸਤ ਵਿਚੋਂ ਫਰਾਰ ਹੋਣ ਵਿਚ ਸਫਲ ਹੋ ਗਿਆ ਸੀ। ਉਸਨੂੰ ਪੰਜਾਬ ਪੁਲਿਸ ਨੇ 4 ਅਕਤੂਬਰ 2015 ਨੂੰ ਇੱਕ ਮੁਕਾਬਲੇ ਤੋਂ ਬਾਅਦ ਗ੍ਰਿਫਤਾਰ ਕੀਤਾ ਸੀ। ਉਦੋਂ ਤੋਂ ਉਹ ਲਗਾਤਾਰ ਪੰਜਾਬ, ਦਿੱਲੀ, ਰਾਜਸਥਾਨ, ਹਰਿਆਣਾ ਅਤੇ ਗੁਜਰਾਤ ਦੀਆਂ ਜੇਲ੍ਹਾਂ ਵਿੱਚ ਬੰਦ ਹੈ। ਇੱਕ ਦਹਾਕੇ ਤੱਕ ਜੇਲ੍ਹ ਵਿਚ ਰਹਿਣ ਦੇ ਬਾਵਜੂਦ ਉਹ ਦੇਸ਼-ਵਿਦੇਸ਼ ਵਿੱਚ ਆਪਣੀ ਸਿੰਡੀਕੇਟ ਦਾ ਵਿਸਥਾਰ ਕਰਨ ਵਿੱਚ ਸਫਲ ਰਿਹਾ ਹੈ। ਲਗਭਗ ਸਾਰੇ ਰਾਜਾਂ ਦੇ ਮਸ਼ਹੂਰ ਗੈਂਗਸਟਰ ਉਸ ਦੀ ਸਿੰਡੀਕੇਟ ਵਿੱਚ ਸ਼ਾਮਲ ਹਨ। 2021 ਵਿੱਚ ਜਦੋਂ ਇਹ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਆਇਆ ਤਾਂ ਉਸਨੇ ਉੱਤਰੀ ਭਾਰਤ ਦਾ ਮਜ਼ਬੂਤ ਗੈਂਗ ਗਠਜੋੜ ਬਣਾਇਆ ਹੈ। ਇੱਥੋਂ ਕਈ ਅਪਰਾਧ ਕੀਤੇ ਗਏ ਹਨ।



ਭਾਰਤ ਤੇ ਕੈਨੇਡਾ ਵਿਚ ਸੁਆਲ ਇਹ ਉਠ ਰਹੇ ਹਨ ਕਿ ਇਸ ਪਿਛੇ ਕੀ ਭਾਰਤੀ ਏਜੰਸੀਆਂ ਹਨ।ਅਦਾਲਤ ਵਿਚ ਪਹਿਲਾਂ ਹੀ ਸੁਆਲ ਉਠ ਚੁਕੇ ਹਨ ਕਿ ਪੁਲੀਸ ਦੀ ਹਾਜ਼ਰੀ ਵਿਚ ਗੈਂਗਸਟਰ ਲਾਰੰਸ ਦੀ ਇੰਟਰਵਿਊ ਕਿਵੇਂ ਹੋਈ ? ਅਦਾਲਤ ਦੇ ਸ਼ੱਕ ਦੇ ਘੇਰੇ ਵਿਚ ਪੰਜਾਬ ਦੇ ਡੀਜੀਪੀ ਵੀ ਹਨ। ਪਰ ਅਜੇ ਤਕ ਅਦਾਲਤ ਕਿਸੇ ਫੈਸਲੇ ਉਪਰ ਨਹੀਂ ਪਹੁੰਚ ਸਕੀ।

ਖੁਦ ਗੁਜਰਾਤ ਦੀ ਸਾਬਰਮਤੀ ਜੇਲ ਵਿਚ ਬੰਦ ਲਾਰੈਂਸ ਨੇ ਕਈ ਵਾਰ ਅਦਾਲਤ ਵਿਚ ਪੇਸ਼ੀ ਦੌਰਾਨ ਅਤੇ ਵੀਡੀਓਜ਼ ਰਾਹੀਂ ਦਾਅਵਾ ਕੀਤਾ ਹੈ ਕਿ ਉਹ ਵੱਖਵਾਦੀਆਂ ਤੇ ਖਾਲਿਸਤਾਨੀਆਂ ਦੇ ਖਿਲਾਫ ਹੈ। ਆਖਿਰ ਇਸ ਪਿੱਛੇ ਉਸਦਾ ਕੀ ਇਰਾਦਾ ਹੈ ? ਇੱਕ ਪੁਲਿਸ ਅਧਿਕਾਰੀ ਦਾ ਕਹਿਣਾ ਹੈ ਕਿ ਲਾਰੇਂਸ ਇੱਕ ਸੋਚੀ-ਸਮਝੀ ਯੋਜਨਾ ਦੇ ਹਿੱਸੇ ਵਜੋਂ ਆਪਣੇ ਲਈ ਇੱਕ ਦੇਸ਼ਭਗਤੀ ਵਾਲੀ ਤਸਵੀਰ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਹੀ ਕਾਰਨ ਹੈ ਕਿ ਉਸ ਦਾ ਸਮਰਥਨ ਕਰਨ ਵਾਲੇ ਭਗਵੇਂਵਾਦੀ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਖੁੱਲ੍ਹ ਕੇ ਅੱਗੇ ਆਉਣ ਲੱਗੇ ਹਨ। ਬਾਬਾ ਸਿੱਦੀਕੀ ਦੇ ਕਤਲ ਤੋਂ ਬਾਅਦ ਉਨ੍ਹਾਂ ਦਾ ਹੜ੍ਹ ਆ ਗਿਆ ਹੈ। ਦੋਸ਼ ਇਹ ਵੀ ਹਨ ਕਿ ਲਾਰੈਂਸ ਨੂੰ ਬਿਲਕੁਲ ਭਗਵੇਂਵਾਦੀਆਂ ਦੇ ਮਸੀਹੇ ਵਜੋਂ ਚਲਾਇਆ ਜਾ ਰਿਹਾ ਹੈ।

### ਨਿਸ਼ਾਨੇ 'ਤੇ ਸਲਮਾਨ

5 ਜਨਵਰੀ 2018 ਨੂੰ ਰਾਜਸਥਾਨ ਦੇ ਜੋਧਪੁਰ ਵਿਚ ਇਕ ਮਾਮਲੇ ਦੀ ਸੁਣਵਾਈ ਤੋਂ ਪਰਤਦਿਆਂ ਉਸ ਨੇ ਪੁਲਸ ਜੀਪ ਵਿਚ ਮੀਡੀਆ ਨੂੰ ਦੱਸਿਆ ਕਿ ਉਸ 'ਤੇ ਦਰਜ ਸਾਰੇ ਕੇਸ ਝੂਠੇ ਹਨ। ਪੁਲਿਸ ਉਸਨੂੰ ਫਸਾਉਂਦੀ ਹੈ... ਮੇਰਾ ਅਪਰਾਧਿਕ ਮਾਮਲਿਆਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਅਪਰਾਧ ਕੀ ਹੈ ? ਇਹ ਤਾਂ ਉਦੋਂ ਹੀ ਪਤਾ ਲੱਗੇਗਾ ਜਦੋਂ ਮੈਂ ਸਲਮਾਨ ਖਾਨ ਨੂੰ ਮਾਰਾਂਗਾ। ਇਹ ਐਲਾਨ ਕਰਦੇ ਹੀ ਉਹ ਬਿਸ਼ਨੋਈ ਭਾਈਚਾਰੇ ਦਾ ਹੀਰੋ ਬਣ ਗਿਆ ਸੀ। ਦਰਅਸਲ ਅਕਤੂਬਰ 1998 ਵਿਚ ਫਿਲਮ 'ਹਮ ਸਾਥ ਸਾਥ ਹੈ' ਦੀ ਸ਼ੂਟਿੰਗ ਦੌਰਾਨ ਸਲਮਾਨ ਅਤੇ ਹੋਰ ਕਲਾਕਾਰਾਂ 'ਤੇ ਕਾਲੇ ਹਿਰਨ ਦੇ ਸ਼ਿਕਾਰ ਦਾ ਦੋਸ਼ ਲੱਗਾ ਸੀ। ਬਿਸ਼ਨੋਈ ਭਾਈਚਾਰਾ ਕਾਲੇ ਹਿਰਨ ਦੀ ਪੂਜਾ ਕਰਦਾ ਹੈ। ਇਸ ਲਈ ਬਿਸ਼ਨੋਈ ਭਾਈਚਾਰੇ ਨੇ ਉਨ੍ਹਾਂ 'ਤੇ ਕੇਸ ਦਰਜ ਕਰਵਾਇਆ, ਜਿਸ ਮਾਮਲੇਵਿ'ਚ ਸਲਮਾਨ ਨੂੰ ਜੇਲ੍ਹ ਵੀ ਜਾਣਾ ਪਿਆ ਸੀ। ਬਿਸ਼ਨੋਈ ਭਾਈਚਾਰੇ ਨੇ ਅੱਜ ਤੱਕ ਸਲਮਾਨ ਨੂੰ ਮੁਆਫ਼ ਨਹੀਂ ਕੀਤਾ ਹੈ।

### ਸਖ਼ਤ ਕਾਨੂੰਨ ਵੀ ਬੇਅਸਰ ਕਿਉਂ ?

ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ 2021 ਵਿੱਚ ਲਾਰੈਂਸ 'ਤੇ ਮਕੋਕਾ ਲਗਾਇਆ ਸੀ। ਗੈਰਕਾਨੂੰਨੀ ਗਤੀਵਿਧੀਆਂ ਰੋਕਥਾਮ ਐਕਟ (ਯੂਏਪੀਏ) ਨਵੰਬਰ 2022 ਵਿੱਚ ਇਸਦੇ ਸਿੰਡੀਕੇਟ ਉੱਤੇ ਲਗਾਇਆ ਗਿਆ ਸੀ। ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨਆਈਏ) ਦਾ ਦਾਅਵਾ ਹੈ ਕਿ ਉਸ ਦੇ ਅਪਰਾਧ ਸਿੰਡੀਕੇਟ ਦੇ ਦੇਸ਼ ਵਿੱਚ 700 ਤੋਂ ਵੱਧ ਮੈਂਬਰ ਹਨ। ਅੰਡਰਵਰਲਡ ਡਾਨ ਦਾਊਦ ਇਬਰਾਹਿਮ ਵਾਂਗ ਉਸ ਨੇ ਨਾ ਸਿਰਫ਼ ਉੱਤਰੀ ਭਾਰਤ ਵਿੱਚ ਸਗੋਂ ਕੌਮਾਂਤਰੀ ਪੱਧਰ 'ਤੇ ਆਪਣਾ ਨੈੱਟਵਰਕ ਬਣਾਇਆ ਹੋਇਆ ਹੈ। ਉਹ ਦੇਸ਼ ਅਤੇ ਵਿਦੇਸ਼ ਵਿੱਚ ਕਿਤੇ ਵੀ ਅਤੇ ਕਿਸੇ ਵੀ ਸਮੇਂ ਕੁਝ ਵੀ ਕਰਨ ਦੀ ਸਮਰੱਥਾ ਰੱਖਦਾ ਹੈ। ਉਹ ਜੇਲ੍ਹ ਵਿੱਚ ਫੋਨ ਦੀ ਵਰਤੋਂ ਕਰਦਾ ਹੈ, ਮੀਡੀਆ ਨੂੰ ਇੰਟਰਵਿਊ ਦਿੰਦਾ ਹੈ ਅਤੇ ਵੀਡੀਓ ਕਾਲ ਕਰਦਾ ਹੈ ਅਤੇ ਕਰੋੜਾਂ ਰੁਪਏ ਦੀ ਫਿਰੌਤੀ ਦੀ ਮੰਗ ਕਰਦਾ ਹੈ।

ਗ੍ਰਿਹ ਮੰਤਰਾਲੇ ਦੇ ਹੁਕਮਾਂ ਕਾਰਨ ਉਹ ਅਗਸਤ 2023 ਤੋਂ ਸਾਬਰਮਤੀ ਜੇਲ੍ਹ ਵਿੱਚ ਬੰਦ ਹੈ। ਆਮ ਤੌਰ 'ਤੇ ਨਸ਼ੀਲੇ ਪਦਾਰਥਾਂ ਦੇ ਤਸਕਰਾਂ, ਗੰਭੀਰ ਕਤਲਾਂ ਦੇ ਮੁਲਜ਼ਮ, ਜੇਲ੍ਹ ਤੋਂ ਭੱਜਣ ਦੀ ਕੋਸ਼ਿਸ਼ ਕਰਨ ਵਾਲੇ ਕੈਦੀ, ਬੰਬ ਧਮਾਕਿਆਂ ਦੇ ਕੇਸਾਂ ਦੇ ਮੁਲਜ਼ਮਾਂ ਆਦਿ ਨੂੰ ਇਨ੍ਹਾਂ ਉੱਚ ਸੁਰੱਖਿਆ ਸੈੱਲਾਂ ਵਿੱਚ ਰੱਖਿਆ ਜਾਂਦਾ ਹੈ। ਇਹ ਸੈੱਲ ਦੂਜੇ ਸੈੱਲਾਂ ਤੋਂ ਵੱਖਰਾ ਹੈ, ਇਸ ਵਿੱਚ ਡਬਲ ਰਿੰਗ ਸੁਰੱਖਿਆ ਹੈ। ਜੇਲ੍ਹ ਦੇ ਹੋਰ ਹਿੱਸਿਆਂ ਨਾਲੋਂ ਇੱਥੇ ਵਧੇਰੇ ਸਿਖਲਾਈ ਪ੍ਰਾਪਤ ਸਟਾਫ਼ ਮੌਜੂਦ ਹੈ ਅਤੇ ਇਨ੍ਹਾਂ ਉੱਚ ਸੁਰੱਖਿਆ ਸੈੱਲਾਂ ਦੇ ਆਲੇ-ਦੁਆਲੇ ਵਾਚ ਟਾਵਰ ਬਣਾਏ ਗਏ ਹਨ।ਗੁਜਰਾਤ ਜੇਲ੍ਹ ਮੈਨੂਅਲ' ਅਨੁਸਾਰ ਇਸ ਕਿਸਮ ਦੇ ਸੈੱਲ ਦੇ ਆਲੇ-ਦੁਆਲੇ ਇੱਕ 'ਨੋ-ਮੈਨਜ਼ ਲੈਂਡ' ਖੇਤਰ ਹੁੰਦਾ ਹੈ, ਜਿਸ ਵਿੱਚ ਸਿਰਫ਼ ਡਿਊਟੀ 'ਤੇ ਤਾਇਨਾਤ ਜੇਲ੍ਹ ਕਰਮਚਾਰੀ ਹੀ ਦਾਖ਼ਲ ਹੋ ਸਕਦੇ ਹਨ।ਕਿਸੇ ਵੀ ਸੂਬੇ ਦੀ ਪੁਲਿਸ ਇਸ ਨੂੰ ਆਪਣੇ ਨਾਲ ਨਹੀਂ ਲੈ ਜਾ ਸਕਦੀ। ਅਦਾਲਤ ਵਿੱਚ ਪੇਸ਼ੀ ਵੀ ਵੀਡੀਓ ਕਾਨਫਰੰਸਿੰਗ ਰਾਹੀਂ ਹੀ ਹੁੰਦੀ ਹੈ।ਆਖਿਰ ਸੁਆਲ ਇਹ ਪੈਦਾ ਹੁੰਦਾ ਹੈ ਕਿ ਉਹ ਸਖਤ ਕਨੂੰਨਾਂ ਦੇ ਬਾਵਜੂਦ ਇਹ ਸਭ ਕਨੂੰਨ ਵਿਰੋਧੀ ਕਾਰੇ ਕਿਵੇਂ ਕਰ ਰਿਹਾ ਹੈ ? ਪ੍ਰਸ਼ਾਸ਼ਨ ਤੇ ਸਰਕਾਰ ਇਸ ਬਾਰੇ ਚੁਪ ਹੈ।

### ਕੈਨੇਡਾ ਪੁਲਿਸ ਅਨੁਸਾਰ ਕੈਨੇਡਾ ਖ਼ਿਲਾਫ਼ ਗੈਂਗਸਟਰ ਲਾਰੈਂਸ ਨੂੰ ਵਰਤ ਰਹੀਆਂ ਭਾਰਤੀ ਏਜੰਸੀਆਂ

ਕੈਨੇਡਾ ਅਤੇ ਭਾਰਤ ਨੇ ਆਪਣੇ ਡਿਪਲੋਮੈਟਸ ਨੂੰ ਵਾਪਸ ਬੁਲਾਉਣ ਤੋਂ ਬਾਅਦ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੇ ਇਲਜ਼ਾਮ ਲਾਇਆ ਸੀ ਕਿ ਭਾਰਤ ਸਰਕਾਰ ਦੇ ਏਜੰਟ ਕੈਨੇਡਾ ਵਿੱਚ ਦਹਿਸ਼ਤ ਫੈਲਾਉਣ ਲਈ ਲਾਰੈਂਸ ਬਿਸ਼ਨੋਈ ਗੈਂਗ ਨਾਲ ਮਿਲ ਕੇ ਕੰਮ ਕਰ ਰਹੇ ਹਨ। ਮੀਡੀਆ ਰਿਪੋਰਟਾਂ ਅਨੁਸਾਰ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੇ ਸਹਾਇਕ ਕਮਿਸ਼ਨਰ ਬ੍ਰਿਗੇਟ ਗੌਬਿਨ ਨੇ ਦੋਸ਼ ਲਾਇਆ ਸੀ ਕਿ ਭਾਰਤੀ ਖੁਫੀਆ ਏਜੰਸੀਆਂ ਜੁਰਮ ਨੂੰ ਅੰਜਾਮ ਦੇਣ ਲਈ ਸੰਗਠਿਤ ਅਪਰਾਧੀ ਤੱਤਾਂ ਦੀ ਵਰਤੋਂ ਕਰ ਰਹੀਆਂ ਹਨ

ਬਾਕੀ ਹਿਸਾ ਸਫ਼ਾ 46 ਤੇ ਪੜ੍ਹੋ →

### ਗੈਂਗ ਦਾ ਸਨਸਨੀਖੇਜ਼ ਕਰਾਈਮ

- 29 ਮਈ 2022 ਨੂੰ ਪੰਜਾਬੀ ਗਾਇਕ ਸ਼ੁਭਜੀਤ ਸਿੰਘ ਉਰਫ ਸਿੱਧੂ ਮੂਸੇਵਾਲਾ ਦਾ ਕਤਲ।
- 20 ਸਤੰਬਰ 2023 ਨੂੰ ਕੈਨੇਡਾ ਵਿੱਚ ਬੰਬੀਹਾ ਗਰੁੱਪ ਦੇ ਸੁਖਦੂਲ ਸਿੰਘ ਉਰਫ ਸੁੱਖੂ ਦਾਨੁਕੇ ਦਾ ਕਤਲ।
- 5 ਦਸੰਬਰ 2023 ਨੂੰ ਜੈਪੁਰ ਵਿੱਚ ਕਰਨੀ ਸੈਨਾ ਦੇ ਮੁਖੀ ਸੁਖਦੇਵ ਸਿੰਘ ਗੋਗਾਮੇਦੀ ਦਾ ਕਤਲ।
- 14 ਅਪ੍ਰੈਲ 2024 ਨੂੰ ਸਲਮਾਨ ਖਾਨ ਦੇ ਮੁੰਬਈ ਸਥਿਤ ਘਰ ਦੇ ਬਾਹਰ ਗੋਲੀਬਾਰੀ
- 12 ਸਤੰਬਰ 2024 ਨੂੰ ਗ੍ਰੇਟਰ ਕੈਲਾਸ਼, ਦਿੱਲੀ ਵਿੱਚ ਜਿਮ ਕਾਰੋਬਾਰੀ ਨਾਦਿਰ ਸ਼ਾਹ ਦੀ ਹੱਤਿਆ।
- 12 ਅਕਤੂਬਰ 2024 ਨੂੰ ਐਨਸੀਪੀ ਨੇਤਾ ਬਾਬਾ ਸਿੱਦੀਕੀ ਦਾ ਕਤਲ।

45 ਸਫ਼ੇ ਦੀ ਬਾਕੀ

ਤੇ ਖ਼ਾਸ ਤੌਰ ’ਤੇ ਬਿਸ਼ਨੋਈ ਗੈਂਗ ਇਸ ਲਈ ਜ਼ਿੰਮੇਵਾਰ ਹੈ। ਬਿਸ਼ਨੋਈ ਗੈਂਗ ਭਾਰਤ ਦੇ ਏਜੰਟਾਂ ਨਾਲ ਜੁੜਿਆ ਹੋਇਆ ਹੈ।

ਭਾਰਤੀ ਅਧਿਕਾਰੀਆਂ ਨੇ ਦੋਸ਼ਾਂ ਨੂੰ ਰੱਦ ਕਰਦਿਆਂ, ਕੈਨੇਡਾ ’ਤੇ ਖਾਲਿਸਤਾਨੀ ਖਾੜਕੂਆਂ ਨੂੰ ਸ਼ਰਨ ਦੇਣ ਦਾ ਦੋਸ਼ ਲਗਾਇਆ ਹੈ ਜੋ ਖਾਲਿਸਤਾਨ ਦੀ ਸਿਰਜਣਾ ਦੀ ਮੰਗ ਕਰਦਾ ਹੈ। ਭਾਰਤ ਦੇ ਇਹ ਵੀ ਦੋਸ਼ ਹਨ ਕਿ ਲਿਬਰਲ ਸਰਕਾਰ ਸਿੱਖ ਭਾਈਚਾਰੇ ਦੇ ਮੈਂਬਰਾਂ ਤੋਂ ਵੋਟਾਂ ਹਾਸਿਲ ਕਰਨ ਦੇ ਚੱਕਰ ਵਿੱਚ ਹਨ। ਲੰਘੇ ਹਫ਼ਤੇ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਬਿਸ਼ਨੋਈ ਸਮੂਹ ਦੇ ਮੈਂਬਰਾਂ ਸਮੇਤ ਗੈਂਗਸਟਰਾਂ ਦੀ ਹਵਾਲਗੀ ਦੀਆਂ 26 ਬੇਨਤੀਆਂ ਬਕਾਇਆ ਹਨ ਅਤੇ ਭਾਰਤ ਇਹਨਾਂ ਦੀ ਵਾਪਸੀ ਕਰਵਾ ਮੁਕੱਦਮਾ ਚਲਾਉਣਾ ਚਾਹੁੰਦਾ ਹੈ। ਭਾਰਤੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੈਨੇਡਾ ਨੇ ਭਾਰਤ ਸਰਕਾਰ ਦੀਆਂ ਬੇਨਤੀਆਂ ਨੂੰ ਅਣਡਿੱਠ ਕੀਤਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ, ਇਹ ਸ਼ਬਦਾਂ ਵਿਚ ਇਕ ਵਿਰੋਧਾਭਾਸ ਹੈ, ਜਿਸ ਨੂੰ ਅਸੀਂ ਨਹੀਂ ਸਮਝਦੇ। ਕੈਨੇਡਾ ਭਾਰਤ ਦੇ ਸਰਕਾਰੀ ਏਜੰਟਾਂ ਨੂੰ ਉਨ੍ਹਾਂ ਹੀ ਗੈਂਗਸਟਰਾਂ ਨਾਲ ਜੋੜ ਰਿਹਾ ਹੈ, ਜਿਨ੍ਹਾਂ ਦੀ ਭਾਰਤ ਹਵਾਲਗੀ ਚਾਹੁੰਦਾ ਹੈ।

ਇਸ ਤੋਂ ਪਹਿਲਾਂ ਵਾਸ਼ਿੰਗਟਨ ਪੋਸਟ ਵਿੱਚ ਇੱਕ ਖ਼ਬਰ ਛਪੀ ਸੀ ਜਿਸ ਵਿੱਚ ਪਿਛਲੇ ਸਾਲ ਇੱਕ ਸਿੱਖ ਵੱਖਵਾਦੀ ਭਾਈ ਹਰਦੀਪ ਸਿੰਘ ਨਿਝਰ ਦੇ ਕਤਲ ਦਾ ਜ਼ਿਕਰ ਕੀਤਾ ਗਿਆ ਸੀ। ਰਿਪੋਰਟ ਵਿੱਚ ਦੋਸ਼ ਲਾਇਆ ਗਿਆ ਸੀ ਕਿ ਭਾਰਤ ਸਰਕਾਰ ਅਜਿਹੇ ਆਪਰੇਸ਼ਨਾਂ ਲਈ ਲਾਰੈਂਸ ਬਿਸ਼ਨੋਈ ਦੀ ਵਰਤੋਂ ਕਰ ਰਹੀ ਹੈ।

ਕੈਨੇਡਾ ਤੇ ਭਾਰਤ ਵਿਚਾਲੇ ਚੱਲ ਰਹੇ ਤਣਾਅ ਦਰਮਿਆਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਨਵੇਂ ਦੋਸ਼ਾਂ ਨੇ ਤਣਾਅ ਨੂੰ ਹੋਰ ਵਧਾ ਦਿੱਤਾ ਹੈ। ਹੁਣ ਉਨ੍ਹਾਂ ਕਿਹਾ ਕਿ ਭਾਰਤ ਖਾਲਿਸਤਾਨੀ ਹਰਦੀਪ ਸਿੰਘ ਨਿੱਝਰ ਅਤੇ ਖਾਲਿਸਤਾਨੀ ਨੇਤਾਵਾਂ ’ਤੇ ਹਮਲੇ ਕਰਨ ਲਈ ਲਾਰੈਂਸ ਬਿਸ਼ਨੋਈ ਦੇ ਗਿਰੋਹ ਦੀ ਮਦਦ ਲੈ ਰਿਹਾ ਹੈ। ਇਸ ਦੌਰਾਨ ਅਮਰੀਕੀ ਅਖ਼ਬਾਰ ਵਾਸ਼ਿੰਗਟਨ ਪੋਸਟ ਦੀ ਇੱਕ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਸੀ ਕਿ ਪਿਛਲੇ ਮਹੀਨੇ ਭਾਰਤ ਤੇ ਕੈਨੇਡਾ ਵਿਚਾਲੇ ਗੁਪਤ ਮੀਟਿੰਗ ਹੋਈ ਸੀ। ਭਾਰਤੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਪਿਛਲੇ ਹਫ਼ਤੇ ਸਿੰਗਾਪੁਰ ਵਿੱਚ ਸਨ, ਜਿੱਥੇ ਉਨ੍ਹਾਂ ਨੇ ਕੈਨੇਡੀਅਨ ਅਧਿਕਾਰੀਆਂ ਨਾਲ ਗੁਪਤ ਮੀਟਿੰਗ ਕੀਤੀ ਸੀ। ਇਸ ਮੀਟਿੰਗ ਵਿੱਚ ਕੈਨੇਡੀਅਨ ਅਧਿਕਾਰੀਆਂ ਨੇ ਲਾਰੈਂਸ ਬਿਸ਼ਨੋਈ ਗੈਂਗ ਬਾਰੇ ਗੱਲ ਕੀਤੀ ਸੀ ।ਇਸ ਦੌਰਾਨ ਕੈਨੇਡੀਅਨ ਸਰਕਾਰ ਨੇ ਭਾਰਤ ’ਤੇ ਖਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੇ ਕਤਲ ਅਤੇ ਹੋਰ ਖਾਲਿਸਤਾਨੀ ਨੇਤਾਵਾਂ ’ਤੇ ਹਮਲੇ ਦੇ ਦੋਸ਼ ਲਗਾਏ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਭਾਰਤ ਦੇ ਇਸ਼ਾਰੇ ’ਤੇ ਲਾਰੈਂਸ ਬਿਸ਼ਨੋਈ ਤੇ ਉਸ ਦੇ ਸਾਥੀ ਕੈਨੇਡਾ ’ਚ ਇਹ ਸਭ ਕੁਝ ਕਰ ਰਹੇ ਹਨ।

ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਅਜੀਤ ਡੋਭਾਲ ਨਾਲ ਹੋਈ ਮੀਟਿੰਗ ਵਿੱਚ ਕੈਨੇਡਾ ਸਰਕਾਰ ਨੇ ਲਾਰੈਂਸ ਬਿਸ਼ਨੋਈ ਦੀ ਸ਼ਮੂਲੀਅਤ ’ਤੇ ਜ਼ੋਰ ਦਿੱਤਾ ਸੀ। ਇੱਕ ਕੈਨੇਡੀਅਨ ਅਧਿਕਾਰੀ ਦੇ ਹਵਾਲੇ ਨਾਲ ਕਿਹਾ ਗਿਆ ਕਿ ਮੀਟਿੰਗ ਦੌਰਾਨ ਅਜੀਤ ਡੋਵਾਲ ਨੇ ਪਹਿਲਾਂ ਇੰਞ ਜਤਾਇਆ ਜਿਵੇਂ ਉਹ ਲਾਰੈਂਸ ਬਿਸ਼ਨੋਈ ਨੂੰ ਨਹੀਂ ਜਾਣਦੇ ਪਰ ਬਾਅਦ ਵਿੱਚ ਉਸਨੇ ਮੰਨਿਆ ਕਿ ਲਾਰੈਂਸ ਬਿਸ਼ਨੋਈ ਜੇਲ੍ਹ ਵਿੱਚ ਬੈਠ ਕੇ ਵੀ ਹਿੰਸਾ ਤੇ ਹਮਲਿਆਂ ਵਰਗੀਆਂ ਘਟਨਾਵਾਂ ਨੂੰ ਅੰਜਾਮ ਦਿੰਦਾ ਹੈ। ਇਹ ਮੀਟਿੰਗ ਪੰਜ ਘੰਟੇ ਚੱਲੀ, ਜਿਸ ਵਿੱਚ ਕੈਨੇਡਾ ਦੀ ਸੁਰੱਖਿਆ ਸਲਾਹਕਾਰ ਨੈਟਲੀ ਡਰੋਇਨ ਤੋਂ ਇਲਾਵਾ ਉਪ ਵਿਦੇਸ਼ ਮੰਤਰੀ ਡੇਵਿਡ ਮੌਰੀਸਨ ਅਤੇ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੇ ਸੀਨੀਅਰ ਮੈਂਬਰ ਵੀ ਮੌਜੂਦ ਸਨ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੈਨੇਡੀਅਨ ਅਧਿਕਾਰੀਆਂ ਨੇ ਅਜੀਤ ਡੋਵਾਲ ਨੂੰ ਦੱਸਿਆ ਕਿ ਉਹ ਨਿੱਝਰ ਕਤਲ ਕੇਸ ਵਿੱਚ ਚਾਰ ਭਾਰਤੀ ਅਧਿਕਾਰੀਆਂ ਦੀ ਸ਼ਮੂਲੀਅਤ ਬਾਰੇ ਵੇਰਵੇ ਜਨਤਕ ਕਰਨ ਬਾਰੇ ਸੋਚ ਰਹੇ ਹਨ ਕਿਉਂਕਿ ਇਸ ਕੇਸ ਦੀ ਜਾਂਚ ਅਗਲੇ ਮਹੀਨੇ ਹੋਣੀ ਹੈ। ਹਾਲਾਂਕਿ, ਅਜੀਤ ਡੋਵਾਲ ਨੇ ਕਿਹਾ ਕਿ ਭਾਰਤ ਨਿੱਝਰ ਦੇ ਕਤਲ ਜਾਂ ਕੈਨੇਡਾ ਵਿੱਚ ਹਿੰਸਾ ਭੜਕਾਉਣ ਨਾਲ ਭਾਰਤ ਦੇ ਸਬੰਧ ਦੇ ਕਿਸੇ ਵੀ ਕੈਨੇਡੀਅਨ ਦੋਸ਼ਾਂ ਨੂੰ ਰੱਦ ਕਰਦਾ ਹੈ।

ਕੈਨੇਡਾ ਸਰਕਾਰ ਅਨੁਸਾਰ ਭਾਰਤੀ ਡਿਪਲੋਮੈਟ ਸ਼ੱਕੀ ਸਿੱਖ ਵੱਖਵਾਦੀਆਂ ਬਾਰੇ ਖੁਫੀਆ ਜਾਣਕਾਰੀ ਇਕੱਠੀ ਕਰਦੇ ਹਨ, ਜੋ ਕਿ ਫਿਰ ਰਾਅ ਨੂੰ ਦਿੱਤੀ ਜਾਂਦੀ ਹੈ ਤਾਂ ਜੋ ਬਿਸ਼ਨੋਈ ਦੀ ਅਗਵਾਈ ਵਾਲੇ ਗਰੋਹ ਦੇ ਨਿਸ਼ਾਨੇ ਦੀ ਪਛਾਣ ਕੀਤੀ ਜਾ ਸਕੇ। ਸਥਾਨਕ ਪੁਲਿਸ ਮੁਤਾਬਿਕ, ਸਤੰਬਰ 2023 ਤੋਂ ਹੁਣ ਤੱਕ ਉਨ੍ਹਾਂ ਨੇ ਘੱਟੋ-ਘੱਟ 13 ਸਿਖਾਂ ਨੂੰ ਚੇਤਾਵਨੀ ਦਿੱਤੀ ਸੀ ਕਿ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੈ। ਉਨ੍ਹਾਂ ਨੇ ਕਿਹਾ, ਕਤਲ ਮਾਮਲੇ ਵਿਚ ਕਰੀਬ 8 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਦੇ ਨਾਲ ਹੀ ਘੱਟੋ-ਘੱਟ 22 ਲੋਕਾਂ ਨੂੰ ਫਿਰੌਤੀ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਨ੍ਹਾਂ ਵਿੱਚੋਂ ਕੁਝ ਲੋਕਾਂ ਦੇ ਭਾਰਤ ਸਰਕਾਰ ਨਾਲ ਸਬੰਧ ਹਨ।

### ਖਹਿਰਾ ਤੇ ਚੰਨੀ ਕੈਨੇਡਾ ਸਰਕਾਰ ਨਾਲ ਸਹਿਮਤ

ਉਧਰ ਕਾਂਗਰਸ ਦੇ ਸੀਨੀਅਰ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੀ ਪ੍ਰੈਸ ਕਾਂਫਰੰਸ ਨੂੰ ਨਸ਼ਰ ਕਰਦੇ ਹੋਏ ਆਪਣੇ ਸੋਸ਼ਲ ਮੀਡੀਆ ਅਕਾਊਂਟ ’ਤੇ ਲਿਖਿਆ ਕੈਨੇਡੀਅਨ ਸਰਕਾਰ ਤੇ ਇਸ ਦੇ ਸੀਨੀਅਰ ਪੁਲਿਸ ਅਧਿਕਾਰੀ ਭਾਰਤੀ ਅਧਿਕਾਰੀਆਂ ਦੇ ਸਹਿਯੋਗ ਨਾਲ ਲਾਰੈਂਸ ਬਿਸ਼ਨੋਈ ਗਰੁੱਪ ਬਾਰੇ ਆਪਣੀ ਧਰਤੀ ’ਤੇ ਸਿੱਖਾਂ ਨੂੰ ਸਰੀਰਕ ਤੌਰ ’ਤੇ ਖਤਮ ਕਰਨ ਦੇ ਜੋ ਦੋਸ਼ ਲਗਾ ਰਹੇ ਹਨ, ਉਸ ਵਿੱਚ ਜੇਕਰ ਥੋੜ੍ਹੀ ਜਿਹੀ ਵੀ ਸੱਚਾਈ ਹੈ ਤਾਂ ਭਾਰਤ ਵਿੱਚ ਵੀ ਵਿਰੋਧ ਕਰਨ ਵਾਲਿਆਂ ਨੂੰ ਰੱਬ ਹੀ ਬਚਾ ਸਕਦਾ ਹੈ!

ਕਾਂਗਰਸ ਆਗੂ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਹੈ ਕਿ ਬਹੁਤ ਦੁੱਖ ਦੀ ਗੱਲ ਹੈ ਕਿ ਜਿੱਥੇ ਅਮਰੀਕਾ ਅਤੇ ਕੈਨੇਡਾ ਵਰਗੇ ਦੇਸ਼ ਸਿੱਖਾਂ ਪ੍ਰਤੀ ਚਿੰਤਤ ਹਨ, ਉਥੇ ਹੀ ਸਾਡੇ ਪੰਜਾਬ ਦੇ ਆਗੂ ਅਤੇ ਲੋਕ ਕੁੱਲ੍ਹੜ ਪੀਜ਼ਾ ਜੋੜੇ ਅਤੇ ਵਿਰਸਾ ਸਿੰਘ ਵਲਟੋਹਾ ਵਰਗੇ ਬੇਤੁੱਕੇ ਮੁੱਦਿਆਂ ਤੱਕ ਉਲਝੇ ਹੋਏ ਹਨ। ਖਹਿਰਾ ਨੇ ਕਿਹਾ ਕਿ ਜੋ ਪੰਜਾਬ ਦੇ ਅਸਲ ਮੁੱਦੇ ਹਨ, ਜਿਨ੍ਹਾਂ ’ਤੇ ਪੰਜਾਬ ਦਾ ਭਵਿੱਖ ਦਾਅ ’ਤੇ ਲੱਗਿਆ ਹੋਇਆ ਹੈ, ਉਨ੍ਹਾਂ ਵੱਲ ਕਿਸੇ ਆਗੂ ਦਾ ਧਿਆਨ ਨਹੀਂ ਜਾ ਰਿਹਾ। ਉਹ ਮੁੱਦਾ ਹੈ ਕੈਨੇਡਾ ਵਿੱਚ ਹਰਦੀਪ ਸਿੰਘ ਨਿੱਝਰ ਦੇ ਕਤਲ ਦਾ ਮਾਮਲਾ। ਪਿਛਲੇ ਦਿਨੀਂ ਕੈਨੇਡਾ ਦੇ ਪੀਐਮ ਜਸਟਿਨ ਟਰੂਡੋ ਤੇ ਕੈਨੇਡਾ ਦੇ ਆਫੀਸ਼ਿਅਲਜ਼ ਨੇ ਖੁਲਾਸਾ ਕੀਤਾ ਹੈ ਕਿ ਇਸ ਕਤਲ ਵਿੱਚ ਭਾਰਤ ਦੀਆਂ ਏਜੰਸੀਆਂ ਤੇ ਅਧਿਕਾਰੀਆਂ ਦੀ ਸ਼ਮੂਲੀਅਤ ਹੈ। ਖਹਿਰਾ ਨੇ ਕਿਹਾ ਕਿ ਕੈਨੇਡਾ ਦੇ ਨਾਲ-ਨਾਲ ਅਮਰੀਕੀ ਪੁਲਿਸ ਨੇ ਵੀ ਇੱਕ ਬੰਦਾ ਫੜਿਆ ਹੈ ਤੇ ਸਥਾਨਕ ਅਦਾਲਤ ਵਿੱਚ ਭਾਰਤ ਦੀ ਰਾਅ ਏਜੰਸੀ ਦਾ ਇੱਕ ਬੰਦਾ ਨਾਮਜ਼ਦ ਕੀਤਾ ਹੈ। ਇਸ ਸਭ ਵਿੱਚ ਭਾਰਤ ਦੇ ਨਾਮੀ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਨਾਂ ਸਾਹਮਣੇ ਆ ਰਿਹਾ ਹੈ। ਬਿਸ਼ਨੋਈ ਨੇ ਤਾਂ ਹਾਲ ਹੀ ਵਿੱਚ ਮੁੰਬਈ ਦੇ ਸਾਬਕਾ ਮੰਤਰੀ ਬਾਬਾ ਸਿੱਦੀਕੀ ਦੇ ਕਤਲ ਦੀ ਵੀ ਜ਼ਿੰਮੇਵਾਰੀ ਲਈ ਹੈ ਤੇ ਜੇਲ੍ਹ ਵਿੱਚੋਂ ਉਸ ਦੀਆਂ ਕਈ ਵੀਡੀਓ ਤੇ ਇੰਟਰਵਿਊਜ਼ ਵਾਇਰਲ ਹੋਈਆਂ ਹਨ। ਬਿਸ਼ਨੋਈ ਨੇ ਸਿੱਧੂ ਮੂਸੇਵਾਲਾ ਦੇ ਕਤਲ ਦੀ ਵੀ ਜ਼ਿੰਮੇਵਾਰੀ ਲਈ ਹੈ।

ਖਹਿਰਾ ਨੇ ਚਿੰਤਾ ਜਤਾਈ ਹੈ ਕਿ ਪੰਜਾਬ ਦੇ ਲੀਡਰ ਇਸ ਵੇਲੇ ਇਹੋ ਜਿਹੇ ਸੰਜੀਦਾ ਮੁੱਦਿਆਂ ’ਤੇ ਮੌਨ ਧਾਰੀ ਬੈਠੇ ਹਨ। ਖ਼ਾਸ ਕਰਕੇ ਅਕਾਲੀ ਦਲ ਦੀ ਲੀਡਰਸ਼ਿਪ ਨੇ ਇਸ ਬਾਰੇ ਇੱਕ ਸ਼ਬਦ ਨਹੀਂ ਬੋਲਿਆ। ਸਿੱਖਾਂ ਦੀ ਨੁਮਾਇੰਦਾ ਸੰਸਥਾ ਸ਼੍ਰੋਮਣੀ ਅਕਾਲੀ ਦਲ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੀ ਇਸ ਮੁੱਦੇ ’ਤੇ ਚੁੱਪ ਹਨ। ਇੱਕ ਪਾਸੇ 5 ਆਈਜ਼ ਤੇ ਵੈਸਟ ਦੇ ਸ਼ਕਤੀਸ਼ਾਲੀ ਦੇਸ਼ ਸਿੱਖਾਂ ਲਈ ਚਿੰਤਿਤ ਹਨ ਤੇ ਦੂਜੇ ਪਾਸੇ ਪੰਜਾਬ ਦੇ ਆਗੂ ਇਸ ਮੁੱਦੇ ’ਤੇ ਚੁੱਪ ਹਨ। ਇੱਥੋਂ ਤੱਕ ਪੰਜਾਬ ਦੇ ਮੁੱਖ ਮੰਤਰੀ ਵੀ ਇਸ ਮੁੱਦੇ ਨੂੰ ਛੱਡ ਕੇ ਪੰਚਾਇਤੀ ਚੋਣਾਂ ਵਿੱਚ ਉਲਝੇ ਹਨ।

ਖਹਿਰਾ ਨੇ ਸਰਕਾਰ ਸਵਾਲ ਪੁੱਛੇ ਹਨ ਕਿ ਜੇ ਸਰਕਾਰ ਬਾਹਰਲੇ ਸਿੱਖਾਂ ਨੂੰ ਮਰਵਾਉਣ ’ਤੇ ਤੁਲੀ ਹੈ ਤਾਂ ਪੰਜਾਬ ਦੇ ਸਿੱਖ ਕਿੱਦਾਂ ਸੁਰੱਖਿਅਤ ਹਨ? ਸਰਕਾਰ ਦੇ ਬਿਸ਼ਨੋਈ ਨਾਲ ਕੀ ਤਾਲੁਕਾਤ ਹਨ? ਉਹ ਜੇਲ੍ਹ ਵਿੱਚ ਬੈਠ ਕੇ ਇੰਟਰਵਿਊ ਕਿੱਦਾਂ ਦੇ ਸਕਦਾ ਹੈ? ਬਿਸ਼ਨੋਈ ’ਤੇ ਕੋਈ ਐਕਸ਼ਨ ਕਿਉਂ ਨਹੀਂ ਹੋਇਆ?

ਜਲੰਧਰ ਤੋਂ ਕਾਂਗਰਸ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਖਹਿਰਾ ਵਾਂਗ ਕਿਹਾ ਕਿ ਗੈਂਗਸਟਰਾਂ ਦੇ ਉਭਾਰ ਵਿਚ ਭਾਰਤੀ ਏਜੰਸੀਆਂ ਸ਼ਾਮਲ ਹਨ। ਚੰਨੀ ਨੇ ਕਿਹਾ ਕਿ ਸਾਡੇ ਲੋਕ ਵੱਡੀ ਗਿਣਤੀ ਵਿਚ ਕੈਨੇਡਾ ਵਿਚ ਰਹਿ ਰਹੇ ਹਨ। ਸਾਡੇ ਅਜ਼ੀਜ਼, ਸਾਡੇ ਰਿਸ਼ਤੇਦਾਰ ਉੱਥੇ ਰਹਿ ਰਹੇ ਹਨ ਅਤੇ ਸਾਡੇ ਕੈਨੇਡਾ ਨਾਲ ਬਹੁਤ ਚੰਗੇ ਸਬੰਧ ਹਨ, ਇਸ ਲਈ ਸਰਕਾਰ ਨੂੰ ਕੈਨੇਡਾ ਦੇ ਨਾਲ ਸਬੰਧ ਖ਼ਰਾਬ ਨਹੀਂ ਕਰਨੇ ਚਾਹੀਦੇ। ਸਾਡੀ ਸਰਕਾਰ ਨੂੰ ਦੋ-ਪੱਖੀ ਸਬੰਧਾਂ ਨੂੰ ਸੁਧਾਰਨ ਲਈ ਕਦਮ ਚੁੱਕਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਹੁਣ ਸਾਫ਼ ਹੋ ਚੁੱਕਿਆ ਹੈ ਕਿ ਗੈਂਗਸਟਰਾਂ ਦੇ ਉਭਾਰ ਪਿੱਛੇ ਭਾਰਤੀ ਏਜੰਸੀਆਂ ਸ਼ਾਮਲ ਹਨ ਅਤੇ ਸਿੱਧੂ ਮੂਸੇਵਾਲਾ ਦੀ ਹੱਤਿਆ ਵੀ ਰਾਜਨੀਤਿਕ ਸੀ ਅਤੇ ਇਹ ਗੱਲ ਤੁਹਾਨੂੰ ਥੋੜ੍ਹੀ ਦੇਰ ਬਾਅਦ ਆਪਣੇ ਆਪ ਹੀ ਸਮਝ ਆ ਜਾਵੇਗੀ।

### ਮਾਮਲਾ ਸੁਖਦੇਵ ਸਿੰਘ ਗੋਗਾਮੇਡੀ ਦੇ ਕਤਲ ਦਾ

## ਲਾਰੈਂਸ ਬਿਸ਼ਨੋਈ ਦੇ ਐਨਕਾਊਂਟਰ ’ਤੇ ‘ਕਰਨੀ ਸੈਨਾ’ ਇਕ ਕਰੋੜ ਤੋਂ ਵਧ ਦੇਵੇਗੀ ਇਨਾਮ

ਨਵੀਂ ਦਿੱਲੀ-‘ਖੱਤਰੀ ਕਰਨੀ ਸੈਨਾ’ ਦੇ ਰਾਸ਼ਟਰੀ ਪ੍ਰਧਾਨ ਰਾਜ ਸ਼ੇਖਾਵਤ ਨੇ ਲਾਰੈਂਸ ਬਿਸ਼ਨੋਈ ਨੂੰ ਲੈ ਕੇ ਐਲਾਨ ਕੀਤਾ ਹੈ ਕਿ ਕਰਨੀ ਸੈਨਾ ਲਾਰੈਂਸ ਬਿਸ਼ਨੋਈ ਦਾ ਮੁਕਾਬਲਾ ਕਰਨ ਵਾਲੇ ਪੁਲਿਸ ਮੁਲਾਜ਼ਮ ਨੂੰ 1 ਕਰੋੜ 11 ਲੱਖ 11 ਹਜ਼ਾਰ 111 ਰੁਪਏ ਦਾ ਇਨਾਮ ਦੇਵੇਗੀ। ਇਸ ਵਾਇਰਲ ਵੀਡੀਓ ਵਿੱਚ ਰਾਜ ਸ਼ੇਖਾਵਤ ਕਹਿ ਰਹੇ ਹਨ ਕਿ ਮੈਂ ਸਿਰਫ਼ ਇਹ ਜਾਣਦਾ ਹਾਂ ਕਿ ਸਾਡੇ ਵਿਰਾਸਤੀ ਸਭ ਤੋਂ ਸਤਿਕਾਰਯੋਗ ਅਮਰ ਸ਼ਹੀਦ ਸੁਖਦੇਵ ਸਿੰਘ ਗੋਗਾਮੇਡੀ ਦਾ ਕਤਲ ਲਾਰੈਂਸ ਬਿਸ਼ਨੋਈ ਨੇ ਕੀਤਾ ਸੀ। ਰਾਜ ਸ਼ੇਖਾਵਤ ਨੇ ਅੱਗੇ ਕਿਹਾ, “ਲਾਰੈਂਸ ਬਿਸ਼ਨੋਈ ਦਾ ਮੁਕਾਬਲਾ ਕਰਨ ਵਾਲੇ ਪੁਲਿਸ ਮੁਲਾਜ਼ਮ ਨੂੰ ਕਰਨੀ ਸੈਨਾ ਵੱਲੋਂ 1 ਕਰੋੜ 11 ਲੱਖ 11 ਹਜ਼ਾਰ 111 ਰੁਪਏ ਦਾ ਇਨਾਮ ਦਿੱਤਾ ਜਾਵੇਗਾ।”



## ਅੰਮ੍ਰਿਤਪਾਲ ਦਾ ਸਾਥੀ ਕਲਸੀ ਨਹੀਂ ਲੜੇਗਾ ਚੋਣ !

### ✪ ਪਤਨੀ ਨੇ ਦਿੱਤੀ ਜਾਣਕਾਰੀ

ਦਿੱਲੀ-ਦਲਜੀਤ ਸਿੰਘ ਕਲਸੀ ਡੇਰਾ ਬਾਬਾ ਨਾਨਕ ਤੋਂ ਚੋਣ ਨਹੀਂ ਲੜੇਗਾ। ਇਸ ਤੋਂ ਪਹਿਲਾਂ ਉਸ ਵੱਲੋਂ ਚੋਣ ਲੜਨ ਦਾ ਐਲਾਨ ਕੀਤਾ ਗਿਆ ਸੀ। ਦੱਸ ਦੇਈਏ ਕਿ ਦਲਜੀਤ ਸਿੰਘ ਕਲਸੀ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦਾ ਨਜ਼ਦੀਕੀ ਹੈ ਅਤੇ ਉਸ ਨੂੰ ਵੀ ਅੰਮ੍ਰਿਤਪਾਲ ਸਿੰਘ ਦੇ ਨਾਲ ਹੀ ਗ੍ਰਿਫ਼ਤਾਰ ਕਰਕੇ ਐਨਐਸਏ ਲਗਾ ਕੇ ਡਿਬਰੂਗੜ੍ਹ ਜੇਲ੍ਹ ਵਿਚ ਰੱਖਿਆ ਹੋਇਆ ਹੈ। ਇਸ ਸਬੰਧੀ ਕਲਸੀ ਦੀ ਪਤਨੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਹ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਉਹ ਕਲਸੀ ਨੂੰ ਡਿਬਰੂਗੜ੍ਹ ਜੇਲ੍ਹ ਵਿੱਚ ਮਿਲੀ ਸੀ। ਹਾਲ ਹੀ ਵਿੱਚ ਅੰਮ੍ਰਿਤਪਾਲ ਸਿੰਘ ਦੇ ਕਰੀਬੀ ਦਲਜੀਤ ਸਿੰਘ ਕਲਸੀ ਨੇ ਡੇਰਾ ਬਾਬਾ ਨਾਨਕ ਵਿਧਾਨ ਸਭਾ ਹਲਕੇ ਤੋਂ ਜ਼ਿਮਨੀ ਚੋਣ ਲੜਨ ਦੀ ਯੋਜਨਾ ਬਣਾਈ ਸੀ। ਪਰ ਹੁਣ ਉਨ੍ਹਾਂ ਨੇ ਚੋਣ ਨਾ ਲੜਨ ਦਾ ਫੈਸਲਾ ਕੀਤਾ ਹੈ।



# ਖ਼ੁਰਾਕੀ ਵਸਤਾਂ ਵਿੱਚ ਮਿਲਾਵਟਖੋਰੀ ਦੀ ਖੇਡ ਮਨੁੱਖੀ ਜੀਵਨ ਨਾਲ ਵੱਡਾ ਖਿਲਵਾੜ

## ✪ ਤਿਉਹਾਰਾਂ ਦੇ ਦਿਨਾਂ ਵਿੱਚ ਆਮ ਲੋਕਾਂ ਨੂੰ ਸਾਵਧਾਨ ਹੋਣ ਦੀ ਲੋੜ



ਜਗਤਾਰ ਸਮਾਲਸਰ
ਏਲਨਾਬਾਦ,
ਜ਼ਿਲ੍ਹਾ ਸਿਰਸਾ (ਹਰਿਆਣਾ)
94670-95953

ਦੇਸ ਵਿੱਚ ਖੁਰਾਕੀ ਵਸਤਾਂ ਵਿੱਚ ਨਿਰੰਤਰ ਵੱਧ ਰਹੀ ਮਿਲਾਵਟਖੋਰੀ ਦੇਸ ਦੇ ਲੋਕਾਂ ਨੂੰ ਮੌਤ ਦੇ ਮੂੰਹ ਵੱਲ ਧੱਕ ਰਹੀ ਹੈ ਪਰ ਆਮ ਲੋਕਾਂ ਨੂੰ ਇਸ ਮਿਲਾਵਟਖੋਰੀ ਨਾਲ ਅਨੇਕ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਬਣਾਉਣ ਵਾਲੇ ਅਤੇ ਕਾਲਾਬਾਜ਼ਾਰੀ ਕਰਕੇ ਆਪਣੀਆ ਤਿਜੌਰੀਆਂ ਭਰਨ ਵਾਲੇ ਲੋਕਾਂ ਦੇ ਇਹ ਕਾਲੇ ਕਾਰਨਾਮੇ ਛੁਪੀਆ ਸਿਆਸੀ ਤਾਕਤਾਂ ਅਤੇ ਰਿਸ਼ਵਤਖੋਰਾਂ ਦੀ ਸਰਪ੍ਰਸਤੀ ਹੇਠ ਨਿਰੰਤਰ ਜਾਰੀ ਹੋਣ ਦੇ ਨਾਲ-ਨਾਲ ਦਿਨੋ-ਦਿਨ ਵਧ ਵੀ ਰਹੇ ਹਨ। ਅਕਸਰ ਵੇਖਣ ਵਿੱਚ ਆਉਦਾ ਹੈ ਕਿ ਤਿਉਹਾਰਾਂ ਦੇ ਦਿਨਾ ਜਾਂ ਜਦੋ ਬਜ਼ਾਰ ਵਿੱਚ ਕਿਸੇ ਕਾਰਨਵੱਸ ਖੁਰਾਕੀ ਵਸਤਾਂ ਦੀ ਕੁਝ ਕੁ ਘਾਟ ਮਹਿਸੂਸ ਹੋਣ ਲੱਗਦੀ ਹੈ ਤਾਂ ਮਿਲਾਵਟਖੋਰੀ ਅਤੇ ਕਾਲਾਬਜ਼ਾਰੀ ਦੀ ਵੀ ਭਰਮਾਰ ਹੋ ਜਾਂਦੀ ਹੈ। ਜੇਕਰ ਮਿਲਾਵਟਖੋਰੀ ਦੇ ਅੰਕੜਿਆ ਤੇ ਨਿਗ੍ਹਾਂ ਮਾਰੀਏ ਤਾਂ ਇਸ ਗੱਲ ਦਾ ਸਹਿਜੇ ਹੀ ਅੰਦਾਜਾ ਹੋ ਜਾਂਦਾ ਹੈ ਕਿ ਇਸ ਕੰਮ ਵਿੱਚ ਸ਼ਾਮਲ ਲੋਕਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਪਰ ਸਿਆਸੀ ਸ਼ਹਿ ਅਤੇ ਰਿਸ਼ਵਤਖੋਰਾਂ ਦਾ ਗਠਜੋੜ ਇਸ ਧੰਦੇ ਵਿੱਚ ਸ਼ਾਮਲ ਲੋਕਾਂ ਨੂੰ ਹੱਲਾਸ਼ੇਰੀ ਦੇਣ ਵਿੱਚ ਪਿਛਾਂਹ ਨਹੀ ਹੈ। ਖੁਰਾਕੀ ਵਸਤਾਂ ਵਿੱਚ ਮਿਲਾਵਟ ਨੂੰ ਰੋਕਣ ਲਈ ਦੇਸ ਵਿੱਚ ਖੁਰਾਕ ਸੁਰੱਖਿਆ ਅਤੇ ਮਾਪਦੰਡ ਐਕਟ-2006 ਲਾਗੂ ਹੈ। ਜਿਸ ਅਨੁਸਾਰ ਮਿਲਾਵਟਖੋਰਾਂ ਨੂੰ 10 ਲੱਖ ਤੱਕ ਦਾ ਜੁਰਮਾਨਾ ਅਤੇ 6 ਮਹੀਨੇ ਤੋਂ ਲੈ ਕੇ ਉਮਰ ਕੈਦ ਤੱਕ ਦੀ ਸ਼ਜ਼ਾ ਦਿੱਤੀ ਜਾ ਸਕਦੀ ਹੈ। ਦੇਸ ਵਿੱਚ ਸਖ਼ਤ ਐਕਟ ਲਾਗੂ ਹੋਣ ਦੇ ਬਾਅਦ ਵੀ ਇਹ ਧੰਦਾ ਨਹੀ ਰੁਕ ਰਿਹਾ ਅਤੇ ਮੋਟੇ ਮੁਨਾਫ਼ੇ ਦੇ ਲਾਲਚ ਵਿੱਚ ਮਿਲਾਵਟ ਦੀ ਇਹ ਖੇਡ ਵੱਡੇ ਪੱਧਰ ਤੇ ਜਾਰੀ ਹੈ।

ਮਿਲਾਵਟਖੋਰੀ ਦੇ ਬਹੁਤੇ ਮਾਮਲਿਆਂ ਵਿੱਚ ਕੇਵਲ ਮਾਮੂਲੀ ਜੁਰਮਾਨਾ ਵਸੂਲ ਕਰਕੇ ਹੀ ਛੱਡ ਦਿੱਤਾ ਜਾਂਦਾ ਹੈ। ਇਹ ਢਿੱਲ ਵੀ ਇਸ ਬੁਰਾਈ ਨੂੰ ਵਧਣ-ਫੁੱਲਣ ਲਈ ਸਹਾਈ ਸਿੱਧ ਹੋ ਰਹੀ ਹੈ। ਖੁਰਾਕੀ ਵਸਤਾਂ ਵਿੱਚ ਮਿਲਾਵਟ ਨੂੰ ਰੋਕਣ ਦੀ ਜ਼ਿਮੇਵਾਰੀ ਭਾਰਤੀ ਖੁਰਾਕ ਸੁਰੱਖਿਆ ਅਤੇ ਸਟੈਡਰਡ ਅਥਾਰਟੀ ਆਫ ਇੰਡੀਆ ਦੀ ਹੈ ਪਰ ਜਿਸ ਤੇਜੀ ਨਾਲ ਇਹ ਮਾਮਲੇ ਵਧ ਰਹੇ ਹਨ ਤਾਂ ਉਸਤੋਂ ਲੱਗਦਾ ਹੈ ਕਿ ਐਫ ਐਸ ਐਸ ਏ ਆਈ ਆਪਣਾ ਕੰਮ ਠੀਕ ਢੰਗ ਨਾਲ ਨਹੀ ਕਰ ਰਹੀ। ਵਰਲਡ ਹੈਲਥ ਆਰਗੇਨਾਈਜੇਸ਼ਨ (ਡਬਲਿਊ ਐਚ ਓ) ਦੀ ਰਿਪੋਰਟ ਦੱਸਦੀ ਹੈ ਕਿ ਇਹ ਮਿਲਾਵਟੀ ਖੁਰਾਕੀ ਵਸਤਾਂ 200 ਤੋਂ ਵੀ ਜ਼ਿਆਦਾ ਭਿਆਨਕ ਬਿਮਾਰੀਆਂ ਨੂੰ ਜਨਮ ਦਿੰਦੀਆ ਹਨ ਪਰ ਮਿਲਾਵਟਖੋਰਾਂ ਅਤੇ ਰਿਸ਼ਵਤਖੋਰਾਂ ਦਾ ਇਹ ਗਠਜੋੜ ਆਪਣੀਆਂ ਜੇਬਾਂ ਭਰਨ ਦੀ ਲਾਲਸਾ ਅਧੀਨ ਆਮ ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਰ ਰਿਹਾ ਹੈ।

ਦਾਲਾਂ, ਦੁੱਧ, ਪਨੀਰ, ਘਿਉ, ਖੋਆ, ਸਰੋਂ ਦਾ ਤੇਲ, ਮਸਾਲੇ ( ਹਲਦੀ, ਮਿਰਚ, ਧਨੀਆ ਆਦਿ ) ਆਈਸ ਕਰੀਮ, ਚੌਲ, ਡਰਾਈਫਰੂਟ, ਵੇਸਣ, ਸੌਫ਼, ਚਾਕਲੇਟ ਸੌਸ,ਬੋਤਲਬੰਦ ਪਾਣੀ, ਫਲ ਅਤੇ ਸਬਜੀਆਂ, ਮਿਠਾਈਆਂ, ਅਨਾਜ, ਆਟਾ, ਚਾਹ ਪੱਤੀ ਆਦਿ ਸਹਿਤ ਅਨੇਕ ਖੁਰਾਕੀ ਵਸਤਾਂ ਵਿੱਚ ਮਿਲਾਵਟ ਦੀ ਖੇਡ ਵੱਡੇ ਪੱਧਰ ਤੇ ਜਾਰੀ ਹੈ। ਸੰਸਾਰ ਸਿਹਤ ਸੰਗਠਨ ਵੱਲੋਂ ਭਾਰਤ ਸਰਕਾਰ ਲਈ ਇੱਕ ਐਡਵਾਇਜਰੀ ਜਾਰੀ ਕੀਤੀ ਹੈ ਜਿਸ ਵਿੱਚ ਕਿਹਾ ਗਿਆ ਕਿ ਜੇਕਰ ਦੁੱਧ ਅਤੇ ਦੁੱਧ ਤੋਂ ਬਣੀਆਂ ਵਸਤਾਂ ਵਿੱਚ ਮਿਲਾਵਟ ਉੱਤੇ ਲਗਾਮ ਨਹੀਂ ਲਗਾਈ ਗਈ ਤਾਂ ਸਾਲ 2025 ਤੱਕ ਭਾਰਤ ਦੀ ਕਰੀਬ 87 ਫੀਸਦੀ ਆਬਾਦੀ ਕੈਂਸਰ ਦੀ ਲਪੇਟ ਵਿੱਚ ਹੋਵੇਗੀ। ।ਜੋ ਬਹੁਤ ਹੀ ਵਿਚਾਰਨਯੋਗ ਹੈ।

ਸੁਪਰੀਮ ਕੋਰਟ ਨੇ ਦੇਸ ਵਿੱਚ ਵਧ ਰਹੀ ਇਸ ਮਿਲਾਵਟਖੋਰੀ ਨੂੰ ਰੋਕਣ ਲਈ 2016 ਵਿੱਚ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਖੁਰਾਕ ਸੁਰੱਖਿਆ ਅਤੇ ਮਾਪਦੰਡ ਐਕਟ-2006 ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਹੋਏ ਹਨ। ਜਿਸ ਵਿੱਚ ਕਿਹਾ ਗਿਆ ਹੈ ਕਿ ਸੂਬੇ ਦੀ ਖੁਰਾਕ ਸੁਰੱਖਿਆ ਅਥਾਰਟੀ ਆਪਣੇ ਇਲਾਕੇ ਵਿੱਚ ਮਿਲਾਵਟ ਲਈ ਹਾਈ ਰਿਸਕ ਖੇਤਰ ਅਤੇ ਤਿਉਹਾਰਾਂ ਦੇ ਦੌਰਾਨ ਜ਼ਿਆਦਾ ਤੋਂ ਜ਼ਿਆਦਾ ਸੈਂਪਲ ਲਵੇ ਅਤੇ ਇਹ ਵੀ ਤੈਅ ਕਰੇ ਕਿ ਇਲਾਕੇ ਵਿੱਚ ਸਮਰੱਥ ਮਾਨਤਾ ਪ੍ਰਾਪਤ ਲੈਬ ਹੋਣ। ਜ਼ਿਲ੍ਹਾਂ ਪੱਧਰ ਅਤੇ ਸੂਬਾਈ ਪੱਧਰ ਦੀ ਲੈਬ ਪੂਰੀ ਤਰ੍ਹਾਂ ਟੈਕਨੀਕਲ ਪ੍ਰੋਫੈਸ਼ਨਲ ਅਤੇ ਟੈਸਟ ਦੀ ਸਹੂਲਤ ਨਾਲ ਵੀ ਲੈੱਸ ਹੋਵੇ ਪਰ ਸੁਪਰੀਮ ਕੋਰਟ ਦੇ ਆਦੇਸ਼ਾ ਦਾ ਪਾਲਣ ਕਿੰਨੀ ਕੁ ਹੋ ਰਹੀ ਹੈ ਇਹ ਅਸੀ ਸਾਰੇ ਜਾਣਦੇ ਹਾਂ। ।

ਮਿਲਾਵਟਖੋਰੀ ਨੂੰ ਰੋਕਣ ਲਈ ਕਾਨੂੰਨ ਕੇਂਦਰ ਸਰਕਾਰ ਬਣਾਉਂਦੀ ਹੈ ਪਰ ਉਸਦਾ ਪਾਲਣ ਸੂਬੇ ਦੀਆਂ ਏਜੰਸੀਆਂ ਨੇ ਕਰਵਾਉਣਾ ਹੁੰਦਾ ਹੈ। ਸੂਬੇ ਦਾ ਖੁਰਾਕ ਸਪਲਾਈ ਵਿਭਾਗ, ਨਗਰ ਨਿਗਮ,ਪੁਲੀਸ, ਐਫ ਐਸ ਐਸ ਏ ਆਈ ਦਾ ਜੋ ਸੂਬਾਈ ਦਫ਼ਤਰ ਹੈ ਉਨ੍ਹਾਂ ਦੇ ਜਿੰਮੇ ਕਾਨੂੰਨ ਦੀ ਪਾਲਣਾ ਕਰਵਾਉਣਾ ਹੁੰਦਾ ਹੈ ਪਰ ਇਨ੍ਹਾਂ ਮਹਿਕਮਿਆਂ ਵਿੱਚ ਐਨਾ ਭ੍ਰਿਸ਼ਟਾਚਾਰ ਹੈ ਕਿ ਅਧਿਕਾਰੀ ਕਾਨੂੰਨ ਦਾ ਡਰ ਵਿਖਾਕੇ ਵਸੂਲੀ ਕਰਦੇ ਹਨ। ਉਹ ਸੈਂਪਲ ਇਕੱਠਾ ਕਰਕੇ ਉਸਦੀ ਜਾਂਚ ਨਹੀਂ ਕਰਵਾਉਂਦੇ। ਆਮ ਲੋਕਾਂ ਨੂੰ ਵੀ ਅੱਜਕੱਲ ਤਿਉਹਾਰਾਂ ਦੇ ਦਿਨਾਂ ਵਿੱਚ ਖੁਰਾਕੀ ਵਸਤਾਂ ਦੀ ਖਰੀਦਦਾਰੀ ਕਰਦੇ ਸਮੇਂ ਅਤਿ ਸਾਵਧਾਨ ਰਹਿਣ ਦੀ ਲੋੜ ਹੈ।

# ★ ਮਿੰਨੀ ਕਹਾਣੀਆਂ ★

## ਨੁਕਸਾਨ ਤਾਂ ਹੋਈ ਜਾ ਰਿਹੈ...

ਮੇਰੇ ਗੁਆਂਢੀ ਕਰਿਆਨੇ ਦੇ ਦੁਕਾਨਦਾਰ ਦੌਲਤ ਰਾਮ ਦੇ ਚੋਰੀ ਹੋ ਗਈ। ਚੋਰ ਖੰਡ ਦੀ ਬੋਰੀ, ਘਿਓ ਦੇ ਪੀਪੇ ਤੇ ਡਰਾਈ ਫਰੂਟ ਚੋਰੀ ਕਰਕੇ ਲੈ ਗਏ। ਪੁਲਿਸ ਨੂੰ ਸੂਚਿਤ ਕੀਤਾ।

ਸਵੇਰੇ ਪਤਾ ਲਗਦਿਆਂ ਹੀ ਲੋਕ ਹਮਦਰਦੀ ਵਜੋਂ ਆਉਣੇ ਸ਼ੁਰੂ ਹੋ ਗਏ। ਅਤਿ ਦੇ ਕੰਜੂਸ ਦੌਲਤ ਰਾਮ ਨੇ ਜਿਸ ਨੂੰ ਕਦੇ ਪਾਣੀ ਤੱਕ ਨਹੀਂ ਸੀ ਪਿਆਇਆ, ਪਤਾ ਲੈਣ ਆਉਣ ਵਾਲਿਆਂ ਨੂੰ ਚਾਹ ਪਿਆਉਣ ਲੱਗਾ। ਜਿਹੜਾ ਵੀ ਵਾਕਫ਼ਕਾਰ ਆਉਂਦਾ, ਉਹ ਢਿੱਲਾ ਜਿਹਾ ਮੂੰਹ ਬਣਾ ਕੇ ਪੁੱਛਦਾ, 'ਲਾਲਾ ਜੀ ਬੜੀ ਮਾੜੀ ਗੱਲ ਹੋਈ ਆ ਤੁਹਾਡੀ ਦੁਕਾਨ 'ਚ ਚੋਰੀ ਹੋ ਗਈ ਆ' ਤੇ ਇਹ ਕਹਿੰਦਿਆਂ ਬਿਨਾਂ ਲਾਲੇ ਨੂੰ ਪੁੱਛਿਆਂ ਹੀ ਨਾਲ ਪਈ ਮੂੰਗਫਲੀ ਦੀ ਬੋਰੀ 'ਚੋਂ ਮੁੱਠ ਭਰ ਲੈਂਦਾ ਤੇ ਖਾਣ ਲੱਗ ਪੈਂਦਾ। ਮੈਂ ਵੀ ਜਦ ਹਮਦਰਦੀ ਵਜੋਂ ਗਿਆ ਤਾਂ ਮੇਰੇ ਜਾਣ ਤੋਂ ਪਹਿਲਾਂ ਬੈਠੇ ਚਾਰ-ਪੰਜ ਜਣੇ ਮੂੰਗਫਲੀ ਖਾ ਰਹੇ ਸਨ ਤੇ ਕੁਝ ਚਾਹ ਪੀ ਰਹੇ ਸਨ। ਕੰਜੂਸ ਲਾਲੇ ਨੂੰ ਵੇਖ-ਵੇਖ ਕੇ ਗਸ਼ ਪੈ ਰਹੀ ਸੀ। ਮੈਂ ਹਮਦਰਦੀ ਵਜੋਂ ਪੁੱਛ ਬੈਠਾ, 'ਲਾਲਾ ਜੀ ਕਿੰਨਾ ਕੁ ਨੁਕਸਾਨ ਹੋ ਗਿਆ ਹੈ?' ਉਹ ਅੱਗੋਂ ਚਾਹ ਪੀਂਦੇ ਤੇ ਮੂੰਗਫਲੀ ਖਾਂਦੇ ਲੋਕ ਜਿਨ੍ਹਾਂ ਨੇ ਬੋਰੀ ਅੱਧੀ ਕਰ ਦਿੱਤੀ ਸੀ ਕਹਿਣ ਲੱਗਾ, 'ਕੀ ਦੱਸਾਂ ਪੱਤਰਕਾਰ ਸਾਹਿਬ ਅਜੇ ਤਾਂ ਨੁਕਸਾਨ ਹੋਈ ਈ ਜਾ ਰਿਹੈ... ਪੱਕਾ ਅਜੇ ਨਹੀਂ ਦੱਸ ਸਕਦਾ।' ਉਸ ਦੀ ਇਹ ਗੱਲ ਸੁਣ ਕੇ ਮੂੰਗਫਲੀ ਖਾਣ ਵਾਲਿਆਂ ਨੇ ਮੂੰਗਫਲੀ ਬੋਰੀ 'ਚ ਸੁੱਟ ਦਿੱਤੀ। -ਅਤਰ ਸਿੰਘ ਤਰਸਿੱਕਾ

## ਬੇਫ਼ਿਕਰ ਬਚਪਨ

ਮਾਪੇ-ਅਧਿਆਪਕ ਮਿਲਣੀ ਕਰਕੇ ਸਕੂਲ ਤੋਂ ਵਾਪਸ ਆਉਣ ਤੋਂ ਬਾਅਦ ਰਾਜ ਕੁਝ ਚੁੱਪ ਜਿਹੀ ਰਹਿਣ ਲੱਗੀ ਸੀ, ਪਰ ਅੰਦਰੋਂ-ਅੰਦਰ ਉਸ ਨੂੰ ਬੱਚਿਆਂ ਦੀ ਪੜ੍ਹਾਈ ਦੀ ਚਿੰਤਾ ਵੱਢ-ਵੱਢ ਖਾ ਰਹੀ ਸੀ। ਮੂੰਹ ਵਿੱਚ ਹੀ ਬੁੜਬੁੜਾਉਂਦੀ ਉਹ ਕਦੇ ਕਰੋਨਾ ਨੂੰ ਦੋਸ਼ ਦਿੰਦੀ ਹੋਈ ਰੱਬ 'ਤੇ ਰੋਸੇ ਕਰਦੀ ਤੇ ਕਦੇ ਮੋਬਾਈਲ ਬਣਾਉਣ ਵਾਲੇ ਨੂੰ ਕੋਸਦੀ। ਉਹ ਹਮੇਸ਼ਾ ਆਪਣੇ ਦੋਵਾਂ ਪੁੱਤਰਾਂ ਨੂੰ ਪੜ੍ਹਨ ਲਈ ਆਖਦੀ, ਪਰ ਬੱਚੇ ਕੋਈ ਨਾ ਕੋਈ ਬਹਾਨਾ ਲਗਾ ਕੇ ਖੇਡਣ ਨਿਕਲ ਜਾਂਦੇ। ਅੱਜ ਵੀ ਕੁਝ ਅਜਿਹਾ ਹੀ ਹੋਇਆ। ਜਸ਼ਨ ਅਤੇ ਜਸਕਰਨ ਦੋਵੇਂ ਛੱਤ 'ਤੇ ਪਤੰਗ ਚੜ੍ਹਾਉਣ ਲਈ ਚੜ੍ਹੇ ਹੋਏ ਸੀ। ਦਿਨ ਢਲਣ 'ਤੇ ਆਇਆ ਸੀ, ਪਰ ਇਨ੍ਹਾਂ ਦੋਵਾਂ ਨੂੰ ਨਾ ਰੋਟੀ-ਪਾਣੀ ਦੀ ਭੁੱਖ ਸੀ ਤੇ ਨਾ ਇਮਤਿਹਾਨਾਂ ਦੀ ਚਿੰਤਾ ਸੀ। ਜਸ਼ਨ ਪੰਜਵੀਂ ਜਮਾਤ ਵਿੱਚ ਪੜ੍ਹਦਾ ਸੀ ਤੇ ਜਸਕਰਨ ਦੂਜੀ ਜਮਾਤ ਵਿੱਚ। ਅੱਜ ਵੀ ਰਾਜ ਹੇਠਾਂ ਤੋਂ ਆਵਾਜ਼ਾਂ ਮਾਰ ਰਹੀ ਸੀ, ਪਰ ਜਦ ਉਹ ਨਾ ਉਤਰੇ ਤਾਂ ਆਪ ਹੀ ਛੱਤ 'ਤੇ ਜਾ ਚੜ੍ਹੀ। ਉਸ ਨੇ ਦੇਖਿਆ ਕਿ ਜਸ਼ਨ ਅਤੇ ਜਸਕਰਨ ਦੋਵੇਂ ਗੁਆਂਢੀਆਂ ਦੀ ਛੱਤ 'ਤੇ ਪਤੰਗ ਉਡਾ ਰਹੇ ਹਨ। ਉਸ ਨੇ ਗੁੱਸੇ ਨਾਲ ਕੋਟੀ ਦੀ ਜੇਬ੍ਹ ਵਿੱਚੋਂ ਫੋਨ ਕੱਢ ਕੇ ਨੰਬਰ ਮਿਲਾਉਂਦਿਆਂ ਆਖਿਆ, "ਖੜ੍ਹ ਜਾਓ, ਅੱਜ ਤਾਂ ਮੈਂ ਤੁਹਾਡੀ ਅਮਨਵੀਰ ਤੋਂ ਕਲਾਸ ਲਗਵਾਉਂਦੀ ਹਾਂ। ਉਹਨੂੰ ਆਖਦੀ ਹਾਂ ਕਿ ਤੁਹਾਨੂੰ ਹੋਸਟਲ ਛੱਡ ਆਵੇ।"

ਜਸ਼ਨ ਅਤੇ ਜਸਕਰਨ ਦੋਵੇਂ ਇੱਕ ਦੂਜੇ ਦੇ ਮੂੰਹ ਵੱਲ ਦੇਖਦੇ ਕੁਝ ਸਹਿਮ ਗਏ। ਰਾਜ ਨੇ ਫੋਨ ਸਪੀਕਰ 'ਤੇ ਕਰਕੇ ਅਮਨ ਨੂੰ ਸਾਰੀ ਗੱਲ ਦੱਸੀ, ਪਰ ਅਮਨ ਨੇ ਗੱਲ ਚੰਗੀ ਤਰ੍ਹਾਂ ਨਾ ਸੁਣੀ ਤੇ ਕਹਿਣ ਲੱਗਾ, "ਅੱਛਾ ਚਾਚੀ ਜੀ, ਮੈਂ ਥੋੜ੍ਹੀ ਦੇਰ ਤੱਕ ਆਉਂਦਾ ਹਾਂ ਹਾਲੇ ਮੈਂ ਪਤੰਗ ਉਡਾ ਰਿਹਾਂ।"

ਇਹ ਸੁਣ ਜਸ਼ਨ ਅਤੇ ਜਸਕਰਨ ਖ਼ੁਸ਼ ਹੋ ਕੇ ਭੰਗੜਾ ਪਾਉਣ ਲੱਗੇ ਤੇ ਰਾਜ ਮੱਥੇ 'ਤੇ ਹੱਥ ਰੱਖ ਉੱਥੇ ਹੀ ਬੈਠ ਗਈ। ਬੱਚਿਆਂ ਦੇ ਚਿਹਰੇ 'ਤੇ ਖ਼ੁਸ਼ੀ ਅਤੇ ਮਾਂ ਦੇ ਚਿਹਰੇ 'ਤੇ ਚਿੰਤਾ ਸਾਫ਼ ਝਲਕ ਰਹੀ ਸੀ।

- ਪ੍ਰਿਆ ਸੁਮਨ

## ਚੋਣ

ਡੀ.ਸੀ. ਨੇ ਤਹਿਸੀਲਦਾਰ ਨੂੰ ਆਦੇਸ਼ ਦਿੱਤਾ: "ਮਾਂ ਜੀ ਲਈ ਸਾੜ੍ਹੀ ਚਾਹੀਦੀ ਐ।"

"ਠੀਕ ਐ ਸਰ।"

ਤਹਿਸੀਲਦਾਰ ਦਸ ਕੁ ਵਧੀਆ ਸਾੜ੍ਹੀਆਂ ਲੈ ਕੇ ਸ਼ਾਮ ਨੂੰ ਘਰੇ ਪਹੁੰਚਿਆ ਤਾਂ ਡੀ.ਸੀ. ਨੇ ਉਨ੍ਹਾਂ ਵੱਲ ਬਿਨਾਂ ਵੇਖਿਆਂ ਕਹਿ ਦਿੱਤਾ: "ਠੀਕ ਹੈ, ਰੱਖ ਦੇ।"

ਤਹਿਸੀਲਦਾਰ ਨੇ ਤਾਂ ਸੋਚਿਆ ਸੀ ਕਿ ਇਨ੍ਹਾਂ ਦਸਾਂ 'ਚੋਂ ਕਿਸੇ ਇੱਕ ਦੀ ਚੋਣ ਕਰ ਲਈ ਜਾਵੇਗੀ, ਪਰ...

- ਪ੍ਰੋ. ਨਵਸੰਗੀਤ ਸਿੰਘ

## ਗੁਲਾਬ ਜਾਮੁਨ

ਪਿਛਲੇ ਮਹੀਨੇ ਮੈਂ ਹਰਿਆਣਾ ਦੀ ਮਹਾਂਰਿਸ਼ੀ ਦਇਆ ਨੰਦ ਯੂਨੀਵਰਸਿਟੀ ਰਾਹੀਂ ਕਰਵਾਏ ਜਾ ਰਹੇ ਯੂਥ ਫੈਸਟੀਵਲ ਵਿਚ ਬਤੌਰ ਇਕ ਜੱਜ ਭਾਗ ਲੈ ਰਿਹਾ ਸੀ।

ਪੰਡਾਲ ਦੇ ਨਜ਼ਦੀਕ ਹੀ ਇਕ ਹਾਲ ਵਿਚ ਦੁਪਹਿਰ ਦਾ ਖਾਣਾ ਖਾਂਦਿਆਂ ਹੋਇਆਂ ਮੈਂ ਦੇਖਿਆ ਕਿ ਇਕ ਸੱਤ-ਅੱਠ ਵਰ੍ਹਿਆਂ ਦਾ ਮਰੀਅਲ ਜਿਹਾ ਗਰੀਬ ਮੁੰਡਾ ਹਾਲ ਦੇ ਬੂਹੇ ਨਾਲ ਲੱਗਾ ਬੜੀਆਂ ਹੀ ਲਲਚਾਈਆਂ ਹੋਈਆਂ ਨਜ਼ਰਾਂ ਨਾਲ ਮੇਰੇ ਹੱਥ ਵਿਚ ਫੜੀ ਖਾਣੇ ਦੀ ਪਲੇਟ ਵੱਲ ਵੇਖ ਰਿਹਾ ਸੀ। ਮੈਂ ਸਮਝ ਗਿਆ ਕਿ ਉਸ ਨੂੰ ਭੁੱਖ ਲੱਗੀ ਹੈ। ਮੈਂ ਹੌਲੀ-ਹੌਲੀ ਟੁਰਦਾ ਹੋਇਆ ਉਸ ਦੇ ਕੋਲ ਪਹੁੰਚਿਆ ਤੇ ਪਿਆਰ ਨਾਲ ਪੁੱਛਿਆ, 'ਰੋਟੀ ਖਾਏਂਗਾ?'

ਉਸ ਨੇ ਬੜੀ ਮਾਸੂਮੀਅਤ ਨਾਲ ਆਪਣਾ ਸਿਰ ਖੁਰਕਦਿਆਂ ਹੋਇਆਂ ਕਿਹਾ, 'ਬਾਬੂ ਜੀ! ਰੋਟੀ ਤਾਂ ਮੇਰੀ ਮਾਂ ਲੋਕਾਂ ਦੇ ਘਰਾਂ ਵਿਚ ਮੰਗਣ ਗਈ ਏ। ਉਹ ਮੈਂ ਆਪਣੀ ਝੌਂਪੜੀ ਵਿਚ ਜਾ ਕੇ ਖਾ ਲਵਾਂਗਾ। ਤੁਸੀਂ ਮੈਨੂੰ ਆਪਣੀ ਪਲੇਟ ਵਿਚ ਪਿਆ ਇਕ ਗੁਲਾਬ ਜਾਮਨ ਦੇ ਦਿਓ।'

ਉਸ ਦੇ ਉਹ ਤਰਸੀਲੇ ਬੋਲ ਮੈਨੂੰ ਅੰਦਰ ਤੱਕ ਰੁਲਾ ਗਏ।

-ਸੁਖਚੈਨ ਸਿੰਘ ਭੰਡਾਰੀ

## ਕਵਿਤਾ- ਏਨਾ ਧੱਕਾ !

ਚੋਣਾਂ ਮੌਕੇ ਏਨਾ ਧੱਕਾ
ਕਦੇ ਨੀ ਹੋਇਆ।
ਸਾਡੇ ਵੇਲੇ ਚੋਣਾਂ ਮੌਕੇ
ਚਲਦੀਆਂ ਸੀ ਡਾਂਗਾਂ
ਇੱਟਾਂ-ਰੋੜ੍ਹੇ ਹੱਦ ਤਲਵਾਰਾਂ
ਪਰ ਇਸ ਵਾਰੀ...
ਗੋਲੀਆਂ ਚੱਲੀਆਂ ਲਹੂ ਡੁਲਿਆ
ਕਤਲ ਨੇ ਹੋਏ
ਏਨਾ ਧੱਕਾ !
ਏਨਾ ਧੱਕਾ ਕਦੇ ਨੀ ਹੋਇਆ।



ਸਾਡੇ ਵੇਲੇ ਨਾਗਣੀ-ਭੁੱਕੀ
ਚੱਲਦੀ ਦੇਸੀ ਹੱਦ ਅੰਗਰੇਜ਼ੀ
ਪਰ ਇਸ ਵਾਰੀ...
ਚਿੱਟਾ ਚਲਿਆ ਟੀਕੇ ਚੱਲੇ
ਕੈਪਸੂਲ-ਗੋਲੀਆਂ
ਏਨਾ ਧੱਕਾ !
ਏਨਾ ਧੱਕਾ ਕਦੇ ਨੀ ਹੋਇਆ।

ਆਪਣੇ ਵੇਲੇ ਪਾਉਂਦੇ ਸਾਂ ਵੰਡੀਆਂ
ਜਾਤਾਂ-ਪਾਤਾਂ ਦੇ ਨਾਂ ਉੱਤੇ
ਪਰ ਇਸ ਵਾਰੀ...
ਮਜ਼੍ਹਬਾਂ ਦੀਆਂ ਵੰਡੀਆਂ
ਅਗਜ਼ਨੀ-ਦੰਗੇ
ਏਨਾ ਧੱਕਾ !
ਏਨਾ ਧੱਕਾ ਕਦੇ ਨੀ ਹੋਇਆ।

ਆਪਣੇ ਵੇਲੇ ਵਰਤੀ ਮਸ਼ੀਨਰੀ
ਪੁਲਿਸ-ਪ੍ਰਸ਼ਾਸਨ ਧੱਕਾਜ਼ੋਰੀ
ਪਰ ਇਸ ਵਾਰੀ...
ਚੋਣ ਕਮਿਸ਼ਨ ਗੱਠਿਆ
ਏਨਾ ਧੱਕਾ !
ਏਨਾ ਧੱਕਾ ਕਦੇ ਨੀ ਹੋਇਆ।

ਸਾਡੇ ਵੇਲੇ
ਜਿੱਤਦੀ ਬਾਲਟੀ ਕਦੇ ਲਾਲਟੈਨ
ਪਰ ਇਸ ਵਾਰੀ...
ਨੋਟਾ ਜਿੱਤਿਆ
ਏਨਾ ਧੱਕਾ !
ਏਨਾ ਧੱਕਾ ਕਦੇ ਨੀ ਹੋਇਆ।-ਰੰਜੀਵਨ ਸਿੰਘ

## ਸੋਚ ਲੈ ਬੰਦਿਆ ਆਪੇ

ਮੈਂ ਮੋੜ ਵਾਲਾ ਸ਼ੀਸ਼ਾ,
ਇੱਥੇ ਪਿੰਡ ਵਾਲਿਆਂ ਲਾਇਆ ਸੀ।
ਮੇਰੇ ਵਰਗੇ ਤਿੰਨ ਹੋਰ ਖਰੀਦਣ ਲਈ
ਪੈਸਾ ਬਦੇਸ਼ ਤੋਂ ਆਇਆ ਸੀ।
ਇਕ ਸਾਲ ਮੈਂ ਵਾਹਨ ਚਾਲਕਾਂ ਨੂੰ
ਸਾਫ ਰਸਤਾ ਦਰਸਾਇਆ ਸੀ।
ਐਕਸੀਡੈਂਟ ਨਾਲ ਮਰਨ ਤੋਂ
ਮੈਂ ਬਹੁਤਿਆਂ ਨੂੰ ਬਚਾਇਆ ਸੀ



ਫੇਰ ਇਕ ਦਿਨ ਮੇਰੇ ਵਿੱਚ
ਟਰਾਲੀ ਦਾ ਕਿਨਾਰਾ ਲੱਗਿਆ ਸੀ।
ਮੈਂ ਖ਼ੁਦ ਨੂੰ ਬਚਾ ਨਾ ਸਕਿਆ
ਧਰਤੀ ਤੇ ਆ ਡਿੱਗਿਆ ਸੀ।
ਮੈਨੂੰ ਕਿਸੇ ਨਾ ਚੁੱਕਿਆ
ਮੇਰੇ ਉੱਤੋਂ ਗੁਜ਼ਰੀ ਵਾਹਨ ਗਏ।
ਬਰੀਕ, ਬਰੀਕ ਹੋ ਕੇ
ਮੇਰੇ ਟੁਕੜੇ ਮਿੱਟੀ 'ਚ ਹੀ ਰਲ ਗਏ।
ਕਿਸੇ ਦਾ ਭਲਾ ਕਰਨ ਵਾਲੇ ਦਾ
ਜੱਗ 'ਚ ਜੇ ਇਹ ਹਾਲ ਹੋਵੇ।
ਬੁਰਾ ਕਰਨ ਵਾਲੇ ਦਾ ਕੀ ਹਾਲ ਹੋਊ
ਸੋਚ ਲੈ ਬੰਦਿਆ ਆਪੇ।


ਮਹਿੰਦਰ ਸਿੰਘ ਮਾਨ

# ਕਾਵਿ-ਕਿਆਰੀ

## ਅੱਖਰ

ਜੀਵਨ ਦਾ ਸਾਰ ਹੈ ਅੱਖਰ, ਰੱਜ ਕੇ ਪਿਆਰਦਾ ਅੱਖਰ।
ਅੱਖਰ ਸੰਸਾਰ ਦਾ ਅੱਖਰ, ਅੱਖਰ ਨਿਰੰਕਾਰ ਦਾ ਅੱਖਰ।
ਕਿਤੇ ਜੇ ਨਾਲ ਅੱਖਰ ਦੇ , ਲਉਣ ਦੀ ਯਾਚ ਆ ਜਾਏ,
ਕਰੇ ਰੰਗੀਨ ਪੱਤਝੜ ਨੂੰ , ਗੁਲੇ ਗੁਲਜ਼ਾਰ ਦਾ ਅੱਖਰ।
ਕਮਾਈ ਲਈ ਵੀ ਇਹਨੂੰ ਵਰਤਿਆ, ਕੋਠੇ ਤੇ ਠੇਕੇ ਨੇ,
ਅੱਖਰ ਨਾ ਹੀ ਅੱਖਰ ਜ਼ਾਤ ਹੈ , ਗੰਵਾਰ ਦਾ ਅੱਖਰ।
ਸਾਂਸਦ ਤੇ ਅਦਾਲਤ ਦੀ ਏਹੋ ਹੀ ਕਾਰਵੀ ਕਰਦਾ,
ਵਣਜ ਵਿਓਪਾਰ ਵਿਚ ਜਾਪੇ, ਨਿਰਾ ਸੰਸਾਰ ਦਾ ਅੱਖਰ।
ਦੋਸ਼ ਅੱਖਰ ਨੂੰ ਨਹੀਂ ਬੰਦਿਆਂ ਨੂੰ ਦੇਣਾ ਹੀ ਵਜ੍ਹਾ ਹੋਵੇ,
ਜਦੋਂ ਵਸ ਪੈ ਕੇ ਬੰਦਿਆਂ ਦੇ , ਇਹ ਬੰਦੇ ਚਾਰਦਾ ਅੱਖਰ।
ਸੱਚ ਜਾਣੋ ਜਾਂ ਨਾ ਜਾਣੋ, ਇਹਦੇ ਹੀ ਵੱਸ ਨੇ ਰਿਸ਼ਤੇ,
ਸਾਂਝਾਂ ਨੂੰ ਤੋੜ ਵੀ ਦਿੰਦਾ , ਜਦੋਂ ਤਕਰਾਰਦਾ ਅੱਖਰ।
ਅਮਨ ਦੀ ਘੁੱਗੀ ਬਣ ਇਹ, ਸ਼ਾਂਤੀ ਦੀ ਬਾਤ ਵੀ ਪਾਵੇ,
ਮੁੱਹੋਂ ਇਹ ਢਾਡੀਆਂ ਦੇ ਰਣ ਲਈ ਵੰਗਾਰਦਾ ਅੱਖਰ।
ਸਨੇਮਾ ਟਾਕੀਆਂ ਤੇ ਲੈਪ ਟੌਪ , ਫੋਨਾ 'ਚ ਇਹ ਬੋਲੇ,
ਸੋਸ਼ਲ ਸਾਈਟਾਂ 'ਚ ਕਿਧਰੇ ਡੋਬਦਾ ਤੇ ਤਾਰਦਾ ਅੱਖਰ।
ਵਸਦੇ, ਰਸਦੇ, ਸੁਘੜ,ਸੋਹਣੇ ਜੋ ਹੈ ਪਰਿਵਾਰ ਦਾ ਅੱਖਰ,
ਤੋੜ ਟੱਬਰਾਂ ਨੂੰ ਇਹ ਦੇਵੇ , ਹੋ ਕੇ ਵਿਭਚਾਰ ਦਾ ਅੱਖਰ।
ਪੈਗੰਬਰ, ਪੀਰ, ਸਤਗੁਰ ,ਰੱਬ ਦਾ ਇਹਨੂੰ ਰੂਪ ਵੀ ਕਹਿੰਦੇ,
ਇਹ ਜੀਂਦੇ ਜੀਅ ਦਏ ਮੁਕਤੀ, ਮੌਤ ਇਨਕਾਰਦਾ ਅੱਖਰ।
ਹੋਏ ਮੰਦਰ,ਹੋਏ ਮਸਜਿਦ, ਗੁਰੂ ਦਾ ਦੁਆਰ ਜਾਂ ਗਿਰਜਾ,
ਖ਼ੁਦਾ , ਮੌਲਾ ਤੇ ਈਸਾ ਰਾਮ ਨੂੰ ਜੀਅ ਧਾਰਦਾ ਅੱਖਰ।
ਏਹੋ ਅੰਜੀਲ ਤੇ ਗੁਰੂ ਗ੍ਰੰਥ, ਗੀਤਾ ਵਿਚ ਪਿਆ ਗਾਵੇ,
ਕੁਰਾਨੇ ਪਾਕਿ ਵਿਚ ਇਹ, ਰੂਹ ਨੂੰ ਸਰਸ਼ਾਰਦਾ ਅੱਖਰ।
'ਢੇਸੀ' ਤੂੰ ਪਿਆਰ ਪੂਜਾ, ਰੱਬ ਦਾ ਇਹਨੂੰ ਰੂਪ ਹੀ ਜਾਣੀ,
ਨਿਭੂਗਾ ਨਾਲ ਇਹ ਤੇਰੇ, ਸੱਚੀ ਸਰਕਾਰ ਦਾ ਅੱਖਰ।

ਕੁਲਵੰਤ ਸਿੰਘ ਢੇਸੀ, ਯੂ ਕੇ



## ਬੁਰਾ ਤੱਕਣ




ਮੈਂ ਮਰਿਆਂ ਤਾਂ ਮਰ ਜਾਣੇ, ਖਾਸ ਕਈ ਰਿਸ਼ਤੇ ਨਾਲ ਮੇਰੇ
ਲਾਹਣਤਾਂ ਜ਼ਮੀਰ ਦੀਆਂ, ਜਹਿਰ ਚੱਖਣ ਨਹੀਂ ਦਿੰਦੀਆਂ !
ਮੁੱਕਣੇ ਨਹੀਂ ਕਦੇ ਰੰਡੀ ਰੋਣੇ, ਸੋਚਾਂ ਧੋਣੇ ਤਾਂ ਧੋ ਨਹੀਂ ਹੋਣੇ
ਮੇਰੀਆਂ ਮੈਨੂੰ ਜਿੰਮੇਦਾਰੀਆਂ, ਪਰ ਅੱਕਣ ਨਹੀਂ ਦਿੰਦੀਆਂ !
ਦਿਲ ਦੀਆਂ ਪੁਗਾਉਣ ਲਈ, ਮਨ ਚਾਹਿਆ ਪਾਉਣ ਲਈ
ਸ਼ੌਕ ਕਿਸੇ ਦੇ ਰੋਲਣ ਵਾਲਾ, ਅੱਕ ਚੱਬਣ ਨਹੀਂ ਦਿੰਦੀਆਂ!
ਜੋ ਲਿਖਿਆ ਏ ਉਹੀ ਹੋਣਾ, ਕਿਸੇ ਦੇ ਕੀਤੇ ਕੁੱਝ ਨਹੀਂ ਹੋਣਾ
ਬਸ ਇਹੀ ਗੱਲਾਂ ਕਿਸੇ ਤੇ, ਉਂਗਲ ਚੱਕਣ ਨਹੀਂ ਦਿੰਦੀਆਂ!
ਰੱਬ ਕਰੇ ਕਰਾਵੇ ਆਪੇ-ਆਪ, ਕੁੱਛ ਨਹੀਂ ਮਾਨਸ ਕੇ ਹਾਥ
ਕੌਣ ਕਦੋਂ ਕਿਉਂ ਕੀ ਕਰਦਾ, ਲਾਉਣ ਲੱਖਣ ਨਹੀਂ ਦਿੰਦੀਆਂ
ਸੱਪ ਨੂੰ ਇੱਕ ਸੱਸ ਨੂੰ ਦੋ ਸੱਸੇ, ਪਾਉਣਾ ਕਿੰਝ ਕਲੇਸ਼ ਦੱਸੇ
ਐਸੀਆਂ ਮਾਵਾਂ ਧੀਆਂ ਨੂੰ, ਸਹੁਰੀ ਵੱਸਣ ਨਹੀਂ ਦਿੰਦੀਆਂ !
ਭੈਣ ਦਾ ਚਿਹਰਾ ਦਿੱਸਦਾ, ਧੀ ਦਿੱਸਦੀ ਰਹੇ ਮਾਸੂਮ ਜਿਹੀ
ਕਿਸੇ ਪਰਾਈ ਨੂੰ ਅੱਖਾਂ ਤਾਂਹੀ, ਬੁਰਾ ਤੱਕਣ ਨਹੀਂ ਦਿੰਦੀਆਂ
ਧੀਆਂ ਭੈਣਾਂ ਦੀ ਪੱਤ ਰੋਲੇ ਜੋ, ਝੂਠ ਸ਼ਰੇਆਮ ਹੀ ਬੋਲੇ ਜੋ
ਪਰਮਿੰਦਰ ਜਿਹੇ ਪਾਪੀਆਂ ਦੇ, ਪਾਪ ਢੱਕਣ ਨਹੀਂ ਦਿੰਦੀਆਂ

ਪਰਮਿੰਦਰ ਸਿੰਘ ਸਿੱਧੂ

* * * **

## ਵਿਰਸਾ ਸਿੰਘ ਬਨਾਮ ਵਿਰਸਾ !



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਆਉਂਦੀ ਸ਼ਰਮ ਸੀ ਲੋਕਾਂ ਤੋਂ ਸੁਣਦਿਆਂ ਨੂੰ
'ਜਥੇਦਾਰ ਜੀ' ਹੈ ਨੀ ਹੁਣ 'ਜੁਰਤ' ਕਰਦੇ।
ਜਦੋਂ 'ਅੰਦਰਲਾ ਸੱਚ' ਸੀ ਬਾਹਰ ਆਉਂਦਾ
ਕਹਿੰਦੇ 'ਉੱਤਲੇ' ਓਹੀ ਸਨ 'ਤੁਰਤ' ਕਰਦੇ।
ਬਣ ਕੇ ਰਹਿੰਦੇ ਸਨ ਵਾਂਗ 'ਮੁਲਾਜ਼ਮਾਂ' ਦੇ
ਮੀਰੀ-ਪੀਰੀ ਵੱਲ ਨਹੀਂ ਸੀ ਸੁਰਤ ਕਰਦੇ।
ਸਾਜੇ ਗੁਰੂ ਦੇ ਤਖਤ 'ਤੇ ਬਹਿੰਦਿਆਂ ਵੀ
ਅਜ਼ਮਤ ਓਸਦੀ ਨਾਲ ਸਨ ਦੁਰਤ ਕਰਦੇ।
'ਫੂਲਾ ਸਿੰਘ ਅਕਾਲੀ' ਦੇ ਰਾਹ ਪੈ ਗਏ
ਵਿਚ ਇਤਿਹਾਸ ਦੇ ਨਾਮ ਲਿਖਾਇ ਦਿੱਤਾ।
ਸਿੰਘ ਸਾਹਿਬ ਜਦ ਵਿਰਸੇ ਦੇ ਬਣੇ ਵਾਰਸ
ਵਿਰਸਾ ਸਿੰਘ ਨੂੰ 'ਵਿਰਸਾ' ਦਿਖਾਇ ਦਿੱਤਾ!

## ਸੱਚ ਦੇ ਪਾਂਧੀ

ਹਨੇਰੇ ਝੱਲਣ ਵਾਲਿਆਂ ਨੂੰ,
ਕਈ ਸੋਨ ਸਵੇਰੇ ਉਡੀਕਣਗੇ,
ਧਰਤੀ ਦੇ ਕਾਲੇ ਚਿਹਰੇ ਕੱਲ੍ਹ ਨੂੰ,
ਸ਼ੀਸ਼ੇ ਵਾਗੂੰ ਲਿਸ਼ਕਣਗੇ।

ਹਨੇਰੀਆਂ ਦੀ ਬੇਸ਼ਰਮੀ ਦੇਖ ਕੇ,
ਹੌਂਸਲੇ ਕਰ ਬੁਲੰਦ ਆਪਣੇ,
ਬੁਝਦੇ ਹੋਏ ਕਈ ਅਣਖੀ ਦੀਵੇ,
ਹਿੱਕ ਤਾਣ ਕੇ ਚਿਲਕਣਗੇ।

ਜ਼ੁਲਮਾਂ ਦੇ ਘਨਘੋਰ ਇਰਾਦੇ,
ਪਸਤ ਤਾਂ ਆਖਰ ਹੋਣੇ ਨੇ,
ਮਰਦ ਅਗੰਮੜੇ ਸੱਚ ਦੇ ਪਾਂਧੀ,
ਮੰਜ਼ਲਾਂ ਤੋਂ ਨਹੀਂ ਤਿਲਕਣਗੇ।

ਮਜਬੂਰੀ ਦੀਆਂ ਉੱਚੀਆਂ ਕੰਧਾਂ,
ਫੰਧਣੀਆਂ ਅਸੰਭਵ ਨਹੀਂ,
ਕੰਧਰਾਂ ਨੂੰ ਸਰ ਕਰਨੇ ਵਾਲੇ,
ਕੰਧਾਂ ਤੋਂ ਕੀ ਥਿੜਕਣਗੇ।

ਜੋ ਕਰਨਾ ਖੁੱਲ੍ਹ ਕੇ ਕਰਨਗੇ,
ਜੋ ਵੀ ਕਹਿਣਾ ਸਾਫ ਕਹਿਣਗੇ,
ਮੂੰਹ 'ਤੇ ਖਾਣੀ ਪੈ ਜਾਏ ਭਾਵੇਂ,
ਪਰ ਕਹਿਣੋਂ ਕਦੀ ਨਾ ਝਿਜਕਣਗੇ।

ਰੁੱਸੀਆ ਹੋਈਆਂ ਰੁੱਸ ਤਕਦੀਰਾਂ,
ਜ਼ੰਗ ਲੱਗੀਆਂ ਖ਼ਸਤਾ ਸ਼ਮਸ਼ੀਰਾਂ,
ਦਾ ਸਾਹਮਣਾ ਕਰਨੇ ਵਾਲੇ,
ਕਾਫਲਿਆਂ ਤੋਂ ਨਹੀਂ ਵਿਛੜਣਗੇ।



ਘੁੱਟ ਘੁੱਟ ਕਰਕੇ ਦਰਦਾਂ ਨੂੰ ਪੀਣਾ,
ਮਰਦਾਨਿਆਂ ਨੂੰ ਮੰਨਜ਼ੂਰ ਨਹੀਂ,
ਬਾਬੇ ਨਾਨਕ ਤੋਂ ਲੈ ਕੇ ਹਿੰਮਤ,
ਕੰਧਾਰੀਆਂ ਨਾਲ ਮੁੜ ਉਲਝਣਗੇ।

ਚੜ੍ਹਦੀ ਕਲਾ ਕਦੀ ਨਹੀਂ ਢਹਿੰਦੀ,
ਸੱਚ ਨੂੰ ਕੋਈ ਆਂਚ ਨਹੀਂ,
ਸਿਰਾਂ 'ਤੇ ਕੱਫਣ ਬੰਨ੍ਹਣ ਵਾਲੇ,
ਕੱਫਣਾਂ ਵਿੱਚ ਹੀ ਲਿਪਟਣਗੇ।

ਰਵਿੰਦਰ ਸਿੰਘ ਕੁੰਦਰਾ
ਕੋਵੈਂਟਰੀ ਯੂ ਕੇ

# ਕੀ ਹੈ ਸਿੱਖ ਸਿਆਸਤ ਦਾ ਮੂੰਹ ਮਹਾਂਦਰਾ ?

ਗਿਆਨੀ ਕੇਵਲ ਸਿੰਘ
95920-93472



ਸੰਸਾਰ ਦੇ ਤਕਰੀਬਨ ੧੭੨ ਮੁਲਕਾਂ ਅੰਦਰ ਆਬਾਦ ਦੱਸੀਦੀ ਹੈ ਸਿੱਖ ਕੌਮ ! ਸਿੱਖ ਕੌਮ ਦੀ ਵਸੋਂ ਘੱਟ ਵੱਧ ਰੂਪ ਵਿਚ ਹੈ ਇਨ੍ਹਾਂ ਸਾਰੇ ਦੇਸ਼ਾਂ ਵਿਚ। ਸਿੱਖ ਦੇ ਸਰੋਕਾਰ ਜਾਤੀ ਨਹੀਂ ਹੁੰਦੇ ਹਮੇਸ਼ਾਂ ਜਮਾਤੀ ਤਥਾ ਪੰਥਕ ਹੁੰਦੇ ਹਨ। ਬਹੁਤ ਵਾਰ ਸਿੱਖ ਸਿਆਸਤ ਨੂੰ ਅਸੀਂ ਕੇਵਲ ਜੱਥੇਬੰਦੀਆਂ ਦੀ ਸੋਚ ਤੇ ਕਰਮ ਤੱਕ ਸੀਮਤ ਕਰਕੇ ਵੇਖਣ ਦੀ ਭੁੱਲ ਕਰਦੇ ਹਾਂ। ਸਿੱਖੀ ਸਰੋਕਾਰ ਬਹੁ-ਪੱਖੀ ਹਨ। ਸਿੱਖ ਦੀ ਸੋਚ ਦਾ ਘੇਰਾ ਸਰਬੱਤ ਦਾ ਭਲਾ ਨਿਯਤ ਕੀਤਾ ਹੈ ਸਾਡੇ ਸਤਿਗੁਰੂ ਸਾਹਿਬਾਨ ਨੇ। ਗੁਰੂ ਨਜ਼ਰੀਆ ਵੀ ਬਹੁਤ ਵਸੀਹ ਹੈ ਤੇ ਗੁਰੂ ਕਰਮ ਵੀ। ਇਹ ਨਜ਼ਰੀਆ "ਚੜ੍ਹਿਆ ਸੋਧਣਿ ਧਰਤਿ ਲੁਕਾਈ" ਵਾਲਾ ਮਿਲਦਾ ਹੈ। ਸਿੱਖ ਸਿਆਸਤ ਵਿਚ, ਸਿੱਖ, ਸਵਾਰਥ ਰਹਿਤ ਪਾਤਰ ਹੈ ਜੋ ੨੪ ਘੰਟੇ ਚੇਤੰਨ ਅਵਸਥਾ ਵਿਚ ਰਹਿੰਦਾ ਹੈ। ਗੁਰੂ ਬਖਸ਼ੀ ਦ੍ਰਿਸ਼ਟੀ ਵੀ ਚੌਕੰਨੇ ਰਹਿ ਕੇ ਚੌਗਿਰਦੇ 'ਤੇ ਟਿਕਾਈ ਰੱਖਦਾ ਹੈ। ਵਰਤਮਾਨ ਸਿੱਖ ਕੌਮ ਦਾ ਭਾਵੇਂ ਉਨ੍ਹਾ ਜੱਥੇਬੰਦ ਨਹੀਂ ਹੈ ਜਿਵੇਂ ਦਾ ਗੁਰੂ ਜੀ ਨੇ ਕੀਤਾ ਸੀ। ਫਿਰ ਵੀ ਸੰਸਾਰ ਦੀ ਬਹੁਤ ਛੋਟੀ ਕੌਮ ਹੋਣ ਦੇ ਬਾਵਜੂਦ ਸੰਸਾਰ ਵਿਚ ਵੱਖਰੀ ਪਹਿਚਾਣ ਰੱਖਦੀ ਹੈ।

ਸਿੱਖ ਦਾ ਸਮੁੱਚਾ ਜੀਵਨ ਇਨ੍ਹਾਂ ਛੇ ਅਸੂਲਾਂ ਦੇ ਚੌਗਿਰਦੇ ਘੁੰਮਦਾ ਹੈ "ਕਿਰਤ ਕਰੋ, ਨਾਮ ਜਪੋ, ਵੰਡ ਛੱਡੋ" ਤੇ "ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ"। ਗੁਰਬਾਣੀ ਅਤੇ ਇਤਿਹਾਸ, ਪੀੜੀ ਦਰ ਪੀੜੀ ਇਹ ਸਬਕ ਪਕਾਉਣ, ਦ੍ਰਿੜ ਕਰਵਾਉਣ ਦੀ ਨਿਰੰਤਰ ਕਿਰਿਆ ਕਰਦੇ ਹਨ। ਵਰਤਮਾਨ ਕਈ ਦੁਸ਼ਵਾਰੀਆਂ ਲੈ ਕੇ ਖੜ੍ਹਾ ਮਿਲਦਾ ਹੈ, ਕਿਉਂਕਿ ਹਰ ਵਕਤ ਸਿੱਖ ਕੌਮ ਨੂੰ ਇਸ ਦੀ ਹਸਤੀ ਤੇ ਹੋਂਦ ਤੋਂ ਘਬਰਾਉਣ ਵਾਲੀਆਂ ਸ਼ਕਤੀਆਂ ਕਿਸੇ ਨ ਕਿਸੇ ਇਮਤਿਹਾਨ ਵਿਚ ਉਲਝਾਈ ਰੱਖਦੀਆਂ ਹਨ। ਸਿੱਖ ਨੂੰ ਸਮਝਣ ਲਈ ਓਪਰੀ ਦ੍ਰਿਸ਼ਟੀ ਕੰਮ ਨਹੀਂ ਆਉਂਦੀ। ਘੋਖਵੀਂ ਦ੍ਰਿਸ਼ਟੀ ਦੀ ਲੋੜ ਹੈ ਸਿੱਖ ਨੂੰ ਸਮਝਣ ਲਈ। ਬਹੁਤ ਵਾਰੀ ਇਸ ਦੀਆਂ ਚੰਦ ਜੱਥੇਬੰਦੀਆਂ ਦੇ ਵਰਤਾਰਿਆਂ ਚੋ' ਇਸ ਬਾਰੇ ਅੰਦਾਜ਼ੇ ਲਾਏ ਜਾਂਦੇ ਹਨ ਤੇ ਨਜ਼ਰੀਆ ਘੜਿਆ ਜਾਂਦਾ ਹੈ। ਇਹ ਸਭ ਓਪਰੀ ਦ੍ਰਿਸ਼ਟੀ ਦੀਆਂ ਕੀਤੀਆਂ ਜਾਣ ਵਾਲੀਆਂ ਕਿਰਿਆਵਾਂ ਹਨ ਜਿਨ੍ਹਾਂ ਰਾਹੀਂ ਨਿੱਕਲਦੇ ਨਤੀਜੇ ਭਰਮ ਭਰੇ ਹੀ ਹੁੰਦੇ ਹਨ। ਉਹ ਸਹੀ ਰੂਪ ਤੇ ਸਹੀ ਨਤੀਜੇ ਨਹੀਂ ਹੁੰਦੇ।

ਪਿਛਲੇ ਕੁਝ ਅਰਸੇ ਤੋਂ ਪੰਜਾਬ ਅੰਦਰ ਧੜਿਆਂ ਦੀ ਸਿਆਸਤ, ਵੱਡੇ ਨਿਘਾਰ ਵੱਲ ਹੈ ਖਾਸ ਕਰਕੇ ਬਾਦਲ ਧੜਾ ਆਪਣੀਆਂ ਕੀਤੀਆਂ ਅੰਧਾ ਧੁੰਦ ਗ਼ਲਤੀਆਂ ਦੀ ਮਾਰ ਨਾਲ ਪੀੜਤ ਹੋ ਕੇ ਜਾਰ ਜਾਰ ਹੈ। ਕੁਰਸੀ ਦੀ ਰਾਜਨੀਤੀ ਤੋਂ ਜਨ ਸਾਧਾਰਨ ਵੀ ਹਮੇਸ਼ਾਂ ਪ੍ਰਭਾਵਿਤ ਹੁੰਦਾ ਸੀ ਹੁੰਦਾ ਹੈ ਤੇ ਹੁੰਦਾ ਰਹੇਗਾ। ਇਹ ਨਵੀਂ ਗੱਲ ਨਹੀਂ ਹੈ। ਧੜੇ ਕਦੀ ਵੀ ਕੌਮ ਦਾ ਅਸਲ ਮੂੰਹ ਮੁਹਾਂਦਰਾ ਨਹੀਂ ਹੁੰਦੇ। ਧੜੇ ਦਾ ਕੋਈ ਸਿਰਾ ਕੌਮ ਨਾਲ ਕੱਚੇ ਪੱਕੇ ਰੂਪ ਵਿਚ ਜੁੜਿਆ ਹੋਣ ਕਰਕੇ ਉਹ ਇਨ੍ਹਾਂ ਦੇ ਵਰਤਾਰਿਆਂ ਰਾਹੀਂ ਪੂਰੀ ਕੌਮੀ ਹੋਣੀ ਨੂੰ ਰੂਪਮਾਨ ਕਰਨ ਵਿਚ ਭੁਲੇਖੇ ਖੜ੍ਹੇ ਕਰਨ ਦਾ ਕਾਰਣ ਬਣ ਜਾਂਦਾ ਹੈ।

ਜੇ ਅਸੀਂ ਅੱਜ ਸਿੱਖ ਸਿਆਸਤ ਦੇ ਮੂੰਹ ਮੁਹਾਂਦਰੇ ਨੂੰ ਜੱਥੇਬੰਦ ਰੂਪ ਵਿਚ ਕਿਧਰੇ ਤੱਕਣਾ ਜਾਂ ਵੇਖਣ ਦੀ ਗੱਲ ਕਰੀਏ ਤਾਂ ਸਾਡੇ ਹੱਥ ਤਾਂ ਇਸ ਪੱਖੋਂ ਨਿਰਾਸ਼ਾ ਵੀ ਪੈਂਦੀ ਹੈ। ਉਮੀਦ ਦੀ ਕਿਰਨ ਲਈ ਸੰਸਾਰ ਭਰ ਵਿਚ ਕਿਰਤ ਤੇ ਕਰਮ ਖੇਤਰ ਵਿਚ ਵਿਚਰਦੇ ਸਿੱਖਾਂ ਨੂੰ ਕੌਮ ਦਾ ਜਾਤੀ ਜਾਂ ਜਮਾਤੀ ਤੌਰ ਤਰੀਕਾ ਵੇਖਣਾ ਬਣਦਾ ਹੈ। ਪ੍ਰਾਪਤੀਆਂ ਦਾ ਅੰਦਾਜ਼ਾ ਇਸ ਨੂੰ ਮਿਲਦੇ ਮਾਣ ਸਨਮਾਨ ਦੇ ਅੰਕੜਿਆਂ ਤੋਂ ਲਾਇਆ ਜਾ ਸਕਦਾ ਹੈ। ਭਾਵੇਂ ਇਹ ਅੰਕੜੇ ਇਕ ਥਾਂ ਸੰਗ੍ਰਹਿ ਕੀਤੇ ਨਹੀਂ ਮਿਲਦੇ ਫਿਰ ਵੀ ਘੱਟ ਵੱਧ ਚਰਚਾ ਵਿਚ ਆ ਹੀ ਜਾਂਦੇ ਹਨ।

ਸੱਚ ਤਾਂ ਇਹ ਹੈ ਕਿ "ਸਿੱਖ ਸਿਆਸਤ ਦਾ ਮੂੰਹ ਮੁਹਾਂਦਰਾ ਵਰਤਮਾਨ ਹਾਲਾਤਾਂ ਵਿਚ ਮੁੜ ਵਿਚਾਰਨ ਤੇ ਨਿਰਧਾਰਤ ਕਰਨ ਦੀ ਲੋੜ ਹੈ।" "ਅਗਲਾ ਸਵਾਲ ਇਹ ਹੋਵੇ ਕਿਵੇਂ ਜਾਂ ਕਰੇ ਕੌਣ ? ਕੌਮੀ ਸੋਚ ਦਾ ਧੁਰਾ ਗਿਆਨ ਦੇ ਪੱਖੋਂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਅਤੇ ਨਿਰਣੇ ਲੈਣ ਲਈ ਸ਼ਕਤੀ ਕੇਂਦਰ ਸ੍ਰੀ ਅਕਾਲ ਤਖ਼ਤ ਹੈ। ਅਕਾਲ ਤਖ਼ਤ ਦਾ ਪ੍ਰਬੰਧ ਖ਼ਾਲਸਾ ਪੰਥ ਦੇ ਹੱਥ ਹੋਣਾ ਜ਼ਰੂਰੀ ਹੈ। ਉੱਥੇ ਕੰਮ ਕਿਵੇਂ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਸੰਸਾਰ ਭਰ ਵਿਚ ਵੱਸਦੇ ਸਿੱਖ ਵਿਸ਼ਵਾਸ ਬੱਝ ਸਕੇ। ਅਸੰਭਵ ਤੇ ਕੁਝ ਵੀ ਨਹੀਂ ਹੁੰਦਾ ਜੇ ਕੌਮ ਆਪਣੇ ਭਲੇ 'ਚ ਕਰਨਾ ਚਾਹੇ।

ਪਿਛਲੇ ਲੰਮੇ ਅਰਸੇ ਤੋਂ ਸ੍ਰੀ ਅਕਾਲ ਤਖ਼ਤ ਦੇ ਪ੍ਰਬੰਧ ਤੇ ਕੰਮ ਵਿਧੀ ਨੂੰ ਲੈ ਕੇ ਕੌਮ ਵਿਚ ਫੈਲੀ ਨਿਰਾਸ਼ਤਾ ਨੇ ਬਹੁਤ ਨੁਕਸਾਨ ਪਹੁੰਚਾਇਆ ਹੈ। ਆਪਸੀ ਦੂਰੀਆਂ ਵਧੀਆਂ ਹਨ ਬੇਵਿਸ਼ਵਾਸੀ ਵਿਚ ਢੇਰ ਵਾਧਾ ਹੋਇਆ ਹੈ। ਜੱਥਿਆਂ ਸੰਸਥਾਵਾਂ ਨੇ ਆਪਣੀ ਆਪਣੀ ਹੋਂਦ ਤੇ ਕਰਮ ਜੁਗਤਿ ਪੂਰੇ ਪੰਥ ਦਾ ਕਰਮ ਤੇ ਨਿਰਣਾ ਮੰਨਣ ਦਾ ਭਰਮ ਪਾਲਣਾ ਆਰੰਭ ਲਿਆ ਹੈ। ਇਹ ਬਹੁਤ ਖਤਰਨਾਕ ਰੁਝਾਨ ਹੈ ਇਸ ਦੇ ਕਾਇਮ ਰਹਿੰਦਿਆਂ ਕੌਮੀ ਤੌਰ ਤੇ ਨ ਕੋਈ ਨਿਰਣਾ ਲਿਆ ਜਾ ਸਕਦਾ ਨ ਹੀ ਕੌਮੀ ਜੁਗਤੀ ਨੂੰ ਸੰਸਾਰ ਸਾਹਮਣੇ ਰੱਖਿਆ ਜਾ ਸਕਦਾ ਹੈ। ਹਾਲ ਦੀ ਘੜੀ ਤੇ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਹੋਰ ਉਡੀਕਣਾ ਪਵੇਗਾ ਸਿੱਖ ਸਿਆਸਤ ਦੇ ਕੌਮੀ ਮੁਹਾਂਦਰੇ ਸਾਕਾਰ ਕਰਨ ਵਾਸਤੇ। ਹਾਂ ਇਹ ਸੰਕਲਪ ਹਰ ਸਿੱਖ ਅਤੇ ਜੱਥੇਬੰਦੀ ਵਿਚ ਪੈਦਾ ਹੋਵੇ। ਹਰ ਪਾਸੇ ਤੋਂ ਐਸਾ ਕਰਨ ਦੀ ਕੌਮੀ ਮੰਗ ਤੇ ਉਮੀਦ ਨੇਕ ਭਾਵਨਾ ਦੇ ਰੂਪ ਵਿਚ ਹਰ ਪਾਸਿਓ ਉੱਠੇ।

ਜੋ ਕੁਝ ਹੁਣ ਘਟ ਰਿਹਾ ਹੈ ਇਸ ਨਾਲ ਸਿੱਖ ਮਾਨਸਿਕਤਾ ਬਹੁਤ ਪੱਛੀ ਗਈ ਹੈ। ਇਹ ਸਭ ਤਰ੍ਹਾਂ ਦੁੱਖਦਾਈ ਹੈ। ਗੱਲ ਕਿਸੇ ਵਿਅਕਤੀ ਵਿਸ਼ੇਸ਼ ਨੂੰ ਉੱਚਾ ਨੀਵਾਂ ਕਰਕੇ ਵੇਖਣ ਜਾਂ ਬਿਆਨ ਕਰਨ ਦੀ ਨਹੀਂ ਹੈ। ਧੜਿਆਂ ਦੀ ਦਲ ਦਲ ਬਹੁਤ ਖ਼ਤਰਨਾਕ ਹੈ। ਖ਼ੁਦ ਨੂੰ ਸੰਭਾਲ ਕੇ ਨਿਰਲੇਪ ਰੱਖਣ ਵਾਲੀ ਸਮਝ ਗੁਰਬਾਣੀ ਤੇ ਇਤਿਹਾਸ ਵਿਚੋਂ ਲੈਣ ਦੀ ਲੋੜ ਹੈ। ਵਰਤਮਾਨ ਦੇ ਵਿਅਕਤੀ ਵਿਸ਼ੇਸ਼ ਤੋਂ ਨਹੀਂ। ਸਾਬਕਾ ਜਥੇਦਾਰ

ਸਾਬਕਾ ਜਥੇਦਾਰ
ਤਖ਼ਤ ਸ੍ਰੀ ਦਮਦਮਾ ਸਾਹਿਬ

## ਨੌਰਥ ਇੰਡੀਆ ਕਬੱਡੀ ਫੈਡਰੇਸ਼ਨ ਦੇ ਟੂਰਨਾਂਮੈਂਟ ਲਈ ਸਾਡਾ ਏਜੰਡਾ ਤਿਆਰ - ਰਾਣਾ, ਨੇਕਾ, ਬੂਟਾ ਮੈਚ ਦੀ ਬੁਕਿੰਗ ਲਈ ਧਨੋਆ ਤੇ ਕਾਲਾ ਕੁੱਲਥਮ ਨਾਲ ਸੰਪਰਕ ਕੀਤਾ ਜਾਵੇ







ਕਨੈਡਾ ਨਕੋਦਰ ਮਹਿਤਪੁਰ ਦਿੜ੍ਹਬਾ ਮੰਡੀ (ਹਰਜਿੰਦਰ ਪਾਲ ਛਾਬੜਾ) ਦੇਸ਼ ਦੀ ਨਾਮਵਰ ਖੇਡ ਸੰਸਥਾਂ ਨੌਰਥ ਇੰਡੀਆ ਕਬੱਡੀ ਫੈਡਰੇਸ਼ਨ ਵੱਲੋਂ ਅਗਾਮੀ ਖੇਡ ਸੀਜ਼ਨ ਨੂੰ ਲੈਕੇ ਆਪਣਾ ਪਰੋਗਰਾਮ ਤਿਆਰ ਕਰ ਲਿਆ ਹੈ। ਇਸ ਸਾਲ ਜਿੱਥੇ ਵੱਡੀਆਂ ਟੀਮਾਂ ਦਾ ਆਗਮਨ ਹੋਵੇਗਾ ਉਥੇ ਹੀ ਨਵੀਂ ਚੁਣੀ ਕਾਰਜਕਾਰਨੀ ਕਮੇਟੀ ਅਨੁਸਾਰ ਵੱਡੇ ਸਟਾਰ ਖਿਡਾਰੀਆਂ ਦੀ ਵੀ ਜਬਰਦਸਤ ਐਂਟਰੀ ਹੋਵੇਗੀ।

ਫੇਡਰੇਸ਼ਨ ਦੇ ਪ੍ਰਧਾਨ ਸ੍ਰ ਸੇਵਾ ਸਿੰਘ ਰਾਣਾ ਦੀ ਅਗਵਾਈ ਵਿੱਚ ਸਾਫ਼ ਸੁਥਰੇ ਢੰਗ ਨਾਲ ਮੈਚ ਕਰਾਉਣ ਲਈ ਕਮੈਟੀ ਦਾ ਗਠਨ ਹੋ ਚੁੱਕਾ ਹੈ। ਫੇਡਰੇਸ਼ਨ ਦੇ ਜਰਨਲ ਸਕੱਤਰ ਸ੍ਰ ਬੂਟਾ ਸਿੰਘ ਖੱਖ ਕੈਨੇਡਾ ਨੇ ਦੱਸਿਆ ਕਿ ਅਸੀਂ ਪੂਰੀ ਤਿਆਰੀ ਨਾਲ ਮੈਦਾਨ ਵਿਚ ਆ ਰਹੇ ਹਾਂ। ਸਾਰੀਆਂ ਟੀਮਾਂ ਵਿਚ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਰਹਿਣ ਵਾਲੇ ਖਿਡਾਰੀ ਸਾਡੀ ਫੇਡਰੇਸ਼ਨ ਵਿਚ ਦੇਖਣ ਨੂੰ ਮਿਲਣਗੇ। ਇਸ ਮੌਕੇ ਚੈਅਰਮੈਨ ਸ੍ਰ ਹਰਨੇਕ ਸਿੰਘ ਨੇਕਾ ਮੈਰੀਪੁਰ ਯੂ ਕੇ ਨੇ ਦੱਸਿਆ ਕਿ ਇਸ ਵਾਰ ਜਿੱਥੇ ਨੌਰਥ ਇੰਡੀਆ ਕਬੱਡੀ ਫੈਡਰੇਸ਼ਨ ਦੇ ਟੂਰਨਾਂਮੈਂਟ ਵਿਚ ਵਾਧਾ ਹੋਵੇਗਾ ਉਥੇ ਕਈ ਵੱਡੀਆਂ ਨਵੀਆਂ ਟੀਮਾਂ ਵੀ ਸਾਮਿਲ ਹੋਣਗੀਆਂ। ਉਹਨਾਂ ਕਿਹਾ ਕਿ ਸਾਨੂੰ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਬਹੁਤ ਸਾਰੇ ਪ੍ਰਮੋਟਰ ਭਰਾਵਾਂ ਦਾ ਵੀ ਸਹਿਯੋਗ ਮਿਲੇਗਾ। ਇਸ ਮੌਕੇ ਫੇਡਰੇਸ਼ਨ ਦੇ ਵਾਇਸ ਜਰਨਲ ਸਕੱਤਰ ਕਾਲਾ ਕੁਲੱਥਮ ਨੇ ਕਿਹਾ ਕਿ ਸਾਡੇ ਕੋਲ ਕਾਫੀ ਮੈਚ ਬੁੱਕ ਹੋ ਰਹੇ ਹਨ। ਹੋਰ ਮੈਚ ਬੁੱਕ ਕਰਾਉਣ ਲਈ ਤੁਸੀਂ ਖ਼ਜਾਨਚੀ ਸ੍ਰ ਜਸਵੀਰ ਸਿੰਘ ਧਨੋਆ ਦੇ ਨਾਲ ਜਾ ਮੇਰੇ ਨਾਲ ਸੰਪਰਕ ਕਰ ਸਕਦੇ ਹੋ। ਉਹਨਾਂ ਦੱਸਿਆ ਕਿ ਇਸ ਤੋਂ ਇਲਾਵਾ ਸੀਨੀਅਰ ਵਾਇਸ ਪ੍ਰਧਾਨ ਸ੍ਰ ਗੁਰਦੇਵ ਸਿੰਘ ਪੱਪੂ ਪੰਛੀ ਅਮਰੀਕਾ, ਵਾਇਸ ਪ੍ਰਧਾਨ ਗੋਪਾ ਬੈਂਸ ਨਿਊਜ਼ੀਲੈਂਡ, ਜਤਿੰਦਰ ਸਿੰਘ ਜੋ ਨਿੱਝਰ ਕੈਨੇਡਾ, ਗੁਰਜੀਤ ਸਿੰਘ ਬਾਪਲਾ ਕੈਨੇਡਾ, ਗੁਰਦੀਪ ਸਿੰਘ ਦੀਪਾ ਚੱਕ ਦੇਸ ਰਾਜ ਯੂ ਕੇ, ਜਸ ਬਰਿਆਰ ਕੈਨੇਡਾ, ਤੇਜਿੰਦਰ ਸਿੰਘ ਜੋਸਨ, ਸੰਦੀਪ ਸਿੰਘ ਸੰਧੂ, ਇੰਦਰਜੀਤ ਸਿੰਘ ਰੂਮੀ ਕੈਨੇਡਾ, ਜੋਨਾ ਬੋਲੀਨਾ ਕੈਨੇਡਾ, ਜੱਗਾ ਦਿਓਲ ਹਾਲੈਂਡ, ਜਿੰਦਰ ਵਿਰਕ ਫਰਾਂਸ, ਟੈਕਨੀਕਲ ਕਮੈਟੀ ਚੈਅਰਮੈਨ ਪ੍ਰੋ ਗੋਪਾਲ ਸਿੰਘ ਕੋਚ ਡੀ ਏ ਵੀ ਜਲੰਧਰ, ਟੈਕਨੀਕਲ ਕਮੇਟੀ ਮੈਂਬਰ ਗਗਨਦੀਪ ਸਿੰਘ ਗੱਗੀ ਖੀਰਾਂਵਾਲ, ਕੁਲਵੀਰ ਸਿੰਘ ਬਿਜਲੀ ਨੰਗਲ, ਮਨਜਿੰਦਰ ਸਿੰਘ ਸੀਪਾ ਆਲਮਵਾਲਾ, ਮਹਿੰਦਰ ਸਿੰਘ ਸੁਰਖਪੁਰ, ਅਮਨ ਦੁੱਗਾਂ , ਸੀਨੀਅਰ ਐਡਵਾਇਜਰ ਬਲਵੀਰ ਸਿੰਘ ਬਿੱਟੂ ਅਤੇ ਮੀਡੀਆ ਇੰਚਾਰਜ ਸਤਪਾਲ ਮਾਹੀ ਖਡਿਆਲ ਹੋਣਗੇ।

## ਹਾਸਾ ਕਲੀਨਿਕ

**ਸੱਸ** (ਜਵਾਈ ਨੂੰ), ਪਿੰਕੀ ਤੇਰੇ ਨਾਲ ਨਾਰਾਜ਼ ਹੈ ਅਤੇ ਕਦੇ ਤੇਰੇ ਘਰ ਵਾਪਸ ਨਹੀਂ ਆਵੇਗੀ, ਫਿਰ ਵਾਰ-ਵਾਰ ਫੋਨ ਕਿਉਂ ਕਰਦਾ ਏਂ ?

ਜਵਾਈ, ਬੱਸ ਸੁਣ ਕੇ ਚੰਗਾ ਲੱਗਦਾ ਹੈ।

*---*---*

**ਰਮੇਸ਼,** ਯਾਰ, ਅੱਜ-ਕੱਲ੍ਹ ਜੀਵਨ ਵਿੱਚ ਸ਼ਾਂਤੀ ਬਿਲਕੁੱਲ ਨਹੀਂ ਮਿਲ ਰਹੀ।

ਸੁਰੇਸ਼, ਦੇਖ ਭਰਾ, ਜੀਵਨ ਵਿੱਚ ਸੁੱਖ ਤਾਂ ਓਨਾ ਮਿਲ ਜਾਵੇਗਾ, ਜਿੰਨੇ ਪੁੰਨ ਕੀਤੇ ਹਨ, ਪਰ ਸ਼ਾਂਤੀ ਉਨੀ ਹੀ ਮਿਲੇਗੀ, ਜਿੰਨੀ ਘਰਵਾਲੀ ਚਾਹੇਗੀ।

*---*---*

**ਜਵਾਈ** (ਸੱਸ ਨੂੰ), ਤੁਹਾਡੀ ਬੇਟੀ ਵਿੱਚ ਕੋਈ ਗੱਲ ਢੰਗ ਦੀ ਨਹੀਂ ਹੈ।


ਸੱਸ, ਬੇਟਾ, ਪਤਾ ਹੈ ਤਾਂ ਹੀ ਤਾਂ ਕੋਈ ਢੰਗ ਦਾ ਮੁੰਡਾ ਨਹੀਂ ਮਿਲਿਆ।

*---*---*

**ਗੁਆਂਢੀ,** ਯਾਰ ਤੇਰੇ ਘਰ ਵਿੱਚੋਂ ਰਾਤ ਨੂੰ ਹੱਸਣ ਦੀ ਇੰਨੀ ਆਵਾਜ਼ ਕਿਉਂ ਆਉਂਦੀ ਹੈ ?


ਗੁੱਡੂ, ਯਾਰ ਕੁਝ ਨਹੀਂ, ਬੱਸ ਮੇਰੀ ਘਰਵਾਲੀ ਮੈਨੂੰ ਜੁੱਤੀ ਨਾਲ ਮਾਰਦੀ ਹੈ। ਵੱਜ ਜਾਵੇ ਤਾਂ ਉਹ ਹੱਸਦੀ ਹੈ ਅਤੇ ਨਾ ਵੱਜੇ ਤਾਂ ਮੈਂ ਹੱਸਦਾ ਹਾਂ।

*---*---*



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼
ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

*NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW*

Respectable Jatt Sikh family seek a suitable match for their good looking son. He is 35 years old, 5'11" tall, education Msc Accounting and Finance and runs his own Business, Girl should be from Jatt Sikh family, divorce & student welcome with no children. Please contact Mobile: 07859 056930 or reply to ref. 872 (3048)

For Hindu boy, very handsome, never married, 50 years, 5'10, M.S & B.E in IT, Software professional in Reading city. Looking Sikh/Hindu bride, tall, well educated professional match. Please contact: 07472 334567 or email: s2009king@gmail.com or reply to ref. 844 (3044)




## ਹਾਸੇ ਦੀ ਪਟਾਰੀ



**ਪਤਨੀ** ਬਾਜ਼ਾਰ ਤੋਂ ਖਰੀਦਦਾਰੀ ਕਰਕੇ ਪਰਤੀ ਤਾਂ ਪਤੀ ਬੋਲਿਆ, ਮੇਰਾ ਅੰਦਾਜ਼ਾ ਹੈ ਕਿ ਇਸ ਪੈਕੇਟ ਵਿੱਚ ਕੋਈ ਖਾਣ ਵਾਲੀ ਚੀਜ਼ ਹੋਵੇਗੀ।

ਪਤਨੀ, ਤੁਸੀਂ ਬਿਲਕੁੱਲ ਸਹੀ ਅੰਦਾਜ਼ਾ ਲਾਇਆ, ਇਸ ਵਿੱਚ ਮੇਰੇ ਨਵੇਂ ਸੈਂਡਲ ਹਨ।

*---*---*

**ਪੱਪੂ** ਦਫਤਰ ਤੋਂ ਘਰ ਆਇਆ, ਆਉਂਦਿਆਂ ਹੀ ਪਤਨੀ ਨੇ ਲੜਨਾ ਸ਼ੁਰੂ ਕਰ ਦਿੱਤਾ।

ਪੱਪੂ, ਦਿਨ ਭਰ ਦਾ ਥੱਕਿਆ-ਹਾਰਿਆ ਆਇਆ ਹਾਂ। ਪਹਿਲਾਂ ਫਰੈਸ਼ ਤਾਂ ਹੋਣ ਦੇ।

ਪਤਨੀ, ਮੈਂ ਵੀ ਤਾਂ ਦਿਨ ਭਰ ਇਕੱਲੀ ਸੀ, ਮੈਂ ਵੀ ਤਾਂ ਫਰੈਸ਼ ਹੀ ਹੋ ਰਹੀ ਹਾਂ।

*---*---*

**ਵਿਆਹ** ਇਕ ਅਜਿਹਾ ਦਿਨ ਹੈ, ਜਦੋਂ ਮੁੰਡਾ ਸਟੇਜ 'ਤੇ ਆਪਣੀ ਦੁਲਹਨ ਨਾਲ ਬੈਠ ਕੇ ਦੂਜੀਆਂ ਕੁੜੀਆਂ ਵੱਲ ਦੇਖਦਾ ਹੋਇਆ ਸੋਚਦਾ ਹੈ, ਇਹ ਸਾਰੀਆਂ ਅੱਜ ਤੋਂ ਪਹਿਲਾਂ ਕਿਥੇ ਮਰ ਗਈਆਂ ਸਨ।

*---*---*

**ਪਤਨੀ,** ਗੱਲ ਸੁਣੋ ਜੀ, ਤੁਹਾਡਾ ਦੋਸਤ ਇਕ ਪਾਗਲ ਕੁੜੀ ਨਾਲ ਵਿਆਹ ਕਰਨ ਜਾ ਰਿਹਾ ਹੈ, ਉਸ ਨੂੰ ਰੋਕਦੇ ਕਿਉਂ ਨਹੀਂ ?

ਪਤੀ (ਸਹਿਜ ਸੁਭਾਅ ਬੋਲਿਆ), ਕਿਉਂ ਰੋਕਾਂ ? ਉਸ ਦੋਸਤ ਨੇ ਮੈਨੂੰ ਰੋਕਿਆ ਸੀ ?

*---*---*

# ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਜੈਨੇਸਸ ਸੈਂਟਰ ਵਿਖੇ ਹੋਈ



ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਜੈਨੇਸਸ ਸੈਂਟਰ ਵਿਖੇ 19 ਅਕਤੂਬਰ ਨੂੰ ਬਹੁਤ ਹੀ ਉਤਸ਼ਾਹ ਅਤੇ ਜੋਸ਼ ੳ ਖਰੋਸ਼ ਨਾਲ ਭਰਪੂਰ ਹਾਜ਼ਰੀ ਵਿੱਚ ਹੋਈ। ਸਭਾ ਦੇ ਕੋਆਰਡੀਨੇਟਰ ਸ੍ਰੀਮਤੀ ਗੁਰਚਰਨ ਕੌਰ ਥਿੰਦ ਜੀ ਨੇ ਸਾਰੀਆਂ ਭੈਣਾਂ ਨੂੰ ਜੀ ਆਇਆਂ ਕਿਹਾ ਅਤੇ ਸਭਾ ਦੀ ਕਾਰਵਾਈ ਸ਼ੁਰੂ ਕੀਤੀ।

ਅਕਤੂਬਰ ਦਾ ਮਹੀਨਾ ਤਿਉਹਾਰਾਂ ਦਾ ਮਹੀਨਾ ਕਰਕੇ ਜਾਣਿਆ ਜਾਂਦਾ ਹੈ। ਸੋ ਅੱਜ ਦੀ ਸਭਾ ਸਾਂਝੀਵਾਲਤਾ ਦੇ ਇਹਨਾਂ ਤਿਉਹਾਰਾਂ ਨੂੰ ਸਮਰਪਿਤ ਸੀ। ਜਿਸ ਵਿੱਚ ਦੁਸਿਹਰਾ, ਦੀਵਾਲੀ, ਮੁਸਕਾਨ ਦਿਵਸ,ਥੈਂਕਸ ਗਿਵਿੰਗ ਡੇ ਅਤੇ ਹੈਲੋਵੀਨ ਵਰਗੇ ਤਿਉਹਾਰਾਂ ਬਾਰੇ ਭਰਪੂਰ ਗੱਲਬਾਤ ਹੋਈ। ਅੱਜ ਚੌਥੇ ਪਾਤਸ਼ਾਹ ਧੰਨ ਧੰਨ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਵੀ ਸੀ।

ਸਭ ਤੋਂ ਪਹਿਲਾਂ ਨਵੀਆਂ ਮੈਂਬਰ ਬਣੀਆਂ ਭੈਣਾਂ ਨਾਲ ਜਾਣ ਪਛਾਣ ਕਰਵਾਈ ਗਈ, ਜਿਨ੍ਹਾਂ ਵਿੱਚ ਪਰਮਜੀਤ ਕੌਰ, ਸੁਖਵਿੰਦਰ ਕੌਰ, ਅਰਪਨਜੀਤ ਕੌਰ ਜੋ ਕਿ ਕੈਲਗਰੀ ਵਿਖੇ ਸਾਫਟਵੇਅਰ ਇੰਜੀਨਿਅਰ ਦੀ ਜੋਬ ਕਰਦੇ ਹਨ , ਅਮਰਦੀਪ ਕੌਰ ਅਤੇ ਪਰਵਿੰਦਰ ਕੌਰ ਨੇ ਅਪਣੀ ਨਨਾਣ ਗੁਰਚਰਨ ਕੌਰ ਥਿੰਦ ਜੀ ਨਾਲ ਮਿਲ ਕੇ ਇਕ ਲੋਕ ਗੀਤ ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏਂ ਗਾਇਆ। ਕੇਰਲਾ ਮੂਲ ਦੀ ਨਿਵਾਸੀ ਦੀਵਾਨੀ ਨਯੱਅਰ ਨੇ ਵੀ ਇਸ ਸਭਾ ਵਿੱਚ ਹਾਜ਼ਰੀ ਲਗਵਾਈ।ਰਣਜੀਤ ਕੌਰ ਕੰਗ ਨੇ ਵੀ ਅਪਣੀ ਜਾਣ ਪਛਾਣ ਕਰਵਾਈ।ਹਰਬੰਸ ਕੌਰ ਪੇਲੀਆ ਨੇ ਗੁਰੂ ਰਾਮਦਾਸ ਜੀ ਦੇ ਜੀਵਨ ਨੂੰ ਸਮਰਪਿਤ ਕਵਿਤਾ ਸੁਣਾਈ।ਗਿਆਨ ਕੌਰ ਨੇ ਇੱਕ ਸ਼ਬਦ ਸੁਣਾਇਆ।ਸੁਰਿੰਦਰਪਾਲ ਕੌਰ ਕੈਂਥ, ਗੁਰਜੀਤ ਕੌਰ ਬੈਦਵਾਣ, ਪ੍ਰੀਤਮ ਕੌਰ ਬਾਠ, ਬਲਵੀਰ ਕੌਰ, ਸਤਵਿੰਦਰ, ਜਸਵਿੰਦਰ ਕੌਰ ਬਰਾੜ ਅਤੇ ਹੋਰ ਭੈਣਾਂ ਨੇ ਲੋਕ ਗੀਤ ਸੁਣਾ ਕੇ ਖੂਬ ਰੰਗ ਬੰਨ੍ਹਿਆ। ਅਮਰਜੀਤ ਕੌਰ ਗਰੇਵਾਲ ਜੀ ਨੇ ਮੌਜੂਦਾ ਲੀਡਰਾਂ ਅਤੇ ਬਾਬਿਆਂ ਨੇ ਪੰਜਾਬ ਦਾ ਭੱਠਾ ਬਿਠਾ ਦਿੱਤਾ ਵਿਅੰਗਮਈ ਕਵਿਤਾ ਸੁਣਾਈ। ਸਰਬਜੀਤ ਕੌਰ ਉੱਪਲ ਤਾਜ਼ੇ ਸਮੋਸੇ ਖਾ ਲਓ ਕਵਿਤਾ ਸੁਣਾਈ। ਸੁਰਿੰਦਰ ਕੌਰ ਸੰਧੂ ਨੇ ਕਰਵਾ ਚੌਥ ਦੇ ਵਰਤ ਕੇ ਇੱਕ ਵਿਅੰਗਮਈ ਮੋਨੋਐਕਟਿੰਗ ਕਰਕੇ ਸਾਰੇ ਪਾਸੇ ਹਾਸੇ ਬਿਖੇਰ ਦਿੱਤੇ। ਗੁਰਦੀਸ਼ ਕੌਰ ਗਰੇਵਾਲ ਅਤੇ ਕਿਰਨ ਕਲਸੀ, ਦੋਵੇਂ ਭੈਣਾਂ ਨੇ ਅਪਣੀਆਂ ਕਵਿਤਾਵਾਂ ਰਾਹੀਂ ਪ੍ਰਦੂਸ਼ਣ ਰਹਿਤ ਦੀਵਾਲੀ ਮਨਾਉਣ ਦਾ ਸੁਨੇਹਾ ਦਿੱਤਾ। ਅਮਰਜੀਤ ਕੌਰ ਵਿਰਦੀ ਨੇ ਵੀ ਦੀਵਾਲੀ ਦਾ ਗੀਤ ਸੁਣਾਇਆ। ਗੁਰਨਾਮ ਕੌਰ ਨੇ ਹੈਲੋਵੀਨ ਅਤੇ ਥੈਂਕਸ ਗਿਵਿੰਗ ਡੇ ਦੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ।

ਚਾਹ, ਸਮੋਸੇ ਅਤੇ ਜਲੇਬੀਆਂ ਦੀ ਸੇਵਾ ਅੰਮ੍ਰਿਤ ਕੌਰ ਅਤੇ ਤਰਨਜੀਤ ਕੌਰ ਜੀ ਵੱਲੋਂ ਨੇ ਕੀਤੀ ਗਈ। ਅਖੀਰ ਵਿਚ ਸਭਾ ਦੇ ਉਪ ਪ੍ਰਧਾਨ ਗੁਰਦੀਸ਼ ਕੌਰ ਗਰੇਵਾਲ ਜੀ ਨੇ ਸਾਰੀਆਂ ਭੈਣਾਂ ਦਾ ਧੰਨਵਾਦ ਕੀਤਾ।

# ਫਿਲਮ ਐਮਰਜੈਂਸੀ ਨੂੰ ਸੈਂਸਰ ਬੋਰਡ ਵੱਲੋਂ ਮਿਲੀ ਹਰੀ ਝੰਡੀ

## ✪ ਸਿਰ.ਫ 3 ਸੀਨ ਹੀ ਕੱਟੇ ! ਸ਼੍ਰੋਮਣੀ ਕਮੇਟੀ ਵਲੋਂ ਵਿਰੋਧ



ਕੰਗਨਾ ਦੀ ਫਿਲਮ ਐਮਰਜੈਂਸੀ ਨੂੰ ਸੈਂਸਰ ਬੋਰਡ ਵੱਲੋਂ ਹਰੀ ਝੰਡੀ ਮਿਲ ਗਈ ਹੈ। ਫਿਲਮ ਵਿੱਚ ਸਿਰਫ ਇੱਕ ਮਿੰਟ ਯਾਨੀ 3 ਸੀਨ 'ਤੇ ਕੱਟ ਲਗਾਇਆ ਗਿਆ ਹੈ। ਫਿਲਮ ਦੀ ਰਿਲੀਜ਼ ਨੂੰ ਲੈਕੇ 'ਕੰਗਨਾ ਰਣੌਤ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਲਿਖਿਆ ਸਾਨੂੰ ਇਹ ਜਾਣਕਾਰੀ ਸਾਂਝੀ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਸੈਂਸਰ ਬੋਰਡ ਵੱਲੋਂ ਸਾਡੀ ਫਿਲਮ ਨੂੰ ਸਰਟੀਫਿਕੇਟ ਮਿਲ ਗਿਆ ਹੈ। ਅਸੀਂ ਜਲਦ ਹੀ ਫਿਲਮ ਦੀ ਰਿਲੀਜ਼ ਤਰੀਕ ਦਾ ਐਲਾਨ ਕਰਾਂਗੇ। ਫਿਲਮ ਦੇ ਸਰਟਿਫਿਕੇਟ ਵਿੱਚ ਵੇਖਿਆ ਜਾ ਸਕਦਾ ਹੈ ਕਿ ਇਸ ਤੋਂ ਪਹਿਲਾਂ ਪਿਛਲੇ 147 ਮਿੰਟ ਦੇ ਰਨਿੰਗ ਟਾਈਮ ਨੂੰ ਘਟਾ ਕੇ 146 ਮਿੰਟ ਕਰ ਦਿੱਤਾ ਗਿਆ ਹੈ। ਇਸ ਤੋਂ ਪਤਾ ਚੱਲ ਦਾ ਹੈ ਕਿ ਫਿਲਮ ਵਿੱਚ 1 ਮਿੰਟ ਦੀ ਕਮੀ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਚਿਤਾਵਨੀ ਦਿੰਦੇ ਹੋਏ ਕਿਹਾ ਸੀ ਕਿ ਜਦੋਂ ਤੱਕ ਫਿਲਮ ਕਮੇਟੀ ਨੂੰ ਨਹੀਂ ਵਿਖਾਈ ਜਾਵੇਗੀ ਐਮਰਜੈਂਸੀ ਫਿਲਮ ਨੂੰ ਰਿਲੀਜ਼ ਨਹੀਂ ਹੋਣ ਦਿੱਤਾ ਜਾਵੇਗਾ। ਕਮੇਟੀ ਨੇ ਕਿਹਾ ਸੀ ਅਸੀਂ ਫਿਲਮ ਦੇ ਵਿਰੋਧੀ ਵਿੱਚ ਪੂਰੇ ਦੇਸ਼ ਵਿੱਚ ਪ੍ਰਦਰਸ਼ਨ ਕਰਾਂਗੇ।


## CHANGE OF NAME

Please one tick box

- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ______

SON / DAUGHTER / WIFE OF MR ______

WHOSE PERMANENT ADDRESS IN INDIA IS ______

______

AND IS NOW LIVING AT ______

______ HEREBY GIVE NOTICE OF MY INTENTION

TO CHANGE MY NAME TO ______

TEL ______

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


## CHANGE OF NAME

I, MR SUDHIR KAMAL SON OF MR PREM LAL WHOSE PERMANENT ADDRESS IN INDIA IS NANAK NAGAR, NEW SABZI MANDI, P.O. NETA JI NAGAR, LUDHIANA (141008) PUNJAB AND NOW LIVING AT 25 UPPER ETTINGSHALL ROAD, BILSTON, WV14 9QZ, UK HEREBY GIVE NOTICE OF MY INTENTION TO CHANGE MY NAME TO SUDHIR SAMPLAY. (U/I)

MANAK SOLICITORS

**Nosheen Bukhari**
Wills & Probate Director

Nosheen is an experienced Private Client Solicitor, specialising in all matters connected to Wills, Lasting Powers of Attorney, Court of Protection applications, Probate and Trust work. She is renowned as friendly, approachable, respectful and empathetic to clients.



Gravesend | Orpington | Sevenoaks | London



manaksolicitors.co.uk
**0800 634 9726**

Google
4.9/5 CUSTOMER REVIEWS

Lexcel
Legal Practice Quality Mark
Law Society Accredited



**Rajbir Singh Manak MA (Hons)**

**Surinder Singh Manak LLB (Hons)**

ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤਿ ਗੁਰਪਰਬ ਕਰੰਦੇ ।। ਗੁਰ ਸੇਵਾ ਫਲੁ ਸੁਫਲੁ ਫਲੰਦੇ ।।

**ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ, ਗੁਰੂ ਨਾਨਕ ਰੋਡ ਅਤੇ ਪਾਰਕ ਐਵੇਨਿਊ ਦੀ ਪ੍ਰਬੰਧਕ ਕਮੇਟੀ ਅਤੇ ਸਾਧ ਸੰਗਤ ਵੱਲੋਂ**

# ਸਿੱਖ ਧਰਮ ਦੇ ਬਾਨੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਜਗਤ ਨੂੰ ਲੱਖ ਲੱਖ ਵਧਾਈਆਂ

## ਗੁਰਪੁਰਬਾਂ ਮੌਕੇ ਦੋਵੇਂ ਗੁਰਦੁਆਰਾ ਸਾਹਿਬਾਨ ਵਿਖੇ ਵਿਸ਼ੇਸ਼ ਸਮਾਗਮ ਹੋਣਗੇ

# ਨਗਰ ਕੀਰਤਨ

3 ਨਵੰਬਰ 2024 ਨੂੰ ਸਵੇਰੇ
11 ਵਜੇ ਆਰੰਭ ਕੀਤੇ ਜਾਣਗੇ

# GURPURB NAGAR KIRTAN

## at Gurdwara Sri Guru Singh Sabha Southall on 3rd November 2024

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਹਰ ਸਾਲ ਵਾਂਗ ਇਸ ਵਾਰ ਵੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤ ਵੱਲੋਂ ਦਿੱਤੇ ਹੋਏ ਪ੍ਰੋਗਰਾਮ ਅਨੁਸਾਰ ਨਗਰ ਕੀਰਤਨ ਆਯੋਜਿਤ ਕੀਤੇ ਜਾ ਰਹੇ ਹਨ। ਜਿਸ ਦਾ ਆਰੰਭ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਗੁਰੂ ਨਾਨਕ ਰੋਡ, ਸਾਊਥਾਲ ਤੋਂ ਹੋਵੇਗਾ ਅਤੇ ਸਮਾਪਤੀ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਪਾਰਕ ਐਵੇਨਿਊ ਸਾਊਥਾਲ ਵਿਖੇ ਹੋਵੇਗੀ।

ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਨਗਰ ਕੀਰਤਨ ਵਿੱਚ ਸ਼ਾਮਿਲ ਹੋ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।


ਨੋਟ:-ਨਗਰ ਕੀਰਤਨ ਦੌਰਾਨ ਸੁਰੱਖਿਆ ਤੇ ਸਫਾਈ ਦਾ ਖਾਸ ਧਿਆਨ ਰੱਖਿਆ ਜਾਵੇ ਜੀ



ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਗੁਰੂ ਨਾਨਕ ਰੋਡ, ਸਾਊਥਾਲ



ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਪਾਰਕ ਐਵੇਨਿਊ ਸਾਊਥਾਲ




**ਸਮਾਗਮਾਂ ਦੌਰਾਨ ਗੁਰੂ ਕੇ ਅਤੁੱਟ ਲੰਗਰ ਵਰਤਣਗੇ।**

@sgsssouthall

ਬੇਨਤੀ ਕਰਤਾ – ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਪ੍ਰਬੰਧਕ ਕਮੇਟੀ, ਟਰੱਸਟੀ ਤੇ ਸਮੂਹ ਸਾਧ ਸੰਗਤ

## GURDWARA SRI GURU SINGH SABHA SOUTHALL

| 2-8 Park Avenue, Southall, Middlesex, UB1 3AG<br>Tel: 020 8574 8901 Fax: 020 8574 8902 | Guru Nanak Road, Southall, Middlesex, UB2 4NP<br>Tel: 020 8574 4311 Fax: 020 8574 8902 |
|---|---|

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

ਬਰਸੀ 'ਤੇ ਵਿਸ਼ੇਸ਼ ਲੇਖ

# ਵਿਦਵਾਨ ਪ੍ਰੋ. ਸਾਹਿਬ ਸਿੰਘ

ਸੁਖਵਿੰਦਰ ਸਿੰਘ ਮੁੱਲਾਂਪੁਰ
9914184794



ਜਦ ਮਹਾਰਾਜਾ ਰਣਜੀਤ ਸਿੰਘ ਦਾ ਸਿੱਖ ਰਾਜ ਸਥਾਪਿਤ ਹੋਇਆ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਗੁਰਦੁਵਾਰਿਆਂ ਦੀ ਸੇਵਾ ਵੱਲ ਧਿਆਨ ਦਿੱਤਾ ਅਤੇ ਗੁਰਦੁਵਾਰਿਆਂ ਦੇ ਨਾਮ ਬਹੁਤ ਜਗੀਰਾਂ ਲਗਵਾ ਦਿੱਤੀਆਂ ਸਨ ਪਰ ਉਸ ਨੇ ਚੰਗੇ ਵਿਦਵਾਨ ਪੈਦਾ ਕਰਨ ਵੱਲ ਕੋਈ ਧਿਆਨ ਨਾ ਦਿੱਤਾ ਇਸ ਕਰਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸੇਵਾ ਸੰਭਾਲ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਕਰਨ ਵਾਸਤੇ ਡੇਰਾਵਾਦ ਸਿੱਖ ਕੌਮ ਤੇ ਹਾਵੀ ਹੋਣਾ ਸ਼ੁਰੂ ਹੋ ਗਈ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਡੋਗਰੇ ਸਿੱਖ ਰਾਜ ਅਤੇ ਸਿੱਖ ਧਰਮ ਉਪਰ ਹਾਵੀ ਹੋਣੇ ਸ਼ੁਰੂ ਹੋ ਗਏ।ਉਹਨਾਂ ਗੁਰਦੁਵਾਰਿਆਂ ਵਿਚ ਪਹਾੜੀ ਹਿੰਦੂ ਡੋਗਰੇ ਬਿਠਾਲ ਦਿੱਤੇ ਜਿੰਨਾ ਨੂੰ ਮਹੰਤ ਦਾ ਨਾਮ ਦਿੱਤਾ ਗਿਆ ਫਿਰ ਇਹਨਾਂ ਤੋਂ ਗੁਰਦੁਵਾਰੇ ਆਜ਼ਾਦ ਕਰਵਾਉਣ ਲਈ ਗੁਰਦੁਵਾਰਾ ਅਜ਼ਾਦ ਲਹਿਰ ਚੱਲੀ। ਸਿੱਖਾ ਨੂੰ ਆਪਣੇ ਸਰੀਰਾਂ ਤੇ ਬੇਹੱਦ ਤਸ਼ੱਦਦ ਝੱਲਣਾ ਪਿਆ ਅਤੇ ਬਹੁਤ ਗਿਣਤੀ ਵਿਚ ਸਿੱਖਾਂ ਨੂੰ ਸ਼ਹੀਦੀਆਂ ਪ੍ਰਾਪਤ ਕਰਨੀਆਂ ਪਈਆਂ। ਇਤਨੀਆਂ ਕੁਰਬਾਨੀਆਂ ਝੱਲ ਕੇ 1920 ਵਿਚ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ ਨਾਲ ਹੀ ਸਿੱਖ ਕੌਮ ਵਿਚ ਚੰਗੇ ਵਿਦਵਾਨ ਪੈਦਾ ਹੋਣ ਲੱਗੇ। ਇਹਨਾਂ ਵਿਦਵਾਨਾਂ ਵਿਚ ਇਕ ਵਿਦਵਾਨ ਪ੍ਰੋ. ਸਾਹਿਬ ਸਿੰਘ ਹੋਏ ਹਨ ਜਿੰਨਾ ਨੇ ਗੁਰਬਾਣੀ ਦਾ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਆਕਰਨ ਦੇ ਅਧਾਰ ਤੇ ਕੀਤਾ। ਇਹ ਟੀਕਾ ਉਸ ਟਾਈਮ ਤਿਆਰ ਕੀਤਾ ਜਦ ਗੁਰਬਾਣੀ ਦੇ ਅਰਥਾਂ ਦਾ ਬਹੁਤਾ ਗਿਆਨ ਨਹੀਂ ਹੁੰਦਾ ਸੀ।

ਇਸ ਵਿਦਵਾਨ ਪ੍ਰੋ.ਸਾਹਿਬ ਸਿੰਘ ਦਾ ਜਨਮ ਭਾਈ ਹੀਰਾ ਚੰਦ ਜੀ ਦੇ ਘਰ ਮਾਤਾ ਨਿਹਾਲ ਦੇਵੀ ਦੀ ਕੁਖੋਂ 16 ਫ਼ਰਵਰੀ 1892 ਨੂੰ ਫੱਤੇਵਾਲ ਤਹਿਸੀਲ ਪਸਰੂਰ ਜਿਲ੍ਹਾ ਸਿਆਲਕੋਟ (ਪਾਕਿਸਤਾਨ) ਵਿਚ ਹੋਇਆ। ਪਿਤਾ ਨੇ ਇਹਨਾਂ ਦਾ ਨਾਮ ਨੱਥੂ ਰਾਮ ਰੱਖਿਆ ਇਹਨਾਂ ਦਾ ਪਿਤਾ ਪਿੰਡ ਵਿਚ ਹੀ ਇਕ ਛੋਟੀ ਜਿਹੀ ਦੁਕਾਨ ਚਲਾਉਂਦਾ ਸੀ ਕੁਝ ਸਮੇਂ ਬਾਅਦ ਇਹ ਪਰੀਵਾਰ ਪਿੰਡ ਤੋਂ ਸੱਤ ਕੁ ਕਿਲੋਮੀਟਰ ਦੂਰ ਥਰਪਾਲ ਪਿੰਡ ਜਾ ਵਸਿਆ। ਸਾਢੇ ਚਾਰ ਸਾਲ ਦੀ ਉਮਰ ਵਿਚ ਨੱਥੂ ਰਾਮ ਨੂੰ ਪਿੰਡ ਦੇ ਹੀ ਇਕ ਮੌਲਵੀ ਹਯਾਤ ਸ਼ਾਹ ਕੋਲ ਪੜ੍ਹਨ ਲਾ ਦਿੱਤਾ ਹਯਾਤ ਸ਼ਾਹ ਇਕ ਪ੍ਰਸਿੱਧ ਕਵੀ ਹਾਸ਼ਮ ਸ਼ਾਹ ਦਾ ਪੁੱਤਰ ਸੀ ਜੋ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਕਵੀ ਰਿਹਾ ਸੀ ਫਿਰ ਇਹਨਾਂ ਨੂੰ ਰਈਏ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਨ ਲਾ ਦਿੱਤਾ। 1902 ਵਿਚ ਇਹਨਾਂ ਪੰਜਵੀ ਜਮਾਤ ਪਾਸ ਕੀਤੀ ਅੱਠਵੀ ਜਮਾਤ ਫਤਿਹਗੜ੍ਹ ਤੋਂ ਪਾਸ ਕਰਕੇ ਵਜੀਫ਼ਾ ਪ੍ਰਾਪਤ ਕੀਤਾ।

ਅੱਠਵੀ ਜਮਾਤ ਪਾਸ ਕਰਨ ਤੋਂ ਬਾਅਦ ਇਹਨਾਂ ਦਾ ਵਿਆਹ 25 ਜਨਵਰੀ 1905 ਨੂੰ ਦੁਰਗਾ ਦੇਵੀ ਨਾਲ ਕਰ ਦਿੱਤਾ ਗਿਆ। 20 ਜੁਲਾਈ 1907 ਨੂੰ ਇਹਨਾਂ ਦੇ ਪਿਤਾ ਦੀ ਮੌਤ ਹੋ ਗਈ। ਇਹਨਾਂ ਪਸਰੂਰ ਦੇ ਹਾਈ ਸਕੂਲ ਵਿਚ ਨੌਵੀ ਜਮਾਤ ਚ' ਦਾਖ਼ਲ ਹੋ ਕੇ ਸੰਸਕ੍ਰਿਤ ਪੜ੍ਹਨੀ ਸ਼ੁਰੂ ਕਰ ਦਿੱਤੀ ਇੱਥੋਂ ਉਹ ਦਸ ਜਮਾਤਾਂ ਪਾਸ ਕਰ ਗਏ ਇੱਥੇ ਹੀ ਉਹਨਾਂ ਨੇ 1906 ਵਿਚ ਸਿੱਖ ਬਣਨ ਦਾ ਫ਼ੈਸਲਾ ਕੀਤਾ ਅਤੇ ਸਿੱਖ ਰਹਿਤਾ ਨੂੰ ਅਪਣਾਉਂਦੇ ਹੋਏ ਸਿੱਖ ਧਰਮ ਵਿਚ ਪ੍ਰਵੇਸ਼ ਕਰ ਗਏ। ਆਪਣਾਂ ਨਾਮ ਨੱਥੂ ਰਾਮ ਤੋਂ ਬਦਲ ਕੇ ਸਾਹਿਬ ਸਿੰਘ ਰੱਖ ਲਿਆ।

ਪੰਦਰਾਂ ਸਾਲ ਦੀ ਉਮਰ ਵਿਚ ਇਹਨਾਂ ਦੇ ਪਿਤਾ ਸੁਰਗਵਾਸ ਹੋ ਗਏ। ਉਹਨਾਂ ਦੀ ਮੌਤ ਤੋਂ ਬਾਅਦ ਕੁਝ ਸਮਾਂ ਆਧਿਆਪਕ ਲੱਗੇ ਰਹੇ ਫਿਰ ਕੁਝ ਸਮਾਂ ਡਾਕਖਾਨੇ ਵਿਚ ਕਲਰਕ ਲੱਗਣ ਤੋਂ ਬਾਅਦ ਫਿਰ ਪੜ੍ਹਨ ਲੱਗ ਗਏ। 1913 ਵਿਚ ਦਿਆਲ ਸਿੰਘ ਕਾਲਜ ਤੋਂ ਐਫ਼ ਏ ਅਤੇ 1915 ਵਿਚ ਗੌਰਮਿੰਟ ਕਾਲਜ ਲਾਹੌਰ ਤੋਂ ਬੀ ਏ ਪਾਸ ਕੀਤੀ। 1917 ਵਿਚ ਖ਼ਾਲਸਾ ਕਾਲਜ ਗੁਜਰਾਂਵਾਲਾ ਵਿਖੇ ਫ਼ੈਕਲਟੀ ਵਿਚ ਸੰਸਕ੍ਰਿਤ ਦੇ ਲੈਕਚਰਾਰ ਵਜੋਂ ਪੜ੍ਹਾਉਣ ਲੱਗ ਗਏ ਉਹਨਾਂ ਦੀ ਪਛਾਣ ਪ੍ਰੋਫ਼ੈਸਰ ਵਜੋਂ ਸ਼ੁਰੂ ਹੋਈ।

ਇਹਨਾਂ ਨੇ 1920 ਵਿਚ ਗੁਰਦੁਵਾਰਾ ਸੁਧਾਰ ਲਹਿਰ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। 20 ਜੁਲਾਈ 1921 ਵਿਚ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਦੇ ਮੀਤ ਸਕੱਤਰ ਚੁਣੇ ਗਏ। 1922 ਵਿਚ ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਸ਼ਾਮਲ ਹੋਏ 1924 ਦੇ ਜੈਤੋ ਦੇ ਮੋਰਚੇ ਵਿਚ ਸ਼ਾਮਲ ਹੋ ਕੇ ਜੇਲ ਗਏ।

1929 ਵਿਚ ਆਪ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਸਿੱਖ ਧਰਮ ਦੇ ਲੈਕਚਰਾਰ ਬਣ ਗਏ ਇਥੇ ਤੇਈ ਸਾਲ ਨੌਕਰੀ ਕਰਨ ਤੋਂ ਬਾਅਦ1952 ਵਿਚ ਸੇਵਾ ਮੁਕਤ ਹੋਏ। ਇਸ ਤੋਂ ਬਾਅਦ ਉਹ ਸ਼ਹੀਦ ਸਿੱਖ ਮਸ਼ੀਨਰੀ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਬਣ ਗਏ ਫਿਰ ਗੁਰਮਤਿ ਕਾਲਜ ਪਟਿਆਲਾ ਦੇ ਪ੍ਰਿੰਸੀਪਲ ਰਹੇ।

ਪ੍ਰੋ. ਸਾਹਿਬ ਸਿੰਘ ਨੇ ਲਗਭਗ ਚਾਲੀ ਦੇ ਕਰੀਬ ਕਿਤਾਬਾਂ ਲਿਖੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦਸ ਜਿਲਦਾਂ) ਵਿਚ, ਦਸ



ਗੁਰੂ ਸਹਿਬਾਨ ਦੇ ਜੀਵਨ ਕਾਲ ਨਾਲ ਸਬੰਧਤ ਦਸ ਕਿਤਾਬਾਂ, ਭਗਤ ਬਾਣੀ ਸਟੀਕ, ਨਿਤਨੇਮ ਸਟੀਕ, ਆਸਾ ਦੀ ਵਾਰ ਸਟੀਕ, ਭਗਤਾਂ ਦੇ ਸਵੱਈਏ ਸਟੀਕ, ਗੁਰਮਤ ਪ੍ਰਕਾਸ਼, ਮੇਰੀ ਸਵੇ ਜੀਵਨੀ ਆਦਿ ਕਿਤਾਬਾਂ ਲਿਖੀਆਂ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਉਹਨਾਂ ਨੂੰ 1971 ਵਿਚ ਡਾਕਟਰ ਆਫ਼ ਲਿਟਰੇਚਰ ਦੀ ਡਿਗਰੀ ਪ੍ਰਦਾਨ ਕੀਤੀ।

ਪ੍ਰੋ. ਸਾਹਿਬ ਸਿੰਘ ਦੇ ਜਿੰਦਗੀ ਦੇ ਪਿਛਲੇ ਪੰਜ ਸਾਲਾਂ ਦਾ ਸਮਾਂ ਬਹੁਤ ਦੁੱਖਦਈ ਲੰਘਿਆ ਇਹ ਚੱਲ ਫਿਰ ਨਹੀਂ ਸਕਦੇ ਸਨ ਹੌਲੀ ਹੌਲੀ ਬੋਲਣ ਸ਼ਕਤੀ,ਸੁਣਨ ਸਕਤੀ,ਨਿਗ੍ਹਾ ਅਤੇ ਦਿਮਾਗੀ ਸ਼ਕਤੀ ਜਵਾਬ ਦੇ ਗਏ। ਇਹ ਇਸ ਦੁਨੀਆਂ ਤੋਂ 29 ਅਕਤੂਬਰ 1977 ਨੂੰ ਸਰੀਰਕ ਤੌਰ ਤੇ ਚਲੇ ਗਏ ਪਰ ਲਿਖਤਾਂ ਕਰਕੇ ਸਦਾ ਲਈ ਆਪਣਾ ਨਾਮ ਦੁਨੀਆਂ ਤੇ ਛੱਡ ਗਏ।

○○○

# ਜੈਕਾਰਿਆਂ ਦੀ ਗੂੰਜ ਵਿੱਚ ਹੋਇਆ ਗੁਰਦੁਆਰਾ ਸ਼੍ਰੀ ਗੁਰੂ ਰਵਿਦਾਸ ਦਰਬਾਰ ਵਿਲੇਤਰੀ ਦੀ ਨਵੀਂ ਇਮਾਰਤ ਲਈ ਜ਼ਮੀਨ ਦਾ ਉਦਘਾਟਨ

ਰੋਮ(ਗੁਰਸ਼ਰਨ ਸਿੰਘ ਸੋਨੀ )ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਨੂੰ ਸਮਰਪਿਤ ਲਾਸੀਓ ਸੂਬੇ ਦੇ ਪ੍ਰਸਿੱਧ ਗੁਰਦੁਆਰਾ ਸ਼੍ਰੀ ਗੁਰੂ ਰਵਿਦਾਸ ਦਰਬਾਰ ਵਿਲੇਤਰੀ(ਰੋਮ) ਦੀ ਨਵੀਂ ਇਮਾਰਤ ਲਈ ਜ਼ਮੀਨ ਦੇ ਉਦਘਾਟਨ ਸਮਾਰੋਹ ਮੌਕੇ ਵਿਸ਼ੇਸ ਨਗਰ ਕੀਰਤਨ ਗੁਰਦੁਆਰਾ ਸਾਹਿਬ ਦੀ ਪੁਰਾਣੀ ਇਮਾਰਤ ਤੋਂ ਨਵੀਂ ਇਮਾਰਤ ਦੀ ਜ਼ਮੀਨ ਤੱਕ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਤੇ ਪੰਜ ਪਿਆਰਿਆਂ,ਪੰਜ ਨਿਸ਼ਾਨੀ ਸਿੰਘਾਂ ਦੀ ਅਗਵਾਈ ਵਿੱਚ ਸਜਾਇਆ ਗਿਆ ਜਿਸ ਵਿੱਚ ਸੂਬੇ ਭਰ ਤੋਂ ਸੰਗਤਾਂ ਦੇ ਵੱਡੇ ਹਜੂਮ ਨੇ ਹਾਜ਼ਰੀ ਭਰੀ।ਇਸ ਮੌਕੇ ਬੋਲੇ ਸੋ ਨਿਹਾਲ ਸਤਿ ਸ਼੍ਰੀ ਅਕਾਲ ਦੇ ਜੈਕਾਰੇ ਉਦਘਾਟਨੀ ਸਮਾਰੋਹ ਵਿੱਚ ਭਗਤੀ ਦੀ ਮਧੁਰ ਗੂੰਜ ਨਾਲ ਸਾਰਾ ਮਾਹੌਲ ਮਹਿਕਾ ਰਹੇ ਸਨ।



ਸਮਾਗਮ ਮੌਕੇ ਆਰੰਭੇ ਸ਼੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਉਪਿਰੰਤ ਨਗਰ ਕੀਰਤਨ ਨੇ ਚਾਲੇ ਪਾਏ ਜਿਸ ਦਾ ਸੰਗਤਾਂ ਨੇ ਫੁੱਲਾਂ ਦੀ ਵਰਖਾ ਕਰਦਿਆਂ ਸਵਾਗਤ ਕੀਤਾ।ਨਵੀਂ ਇਮਾਰਤ ਦੀ ਜ਼ਮੀਨ ਵਿਖੇ ਵਿਸ਼ਾਲ ਕੀਰਤਨ ਦਰਬਾਰ ਸਜਾਇਆ ਗਿਆ ਜਿਸ ਵਿੱਚ ਪੰਥ ਦੇ ਪ੍ਰਸਿੱਧ ਰਾਗੀ,ਢਾਡੀ ਤੇ ਕੀਰਤਨੀਏ ਜੱਥਿਆ ਸੰਗਤਾਂ ਨੂੰ ਗੁਰੂ ਇਤਿਹਾਸ ਸਰਵਣ ਕਰਵਾਇਆ।ਜਿਸ ਵਿੱਚ ਭਾਈ ਗੁਰਦਿੱਤ ਸਿੰਘ,ਭਾਈ ਅਮਿਤਵੀਰ ਸਿੰਘ ਤੇ ਭਾਈ ਗੁਰਪ੍ਰੀਤ ਸਿੰਘ ਦੇ ਕੀਰਤਨੀ ਜੱਥੇ ਨੇ ਰਸ ਭਿੰਨੇ ਕੀਰਤਨ ਨਾਲ ਦਰਬਾਰ ਵਿੱਚ ਭਰਵੀਂ ਹਾਜ਼ਰੀ ਲੁਆਈ ਜਦੋਂ ਕਿ ਕਵੀਸ਼ਰ ਭਾਈ ਸਰਬਜੀਤ ਸਿੰਘ ਮਾਣਕਪੁਰੀ ਦੇ ਕਵੀਸ਼ਰੀ ਜੱਥੇ ਨੇ ਆਪਣੀ ਬੁਲੰਦ ਆਵਾਜ਼ ਵਿੱਚ ਗੁਰ ਇਤਿਹਾਸ ਸਰਵਣ ਕਰਵਾਇਆ ।ਕੀਰਤਨ ਦਰਬਾਰ ਵਿੱਚ ਨੰਨੇ ਮੁੰਨੇ ਬੱਚਿਆਂ ਨੇ ਵੀ ਸਿੱਖ ਇਤਿਹਾਸ ਦੀਆਂ ਬਾਤਾਂ ਪਾਉਂਦੀਆਂ ਰਚਨਾਵਾਂ ਪੇਸ਼ ਕੀਤੀਆਂ ।ਭਾਈ ਹਰਦੀਪ ਸਿੰਘ ਪ੍ਰਧਾਨ ਗੁਰਦੁਆਰਾ ਸਾਹਿਬ ਸ਼੍ਰੀ ਗੁਰੂ ਰਵਿਦਾਸ ਦਰਬਾਰ ਵਿਲੇਤਰੀ(ਰੋਮ) ਨੇ ਉਦਘਾਟਨ ਵਿੱਚ ਪਹੁੰਚਣ ਲਈ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀਆਂ,ਮੰਦਿਰ ਕਮੇਟੀਆਂ ਤੇ ਪਹੁੰਚੇ ਪੰਥਕ ਆਗੂਆਂ ਦਾ ਤਹਿ ਦਿਲੋ ਧੰਨਵਾਦ ਕੀਤਾ।ਪ੍ਰਬੰਧਕਾਂ ਵੱਲੋਂ ਆਏ ਪਤਵੰਤਿਆਂ ਦਾ ਤੇ ਸੇਵਾਦਾਰਾਂ ਦਾ ਗੁਰੂ ਦੀ ਬਖ਼ਸ਼ਿਸ਼ ਸਿਰੋਪਾਓ ਨਾਲ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ ।

# ਪਰਾਲੀ ਦਾ ਮੁੱਦਾ - ਹਵਾ ਪ੍ਰਦੂਸ਼ਣ

ਗੁਰਮੀਤ ਸਿੰਘ ਪਲਾਹੀ
9815802070



ਜਦੋਂ ਮੌਸਮ ਬਦਲਦਾ ਹੈ, ਸਰਦੀ ਦਰਵਾਜ਼ਾ ਖੜਕਾਉਂਦੀ ਹੈ, ਪਰਾਲੀ ਦਾ ਮੁੱਦਾ, ਸਿਆਸੀ ਸਫਾਂ ਅਤੇ ਕੋਰਟ-ਕਚਿਹਰੀਆਂ 'ਚ ਵੱਡੀ ਚਰਚਾ ਬਣ ਜਾਂਦਾ ਹੈ। ਪਰਾਲੀ ਜਲਾਉਣ ਦੇ ਮਾਮਲੇ 'ਚ ਹਾਹਾਕਾਰ ਮਚਦੀ ਹੈ। ਦੇਸ਼ ਦੀ ਰਾਜਧਾਨੀ ਦਿੱਲੀ ਦੇ ਹਾਕਮ ਸਾਰਾ ਸਾਲ ਕੁੰਭਕਰਨ ਦੀ ਨੀਂਦ ਸੁੱਤੇ, ਸੁੱਤ-ਉਨੀਂਦੇ ਜਾਗਦੇ ਹਨ, ਫਰਮਾਨ ਜਾਰੀ ਕਰਦੇ ਹਨ, ਕਚਿਹਰੀਆਂ 'ਚ 'ਲੋਕ ਹਿਤੈਸ਼ੀ' ਰਿੱਟਾਂ ਪਾਉਂਦੇ ਹਨ, ਵੱਡੀ ਕਚਿਹਰੀ ਹੁਕਮ ਸਾਦਰ ਕਰਦੀ ਹੈ। ਪਰ ਪਰਨਾਲਾ ਉਥੇ ਦਾ ਉਥੇ ਰਹਿੰਦਾ ਹੈ।

ਬਿਨਾਂ ਸ਼ੱਕ ਪਰਾਲੀ ਪ੍ਰਬੰਧਨ ਵੱਡਾ ਮਸਲਾ ਹੈ। ਬਹੁਤੇ ਕਿਸਾਨ ਅਗਲੀ ਫਸਲ ਦੀ ਤਿਆਰੀ ਲਈ ਇਸ ਦਾ ਸੌਖਾ ਹੱਲ ਇਸ ਨੂੰ ਜਲਾਉਣ 'ਚ ਵੇਖਦੇ ਹਨ। ਇਸ ਨਾਲ ਵੱਡਾ ਨੁਕਸਾਨ ਹੁੰਦਾ ਹੈ। ਪਰਾਲੀ ਜਲਾਉਣ ਨਾਲ ਜ਼ਮੀਨ ਦੀ ਕੁੱਖ 'ਚ ਮੌਜੂਦ ਅਨੇਕਾਂ ਲਾਭਦਾਇਕ ਸੂਖਮ ਜੀਵ-ਜੰਤੂ ਨਸ਼ਟ ਹੋ ਜਾਂਦੇ ਹਨ, ਜੋ ਖੇਤੀ ਉਪਜ ਲਈ ਸਹਾਇਕ ਹਨ। ਇਕ ਅਧਿਐਨ ਦੇ ਅਨੁਸਾਰ ਇਕ ਟਨ ਪਰਾਲੀ ਜਲਾਉਣ 'ਚ ਜ਼ਮੀਨ ਦੀ ਕੁੱਖ ਵਿਚ ਮੌਜੂਦ 5.5 ਕਿਲੋਗ੍ਰਾਮ ਨਾਈਟ੍ਰੋਜਨ 2.3 ਕਿਲੋਗ੍ਰਾਮ ਫਾਸਫੋਰਸ, 25 ਕਿਲੋਗ੍ਰਾਮ ਪੋਟਾਸ਼ੀਅਮ, 1.2 ਕਿਲੋਗ੍ਰਾਮ ਸਲਫਰ ਸਮੇਤ ਹੋਰ ਲਾਭਦਾਇਕ ਪੌਸ਼ਟਿਕ ਤੱਤ ਨਸ਼ਟ ਹੋ ਜਾਂਦੇ ਹਨ। ਅੰਤਰਰਾਸ਼ਟਰੀ ਖਾਧ ਨੀਤੀ ਅਨੁਸੰਧਾਨ ਸੰਸਥਾ ਦੀ ਇਕ ਰਿਪੋਰਟ ਮੁਤਾਬਿਕ ਭਾਰਤ ਦੇ ਵੱਖੋ-ਵੱਖਰੇ ਸੂਬਿਆਂ ਵਿਚ ਪਰਾਲੀ ਜਲਾਉਣ ਨਾਲ ਲਗਭਗ 2 ਲੱਖ ਕਰੋੜ ਰੁਪਏ ਦਾ ਵਿੱਤੀ ਨੁਕਸਾਨ ਪੁੱਜਦਾ ਹੈ।

ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਸੁਪਰੀਮ ਕੋਰਟ ਨੇ 24 ਸਤੰਬਰ 2024 ਨੂੰ ਪਰਾਲੀ ਜਲਾਉਣ ਦੇ ਮੁੱਦੇ ਉੱਤੇ ਹਵਾ ਗੁਣਵਤਾ ਪ੍ਰਬੰਧਨ ਕਮਿਸ਼ਨ (ਸੀ ਏ ਕਿਊ ਐਮ) ਤੋਂ ਜਵਾਬ ਤਲਬੀ ਕੀਤੀ ਅਤੇ ਪੁੱਛਿਆ ਕਿ ਪਿਛਲੇ ਹੁਕਮਾਂ ਦੀ ਤਾਮੀਲ ਕਿਉਂ ਨਹੀਂ ਕੀਤੀ ਗਈ ਅਤੇ 15 ਸਤੰਬਰ ਦੇ ਹਫ਼ਤੇ 'ਚ ਹੀ ਪਰਾਲੀ ਜਲਾਉਣ ਦੀਆਂ ਘਟਨਾਵਾਂ 'ਚ ਵਾਧਾ ਕਿਉਂ ਹੋਇਆ। ਸੀ ਏ ਕਿਊ ਐਮ ਐਕਟ ਦੀ ਧਾਰਾ-14 ਅਧੀਨ ਸਤੰਬਰ ਅਧਿਕਾਰੀਆਂ ਕਰਮਚਾਰੀਆਂ ਖਿਲਾਫ਼ ਕਾਰਵਾਈ ਕਿਉਂ ਨਹੀਂ ਕੀਤੀ ਜੋ ਪਰਾਲੀ ਸਾੜਨ ਦੇ ਮਾਮਲੇ 'ਚ ਜ਼ੁੰਮੇਵਾਰ ਹਨ। ਅਦਾਲਤ ਨੇ ਪੰਜਾਬ-ਹਰਿਆਣਾ ਸਰਕਾਰਾਂ ਨੂੰ ਵੀ ਫਿਟਕਾਰ ਲਗਾਈ ਕਿ ਉਹਨਾਂ ਨੇ ਕਿਸਾਨਾਂ ਵਿਰੁੱਧ ਪਰਾਲੀ ਜਲਾਉਣ ਦੇ ਅਮਲੇ 'ਚ ਕਠੋਰ ਕਾਰਵਾਈ ਕਿਉਂ ਨਹੀਂ ਕੀਤੀ।

ਅਸਲ ਵਿਚ ਵਰਿਆਂ ਤੋਂ ਸਰਕਾਰਾਂ ਚੁੱਪ ਹਨ। ਕਿਸਾਨਾਂ ਦੇ ਇਸ ਗੰਭੀਰ ਮਸਲੇ ਦਾ ਹੱਲ ਕਰਨ ਤੋਂ ਅਸਮਰਥ ਹਨ। ਜਿਹੜੇ ਨਿੱਕੇ-ਮੋਟੇ ਯਤਨ ਪਰਾਲੀ ਪ੍ਰਬੰਧਨ ਲਈ ਕੀਤੇ ਜਾਂਦੇ ਹਨ, ਉਹ ਸਹੀ ਅਰਥਾਂ 'ਚ 'ਸਰਕਾਰੀ ਸਕੀਮਾਂ' ਵਾਂਗਰ ਕਿਸਾਨਾਂ ਦੇ ਦਰ 'ਤੇ ਨਹੀਂ ਪੁੱਜਦੇ। ਜਦਕਿ ਬਹੁਤ ਸਾਰੀਆਂ ਸਕੀਮਾਂ ਬਣਦੀਆਂ ਹਨ, ਵਿੱਤੀ ਸਾਧਨਾਂ ਦੇ ਘਾਟ ਕਰਕੇ ਉਹ



ਸਾਰੀਆਂ ਧਰੀਆਂ ਧਰਾਈਆਂ ਰਹਿ ਜਾਂਦੀਆਂ ਹਨ।

ਪਰਾਲੀ ਜਲਾਉਣ ਨਾਲ ਵਾਤਾਵਰਨ ਵਿਗੜਦਾ ਹੈ। ਪ੍ਰਦੂਸ਼ਿਤ ਹੁੰਦਾ ਹੈ। ਉਸ ਦਾ ਸਿਹਤ ਉੱਤੇ ਅਸਰ ਪੈਂਦਾ ਹੈ, ਸਿਰਫ਼ ਮਨੁੱਖੀ ਸਰੀਰ ਉੱਤੇ ਹੀ ਨਹੀਂ, ਸਗੋਂ ਹੋਰ ਜੀਵ-ਜਾਨਵਰਾਂ ਉੱਤੇ ਵੀ। ਸਰਦੀਆਂ ਦੇ ਸ਼ੁਰੂਆਤੀ ਦਿਨਾਂ 'ਚ ਇਸ ਪ੍ਰਦੂਸ਼ਣ ਵਾਧੇ ਨਾਲ ਸਾਹ ਘੁੱਟਣ ਲੱਗਦਾ ਹੈ। 24 ਸਤੰਬਰ 2024 ਤੱਕ ਦਿੱਲੀ ਖੇਤਰ ਵਿਚ ਹਵਾ ਦਾ ਗੁਣਵਤਾ ਅੰਸ 203 ਦਰਜ ਕੀਤਾ ਗਿਆ। ਅਤੇ ਇਸ ਵਾਧੇ ਦਾ ਕਾਰਨ ਪੰਜਾਬ-ਹਰਿਆਣਾ 'ਚ ਪਰਾਲੀ ਜਲਾਉਣ ਦੇ ਮਾਮਲੇ ਨੂੰ ਮਿਥਿਆ ਜਾ ਰਿਹਾ ਹੈ। ਝੋਨੇ ਦੀ ਕਟਾਈ ਦੇ ਮੁੱਢਲੇ ਦਿਨਾਂ ਵਿਚ ਹੀ ਪੰਜਾਬ ਵਿਚ 23 ਅਤੇ ਹਰਿਆਣਾ ਵਿਚ 70 ਮਾਮਲੇ ਨੋਟਿਸ ਕੀਤੇ ਗਏ।

ਪਰ ਵੇਖਣ ਵਾਲੀ ਗੱਲ ਤਾਂ ਇਹ ਵੀ ਹੈ ਕਿ ਕੀ ਸਿਰਫ਼ ਪਰਾਲੀ ਜਲਾਉਣ ਨਾਲ ਹੀ ਹਵਾ ਪ੍ਰਦੂਸ਼ਣ ਹੁੰਦਾ ਹੈ। ਦਿੱਲੀ, ਹੋਰ ਵੱਡੇ ਸ਼ਹਿਰਾਂ 'ਚ ਚੱਲਦੇ ਵਾਹਨ ਮੋਟਰ, ਗੱਡੀਆਂ, ਟਰੱਕ, ਕਾਰਾਂ, ਇਹਨਾਂ ਖੇਤਰਾਂ 'ਚ ਲੱਗੀਆਂ ਫੈਕਟਰੀਆਂ ਬੇਇੰਤਹਾ ਬਿਨਾਂ ਰੋਕ-ਟੋਕ ਪ੍ਰਦੂਸ਼ਣ ਪੈਦਾ ਕਰਦੀਆਂ ਹਨ। ਉਹਨਾਂ ਦੀ ਨਿਗਰਾਨੀ ਕਰਨ ਤੋਂ ਸ਼ਾਸ਼ਨ, ਪ੍ਰਸਾਸ਼ਨ, ਸਰਕਾਰੀ ਸੰਸਥਾਵਾਂ ਆਖਿਰ ਚੁੱਪੀ ਕਿਉਂ ਵੱਟੀ ਬੈਠਦੀਆਂ ਹਨ। ਇਹਨਾਂ ਦਿਨਾਂ 'ਚ ਹੁੰਦੇ ਧਾਰਮਿਕ ਸਮਾਗਮਾਂ ਦੁਸਿਹਰਾ, ਦੀਵਾਲੀ ਤੇ ਹੋਰ ਤਿਉਹਾਰਾਂ 'ਤੇ ਹੁੰਦੀ ਪਟਾਕੇਬਾਜ਼ੀ ਵੱਡੇ ਹਵਾ ਪ੍ਰਦੂਸ਼ਣ ਦਾ ਕਾਰਨ ਬਣਦੀ ਹੈ। ਕੋਇਲਾ ਥਰਮਲ ਪਲਾਂਟ ਹਵਾ ਪ੍ਰਦੂਸ਼ਣ ਦਾ ਕਾਰਨ ਬਣਦੇ ਹਨ।

ਹਵਾ ਪ੍ਰਦੂਸ਼ਣ ਦੇ ਮਾਮਲੇ ਤੇ ਇਕ ਜਾਣਕਾਰੀ ਅਨੁਸਾਰ ਹੋਰ ਸ਼ਹਿਰਾਂ ਦੇ ਮੁਕਾਬਲੇ ਦਿੱਲੀ 'ਚ ਹਵਾ ਪ੍ਰਦੂਸ਼ਣ ਦੀ ਵੱਧ ਮਾਰ ਪੈ ਰਹੀ ਹੈ। ਇਸ ਪ੍ਰਦੂਸ਼ਣ ਨਾਲ ਦਿੱਲੀ ਵਾਸੀਆਂ ਦੀ ਉਮਰ 'ਚ ਸਾਢੇ ਛੇ ਸਾਲ ਦੀ ਕਮੀ ਆਈ ਹੈ। ਹਵਾ ਪ੍ਰਦੂਸ਼ਣ ਜਦੋਂ ਕਾਰਬਨ ਮੋਨੋਆਕਸਾਈਡ, ਕਾਰਬਨ ਡਾਈਆਕਸਾਈਡ, ਮੀਥੇਨ, ਹਾਈਡਰੋਕਾਰਬਨ ਜਿਹੀਆਂ ਜ਼ਹਿਰੀਲੀਆਂ ਗੈਸਾਂ ਪੈਦਾ ਕਰਦਾ ਹੈ ਤਾਂ ਦਮੇ, ਦਿਲ ਅਤੇ ਕੈਂਸਰ ਦੇ ਰੋਗੀਆਂ ਨੂੰ ਵੱਧ ਅਸਰ ਕਰਦਾ ਹੈ ਅਤੇ ਇਹਦਾ ਸ਼ਿਕਾਰ ਬਜ਼ੁਰਗ ਅਤੇ ਬੱਚੇ ਜ਼ਿਆਦਾ ਹੁੰਦੇ ਹਨ।

ਸਾਇੰਸਦਾਨਾਂ ਦਾ ਕਹਿਣਾ ਹੈ ਕਿ ਹਵਾ ਪ੍ਰਦੂਸ਼ਣ ਦੁਨੀਆਂ ਦੀ ਵੱਡੀ ਸਿਹਤ ਮਹਾਂਮਾਰੀ ਹੈ। ਦੁਨੀਆਂ ਦੇ ਸਿਰਫ਼ 7 ਦੇਸ਼ਾਂ ਸਾਫ਼-ਸੁਥਰੀ ਹਵਾ ਵਾਲੇ ਹਨ। ਇਹਨਾਂ ਦੇਸ਼ਾਂ ਵਿਚ ਨਿਊਜ਼ੀਲੈਂਡ, ਫਿਨਲੈਂਡ ਦੇਸ਼ ਸ਼ਾਮਲ ਹਨ। ਭਾਰਤ ਦੁਨੀਆਂ ਦੇ 134 ਦੇਸ਼ਾਂ ਵਿਚੋਂ ਬੰਗਲਾ ਦੇਸ਼, ਪਾਕਿਸਤਾਨ ਤੋਂ ਬਾਅਦ ਤੀਜੇ ਨੰਬਰ ਤੇ ਹਵਾ ਪ੍ਰਦੂਸ਼ਿਤ ਦੇਸ਼ ਹੈ ਅਤੇ ਦੇਸ਼ ਦੀ ਰਾਜਧਾਨੀ ਦਿੱਲੀ ਪ੍ਰਮੁੱਖ 10 ਹਵਾ ਪ੍ਰਦੂਸ਼ਿਤ ਸ਼ਹਿਰਾਂ ਵਿਚ ਪਹਿਲੇ ਨੰਬਰ 'ਤੇ ਹੈ।

ਹਵਾ ਪ੍ਰਦੂਸ਼ਣ ਤਦ ਹੁੰਦਾ ਹੈ, ਜਦੋਂ ਹਾਨੀਕਾਰਕ ਗੈਸਾਂ ਅਤੇ ਧੂੜ ਵਾਤਾਵਰਨ 'ਚ ਵਿਖਰਦੀ ਹੈ। ਇਸ ਦੇ ਸਰੋਤਾਂ 'ਚ ਜੰਗਲਾਂ ਦੀ ਅੱਗ, ਜਵਾਲਾਮੁਖੀ ਵਿਸਫੋਟ, ਆਟੋਮੋਬਾਇਲ, ਬਿਜਲੀ ਉਪਕਰਨਾਂ ਦਾ ਜ਼ਿਆਦਾ ਯੋਗਦਾਨ ਹੈ। ਇਹ ਪ੍ਰਦੂਸ਼ਣ ਮਨੁੱਖੀ ਸਰੀਰ ਅਤੇ ਵਾਤਾਵਰਨ ਉੱਤੇ ਵਿਰੋਧੀ ਅਸਰ ਪਹੁੰਚਾਉਂਦਾ ਹੈ। ਇਕ ਅੰਤਰਰਾਸ਼ਟਰੀ ਖੋਜ ਅਨੁਸਰਾ ਕੀਤੇ 200 ਅਧਿਐਨਾਂ ਅਨੁਸਾਰ ਵਾਹਨਾਂ ਨਾਲ ਸਭ ਤੋਂ ਵੱਧ ਪ੍ਰਦੂਸ਼ਣ ਹੁੰਦਾ ਹੈ, ਜੋ ਸਿਹਤ ਲਈ ਅਤਿਅੰਤ ਖ਼ਤਰਨਾਕ ਹੈ।

ਦੁਨੀਆਂ ਭਰ ਵਿਚ ਚਲਦੀਆਂ ਅਰਬਾਂ ਪ੍ਰਦੂਸ਼ਣੀ ਕਾਰਾਂ ਸਿਹਤ ਦੀਆਂ ਵੱਡੀਆਂ ਦੁਸ਼ਮਣ ਹਨ। ਇਸ ਹਵਾ ਪ੍ਰਦੂਸ਼ਣ 'ਚ ਫਸਲਾਂ ਦੀ ਰਹਿੰਦ-ਖੂੰਹਦ, ਪਰਾਲੀ ਆਦਿ ਮੌਸਮੀ ਪੱਧਰ 'ਤੇ ਵੱਡਾ ਅਸਰ ਪਾਉਂਦਾ ਹੈ। ਕਿਉਂਕਿ ਵਾਹਨਾਂ ਆਦਿ ਨੂੰ ਲੋਕਾਂ ਨੇ 'ਪ੍ਰਦੂਸ਼ਣ' ਵਜੋਂ ਮਨੋਂ ਪ੍ਰਵਾਨ ਕੀਤਾ ਹੋਇਆ ਹੈ, ਪਰ ਲਗਦੀਆਂ ਅੱਗਾਂ, ਜੋ ਨਾਲੀ, ਪਰਾਲੀ, ਰਹਿੰਦ-ਖੂੰਹਦ ਕਾਰਨ ਦਿਖਦੀਆਂ ਹਨ, ਉਹ ਵੱਡੀ ਚਰਚਾ ਦਾ ਵਿਸ਼ਾ ਬਣਦੀਆਂ ਹਨ।

ਇਸ ਦਾ ਭਾਵ ਇਹ ਨਹੀਂ ਹੈ ਕਿ ਫਸਲੀ ਰਹਿੰਦ-ਖੂੰਹਦ ਨੂੰ ਅੱਗ ਲਾਉਣਾ ਸਹੀ ਹੈ, ਸਗੋਂ ਇਸ ਦਾ ਪ੍ਰਬੰਧਨ ਅਤਿਅੰਤ ਜ਼ਰੂਰੀ ਹੈ ਤਾਂ ਕਿ ਮਨੁੱਖੀ ਜਾਨ ਨੂੰ ਦਰਪੇਸ਼ ਖ਼ਤਰਿਆਂ 'ਤੇ ਕਾਬੂ ਪਾਇਆ ਜਾਵੇ।

ਸਰਕਾਰ ਨੇ ਪਿਛਲੇ ਵਰਿਆਂ ਤੋਂ ਪਰਾਲੀ ਜਲਾਉਣ ਦੇ ਮਾਮਲੇ ਦੇ ਹੱਲ ਲਈ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਯਤਨ ਕੀਤੇ ਹਨ। ਸਰਕਾਰ ਨੇ ਪਰਾਲੀ ਜਲਾਉਣ ਦੇ ਦੋਸ਼ੀ ਕਿਸਾਨਾਂ ਨੂੰ ਫਸਲ ਤੋ ਘੱਟੋ-ਘੱਟ ਕੀਮਤ ਲਾਭ ਨਾ ਦੇਣ ਦਾ ਫੈਸਲਾ ਕੀਤਾ ਹੈ। ਉਂਜ ਵੀ ਪਰਾਲੀ ਜਲਾਉਣ ਦੇ ਕੇਸਾਂ ਨੂੰ ਘੱਟ ਕਰਨ ਲਈ ਸੈਟੇਲਾਈਟ ਨਿਗਰਾਨੀ ਕੀਤੀ ਜਾਂਦੀ ਹੈ। ਇਹ ਵੀ ਤਹਿ ਹੋਇਆ ਕਿ ਸਰਕਾਰ ਪਰਾਲੀ ਨਾ ਜਲਾਉਣ ਵਾਲਿਆਂ ਨੂੰ ਪ੍ਰਤੀ ਏਕੜ ਪੰਜ ਹਜ਼ਾਰ ਰੁਪਏ ਦੀ ਆਰਥਿਕ ਮੱਦਦ ਦੇਵੇਗੀ। ਪਰ ਇਹ ਸਭ ਕੁਝ ਕਾਰਗਰ ਨਹੀਂ ਹੋ ਰਿਹਾ ਹੈ।

ਪਰਾਲੀ ਜਲਾਉਣ ਦਾ ਹੱਲ ਸਿਰਫ਼ ਸਰਕਾਰ ਹੀ ਨਹੀਂ ਕਰ ਸਕਦੀ। ਇਸ ਵਾਸਤੇ ਨਿੱਠ ਕੇ ਸਾਂਝੇ ਯਤਨਾਂ ਦੀ ਲੋੜ ਹੈ। ਕਿਸਾਨਾਂ ਨੂੰ ਵੀ ਜਾਗਰੂਕ ਹੋਣਾ ਪਵੇਗਾ ਕਿ ਪਰਾਲੀ ਜਲਾਉਣਾ ਉਹਨਾਂ ਦੀ ਜ਼ਮੀਨ ਲਈ ਹਾਨੀਕਾਰਕ ਹੈ। ਝੋਨੇ ਦੀਆਂ ਸੁਧਰੀਆਂ ਕਿਸਮਾਂ ਜੋ ਪਰਾਲੀ ਘੱਟ ਪੈਦਾ ਕਰਨ, ਲਗਾਉਣ ਦੀ ਜ਼ਰੂਰਤ ਹੋਏਗੀ। ਧਾਨ ਦੀ ਸਿੱਧੀ ਬਿਜਾਈ ਇਸ ਕੰਮ ਲਈ ਸਹਾਈ ਹੋ ਸਕਦੀ ਹੈ। ਪਰਾਲੀ ਦੇ ਬੰਡਲ ਬਣਾ ਕੇ ਇਹ ਥਰਮਲ ਪਲਾਂਟਾਂ ਵਿਚ ਵਰਤੇ ਜਾ ਸਕਦੇ ਹਨ। ਇਸ ਪਰਾਲੀ ਵਿਚ ਗੋਬਰ ਮਿਲਾ ਕੇ ਖਾਦ ਬਣਾਈ ਜਾ ਸਕਦੀ ਹੈ। ਗੋਬਰ ਗੈਸ ਪਲਾਂਟਾਂ 'ਚ ਇਸ ਦੀ ਵਰਤੋਂ ਸਹਾਇਕ ਸਿੱਧ ਹੋ ਸਕਦੀ ਹੈ।

ਪਰਾਲੀ ਵਰਗੀ ਰਹਿੰਦ-ਖੂੰਹਦ ਜਲਾਉਣ ਸਬੰਧੀ ਸਿਆਸਤ ਕਰਨ ਦੀ ਥਾਂ, ਹਵਾ ਪ੍ਰਦੂਸ਼ਣ ਦੇ ਮੁੱਖ ਮੁੱਦੇ ਨੂੰ ਸਮਝਣਾ ਹੋਵੇਗਾ। ਕਿੰਨਾ ਚੰਗਾ ਹੋਵੇਗਾ ਜੇਕਰ ਵਾਹਨਾਂ ਦੀ ਗਿਣਤੀ ਘੱਟ ਕਰਕੇ ਬਾਈ-ਸਾਈਕਲ ਅਪਨਾਇਆ ਜਾਏ, ਪੈਰੀਂ ਤੁਰਿਆ ਜਾਏ।

ਕਰੋਨਾ-ਮਹਾਂਮਾਰੀ ਦੇ ਦਿਨ ਯਾਦ ਕਰਨ ਦੀ ਲੋੜ ਹੈ। ਜਦੋਂ ਸੜਕਾਂ 'ਤੇ ਵਾਹਨ ਨਾ ਦਿਸੇ, ਪ੍ਰਦੂਸ਼ਣ ਮੁਕਤ ਵਾਤਾਵਰਨ ਨੇ ਮਨੁੱਖ ਨੂੰ ਰਾਹਤ ਦਿੱਤੀ। ਮੈਦਾਨੀ ਇਲਾਕਿਆਂ 'ਚ ਪਹਾੜ ਪਰਬਤ ਦਿਸੇ।

ਪ੍ਰਦੂਸ਼ਣ ਰੋਕਣ ਸਬੰਧੀ ਬਣੇ ਕਾਨੂੰਨ ਲਾਗੂ ਕਰਨ ਨਾਲ ਇਸ ਸਮੱਸਿਆ ਉੱਤੇ ਕਾਬੂ ਪਾਉਣਾ ਸੌਖਾ ਹੋਏਗਾ। ਪ੍ਰਦੂਸ਼ਣ ਪੈਦਾ ਕਰਨ ਵਾਲੇ ਕਾਰਖਾਨੇਦਾਰਾਂ ਵਿਰੁੱਧ ਕਾਰਵਾਈ ਦੀ ਲੋੜ ਹੈ। ਖੇਤਾਂ 'ਚ ਕੀਟਨਾਸ਼ਕ ਅਤੇ ਖਾਦਾਂ ਸੀਮਤ ਤੌਰ 'ਤੇ ਵਰਤੀਆਂ ਜਾਣ। ਫਸਲੀ ਰਹਿੰਦ-ਖੂੰਹਦ ਲਈ ਜਿਥੇ 'ਕੰਪੋਸਟ ਬਾਇਓ ਗੈਸ' ਪਲਾਂਟ ਸਹਾਈ ਹੋ ਸਕਦੇ ਹਨ, ਉਥੇ ਪੰਜਾਬ-ਹਰਿਆਣਾ ਅਤੇ ਹੋਰ ਖੇਤੀ ਖੇਤਰਾਂ 'ਚ ਬਾਇਓ ਵੈਸਟ ਡੀਕੰਪੋਜ਼ਰ ਤਿਆਰ ਕੀਤੇ ਜਾਣ ਨਾਲ ਰਹਿੰਦ-ਖੂੰਹਦ ਤੋਂ ਖਾਦ ਤਿਆਰ ਹੋ ਸਕਦੀ ਹੈ ਜੋ ਖੇਤਾਂ ਦੀ ਉਪਜਾਊ ਸ਼ਕਤੀ ਵਧਾਉਣ ਯੋਗ ਹੁੰਦੀ ਹੈ।

ਪੁਰਾਣੇ ਵਹੀਕਲਾਂ ਉੱਤੇ ਪਾਬੰਦੀ, ਸੋਲਰ ਊਰਜਾ ਅਤੇ ਆਵਾਜਾਈ ਲਈ ਸਾਂਝੇ ਵਹੀਕਲਾਂ, ਬੱਸਾਂ ਆਦਿ ਦੀ ਵਰਤੋਂ ਸਹਾਇਕ ਸਾਬਤ ਹੋਣ ਯੋਗ ਹੈ।


ਸਰਕਾਰ ਸੰਜੀਦਾ ਹੋਵੇ, ਕਿਸਾਨਾਂ ਲਈ ਕਿਸਾਨ ਹਿਤੈਸ਼ੀ ਖੇਤੀ ਨੀਤੀ ਬਣਾਏ, ਫਸਲਾਂ ਦਾ ਯੋਗ ਮੁੱਲ ਦੇਵੇ ਤਾਂ ਕਿ ਕਿਸਾਨਾਂ ਨੂੰ ਘਾਟੇ ਦੀ ਖੇਤੀ ਤੋਂ ਮੁਕਤੀ ਮਿਲੇ ਤੇ ਉਹ ਫਸਲੀ ਰਹਿੰਦ-ਖੂੰਹਦ ਸੰਭਾਲ ਕੇ ਇਸ ਤੋਂ ਵੀ ਵਿੱਤੀ ਲਾਭ ਪ੍ਰਾਪਤ ਕਰਨ ਦੀ ਸਕੀਮਾਂ ਨੂੰ ਮਨੋਂ ਪ੍ਰਵਾਨ ਕਰਨ।

* * * * * * * *

# ਨਿਰੰਤਰ ਵਰਤਾਰਾ - ਪੀੜ੍ਹੀ ਦਰ ਪੀੜ੍ਹੀ ਪਾੜ੍ਹਾ

**ਸੁਖਪਾਲ ਸਿੰਘ ਗਿੱਲ**
ਅਬਿਆਣਾ ਕਲਾਂ
9878111445





ਪੀੜ੍ਹੀ ਦਾ ਪਾੜ੍ਹਾ ਭਾਵ ਬਜ਼ੁਰਗਾਂ ਅਤੇ ਬੱਚਿਆ ਵਿਚਕਾਰ ਪਾੜ੍ਹਾ ਸੂਝ, ਸਿਆਣਪ, ਕਦਰਾਂ ਕੀਮਤਾਂ ਅਤੇ ਖਿਆਲਾਂ ਦਾ ਮੇਲ ਨਾ ਹੋਣ ਕਾਰਨ ਹੁੰਦਾ ਹੈ। ਪੀੜ੍ਹੀ ਦਰ ਪੀੜ੍ਹੀ ਪਾੜ੍ਹਾ ਸਮੇਂ ਦਾ ਵਰਤਾਰਾ ਹੈ। ਇੱਕ ਪਲ ਦੂਜੇ ਪਲ ਨਾਲੋਂ ਵੱਖਰਾ ਆਉਂਦਾ ਹੈ। ਜੀਵਨ ਦੀ ਰਫਤਾਰ ਲਗਾਤਾਰ ਚੱਲਦੀ ਜੋ ਕੇ ਜ਼ਰੂਰੀ ਵੀ ਹੈ। ਗਤੀਸ਼ੀਲਤਾ ਨਾਲ ਨਵਾਂ ਪਣ ਉਦੇ ਹੁੰਦਾ ਹੈ। ਖੜ੍ਹਾ ਪਾਣੀ ਸੜ ਜਾਂਦਾ ਹੈ ਜਦੋਂ ਕਿ ਦਰਿਆਵਾਂ ਦਾ ਪਾਣੀ ਚੱਲਦੇ ਰਹਿਣ ਕਾਰਨ ਨਵੇਂ ਪਣ ਦਾ ਅਹਿਸਾਸ ਕਰਾਉਂਦਾ ਰਹਿੰਦਾ ਹੈ ਇਸੇ ਤਰਜ਼ ਤੇ ਹੀ ਜੀਵਨ ਦੀ ਲੀਲਾ ਸਮੇਂ-ਸਮੇਂ ਦੀ ਹਾਣੀ ਵੀ ਬਣਨੀ ਚਾਹੀਦੀ ਹੈ ਨਹੀਂ ਤਾਂ ਪਛਤਾਪਨ ਹੀ ਲੱਗੇਗਾ। ਇਹ ਵੀ ਨਾ ਹੋਵੇ ਕਿ ਬੱਚੇ ਮਾਪਿਆਂ ਅਤੇ ਬਜ਼ੁਰਗਾਂ ਦੀ ਨੈਤਿਕਤਾ ਅਤੇ ਸੰਸਕਾਰਾਂ ਤੋਂ ਦੂਰ ਚਲੇ ਜਾਣ। ਇਸ ਨਾਲ ਸਮਾਜਿਕ ਸੰਕਟ ਅਤੇ ਵੱਖਰੇਵੇਂ ਬਣੇ ਰਹਿੰਦੇ ਹਨ। ਡੀਜੀਟਲ ਦੀ ਆੜ੍ਹ ਹੇਠ ਬਜ਼ੁਰਗਾਂ ਨੂੰ ਅਣਜਾਣ ਸਮਝਣ ਨਾਲੋਂ ਉਹਨਾਂ ਦੇ ਗਿਆਨ ਅਤੇ ਤਜ਼ਰਬੇ ਦਾ ਲਾਹਾ ਲੈਣਾ ਚਾਹੀਦਾ ਹੈ। ਉਂਝ ਸਮਾਜਿਕ ਆਰਥਿਕ ਵਿਦਿਅਕ ਅਤੇ ਹੋਰ ਵੱਖ-ਵੱਖ ਪੱਖਾਂ ਤੋਂ ਪੀੜ੍ਹੀ ਦਾ ਪਾੜ੍ਹਾ ਕਾਇਮ ਹੀ ਰਹੇਗਾ। ਪੀੜ੍ਹੀ ਦੇ ਇਸ ਪਾੜ੍ਹੇ ਦੇ ਹਾਂ ਪੱਖੀ ਪ੍ਰਭਾਵ ਤਾਂ ਹਨ ਪਰ ਨਾ - ਪੱਖੀ ਪ੍ਰਭਾਵਾਂ ਤੋਂ ਕਿਨਾਰਾ ਨਹੀਂ ਕੀਤਾ ਜਾ ਸਕਦਾ। ਘਰ ਵਿੱਚ ਬਾਬਾ ਪੁੱਤ ਅਤੇ ਪੋਤਾ ਤਿੰਨੋ ਵੱਖਰਾ ਵੱਖਰਾ ਗਿਆਨ ਅਤੇ ਸਮੇਂ ਦਾ ਰੰਗ ਢੰਗ ਲਈ ਬੈਠੇ ਹਨ।

ਪੀੜ੍ਹੀ ਦਰ ਪੀੜ੍ਹੀ ਪਾੜ੍ਹਾ ਸਮਾਜ ਵਿੱਚ ਵੱਖੋਂ ਵੱਖਰੀਆਂ ਸਭਾਵਨਾਮਾ ਅਤੇ ਤੌਰ ਤਰੀਕੇ ਲੈ ਕੇ ਬੈਠਾ ਹੈ। ਸਾਡੀ ਪੀੜ੍ਹੀ ਇਹੀ ਹੈ ਜਿਸ ਨੇ ਹਰ ਪੱਖ ਦੀ ਉੱਨਤੀ ਦੇਖੀ ਪਰ ਅਫਸੋਸ ਇਹ ਵੀ ਹੈ ਕਿ ਸਾਡੀ ਆਖਰੀ ਪੀੜ੍ਹੀ ਹੈ, ਜੋ ਮਾਂ ਪਿਉ ਤੋਂ ਡਰਦੀ, ਝਕਦੀ ਅਤੇ ਸਤਿਕਾਰ ਕਰਦੀ ਸੀ ਪਰ ਹੁਣ ਦੀ ਪੀੜ੍ਹੀ ਅਜਿਹੀ ਪਹਿਲੀ ਪੀੜ੍ਹੀ ਹੈ ਜੋ ਮਾਪਿਆ ਬਜ਼ੁਰਗਾਂ ਤੋਂ ਡਰਦੀ ਨਹੀਂ ਬਲਕਿ ਡਰਾਉਂਦੀ ਹੈ। ਇਸਦਾ ਵੱਡਾ ਕਾਰਨ ਇਹ ਹੈ ਕਿ ਪਰਿਵਾਰ ਨਾਂ - ਪੱਖੀ ਬੱਚਾ ਇੱਕ ਯਾ ਦੋ ਹੀ ਹਨ। ਇਸ ਕਰਕੇ ਪਹਿਲੀ ਪੀੜ੍ਹੀ ਹੁਕਮ ਚਲਾਉਂਦੀ ਹੈ ਅਤੇ ਇਹ ਪੀੜ੍ਹੀ ਨਾਬਰੀ ਦਾ ਪ੍ਰਤੀਕ ਬਣ ਜਾਂਦੀ ਹੈ। ਸਾਡੀ ਪੀੜ੍ਹੀ ਨੇ ਤੱਪੜਾਂ ਬੋਰੀਆਂ ਉਪਰ ਬੈਠ ਕੇ ਪੜ੍ਹਿਆ ਅਤੇ ਹੁਣ ਦੀ ਪੀੜ੍ਹੀ ਨੂੰ ਵਧੀਆ ਸਕੂਲਾਂ, ਕਾਨਵੈਂਟਾਂ ਅਤੇ ਸਨਾਵਰਾਂ ਤੱਕ ਪਹੁੰਚਾਉਣ ਦਾ ਹਰ ਹੀਲਾ ਕੀਤਾ ਪਰ ਦੂਜੇ ਬੰਨੇ ਬਿਰਧ ਆਸ਼ਰਮਾਂ ਦੀ ਗਿਣਤੀ ਵੱਧ ਦੀ ਗਈ। ਪਿੱਛਲੀ ਪੀੜ੍ਹੀ ਅਜੋਕੀ ਪੀੜ੍ਹੀ ਨੂੰ ਗਿਆਨ ਅਤੇ ਅਕਲ ਦੀ ਚਿਣਗ ਲਗਾਉਣ ਲਈ ਤੱਤਪਰ ਰਹਿੰਦੀ ਹੈ ਪਰ ਇਹ ਪੀੜ੍ਹੀ ਉਲਟਾ ਬਜ਼ੁਰਗਾਂ ਨੂੰ ਹੀ ਗਿਆਨ ਦੇ ਰਹੀ ਹੈ ਇਸ ਲਈ ਇਹ ਖੱਪਾ ਦਿਨੋ ਦਿਨ ਵੱਧ ਦਾ ਜਾ ਰਿਹਾ ਹੈ। ਇਸ ਪਾੜ੍ਹੇ ਨੂੰ ਆਪਸੀ ਪਿਆਰ ਅਤੇ ਇੱਕ ਦੂਜੇ ਨੂੰ ਸਮਝਣ ਨਾਲ ਹੱਲ ਕੀਤਾ ਜਾ ਸਕਦਾ ਹੈ। ਇਸ ਤੋਂ ਬਿਨਾਂ ਖੁਦਕੁਸ਼ੀਆਂ, ਹਿੰਸਾ ਅਤੇ ਮਾਨਸਿਕ ਪਰੇਸ਼ਾਨੀ ਦਾ ਰੁਝਾਨ ਬਣਿਆ ਰਹੇਗਾ ਜੋ ਕਿ ਅੱਜ ਕੱਲ੍ਹ ਭਾਰੂ ਵੀ ਹੈ।

ਆਮ ਤੌਰ ਤੇ ਇਹ ਕਹਿ ਦਿੱਤਾ ਜਾਂਦਾ ਹੈ ਕਿ ਰੱਬ ਨੇ ਸਭ ਨੂੰ ਇੱਕੋ ਜਿਹੀ ਬੁੱਧੀ ਦਿੱਤੀ ਹੈ ਸਾਡਾ ਬੱਚਾ ਘੱਟ ਲਾਇਕ ਕਿਉਂ ? ਬੱਚੇ ਇਉਂ ਕਹਿੰਦੇ ਹਨ ਕਿ ਦੂਜੇ ਦਾ ਪਰਿਵਾਰ ਸਾਡੇ ਨਾਲੋਂ ਖੁਸ਼ਹਾਲ ਕਿਉਂ ਹੈ ? ਸਿਰਫ ਇਸੇ ਘੁੰਮਣਘੇਰੀ ਵਿੱਚ ਫਸੇ ਰਹਿੰਦੇ ਹਾਂ। ਰੱਬ ਦਾ ਸਿਧਾਂਤ ਇਹ ਨਹੀਂ ਦੇਖਦੇ ਕਿ ਪੰਜੇ ਉਂਗਲਾਂ ਬਰਾਬਰ ਨਹੀਂ ਹੁੰਦੀਆਂ ਬਲਕਿ ਇਹਨਾਂ ਦਾ ਕੰਮਕਾਰ ਅਤੇ ਦਿਖ ਵੀ ਵੱਖ - ਵੱਖ ਹੁੰਦੀ ਹੈ। ਸਹਿਣਸ਼ੀਲਤਾ ਘੱਟਣ ਦਾ ਕਾਰਨ ਇਹ ਹੈ ਕਿ ਲੋੜੋਂ ਵੱਧ ਆਸਾਂ ਲਾਉਣੀਆਂ। ਹਰ ਪੀੜ੍ਹੀ ਦਾ ਆਪਣੀ ਔਲਾਦ ਪ੍ਰਤੀ ਮਨੋਵਿਗਿਆਨ ਅਤੇ ਪਰਵਿਰਤੀ ਨਿਰੰਤਰ ਉਹੀ ਰਹਿੰਦੀ ਹੈ ਜਦਕਿ ਸਮਾਂ ਸਥਿੱਤੀ ਬਦਲ ਚੁੱਕੀ ਹੁੰਦੀ ਹੈ। ਔਲਾਦ ਦਾ ਮਨੋਵਿਗਿਆਨ ਪਿਛਲੀ ਪੀੜ੍ਹੀ ਤੋਂ ਭਿੰਨ ਹੁੰਦਾ ਹੈ। ਅਸਹਿਣਸ਼ੀਲਤਾ, ਗੁੱਸਾ, ਮੁਕਾਬਲਾ ਅਤੇ ਨਕਲ ਭਾਰੂ ਹੈ। ਇਸਦਾ ਨਤੀਜਾ ਇਹ ਨਿਕਲਦਾ ਹੈ ਕਿ ਹੁਕਮ ਅਤੇ ਨਾਬਰੀ ਦਾ 36 ਦਾ ਆਂਕੜਾਂ ਬਣਿਆ ਰਹਿੰਦਾ ਹੈ। ਵਿਚਾਰਾ ਪੱਖੋਂ ਤਾਂ ਮਾਪੇ ਬੱਚੇ ਵੱਡਾ ਅੰਤਰ ਸਾਂਭੀ ਬੈਠੇ। ਅੱਜ ਮਾਪੇ ਬੱਚਿਆਂ ਤੋਂ ਗਿਆਨ ਲੈਂਦੇ ਹਨ ਜਦੋਂਕਿ ਪਹਿਲੇ ਸਿਰਫ ਬੱਚੇ ਮਾਪੇ ਅਤੇ ਅਧਿਆਪਕ ਤੋਂ ਗਿਆਨ ਲੈਂਦੇ ਸਨ। ਬੱਚੇ ਦੀ ਤੁਲਨਾ ਕਰਕੇ ਉਸਨੂੰ ਨਿਰਉਤਸ਼ਾਹਿਤ ਨਾ ਕੀਤਾ ਜਾਵੇ ।

ਜਿੱਥੇ ਬੱਚਿਆਂ ਨੂੰ ਵੱਡਿਆਂ ਦਾ ਆਦਰ ਅਤੇ ਹੁਕਮ ਮੰਨਣ ਦਾ ਸਬਕ ਸਿਖਾਇਆ ਜਾਂਦਾ ਹੈ ਉੱਥੇ ਹੀ ਬੱਚਿਆਂ ਦੇ ਸੁਪਨੇ ਮਾਰਨ ਨਾਲੋਂ ਮਾਪਿਆਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ। ਸਭ ਤੋਂ ਖਤਰਨਾਕ ਹੁੰਦਾ ਹੈ ਸੁਪਨਿਆਂ ਦਾ ਮਰਜਾਣਾ। ਅੱਜ ਦੀ ਪੀੜ੍ਹੀ ਵੱਡਿਆ ਦੇ ਹੁਕਮ ਚ ਬੱਝੀ ਨਹੀਂ ਰਹਿ ਸਕਦੀ ਬਲਕਿ ਮਰਜ਼ੀ ਦੀ ਮਾਲਕ ਹੈ। ਇਸ ਲਈ ਇਹਨਾਂ ਦੀਆਂ ਭਾਵਨਾਵਾਂ ਅਤੇ ਖਿਆਲਾਤ ਸਮਝ ਕੇ ਸੰਵਾਦ ਰਚਾਉਣ ਦੀ ਲੋੜ ਹੁੰਦੀ ਹੈ। ਜਿਸ ਤੋਂ ਅਸੀਂ ਅਣਜਾਣ ਹੁੰਦੇ ਹਾਂ। ਸੰਵਾਦ ਅਜੋਕੀ ਪੀੜ੍ਹੀ ਨਹੀਂ ਬਲਕਿ ਮਾਪਿਆਂ ਬਜ਼ੁਰਗਾਂ ਵਲੋਂ ਰਚਾਇਆ ਜਾਣਾ ਜ਼ਰੂਰੀ ਹੈ। ਇਸ ਨਾਲ ਬੱਚਿਆਂ ਦੀ ਕੋਰੀ ਸਲੇਟ ਉੱਤੇ ਸਮਝ ਅਤੇ ਸਹਿਣਸ਼ੀਲਤਾ ਉੱਕਰ ਸਕਦੀ ਹੈ। ਸੰਵਾਦ ਨਹੀਂ ਤਾਂ ਬਰਬਾਦ ਹੈ। ਬਜ਼ੁਰਗ ਕਚੀਚੀਆਂ ਲੈਣ ਜੋਗੇ ਅਤੇ ਬੱਚੇ ਦੰਦ ਕੱਢ ਕੇ ਲਾਪਰਵਾਹੀ ਜੋਗੇ ਰਹਿ ਜਾਂਦੇ ਹਨ। ਇਹ ਗੱਲ ਵੀ ਮੰਨ ਲੈਣੀ ਚਾਹੀਦੀ ਹੈ ਕਿ ਸ਼ੋਸ਼ਲ ਮੀਡੀਆ ਦੇ ਗਿਆਨ ਕਰਕੇ ਬੱਚਿਆਂ ਨੂੰ ਗਿਆਨ ਵੱਧ ਹੈ ਬਜ਼ੁਰਗ ਆਪਣੇ ਜ਼ਮਾਨੇ ਦੀ ਸੋਚਦੇ ਰਹਿੰਦੇ ਹਨ। ਮਾਪੇ ਨਵੀਂ ਪੀੜ੍ਹੀ ਦੀਆਂ ਭਾਵਨਾਵਾਂ ਅਤੇ ਰਚਨਾਵਾਂ ਤੋਂ ਕੋਹਾਂ ਦੂਰ ਹੁੰਦੇ ਹਨ। ਬੱਚੇ ਕੋਲ ਵੀ ਬਜ਼ੁਰਗਾਂ ਦੀਆਂ ਭਾਵਨਾਂਵਾਂ ਸਮਝਣ ਲਈ ਨਾ ਗਿਆਨ ਹੁੰਦਾ ਹੈ ਨਾ ਹੀ ਤਜ਼ਰਬਾ ਹੁੰਦਾ ਹੈ। ਇਸ ਲਈ ਹਲੀਮੀ ਨਾਲ ਪਹਿਲ ਵੱਡਿਆ ਵੱਲੋਂ ਹੋਣੀ ਚਾਹੀਦੀ ਹੈ। ਇੱਕ ਪੀੜ੍ਹੀ ਦੂਜੀ ਪੀੜ੍ਹੀ ਨੂੰ ਸਮਝਣ ਲਈ ਪ੍ਰੀਤ, ਪ੍ਰੇਮ ਅਤੇ ਹੁਕਮ ਵਿੱਚ ਬੱਝਣ ਦਾ ਸਬਕ ਸਿੱਖ ਲੈਣ ਤਾਂ ਪਾੜੇ ਨੂੰ ਘੱਟ ਕੀਤਾ ਜਾ ਸਕਦਾ ਹੈ।

ਪਾੜ੍ਹ ਇੱਥੋਂ ਤੱਕ ਹੈ ਕਿ ਵੱਡੇ ਦੇ ਕਹੇ ਦੀ ਬੱਚੇ ਪਰਵਾਹ ਹੀ ਨਹੀਂ ਕਰਦੇ। ਫਟਾ ਫੱਟ ਮੂੰਹ ਤੋੜ ਜਵਾਬ ਦੇਣ ਤੋਂ ਵੀ ਪਰਹੇਜ਼ ਨਹੀਂ ਕਰਦੇ ਜੇ ਜਵਾਬ ਦੇਣ ਦਾ ਮਨ ਵੀ ਹੋਵੇ ਤਾਂ ਜ਼ੁਬਾਨ ਦੀ ਜਗਾਹ ਹੱਥ ਜਾ ਸਿਰ ਹਿਲਾ ਦਿੱਤਾ ਜਾਂਦਾ ਹੈ। ਗੱਲ ਸੁਣ ਕੇ ਦੂਜੇ ਕੰਨ ਕੱਢਣ ਦਾ ਰੀਤੀ ਰਿਵਾਜ਼ ਹੀ ਚੱਲ ਪਿਆ ਹੈ। ਬੱਚੇ ਤੋਂ ਪੜ੍ਹਾਈ ਦੀ ਆਸ ਇੰਨੀ ਰੱਖੀ ਜਾਂਦੀ ਹੈ ਕਿ ਬੱਚਾ ਕਿਸੇ ਤੋਂ ਘੱਟ ਨਾ ਹੋਵੇ। ਬੱਚੇ ਦੇ ਅੰਦਰੂਨੀ ਹੁਨਰ ਨੂੰ ਪਛਾਨਣ ਨਾਲੋਂ ਪੜ੍ਹਨ ਦਾ ਬੋਝ ਪਾਈ ਰੱਖਦੇ ਹਨ। ਜੋ ਕੇ ਸਹਿਜ ਸੁਭਾਅ ਹੀ ਤਲਖੀ ਦਾ ਕਾਰਨ ਬਣਦਾ ਹੈ। ਕਦੇ ਮੰਨ ਲਈ ਅਤੇ ਕਦੇ ਮਨਾ ਲਈ ਦੇ ਸਿਧਾਂਤ ਤੇ ਮਾਪਿਆ ਬਜ਼ੁਰਗਾਂ ਨੂੰ ਪਹਿਰਾ ਦੇਣ ਦੀ ਸਖਤ ਲੋੜ ਹੈ। ਬੱਚੇ ਤੋਂ ਪਿਛਲੀ ਪੀੜ੍ਹੀ ਦੇ ਸਿਰੜ ਸਿਦਕ ਦੀ ਆਸ ਰੱਖੀ ਜਾਂਦੀ ਹੈ। ਜਦੋਂ ਕਿ ਮਸ਼ੀਨੀ ਯੁੱਗ ਕਰਕੇ ਸਭ ਬਦਲ ਚੁੱਕਾ ਹੈ। ਪੀੜ੍ਹੀ ਦਰ ਪੀੜ੍ਹੀ ਪਾੜ੍ਹਾ ਇੱਕ ਵਰਤਾਰਾ ਹੈ ਇਸ ਤੋਂ ਵਾਕਿਫ ਹੋਣ ਦੀ ਲੋੜ ਹੈ। ਇੱਕ ਨੇ ਕਹੀ ਦੂਜੇ ਨੇ ਮੰਨੀ ਦੋਹਾਂ ਦਾ ਲਾਭ ਦੋਹੇ ਗਿਆਨੀ ਵਾਲੀ ਪਰਵਿਰਤੀ ਧਾਰਨੀ ਚਾਹੀਦੀ ਹੈ। ਇਸਦੀ ਪਹਿਲ ਵੱਡਿਆਂ ਵੱਲੋਂ ਅਤੇ ਦੂਜ ਬੱਚਿਆਂ ਵਲੋਂ ਹੋਣੀ ਚਾਹੀਦੀ ਹੈ। ਮਨੋਵਿਗਿਆਨ ਸਮਝਣ ਨਾਲ ਸੁਣਨ ਅਤੇ ਸਹਿਣ ਸ਼ਕਤੀ ਵੱਧਦੀ ਹੈ। ਸਿਆਣੇ ਨਿਆਣੇ ਦੀ ਇੱਕ ਮੱਤ ਹੁੰਦੀ ਹੈ ਬਹੁਤ ਘੱਟ ਮਾਪਿਆ ਨੂੰ ਬੱਚਿਆ ਦੀ ਖੁਸ਼ੀ ਅਤੇ ਆਤਮ ਵਿਸ਼ਵਾਸ਼ ਵਧਾਉਣ ਦਾ ਮਾਣ ਮਿਲਦਾ ਹੈ। ਮਨੋਵਿਗਿਆਨ ਕਹਿੰਦਾ ਹੈ ਕਿ ਹਰ ਵਰਗ ਦੇ ਮਨੁੱਖ ਦੀਆਂ ਲੋੜਾਂ ਭਾਵਨਾਂਵਾ ਅਤੇ ਚਿੰਤਾਵਾਂ ਹੁੰਦੀਆਂ ਹਨ। ਇਸ ਲਈ ਗਿਆਨ ਸੂਝ ਅਤੇ ਚਿੰਤਨ ਤੇ ਸੰਵਾਦ ਹੁੰਦਾ ਰਹਿਣਾ ਚਾਹੀਦਾ ਹੈ। ਇਸ ਨਾਲ ਪੀੜ੍ਹੀ ਤੇ ਪਾੜੇ ਨੂੰ ਖੁਸ਼ਗਵਾਰ ਬਣਾਇਆ ਜਾ ਸਕਦਾ ਹੈ। ਅੰਗਰੇਜ਼ੀ ਕਵੀ ਅਗਿਆਤ ਦੀ ਕਵਿਤਾ ਬੱਚੇ ਦੀ ਹੂਕ ਨੂੰ ਬਜ਼ੁਰਗਾਂ ਦੀ ਕਚਿਹਰੀ ਵਿੱਚ ਇਉਂ ਪੇਸ਼ ਕਰਦੀ ਹੈ -

*ਮੈਂ ਬੱਚਾਂ ਹਾਂ*
*ਸਾਰਾ ਜਗ ਮੇਰੀ ਆਮਦ ਦੀ*
*ਉਡੀਕ ਵਿਚ ਹੈ*
*ਸਾਰੀ ਕਾਇਨਾਤ*
*ਇਸ ਗੱਲ ਵਿੱਚ*
*ਦਿਲਚਸਪੀ ਲੈ ਰਹੀ ਹੈ ਕਿ*
*ਮੈਂ ਕੀ ਬਣਾਂਗਾ*
*ਸੱਭਿਅਤਾ ਇਕ ਤੱਕੜੀ*
*ਵਾਂਗ ਲਟਕ ਰਹੀ ਹੈ*
*ਕਿ ਮੈਂ ਕੱਲ੍ਹ ਦੀ ਦੁਨੀਆਂ ਦਾ*
*ਕੀ ਹੋਵਾਂਗਾ*
*ਮੈਂ ਬੱਚਾ ਹਾਂ।*
*ਮੈਂ ਤੁਹਾਡੇ ਜਹਾਨ ਵਿੱਚ ਆਇਆ ਹਾਂ*
*ਜਿਸ ਦੇ ਬਾਰੇ ਮੈਨੂੰ ਕੁਝ ਪਤਾ ਨਹੀਂ*
*ਮੈਂ ਕਿਉਂ ਆਇਆ ਹਾਂ,*
*ਮੈਂ ਇਹ ਵੀ ਨਹੀਂ ਜਾਣਦਾ*
*ਮੈਂ ਜਗਿਆਸੂ ਹਾਂ, ਮੈਂ ਇੱਛੁਕ ਹਾਂ*
*ਮੈਂ ਬੱਚਾ ਹਾਂ।*
*ਤੁਹਾਡੇ ਹੱਥਾਂ ਵਿੱਚ ਹੀ*
*ਮੇਰੇ ਹੱਥਾਂ ਦੀਆਂ ਲਕੀਰਾਂ ਨੇ*
*ਤੁਹਾਡੇ ਤੇ ਹੀ*
*ਬਹੁਤਾ ਨਿਰਭਰ ਕਰਦਾ ਹੈ*
*ਕਿ ਮੈਂ ਸਫਲ ਹੋਵਾਂਗਾ ਜਾਂ ਅਸਫਲ*
*ਮੈਂ ਗੁਜ਼ਾਰਿਸ਼ ਕਰਦਾ,*
*ਮੈਨੂੰ ਉਹ ਵਸੀਲੇ ਦਿਉ*
*ਜੋ ਖੁਸ਼ੀ ਲਈ ਹਨ*
*ਮੈਂ ਹੱਥ ਬੰਨ੍ਹਦਾਂ ,*
*ਮੈਨੂੰ ਸਿੱਖਿਅਤ ਕਰੋ ਕਿ*
*ਮੈਂ ਦੁਨੀਆਂ ਲਈ*
*ਇੱਕ ਸੌਗਾਤ ਹੋ ਸਕਦਾ।*

**ਬਰਸੀ 'ਤੇ ਵਿਸ਼ੇਸ਼**

**ਰਮੇਸ਼ ਬੱਗਾ ਚੋਹਲਾ**

9463132719

# ਨਵਾਬ ਜੱਸਾ ਸਿੰਘ ਅਹਲੂਵਾਲੀਆ



ਜਦੋਂ ਜਗਤ ਗੁਰੂ ਨੇ ਨਿਰਮਲ ਪੰਥ ਦੀ ਨੀਂਹ ਰੱਖੀ ਤਾਂ ਇਸ ਪੰਥ ਵਿਚ ਪ੍ਰਵੇਸ਼ ਕਰਨ ਲਈ ਇੱਕ ਲਾਜ਼ਮੀ ਸ਼ਰਤ ਵੀ ਲਗਾ ਦਿੱਤੀ। ਇਸ ਸ਼ਰਤ ਦੇ ਮੁਤਾਬਿਕ:-

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥

ਭਾਵ ਇਸ ਨਿਰਮਲ ਪੰਥ ਦਾ ਭਾਗੀਦਾਰ ਬਣਨ ਲਈ ਆਪਣਾ ਤਨ ਅਤੇ ਮਨ ਪੂਰਨ ਰੂਪ ਵਿਚ ਗੁਰੂ/ਸਿਧਾਂਤ ਨੂੰ ਸਮਰਪਿਤ ਕਰਨ ਲਈ ਕਹਿ ਦਿੱਤਾ।

ਸਿੱਖੀ ਪਰਮੇਸ਼ਰ ਨੂੰ ਹਾਜ਼ਰ-ਨਾਜ਼ਰ ਜਾਣ ਕੇ ਸਵੇਰੇ-ਸ਼ਾਮ ਸਰਬਤ ਦਾ ਭਲਾ ਲੋਚਦੀ ਹੈ। ਇਸ ਲੋਚਾ ਮੁਤਾਬਿਕ ਪੂਰੇ/ਖ਼ਰੇ ਉਤਰਨ ਦੀ ਆਸ ਇੱਕ ਸਮਰਪਿਤ ਸਿੱਖ/ਸ਼ਰਧਾਲੂ ਕੋਲੋਂ ਹੀ ਕੀਤੀ ਜਾ ਸਕਦੀ ਹੈ। ਸੇਵਾ,ਸਿਮਰਨ ਅਤੇ ਪਰਉਪਕਾਰੀ ਜੀਵਨ ਸਿੱਖ ਫ਼ਲਸਫ਼ੇ ਦਾ ਅਹਿਮ ਹਿੱਸਾ ਹਨ। ਇਸ ਫ਼ਲਸਫ਼ੇ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਿੱਖਾਂ ਨੇ ਆਪਣਾ ਭਰਪੂਰ ਯੋਗਦਾਨ ਪਾਇਆ ਹੈ। ਇਸ ਯੋਗਦਾਨ ਵਿਚ ਮਹਾਨ ਕੁਰਬਾਨੀਆਂ/ਸ਼ਹੀਦੀਆਂ ਵੀ ਹੋਈਆਂ ਹਨ ਜਿਹੜੀਆਂ ਸਮੇਂ-ਸਮੇਂ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪਿਆਰੇ ਸਿੱਖਾਂ ਵੱਲੋਂ ਕੀਤੀਆਂ/ਦਿੱਤੀਆਂ ਗਈਆਂ ਹਨ। ਗੁਰੂ ਸਾਹਿਬ ਵੱਲੋਂ ਪਾਈ ਵੰਗਾਰ (ਸੀਸ ਤਲੀ 'ਤੇ ਧਰਨ) ਦੇ ਹੁੰਗਾਰੇ ਵਜੋਂ ਬਹੁਤ ਸਾਰੇ ਸਿੱਖ ਤਲਵਾਰ ਦੀ ਧਾਰ 'ਤੇ ਤੁਰ ਕੇ ਸਿੱਖ ਇਤਿਹਾਸ ਨੂੰ ਅਮੀਰ ਬਣਾਉਂਦੇ ਰਹੇ ਹਨ। ਇਨ੍ਹਾਂ ਪ੍ਰਮੁੱਖ ਸਿੱਖਾਂ ਵਿਚ ਹੀ ਸ਼ਾਮਿਲ ਹੈ 'ਸੁਲਤਾਨ-ਉੱਲ-ਕੌਮ' ਸ.ਜੱਸਾ ਸਿੰਘ ਆਹਲੂਵਾਲੀਏ ਦਾ ਨਾਮ।

ਸੰਤ-ਸਿਪਾਹੀ ਬਿਰਤੀ ਦੇ ਧਨੀ ਸ.ਜੱਸਾ ਸਿੰਘ ਆਹਲੂਵਾਲੀਏ ਦਾ ਜਨਮ 3 ਮਈ 1718 ਈ ਨੂੰ ਸ.ਬਦਰ ਸਿੰਘ ਅਤੇ ਮਾਤਾ ਜੀਵਨ ਕੌਰ (ਕੁੱਝ ਕੁ ਇਤਿਹਾਸਕਾਰਾਂ ਮੁਤਾਬਿਕ ਮਾਤਾ ਦਾ ਨਾਮ ਗੁਜ਼ਰੀ ਹੈ) ਦੇ ਗ੍ਰਹਿ ਵਿਖੇ ਪਿੰਡ ਆਹਲੂ ਜ਼ਿਲ੍ਹਾ ਲਾਹੌਰ ਵਿਖੇ ਹੋਇਆ। ਇਸ ਪਰਿਵਾਰ ਦੇ ਵਡੇਰੇ ਸ.ਬਦਰ ਸਿੰਘ ਅਤੇ ਦੇਵਾ ਸਿੰਘ (ਦਾਦਾ) ਗੁਰੂ ਘਰ ਦੇ ਪ੍ਰਤੀ ਅਥਾਹ ਸ਼ਰਧਾ ਰੱਖਦੇ ਸਨ। ਜੱਸਾ ਸਿੰਘ ਦੀ ਮਾਤਾ ਵੀ ਸਿੱਖੀ ਸਰੂਪ ਵਿਚ ਪ੍ਰਪੱਕ ਅਤੇ ਨਿੱਤਨੇਮ ਵਾਲੀ ਔਰਤ ਸੀ। ਸ਼ਬਦ ਚੌਂਕੀ ਲਗਾਉਣਾ ਅਤੇ ਗੁਰਬਾਣੀ ਦਾ ਕੀਰਤਨ ਕਰਨਾ ਉਸ ਦੇ ਨਿੱਤਨੇਮ ਵਿਚ ਸ਼ਾਮਿਲ ਸੀ।

ਜਦੋਂ ਜੱਸਾ ਸਿੰਘ ਅਜੇ ਚਾਰ ਕੁ ਸਾਲ ਦਾ ਹੀ ਹੋਇਆ ਸੀ ਕਿ ਪਿਤਾ ਸ.ਬਦਰ ਸਿੰਘ ਚੜ੍ਹਾਈ ਕਰ ਗਿਆ। ਯਤੀਮ ਹੋਏ ਬਾਲਕ ਲਈ ਹੁਣ ਕੇਵਲ ਮਾਤਾ ਦਾ ਹੀ ਸਹਾਰਾ ਰਹਿ ਗਿਆ ਸੀ। ਮਾਂ ਦੇ ਸਹਾਰੇ ਦੇ ਨਾਲ-ਨਾਲ ਗੁਰਬਾਣੀ ਦਾ ਓਟ-ਆਸਰਾ ਵੀ ਉਸ ਦੇ ਜੀਵਨ ਦਾ ਆਧਾਰ ਬਣਨ ਲੱਗਾ।

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਸੱਚਖੰਡ ਪਿਆਨਾ ਕਰ ਜਾਣ ਤੋਂ ਬਾਅਦ ਖ਼ਾਲਸਾ-ਪੰਥ ਦੀ ਅਗਵਾਈ ਮਾਤਾ ਸੁੰਦਰੀ ਜੀ



ਕਰ ਰਹੇ ਸਨ। ਇੱਕ ਦਿਨ ਬਾਲਕ ਜੱਸਾ ਸਿੰਘ ਆਪਣੀ ਮਾਤਾ ਅਤੇ ਮਾਮਾ ਸ.ਬਾਘ ਸਿੰਘ ਨਾਲ ਮਾਤਾ ਸੁੰਦਰੀ ਜੀ ਕੋਲੋ ਅਸ਼ੀਰਵਾਦ ਲੈਣ ਲਈ ਗਏ। ਮਾਤਾ ਜੀ ਉਸ ਦੇ ਰਸਭਿੰਨੇ ਕੀਰਤਨ ਤੋਂ ਏਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਉਸ ਨੂੰ ਆਪਣੇ ਕੋਲ ਹੀ ਰੱਖ ਲਿਆ ਅਤੇ ਪੁੱਤਾਂ ਵਾਂਗ ਪਿਆਰ ਕਰਨ ਲੱਗੇ। ਮਾਤਾ ਸੁੰਦਰੀ ਜੀ ਦੀ ਸੰਗਤ ਕਰਕੇ ਬਾਲਕ ਜੱਸਾ ਸਿੰਘ ਨੇ ਕਈ ਧਾਰਮਿਕ ਅਤੇ ਇਤਿਹਾਸਕ ਪੁਸਤਕਾਂ ਪੜ੍ਹੀਆਂ ਜਿਹੜੀਆਂ ਉਸ ਨੂੰ ਸਿੱਖੀ ਦੇ ਦੋ ਥੰਮਾਂ ਸੇਵਾ ਅਤੇ ਸਿਮਰਨ ਨਾਲ ਜੋੜਨ ਵਿਚ ਸਹਾਈ ਸਾਬਤ ਹੋਈਆਂ।

ਸੱਤ ਸਾਲ ਦਿੱਲੀ ਵਿਖੇ ਰਹਿਣ ਤੋਂ ਬਾਅਦ ਸ.ਜੱਸਾ ਸਿੰਘ ਅਹਲੂਵਾਲੀਆ ਜਲੰਧਰ ਵਿਖੇ ਆਪਣੇ ਮਾਮਾ ਬਾਘ ਸਿੰਘ ਹੱਲੋਵਾਲੀਆ ਕੋਲ ਆ ਗਿਆ। ਆਪਣੀ ਭੈਣ ਅਤੇ ਭਾਣਜੇ ਨੂੰ ਨਾਲ ਲੈ ਕੇ ਮਾਮਾ ਜੀ ਇੱਕ ਦਿਨ ਨਵਾਬ ਕਪੂਰ ਸਿੰਘ ਨੂੰ ਮਿਲਣ ਲਈ ਕਰਤਾਰਪੁਰ ਸਾਹਿਬ ਵਿਖੇ ਪਹੁੰਚ ਗਏ। ਨਵਾਬ ਸਾਹਿਬ ਮਾਂ-ਪੁੱਤ ਦੇ ਕੀਰਤਨ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਜੱਸਾ ਸਿੰਘ ਨੂੰ ਪੱਕੇ ਤੌਰ 'ਤੇ ਆਪਣੇ ਕੋਲ ਰੱਖਣ ਲਈ ਕਹਿਣ ਲੱਗੇ। ਮਾਮਾ ਬਾਘ ਸਿੰਘ ਜੀ ਪੰਥ ਦੀ ਸਿਰਮੌਰ ਸਖਸ਼ੀਅਤ ਦਾ ਕਿਹਾ ਨਾ ਮੋੜ ਸਕੇ। ਨਵਾਬ ਸਾਹਿਬ ਦੀ ਆਪਣੀ ਸੰਤਾਨ ਨਾ ਹੋਣ ਕਰਕੇ ਉਹ ਜੱਸਾ ਸਿੰਘ ਨੂੰ ਆਪਣੇ ਪੁੱਤਰ ਵਾਂਗ ਹੀ ਪਿਆਰਨ ਅਤੇ ਦੁਲਾਰਨ ਲੱਗੇ।

ਨਵਾਬ ਕਪੂਰ ਸਿੰਘ ਨੇ ਸ. ਜੱਸਾ ਸਿੰਘ ਦੇ ਨਿਖਰੇ (ਰਹਿਤ-ਬਹਿਤ ਵਾਲੇ) ਜੀਵਨ ਨੂੰ ਦੇਖ ਕੇ ਉਸ ਨੂੰ (ਪੰਜਾਂ ਪਿਆਰਿਆਂ ਕੋਲੋਂ) ਖੰਡੇ-ਬਾਟੇ ਦੀ ਪਹੁਲ ਛਕਾ ਦਿੱਤੀ। ਪਹੁਲ ਛੱਕਣ ਤੋਂ ਬਾਅਦ ਸ. ਜੱਸਾ ਸਿੰਘ ਤਨੋਂ-ਮਨੋਂ ਗੁਰੂ ਘਰ ਨੂੰ ਸਮਰਪਿਤ ਹੋ ਗਿਆ। ਖ਼ਾਲਸੇ ਦੇ ਦੀਵਾਨਾਂ ਵਿਚ ਸਵੇਰੇ-ਸ਼ਾਮ ਸੰਗਤ ਦੀ ਸੇਵਾ (ਪੱਖਾ ਝੱਲ ਕੇ),ਗੁਰਬਾਣੀ ਦੇ ਪਾਠ ਅਤੇ ਸ਼ਬਦ-ਕੀਰਤਨ ਵਿਚ ਵੱਧ ਚੜ੍ਹਕੇ ਭਾਗ ਲੈਣ ਲੱਗਾ। ਗੁਰੂ-ਘਰ ਪ੍ਰਤੀ ਸੁੱਚੀ ਲੱਗਨ ਨੂੰ ਦੇਖ ਕੇ ਨਾਨਕ ਨਾਮ-ਲੇਵਾ ਸੰਗਤ ਵੀ ਉਸ ਨੂੰ ਰੱਜਵਾਂ ਪਿਆਰ ਤੇ ਸਤਿਕਾਰ ਦੇਣ ਲੱਗੀ।

ਨਵਾਬ ਸਾਹਿਬ ਦੀ ਅਗਵਾਈ ਹੇਠ ਜੱਸਾ ਸਿੰਘ ਨੇ ਘੋੜ-ਸਵਾਰੀ,ਨੇਜਾਬਾਜ਼ੀ,ਤੀਰ ਅੰਦਾਜ਼ੀ ਅਤੇ ਤੇਗ਼ ਚਲਾਉਣੀ ਬਾ ਖ਼ੂਬੀ ਸਿਖ ਲਈ। ਇਸ ਸਿਖਲਾਈ ਤੋਂ ਬਾਅਦ ਉਹ ਯੁੱਧ-ਕਲਾ ਵਿਚ ਕਾਫ਼ੀ ਨਿਪੁੰਨ ਹੋ ਗਿਆ।

ਛੋਟੀ ਉਮਰੇ ਦਿੱਲੀ ਵਿਖੇ ਰਹਿਣ ਕਰਕੇ ਸ.ਜੱਸਾ ਸਿੰਘ ਆਹਲੂਵਾਲੀਏ ਦੀ ਬੋਲ-ਬਾਣੀ ਵਿਚ ਹਿੰਦੀ ਅਤੇ ਉਰਦੂ ਦੇ ਕੁੱਝ ਲਫ਼ਜ਼ਾਂ ਦੀ ਰਲਾਵਟ ਹੋ ਗਈ ਸੀ,ਜਿਸ ਕਰਕੇ ਨਾਲ ਦੇ ਸਿੰਘ ਉਸ ਨੂੰ 'ਹਮਕੋ-ਤੁਮਕੋ' ਕਹਿ ਕੇ ਮਖੌਲ ਕਰਦੇ ਸਨ। ਇੱਕ ਦਿਨ ਜੱਸਾ ਸਿੰਘ ਇਸ ਮਖੌਲ ਦਾ ਬੁਰਾ ਮਨਾ ਗਿਆ ਅਤੇ ਨਵਾਬ ਸਾਹਿਬ ਕੋਲ ਸ਼ਿਕਾਇਤ ਕਰ ਦਿੱਤੀ। ਨਵਾਬ ਕਪੂਰ ਸਿੰਘ ਨੇ ਜੱਸਾ ਸਿੰਘ ਨੂੰ ਪਿਆਰ ਨਾਲ ਸਮਝਾਇਆ ਕਿ "ਇਹ ਕਲਗੀਧਰ ਦਾ ਖ਼ਾਲਸਾ ਹੈ,ਜੇ ਇਹ ਮੇਰੇ ਵਰਗੇ (ਘੋੜਿਆਂ ਦੀ ਲਿੱਦ ਚੁੱਕਣ ਵਾਲੇ) ਨੂੰ ਨਵਾਬੀ ਬਖ਼ਸ਼ ਸਕਦਾ ਹੈ ਤਾਂ ਕੀ ਪਤਾ ਕੱਲ੍ਹ ਨੂੰ ਤੇਰੇ ਵਰਗੇ ਦਾਣਾ-ਫੱਕਾ ਵੰਡਣ ਵਾਲੇ ਨੂੰ ਬਾਦਸ਼ਾਹ/ਪਾਤਸ਼ਾਹ ਹੀ ਬਣਾ ਦੇਵੇ। "

ਨਵਾਬ ਸਾਹਿਬ ਦੀ ਕੀਤੀ ਹੋਈ ਇਹ ਭਵਿੱਖਬਾਣੀ ਸੌ ਪ੍ਰਤੀਸ਼ਤ ਸੱਚ ਸਾਬਤ ਹੋਈ ਜਦੋਂ 1762 ਈ. ਵਿਚ ਖ਼ਾਲਸਾ ਪੰਥ ਨੇ ਸ.ਜੱਸਾ ਸਿੰਘ ਆਹਲੂਵਾਲੀਆ ਨੂੰ ਸੁਲਤਾਨ-ਉਲ-ਕੌਮ ਦੇ ਲਕਬ ਨਾਲ ਨਿਵਾਜ਼ ਦਿੱਤਾ।

ਹੁਣ ਜਿਵੇਂ-ਜਿਵੇਂ ਸ. ਜੱਸਾ ਸਿੰਘ ਆਹਲੂਵਾਲੀਆ ਆਪਣੀ ਹਯਾਤੀ ਦਾ ਸਫ਼ਰ ਤਹਿ ਕਰਦਾ ਜਾ ਰਿਹਾ ਸੀ, ਤਿਵੇਂ-ਤਿਵੇਂ ਆਪਣੀ ਫ਼ਰਜ਼ਾਂ ਪ੍ਰਤੀ ਵੀ ਸੁਚੇਤ ਹੋਈ ਜਾ ਰਿਹਾ ਸੀ। ਇੱਕ ਰਾਤ ਬਹੁਤ ਤੇਜ ਬਾਰਸ਼ ਹੋ ਰਹੀ ਸੀ। ਨਵਾਬ ਕਪੂਰ ਸਿੰਘ ਨੇ ਕਈ ਵਾਰ ਆਵਾਜ਼ ਦਿੱਤੀ, 'ਪਹਿਰੇ 'ਤੇ ਕੌਣ ਹੈ,ਹਾਜ਼ਰ ਹੋਵੇ ?' ਜਵਾਬ ਵਿਚ ਹਰ ਵਾਰੀ ਸ.ਜੱਸਾ ਸਿੰਘ 'ਆਇਆ ਜੀ' ਕਹਿ ਕੇ ਹਾਜ਼ਰ ਹੋ ਜਾਂਦਾ। ਉਸ ਦੀ ਇਸ ਵਫ਼ਾਦਾਰੀ ਨੂੰ ਦੇਖ ਕੇ ਨਵਾਬ ਸਾਹਿਬ ਨੇ ਉਸ ਨੂੰ ਆਪਣਾ ਅਹਿਲਕਾਰ ਬਣਾ ਲਿਆ।

20 ਕੁ ਸਾਲ ਦੀ ਉਮਰ ਵਿਚ ਸ.ਜੱਸਾ ਸਿੰਘ ਆਹਲੂਵਾਲੀਏ ਨੇ ਨਵਾਬ ਕਪੂਰ ਸਿੰਘ ਦੀ ਅਗਵਾਈ ਵਿਚ ਨਾਦਰਸ਼ਾਹ ਦੀ ਫ਼ੌਜ ਨੂੰ ਅਜਿਹਾ ਸਬਕ ਸਿਖਾਇਆ ਕਿ ਉਹ ਜ਼ਕਰੀਆ ਖ਼ਾਨ ਨੂੰ ਇਹ ਕਹਿਣ ਲਈ ਮਜ਼ਬੂਰ ਹੋ ਗਿਆ ਕਿ ''ਅਜਿਹੇ ਲੋਕਾਂ (ਖ਼ਾਲਸਾ ਪੰਥ) ਤੋਂ ਡਰਨਾ ਚਾਹੀਦਾ ਹੈ,ਉਹ ਸਮਾਂ ਦੂਰ ਨਹੀਂ ਜਦੋਂ ਇਸ ਮੁਲਕ ਦੀ ਮਲਕੀਅਤ ਇਨ੍ਹਾਂ ਲੋਕਾਂ ਦੇ ਹੱਥ ਹੋਵੇਗੀ।''

ਸ. ਜੱਸਾ ਸਿੰਘ ਆਹਲੂਵਾਲੀਏ ਦੇ ਵਿਅਕਤੀਤੱਵ ਦਾ ਇੱਕ ਉੱਭਰਵਾਂ ਪੱਖ ਇਹ ਵੀ ਰਿਹਾ ਹੈ ਕਿ ਉਸ ਨੇ ਸਾਰੀ ਉਮਰ ਕੀਤੇ ਜੰਗਾਂ-ਯੁੱਧਾਂ ਵਿਚ ਨੈਤਿਕਤਾ ਦਾ ਪੱਲਾ ਕਦੇ ਨਹੀਂ ਛੱਡਿਆ। ਇਸ ਦੀ ਇੱਕ ਉਦਾਹਰਣ ਪਾਣੀਪਤ ਦੀ ਤੀਸਰੀ ਲੜਾਈ ਤੋਂ ਬਾਅਦ ਅਹਿਮਦਸ਼ਾਹ ਅਬਦਾਲੀ ਦੇ ਕਬਜ਼ੇ ਵਿਚੋਂ 2200 ਹਿੰਦੂ ਲੜਕੀਆਂ ਨੂੰ ਛੁਡਾ ਕੇ ਬਾਇੱਜ਼ਤ ਅਤੇ ਸਹੀ ਸਲਾਮਤ ਉਨ੍ਹਾਂ ਦੇ ਘਰੋ-ਘਰੀਂ ਪਹੁੰਚਾਉਣਾ ਹੈ। ਜਦੋਂ ਅਬਦਾਲੀ ਦਾ ਜਰਨੈਲ ਜਹਾਨ ਖ਼ਾਨ ਸਿਆਲਕੋਟ ਦੀ ਜੰਗ ਹਾਰ ਗਿਆ ਤਾਂ ਉਸ ਦੀ ਪਿਆਰੀ ਬੇਗ਼ਮ ਅਤੇ ਉਸ ਦੀਆਂ ਕੁੱਝ ਨਜਦੀਕੀ ਔਰਤਾਂ ਖ਼ਾਲਸੇ ਦੇ ਘੇਰੇ ਵਿਚ ਆ ਗਈਆਂ। ਆਹਲੂਵਾਲੀਏ ਸਰਦਾਰ ਨੇ ਉਨ੍ਹਾਂ ਪਰਾਈਆਂ ਇਸਤਰੀਆਂ ਨੂੰ ਵੀ ਬਣਦਾ ਮਾਣ-ਸਤਿਕਾਰ ਦਿੱਤਾ ਅਤੇ ਸੁਰੱਖਿਅਤ ਥਾਂਵਾਂ ਉਪਰ ਪਹੁੰਚਾਇਆ।

20 ਅਕਤੂਬਰ ਸੰਨ 1783 ਨੂੰ ਸ.ਜੱਸਾ ਸਿੰਘ ਆਹਲੂਵਾਲੀਆ ਖ਼ਾਲਸਾ ਪੰਥ ਵੱਲੋਂ ਅੰਮ੍ਰਿਤਸਰ ਵਿਚ ਮਨਾਈ ਜਾਣ ਵਾਲੀ ਦੀਵਾਲੀ ਵਿਚ ਸ਼ਿਰਕਤ ਕਰਨ ਲਈ ਆ ਰਿਹਾ ਸੀ। ਰਸਤੇ ਵਿਚ ਉਸ ਨੇ ਇੱਕ ਹਦਵਾਣਾ ਖਾ ਲਿਆ। ਹਦਵਾਣਾ ਖਾਣ ਤੋਂ ਬਾਅਦ ਉਸ ਦੇ ਪੇਟ ਵਿਚ ਤਿੱਖਾ ਦਰਦ ਹੋਣਾ ਸ਼ੁਰੂ ਹੋ ਗਿਆ,ਜੋ ਉਸ ਲਈ ਜਾਨ ਲੇਵਾ ਸਾਬਤ ਹੋਇਆ। ਉਸ ਦਾ ਅੰਤਿਮ ਸਸਕਾਰ (ਉਸ ਦੀ ਆਖਰੀ ਇੱਛਾ ਮੁਤਾਬਿਕ) ਬਾਬਾ ਅਟੱਲ ਰਾਇ ਦੇ ਸਥਾਨ 'ਤੇ ਨਵਾਬ ਕਪੂਰ ਸਿੰਘ ਦੀ ਯਾਦਗਾਰ ਦੇ ਨਾਲ ਹੀ ਕਰ ਦਿੱਤਾ ਗਿਆ।

ਅਖੀਰ ਵਿਚ ਇਹ ਕਿਹਾ ਜਾ ਸਕਦਾ ਹੈ ਸ.ਜੱਸਾ ਸਿੰਘ ਆਹਲੂਵਾਲੀਆ 18ਵੀਂ ਸਦੀ ਦਾ ਉਹ ਮਹਾਨ ਸਿੱਖ ਜਰਨੈਲ਼ ਹੋਇਆ ਹੈ ਜਿਹੜਾ ਸਿੱਖੀ ਦੀ ਆਨ ਅਤੇ ਸ਼ਾਨ ਨੂੰ ਵਧਾਉਣ ਲਈ ਸੀਸ ਤਲੀ 'ਤੇ ਧਰ ਕੇ ਮੈਦਾਨ-ਏ-ਜੰਗ ਵਿਚ ਜੂਝਦਾ ਰਿਹਾ ਹੈ। ਉਸ ਦੀ ਇਸ ਜੁਝਾਰੂ ਅਤੇ ਪਰਉਪਕਾਰੂ ਬਿਰਤੀ ਨੇ ਜਿਥੇ ਸਿੱਖ ਇਤਿਹਾਸ ਦੇ ਮਾਣ ਨੂੰ ਵਧਾਇਆ ਹੈ,ਉਥੇ ਵਾਲੀਆ ਭਾਈਚਾਰੇ ਦਾ ਸਿਰ ਵੀ ਉਚਿਆਇਆ ਹੈ।

ਗਲੀ ਨੰ:8 ਰਿਸ਼ੀ ਨਗਰ
ਐਕਸਟੈਨਸ਼ਨ (ਲੁਧਿਆਣਾ)

# ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ

## ਪ੍ਰਕਾਸ਼ ਦਿਵਸ 'ਤੇ ਵਿਸ਼ੇਸ਼

ਰਮੇਸ਼ ਬੱਗਾ ਚੋਹਲਾ
9463132719



15ਵੀਂ ਸਦੀ ਵਿਚ ਉੱਭਰਿਆ ਸਿੱਖ ਧਰਮ ਨਵੀਨ ਅਤੇ ਵਿਲੱਖਣ ਕਦਰਾਂ ਕੀਮਤਾਂ ਦਾ ਤਰਜ਼ਮਾਨ ਰਿਹਾ ਹੈ। ਇਸ ਦੇ ਰਹਿਬਰਾਂ ਨੇ ਜਿੱਥੇ ਸਦੀਵੀਂ ਤੌਰ 'ਤੇ ਉਸ ਮਾਲਕ ਨੂੰ ਹਿਰਦੇ ਵਿਚ ਵਸਾਉਣ ਦੀ ਗੱਲ ਕੀਤੀ ਹੈ ਉਥੇ ਕਿਰਤ ਨੂੰ ਵਡਿਆਉਂਦਿਆਂ ਹੋਇਆਂ ਇਸ ਨੂੰ ਆਪਸ ਵਿਚ ਵੰਡ ਕੇ ਛਕਣ ਦੀ ਹਾਮੀ ਵੀ ਚੰਗੀ ਤਰ੍ਹਾਂ ਭਰੀ ਹੈ। ਗੁਰੂ ਸਾਹਿਬਾਨ ਨੇ ਆਪਣੇ-ਆਪਣੇ ਸਮਿਆਂ ਵਿਚ ਕੁਝ ਅਜਿਹੀਆਂ ਕਲਿਆਣਕਾਰੀ ਪਿਰਤਾਂ ਪਾਈਆਂ ਹਨ ਜੋ ਇਸ ਜਗ ਨੂੰ 'ਸਚੈ ਕੀ ਹੈ ਕੋਠੜੀ' ਮੰਨ ਕੇ ਮਨੁੱਖ ਨੂੰ ਸੱਚਾ ਅਤੇ ਸੁੱਚਾ ਵਿਹਾਰ ਕਰਨ ਲਈ ਪ੍ਰੇਰਦੀਆਂ ਰਹਿੰਦੀਆਂ ਹਨ। ਇਹ ਪਿਰਤਾਂ ਮਨੁੱਖ ਨੂੰ ਅੰਧਕਾਰਮਈ ਪੈਂਡਿਆਂ ਤੋਂ ਮੁੜ ਕੇ ਉਜਿਆਰੇ ਮਾਰਗ ਦਾ ਪਾਂਧੀ ਬਣਾਉਂਦੀਆਂ ਆ ਰਹੀਆਂ ਹਨ। ਸਿੱਖ ਧਰਮ ਵਿਸ਼ੇਸ਼ ਰੂਪ ਵਿਚ ਆਪਸੀ ਮੁਹੱਬਤ, ਸਦਭਾਵਨਾ ਅਤੇ ਸਹਿਣਸ਼ੀਲਤਾ ਵਾਲੀ ਸੁਰ ਪੈਦਾ ਕਰਨ ਵਾਲਾ ਇਕ ਅਜਿਹਾ ਧਰਮ ਹੈ ਜੋ ਸੰਸਾਰ ਦੇ ਚੋਣਵੇਂ ਧਰਮਾਂ ਵਿਚ ਇਕ ਅਹਿਮ ਸਥਾਨ ਰੱਖਦਾ ਹੈ।

ਇਹ ਧਰਮ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਨਿਰਧਾਰਿਤ ਕੀਤੀ ਜੀਵਨ-ਜਾਚ ਅਨੁਸਾਰ "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ" ਦੇ ਅਨੁਸਾਰ ਇੱਕੋ (ਨਾਨਕ) ਜੋਤ ਵਿੱਚੋਂ ਨੌਂ ਗੁਰੂ ਸਾਹਿਬਾਨ ਦੇ ਰਾਹੀਂ ਪ੍ਰਫੁੱਲਿਤ ਹੋਇਆ ਹੈ। ਇਨ੍ਹਾਂ ਗੁਰੂ ਸਾਹਿਬਾਨ ਦੇ ਵਿਸ਼ੇਸ਼ ਉਪਰਾਲਿਆਂ ਸਦਕਾ ਸਿੱਖ ਧਰਮ ਨੇ ਇਕ ਨਵੀਨ ਅਤੇ ਆਦਰ ਪੂਰਵਕ ਜੀਵਨ-ਜੁਗਤ ਜਿਵੇਂ ਭਗਤੀ ਤੋਂ ਸ਼ਕਤੀ ਦਾ ਸੁਮੇਲ, ਵਰਣ ਵੰਡ ਨੂੰ ਰੱਦ ਕਰਨ ਵਾਲੀ ਇਨਕਲਾਬੀ ਸੋਚ, ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੀ ਗੁਰਬਾਣੀ, ਅਤੇ ਮਿਲ-ਬੈਠ ਕੇ ਦੁਬਿਧਾ ਦੂਰ ਕਰਨ ਵਾਲੀ ਪਹੁੰਚ ਨਾਲ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ ਹੈ। ਇਸ ਤਰ੍ਹਾਂ ਦੀ ਕਾਮਨਾ ਕਰਨ ਵਾਲਿਆਂ ਵਿਚ ਹੀ ਸ਼ਾਮਿਲ ਸਨ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ।

ਸ੍ਰੀ ਗੁਰੂ ਰਾਮਦਾਸ ਜੀ ਜਿਨ੍ਹਾਂ ਦਾ ਬਚਪਨ ਦਾ ਨਾਮ ਭਾਈ ਜੇਠਾ ਸੀ, ਦਾ ਜਨਮ 24 ਸਤੰਬਰ 1534 ਈ: ਨੂੰ ਚੂਨਾ ਮੰਡੀ ਲਾਹੌਰ ਦੇ ਵਸਨੀਕ ਭਾਈ ਹਰਿਦਾਸ ਜੀ ਅਤੇ ਮਾਤਾ ਦਇਆ ਕੌਰ ਜੀ ਦੇ ਘਰ ਹੋਇਆ। ਪਲੇਠਾ ਪੁੱਤਰ ਹੋਣ ਕਰਕੇ ਇਨ੍ਹਾਂ ਦਾ ਨਾਮ ਭਾਈ ਜੇਠਾ ਜੀ ਹੋ ਗਿਆ। ਜਿਸ ਦਿਨ ਭਾਈ ਜੇਠਾ ਜੀ ਦਾ ਜਨਮ ਹੋਇਆ ਉਸ ਵਕਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੁਨਿਆਵੀ ਉਮਰ ਲੱਗਭਗ 65 ਸਾਲ, ਸ੍ਰੀ ਗੁਰੂ ਅਮਰਦਾਸ ਜੀ ਦੀ 55 ਸਾਲ ਅਤੇ ਭਾਈ ਲਹਿਣਾ ਜੀ ਦੀ 30 ਸਾਲ ਸੀ। ਭਾਵੇਂ ਚਾਰੇ ਗੁਰੂ ਸਾਹਿਬਾਨ ਜਿਸਮਾਨੀ ਤੌਰ 'ਤੇ ਮੌਜੂਦ ਸਨ ਪਰ ਮਿਲਾਪ ਅਜੇ ਪਹਿਲੀ ਪਾਤਸ਼ਾਹੀ ਅਤੇ ਭਾਈ ਲਹਿਣਾ ਜੀ ਦਾ ਹੀ ਹੋਇਆ ਸੀ।

ਭਾਈ ਜੇਠਾ ਜੀ ਅਜੇ ਬਚਪਨ ਦੀਆਂ ਦਹਿਲੀਜ਼ਾਂ ਉਪਰ ਹੀ ਵਿਚਰ ਰਹੇ ਸਨ ਕਿ ਪਹਿਲਾਂ ਮਾਤਾ ਜੀ ਅਤੇ ਫਿਰ ਪਿਤਾ ਸ੍ਰੀ ਹਰਿਦਾਸ ਜੀ ਇਸ ਦੁਨੀਆ ਤੋਂ ਕੂਚ ਕਰ ਗਏ। ਜਦੋਂ ਆਪ ਦੁਨਿਆਵੀ ਤੌਰ 'ਤੇ ਯਤੀਮ ਹੋ ਗਏ ਤਾਂ ਆਪ ਜੀ ਦੀ ਨਾਨੀ ਆਪ ਨੂੰ ਆਪਣੇ ਪਿੰਡ ਬਾਸਰਕੇ ਲੈ ਆਈ। ਲਾਹੌਰ ਤੋਂ ਦੋਹਤੇ ਦੇ ਆਪਣੇ ਨਾਨਕੇ ਘਰ ਆਉਣ ਦੀ ਖ਼ਬਰ ਸਾਰੇ ਪਿੰਡ ਵਿਚ ਫੈਲ ਗਈ। ਪਿੰਡ ਦੇ ਬਹੁਤ ਸਾਰੇ ਨੇਕ ਪੁਰਸ਼ ਅਤੇ ਔਰਤਾਂ ਬਾਲਕ ਜੇਠੇ ਦਾ ਧੀਰ ਧਰਾਉਣ ਲਈ ਆਉਣ ਲੱਗੇ। ਇਨ੍ਹਾਂ ਧੀਰ ਧਰਾਉਣ ਵਾਲਿਆਂ ਵਿਚ ਸ੍ਰੀ (ਗੁਰੂ) ਅਮਰਦਾਸ ਜੀ ਵੀ ਸਨ। ਉਨ੍ਹਾਂ ਦੇ ਕੋਮਲ ਹਿਰਦੇ 'ਤੇ ਭਾਈ ਜੇਠੇ ਦੀ ਦੁਖਦਾਈ ਸਥਿਤੀ ਦਾ ਬੜਾ ਡੂੰਘਾ ਅਸਰ ਹੋਇਆ। ਇਸ ਅਸਰ ਕਰਕੇ ਉਨ੍ਹਾਂ ਦੀ ਆਪਸੀ ਨੇੜਤਾ ਕਾਫੀ ਵਧਣ ਲੱਗ ਪਈ।

ਭਾਈ ਜੇਠਾ ਜੀ ਆਪਣੇ ਨਾਨਕੇ ਘਰ ਰਹਿ ਕੇ ਘੁੰਙਣੀਆਂ ਵੇਚਣ ਦੀ ਕਾਰ ਕਰਿਆ ਕਰਦੇ ਸਨ ਅਤੇ ਇਨ੍ਹਾਂ ਦੀ ਵੱਟਕ ਨਾਲ ਆਪਣੀ ਅਤੇ ਨਾਨੀ ਜੀ ਦੀ ਉਦਰ-ਜਵਾਲਾ ਸ਼ਾਂਤ ਕਰਿਆ ਕਰਦੇ ਸਨ। ਇਸ ਸਮੇਂ ਦੌਰਾਨ ਸ੍ਰੀ (ਗੁਰੂ) ਅਮਰਦਾਸ ਜੀ ਜਦੋਂ ਕਦੇ ਖਡੂਰ ਸਾਹਿਬ ਤੋਂ ਬਾਸਰਕੇ ਆਉਂਦੇ ਤਾਂ ਉਹ ਭਾਈ ਜੇਠਾ ਜੀ ਨੂੰ ਜ਼ਰੂਰ ਮਿਲਦੇ ਅਤੇ ਘੰਟਿਆਂ ਬੱਧੀ ਦੁਨਿਆਵੀ ਅਤੇ ਇਲਾਹੀ ਗੱਲਾਂ ਹੁੰਦੀਆਂ ਰਹਿੰਦੀਆਂ।

ਜਦੋਂ ਗੋਂਦੇ ਖੱਤਰੀ ਦੀ ਬੇਨਤੀ 'ਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਦਰਿਆ ਬਿਆਸ ਦੇ ਕਿਨਾਰੇ ਗੋਇੰਦਵਾਲ ਸਾਹਿਬ ਨਗਰ ਵਸਾਇਆ ਤਾਂ ਉਨ੍ਹਾਂ ਦੇ ਕਈ ਰਿਸ਼ਤੇਦਾਰ ਅਤੇ ਸਨੇਹੀ ਵੀ ਗੋਇੰਦਵਾਲ ਸਾਹਿਬ ਆ ਗਏ। ਗੁਰੂ ਦਰਸ਼ਨਾਂ ਦੀ ਤਾਂਘ ਭਾਈ ਜੇਠਾ ਜੀ ਨੂੰ ਵੀ ਇੱਥੇ ਲੈ ਆਈ। ਉਸ ਵਕਤ ਉਨ੍ਹਾਂ ਦੀ ਆਯੂ ਕੋਈ 12 ਕੁ ਸਾਲ ਦੀ ਸੀ। ਅਵਸਥਾ ਭਾਵੇਂ ਅਜੇ ਬਾਲਪਨ ਵਾਲੀ ਹੀ ਸੀ ਪਰ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਭਾਵ ਸਦਕਾ ਸੂਝ ਵਿਚ ਪਕਿਆਈ ਆ ਰਹੀ ਸੀ। ਇਸ ਪਕਿਆਈ ਸਦਕਾ ਸ੍ਰੀ ਗੁਰੂ ਨਾਨਕ ਸਾਹਿਬ ਦੇ ਦਰਬਾਰ ਦੀ ਰੰਗਤ ਭਾਈ ਜੇਠਾ ਜੀ 'ਤੇ ਖ਼ੂਬ ਚੜ੍ਹਨ ਲੱਗੀ।

ਸ੍ਰੀ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ 10-12 ਸਾਲ ਆਪਣੀ ਨਿਗਰਾਨੀ ਵਿਚ ਰੱਖਿਆ ਅਤੇ ਉਨ੍ਹਾਂ ਸਾਰੇ ਗੁਣਾਂ ਨੂੰ ਵਾਚਿਆ ਸੀ ਜੋ ਕਿਸੇ ਉਚੇਚੀ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਜ਼ਰੂਰੀ ਹੁੰਦੇ ਹਨ। ਗੁਰੂ ਸਾਹਿਬ ਨੇ ਇਨ੍ਹਾਂ ਗੁਣਾਂ ਦੀ ਕਦਰ ਕਰਦਿਆਂ 22 ਫੱਗਣ ਸੰਮਤ 1610 ਨੂੰ ਆਪਣੀ ਲਾਡਲੀ ਸਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ ਭਾਈ ਜੇਠਾ ਜੀ ਨਾਲ ਕਰ ਦਿੱਤਾ। ਇਸ ਬਖ਼ਸ਼ਿਸ਼ ਨਾਲ ਭਾਈ ਜੇਠਾ ਜੀ ਗੁਰੂ-ਦਰਬਾਰ ਦੇ ਨਾਲ-ਨਾਲ ਗੁਰੂ-ਪਰਿਵਾਰ ਦੇ ਅੰਗ ਬਣ ਗਏ।

ਜਦੋਂ 1557 ਈ: ਵਿਚ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਸਮਾਜਿਕ ਬਰਾਬਰੀ ਦੇ ਸਿਧਾਂਤ ਨੂੰ ਲਾਗੂ ਕਰਨ ਲਈ ਸਮਾਜ ਵਿੱਚੋਂ ਛੂਤ-ਛਾਤ ਖਤਮ ਕਰਨ ਦਾ ਬੀੜਾ ਚੁੱਕਿਆ ਤਾਂ ਕੁਝ ਗੁਰੂ-ਘਰ ਦੇ ਦੋਖੀਆਂ ਅਤੇ ਸਮਾਜ ਵਿਰੋਧੀਆਂ ਕੋਲੋਂ ਇਹ ਗੱਲ ਬਰਦਾਸ਼ਤ ਨਾ ਹੋ ਸਕੀ। ਉਨ੍ਹਾਂ ਵਿੱਚੋਂ ਕਿਸੇ ਨੇ ਅਕਬਰ ਬਾਦਸ਼ਾਹ ਕੋਲ ਜਾ ਕੇ ਗੁਰੂਕਿਆਂ ਦੇ ਖ਼ਿਲਾਫ਼ ਕੰਨ ਭਰ ਦਿੱਤੇ। ਆਪਣੀ ਸ਼ੰਕਾ ਨਵਿਰਤੀ ਅਤੇ ਤਸੱਲੀ ਲਈ ਬਾਦਸ਼ਾਹ ਨੇ ਗੁਰੂ ਦਰਬਾਰ ਵੱਲ ਸੱਦਾ-ਪੱਤਰ ਭੇਜ ਦਿੱਤਾ। ਬਿਰਧ ਸਰੀਰ ਹੋਣ ਕਰਕੇ ਤੀਸਰੇ ਪਾਤਸ਼ਾਹ ਨੇ ਗੁਰੂ-ਘਰ ਦੀ ਵਕਾਲਤ ਲਈ ਭਾਈ ਜੇਠਾ ਜੀ ਦੀ ਡਿਊਟੀ ਲਗਾ ਦਿੱਤੀ। ਭਾਈ ਜੇਠਾ ਜੀ ਨੇ ਸਿੱਖੀ ਦੇ ਸਿਧਾਂਤਾਂ



ਦੀ ਇੰਨੇ ਸੁਚੱਜੇ ਢੰਗ ਨਾਲ ਵਿਆਖਿਆ ਕੀਤੀ ਕਿ ਅਕਬਰ ਦੇ ਸਭ ਭਰਮ-ਭੁਲੇਖੇ ਦੂਰ ਹੋ ਗਏ।

ਦੁਨਿਆਵੀ ਪੱਖੋਂ ਭਾਈ ਜੇਠਾ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਦਾਮਾਦ ਸਨ ਪਰ ਇਸ ਰਿਸ਼ਤੇ ਦਾ ਉਨ੍ਹਾਂ ਦੇ ਮਨ ਵਿਚ ਰਤੀ ਭਰ ਵੀ ਗੁਮਾਨ ਨਹੀਂ ਸੀ। ਬਾਉਲੀ ਸਾਹਿਬ ਦੇ ਨਿਰਮਾਣ-ਕਾਰਜ ਸਮੇਂ ਉਹ ਵੀ ਇਕ ਨਿਮਾਣੇ ਸਿੱਖ ਵਾਂਗ ਸਿਰ 'ਤੇ ਟੋਕਰੀ ਢੋਅ ਕੇ ਸੇਵਾ ਕਰਿਆ ਕਰਦੇ ਸਨ। ਇਕ ਦਿਨ ਜਦੋਂ ਉਹ ਤਨ-ਮਨ ਨਾਲ ਸੇਵਾ ਵਿਚ ਲੀਨ ਸਨ ਤਾਂ ਲਾਹੌਰ ਤੋਂ ਉਨ੍ਹਾਂ ਦੇ ਸ਼ਰੀਕੇ-ਭਾਈਚਾਰੇ ਦੇ ਕੁਝ ਲੋਕ ਹਰਿਦੁਆਰ ਆਦਿ ਤੀਰਥਾਂ-ਸਥਾਨਾਂ ਦੇ ਦਰਸ਼ਨਾਂ ਲਈ ਜਾਂਦੇ ਹੋਏ ਸ੍ਰੀ ਗੋਇੰਦਵਾਲ ਵਿਖੇ ਆ ਗਏ। ਜਦੋਂ ਉਨ੍ਹਾਂ ਨੇ ਤੱਕਿਆ ਕਿ ਭਾਈ ਜੇਠਾ ਮਜ਼ਦੂਰਾਂ ਵਾਂਗੂ ਸਿਰ 'ਤੇ ਟੋਕਰੀ ਚੁੱਕੀ ਜਾ ਰਿਹਾ ਹੈ ਤਾਂ ਖ਼ਾਹਮਖ਼ਾਹ ਹੀ ਕ੍ਰੋਧਿਤ ਹੋ ਉੱਠੇ। ਕ੍ਰੋਧ ਵਿਚ ਆ ਕੇ ਉਹ ਸ਼ਿਸ਼ਟਾਚਾਰ ਦਾ ਪੱਲਾ ਵੀ ਛੱਡ ਬੈਠੇ। ਭਰੇ-ਪੀਤੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਕਹਿਣ ਲੱਗੇ ਕਿ, "ਸਾਡੇ ਭਰਾ ਜੇਠੇ ਕੋਲੋਂ ਮਜ਼ਦੂਰੀ ਕਰਵਾ ਕੇ ਤੁਸੀਂ ਸਾਡੇ ਮਾਨ-ਸਤਿਕਾਰ ਨੂੰ ਢਾਹ ਲਗਾਈ ਹੈ। ਤੁਹਾਡੇ ਇਸ ਵਤੀਰੇ ਨਾਲ ਸਾਨੂੰ ਬੜੀ ਨਮੋਸ਼ੀ ਹੋਈ ਹੈ।"

ਆਪਣੇ ਸ਼ਰੀਕੇ-ਭਾਈਚਾਰੇ ਦੀਆਂ ਖਰਵੀਆਂ ਗੱਲਾਂ ਕਾਰਨ ਭਾਈ ਜੇਠਾ ਜੀ ਨੇ ਤੀਸਰੇ ਪਾਤਸ਼ਾਹ ਕੋਲੋਂ ਹੱਥ ਜੋੜ ਕੇ ਮੁਆਫੀ ਮੰਗ ਲਈ ਅਤੇ ਕਹਿਣ ਲੱਗੇ ਕਿ, "ਸੱਚੇ ਪਾਤਸ਼ਾਹ ਇਹ ਸਾਰੇ ਅਣਜਾਣ ਹਨ, ਇਨ੍ਹਾਂ ਦੀਆ ਕੌੜੀਆਂ-ਕੁਸੈਲੀਆਂ ਅਤੇ ਮਨ ਦੀ ਮੈਲੀਆਂ ਗੱਲਾਂ ਨੂੰ ਲੇਖੇ ਵਿਚ ਨਾ ਲਿਆਉਣਾ।" ਇਸ ਤਰ੍ਹਾਂ ਕਰਕੇ ਭਾਈ ਸਾਹਿਬ ਨੇ ਜਿੱਥੇ ਆਪਣੇ ਸ਼ਰੀਕੇ ਦੀ ਰੱਖ ਦਿਖਾਈ ਉਥੇ ਗੁਰੂ ਸਾਹਿਬ ਦੀ ਪ੍ਰਸੰਨਤਾ ਦੇ ਪਾਤਰ ਵੀ ਬਣ ਗਏ।

ਪਰਵਾਰਿਕ ਪੱਖੋਂ ਆਪ ਜੀ ਦੇ ਘਰ ਤਿੰਨ ਪੁੱਤਰਾਂ ਬਾਬਾ ਪ੍ਰਿਥੀ ਚੰਦ, ਬਾਬਾ ਮਹਾਂਦੇਵ ਅਤੇ ਸ੍ਰੀ (ਗੁਰੂ) ਅਰਜਨ ਦੇਵ ਜੀ (ਪੰਚਮ ਪਾਤਸ਼ਾਹ) ਨੇ ਜਨਮ ਲਿਆ। ਬਾਬਾ ਪ੍ਰਿਥੀ ਚੰਦ ਭਾਵੇਂ ਘਰ ਦਾ ਵੱਡਾ ਪੁੱਤਰ ਸੀ ਪਰ ਆਪਣੇ ਲਾਲਚੀ ਅਤੇ ਵਡਿਆਈ ਖ਼ੋਰੇ ਸੁਭਾਅ ਕਾਰਨ ਆਪਣੇ ਗੁਰੂ-ਪਿਤਾ ਦੀਆਂ ਖੁਸ਼ੀਆਂ (ਗੁਰਗੱਦੀ) ਲੈਣ ਤੋਂ ਵਾਂਝਾ ਰਹਿ ਗਿਆ। ਇਸ ਵਾਂਝੇਪਨ ਕਾਰਨ ਹੀ ਉਹ ਸਾਰੀ ਹਯਾਤੀ ਈਰਖਾ ਅਤੇ ਦਵੈਤ ਦੀ ਅੱਗ ਵਿਚ ਸੜਦਾ ਰਿਹਾ ਅਤੇ ਨਾਨਕ ਨਾਮ-ਲੇਵਾ ਸੰਗਤਾਂ ਦੀ ਨਫ਼ਰਤ ਦਾ ਪਾਤਰ ਬਣਦਾ ਰਿਹਾ।

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਲਗਾਇਆ ਸਿੱਖੀ ਦਾ ਬੂਟਾ ਜਿਵੇਂ-ਜਿਵੇਂ ਜੋਬਨ 'ਤੇ ਹੋਈ ਜਾ ਰਿਹਾ ਸੀ ਇਸ ਦੀ ਮਹਿਕ ਵੀ ਦੂਰ-ਦੁਰਾਡੇ ਤਕ ਫੈਲਦੀ ਜਾ ਰਹੀ ਸੀ ਭਾਵ ਗੁਰੂ ਸਾਹਿਬਾਨ ਦੇ ਪਰਉਪਕਾਰੀ ਉਪਰਾਲਿਆਂ ਸਦਕਾ ਸਿੱਖਾਂ ਦੀ ਤਾਦਾਦ ਵਿਚ ਕਾਫ਼ੀ ਵਾਧਾ ਹੋਈ ਜਾ ਰਿਹਾ ਸੀ। ਇਸ ਵਾਧੇ ਕਾਰਨ ਹੀ ਸਿੱਖੀ ਦਾ ਪ੍ਰਚਾਰ ਕੇਂਦਰ ਸ੍ਰੀ ਗੋਇੰਦਵਾਲ ਸਾਹਿਬ ਤੋਂ ਗੁਰੂ ਕੇ ਚੱਕ (ਸ੍ਰੀ ਅੰਮ੍ਰਿਤਸਰ ਸਾਹਿਬ) ਵਿਖੇ ਲੈ ਜਾਣ ਦੀ ਵਿਉਂਤਬੰਦੀ ਕੀਤੀ ਗਈ। ਇਸ ਵਿਉਂਤਬੰਦੀ ਨੂੰ ਅਮਲੀ ਰੂਪ ਦੇਣ ਦੀ ਜ਼ਿੰਮੇਵਾਰੀ ਭਾਈ ਜੇਠਾ ਜੀ ਨੂੰ ਦਿੱਤੀ ਗਈ। ਆਪ ਜੀ ਨੇ ਇਹ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਈ ਜਿਸ ਦੀ ਬਦੌਲਤ 'ਗੁਰੂ ਕਾ ਚੱਕ' ਇਕ ਚੰਗੀ ਰੌਣਕ ਵਾਲਾ ਨਗਰ ਬਣ ਗਿਆ।

ਸ੍ਰੀ ਗੁਰੂ ਅਮਰਦਾਸ ਜੀ ਹੁਣ ਸਰੀਰਿਕ ਰੂਪ ਵਿਚ ਕਾਫੀ ਬਿਰਧ ਹੋ ਚੁੱਕੇ ਸਨ। ਆਪਣਾ ਸੱਚਖੰਡ ਵਾਪਸੀ ਸਮਾਂ ਨੇੜੇ ਆਇਆ ਜਾਣ ਕੇ ਉਨ੍ਹਾਂ ਨੇ ਗੁਰੂ-ਘਰ ਦੀ ਮਰਯਾਦਾ ਅਨੁਸਾਰ ਸੰਮਤ 1631 ਦੇ ਭਾਦਰੋਂ ਮਹੀਨੇ ਵਿਚ ਸਮੂਹ ਸੰਗਤ ਅਤੇ ਆਪਣੇ ਪਰਿਵਾਰ ਦੇ ਸਨਮੁਖ ਭਾਈ ਜੇਠਾ ਜੀ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਘਰ ਦਾ ਚੌਥਾ (ਗੁਰਗੱਦੀ ਦੇ ਕੇ) ਵਾਰਸ ਥਾਪ ਕੇ ਸ੍ਰੀ ਗੁਰੂ ਰਾਮਦਾਸ ਜੀ ਬਣਾ ਦਿੱਤਾ।

ਗੁਰਿਆਈ ਦੀ ਬਖ਼ਸ਼ਿਸ਼ ਕੋਈ ਛੋਟੀ ਜਾਂ ਸਧਾਰਨ ਗੱਲ ਨਹੀਂ ਸੀ ਕਿਉਂਕਿ ਸ੍ਰੀ ਗੁਰੂ ਰਾਮਦਾਸ ਨੂੰ ਉਹ ਰੱਬੀ ਤਖ਼ਤ ਦੀ ਪ੍ਰਾਪਤੀ ਹੋ ਗਈ ਸੀ ਜਿਸ ਦੇ ਅੱਗੇ ਰਾਜੇ-ਮਹਾਰਾਜਿਆਂ ਦਾ ਸੀਸ ਝੁਕਦਾ ਆ ਰਿਹਾ ਸੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਦਰਬਾਰ ਵਿੱਚੋਂ ਇਕ ਨਿਮਾਣੇ ਸਿੱਖ ਨੂੰ ਮਿਲੇ ਮਾਣ ਨੂੰ ਦੇਖ ਕੇ ਆਪ ਵੈਰਾਗ ਵਿਚ ਆ ਗਏ ਅਤੇ ਬੋਲ ਉਠੇ :

ਜੋ ਹਮਰੀ ਬਿਧਿ ਹੋਤੀ,
ਮੇਰੇ ਸਤਿਗੁਰਾ !
ਸਾ ਬਿਧਿ ਤੁਮ ਹਰਿ ਜਾਣਹ ਆਪੇ ॥
ਹਮ ਰੁਲਤੇ ਫਿਰਤੇ,
ਕੋਈ ਬਾਤ ਨ ਪੂਛਤਾ,
ਗੁਰ ਸਤਿਗੁਰ ਸੰਗ ਕੀਰੇ ਹਮ ਥਾਪੇ ॥
(ਅੰਗ 167)

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੀ ਕਿਰਪਾ ਨਾਲ ਮਾਝੇ ਦਾ ਇਲਾਕਾ ਜਾਗ ਪਿਆ। ਇਸ ਜਾਗ ਕਾਰਨ ਗੁਰੂ ਸਾਹਿਬ ਨੇ ਸੋਚਿਆ ਕਿ ਇਸ ਕੇਂਦਰੀ ਸਥਾਨ (ਸ੍ਰੀ ਅੰਮ੍ਰਿਤਸਰ ਸਾਹਿਬ) 'ਤੇ ਇਕ ਸ਼ਾਨਦਾਰ ਧਾਰਮਿਕ ਸਥਾਨ ਉਸਾਰਿਆ ਜਾਵੇ ਜੋ ਵੱਧ ਰਹੀ ਸੰਗਤ ਦੀਆਂ ਰੂਹਾਨੀ ਜ਼ਰੂਰਤਾਂ ਨੂੰ ਪੂਰੀਆਂ ਕਰ ਸਕੇ। ਇਹ ਸਥਾਨ ਦਰਿਆ ਤੋਂ ਹਟਵਾਂ ਹੋ ਕੇ ਇੱਥੇ ਸਰੋਵਰ ਬਣਾਉਣ ਦੀ ਤਜਵੀਜ਼ ਵੀ ਬਣਾਈ ਗਈ। ਅਜਿਹਾ ਕਰਨ ਪਿੱਛੇ ਗੁਰੂ ਸਾਹਿਬ ਦਾ ਇਕ ਮਨੋਰਥ ਇਹ ਵੀ ਸੀ ਇਸ ਪਵਿੱਤਰ ਜਗ੍ਹਾ ਉਪਰ ਜਿੱਥੇ ਕੰਨਾਂ ਨੂੰ ਇਲਾਹੀ ਬਾਣੀ ਦੀਆਂ ਧੁਨਾਂ ਸੁਣਾਈ ਦੇਣ ਉਥੇ ਨਾਲ ਨੇਤਰਾਂ ਨੂੰ ਹਰਿ ਦੇ ਘਰ (ਹਰਿਮੰਦਰ ਸਾਹਿਬ) ਦੇ ਖੁੱਲ੍ਹੇ ਦਰਸ਼ਨ ਦੀਦਾਰੇ ਵੀ ਹੁੰਦੇ ਰਹਿਣ। ਇਸ ਤਜਵੀਜ਼ ਨੂੰ ਅਮਲੀ ਰੂਪ ਦੇਣ ਲਈ ਸ਼ਰਧਾਵਾਨ ਸੰਗਤਾਂ ਦੇ ਭਰਪੂਰ ਸਹਿਯੋਗ ਦੀ ਲੋੜ ਸੀ। ਜਿਵੇਂ-ਜਿਵੇਂ ਇਹ ਸਹਿਯੋਗ (ਤਨ, ਮਨ ਅਤੇ ਧਨ ਨਾਲ) ਮਿਲਦਾ ਗਿਆ ਤਿਵੇਂ-ਤਿਵੇਂ ਗੁਰੂ-ਘਰ ਦੇ ਕਾਰਜ ਵੀ ਸੰਵਰਦੇ ਰਹੇ। ਪਹਿਲਾਂ ਸਰੋਵਰ ਅਤੇ ਉਸ ਤੋਂ ਬਾਅਦ (ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ) ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਮੁਕੰਮਲ ਹੋ ਗਈ। (ਬਾਕੀ ਹਿਸਾ ਸਫਾ 58 ਤੇ ਪੜ੍ਹੋ)

57 ਸਫ਼ੇ ਦੀ ਬਾਕੀ

ਇਨ੍ਹਾਂ ਦੋ ਮਹਾਨ ਉਪਰਾਲਿਆਂ ਨਾਲ ਸਿੱਖ ਧਰਮ ਦੇ ਨਕਸ਼-ਨੁਹਾਰ ਹੋਰ ਵੀ ਨਿਖਰਨ ਲੱਗ ਪਏ। ਜਿਵੇਂ ਤੀਸਰੇ ਪਾਤਸ਼ਾਹ ਨੇ ਸਿੱਖੀ ਦੇ ਪ੍ਰਚਾਰ ਲਈ 22 ਮੰਜੀਆਂ ਅਤੇ 52 ਪੀੜ੍ਹਿਆਂ ਦੀ ਸਥਾਪਨਾ ਕੀਤੀ ਸੀ। ਉਸ ਨੂੰ ਅੱਗੇ ਵਧਾਉਂਦਿਆਂ ਹੋਇਆਂ ਸ੍ਰੀ ਗੁਰੂ ਰਾਮਦਾਸ ਜੀ ਨੇ ਮਸੰਦ ਪ੍ਰਥਾ ਦਾ ਅਰੰਭ ਕੀਤਾ। ਇਹ ਮਸੰਦ ਜਿੱਥੇ ਦੂਰ-ਦੁਰਾਡੇ ਦੇ ਇਲਾਕਿਆਂ ਵਿਚ ਸਿੱਖੀ ਦੇ ਸਿਧਾਂਤਾਂ ਦਾ ਪ੍ਰਚਾਰ ਕਰਿਆ ਕਰਦੇ ਸਨ ਉਥੇ ਨਾਲ ਹੀ ਗੁਰੂ ਕੇ ਪ੍ਰੇਮੀਆਂ ਤੋਂ ਮਾਇਆ ਇਕੱਠੀ ਕਰ ਕੇ ਗੁਰੂ ਕੀ ਗੋਲਕ ਤੱਕ ਵੀ ਪਹੁੰਚਾਇਆ ਕਰਦੇ ਸਨ।

ਭਾਵੇਂ ਸ੍ਰੀ ਗੁਰੂ ਰਾਮਦਾਸ ਜੀ ਕੋਲ ਬਹੁਤ ਸਾਰੇ ਰੁਝੇਵੇਂ ਸਨ ਪਰ ਉਨ੍ਹਾਂ ਦੀ ਤਰਜੀਹ ਹਮੇਸ਼ਾਂ ਹੀ ਕਾਰ-ਸੇਵਾ ਵਿਚ ਬਣੀ ਰਹਿੰਦੀ ਸੀ। ਵਕਤ ਮਿਲਣ 'ਤੇ ਉਹ ਆਪ ਵੀ ਟੋਕਰੀ ਚੁੱਕ ਲੈਂਦੇ ਅਤੇ ਇੱਟਾਂ, ਗਾਰੇ ਅਤੇ ਚੂਨੇ ਆਦਿ ਦੀ ਹੱਥੀਂ ਸੇਵਾ ਕਰਿਆ ਕਰਦੇ ਸਨ। ਇਹ ਸਭ ਕੁਝ ਉਹ ਕਿਰਤ ਦੇ ਸਿਧਾਂਤ ਨੂੰ ਵਡਿਆਉਣ ਅਤੇ ਪਕਿਆਉਣ ਲਈ ਵੀ ਕਰਦੇ ਸਨ। ਇਸ ਤਰ੍ਹਾਂ ਕਰਦਿਆਂ ਇਕ ਦਿਨ ਉਹ ਵੀ ਆ ਗਿਆ ਜਿਸ ਦਿਨ ਸ੍ਰੀ ਗੁਰੂ ਰਾਮਦਾਸ ਜੀ ਅਤੇ ਉਨ੍ਹਾਂ ਦੇ ਸਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੁਚੱਜੀ ਅਗਵਾਈ ਅਤੇ ਸੰਗਤਾਂ ਦੇ ਭਰਵੇਂ ਸਹਿਯੋਗ ਸਦਕਾ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਧਰਤੀ 'ਤੇ ਸਵਰਗ ਦੀ ਝਲਕ (ਸੱਚਖੰਡ ਦੇ ਰੂਪ 'ਚ) ਦਿਖਾਈ ਦੇਣ ਲੱਗ ਪਈ। ਅਜੋਕੇ ਸਮੇਂ ਵੀ ਇਹ ਸਥਾਨ ਰੱਬੀ ਸਿਫ਼ਤ-ਸਲਾਹ ਦਾ ਇਕ ਪ੍ਰਮੁੱਖ ਕੇਂਦਰ ਹੈ।

ਗੁਰੂ ਪਰਿਵਾਰ ਦੇ ਤਿੰਨਾਂ ਸਾਹਿਬਜ਼ਾਦਿਆਂ ਵਿੱਚੋਂ ਸਭ ਤੋਂ ਛੋਟੇ ਸ੍ਰੀ (ਗੁਰੂ) ਅਰਜਨ ਦੇਵ ਜੀ ਦੀਨ ਅਤੇ ਦੁਨੀਆ ਦੇ ਮਾਮਲੇ ਵਿਚ ਸਭ ਤੋਂ ਵਧੇਰੇ ਯੋਗ ਸਾਬਤ ਹੋਏ। ਜਿੱਥੇ ਉਹ ਪਰਵਾਰਿਕ ਪੱਖ ਤੋਂ ਪੂਰੇ ਜ਼ਿੰਮੇਵਾਰ ਸਨ ਉਥੇ ਉਹ ਅਧਿਆਤਮਿਕ ਪੱਖ ਤੋਂ ਵੀ ਸਰਬ-ਕਲਾ ਸਮਰੱਥ ਦਿਖਾਈ ਦਿੰਦੇ ਸਨ। ਇਸ ਸਮਰੱਥਾ ਕਾਰਨ ਹੀ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਗੁਰਿਆਈ ਦਾ ਤਿਲਕ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਲਗਾਇਆ ਗਿਆ। ਗੁਰੂ ਪਿਤਾ ਵੱਲੋਂ ਵੱਡੇ ਪੁੱਤਰ (ਪ੍ਰਿਥੀ ਚੰਦ) ਨੂੰ ਅਣਡਿੱਠ ਕਰ ਕੇ ਸਭ ਤੋਂ ਛੋਟੇ ਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਨਾਨਕ ਕੇ ਘਰ ਦੀ ਵਡਿਆਈ (ਗੁਰਗੱਦੀ) ਦਿੱਤੇ ਜਾਣ ਦਾ ਪ੍ਰਿਥੀ ਚੰਦ ਵੱਲੋਂ ਡੱਟਵਾਂ ਵਿਰੋਧ ਕੀਤਾ ਗਿਆ ਪਰ ਸ੍ਰੀ ਗੁਰੂ ਰਾਮਦਾਸ ਜੀ ਵੱਲੋ 'ਤਖਤਿ ਬਹੈ ਤਖਤੈ ਕੀ ਲਾਇਕ' ਦੀ ਕਸਵੱਟੀ ਨੂੰ ਆਧਾਰ ਬਣਾ ਕੇ ਕੇਵਲ ਯੋਗਤਾ ਨੂੰ ਹੀ ਪਹਿਲ ਦਿੱਤੀ ਗਈ।

ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆਪਣਾ ਗੱਦੀ-ਨਸ਼ੀਨ ਬਣਾ ਕੇ ਸ੍ਰੀ ਗੁਰੂ ਰਾਮਦਾਸ ਜੀ ਗੋਇੰਦਵਾਲ ਸਾਹਿਬ ਚਲੇ ਗਏ। ਕੁਝ ਦਿਨ ਇੱਥੇ ਟਿਕਾਣਾ ਕਰਨ ਤੋਂ ਬਾਅਦ ਅੱਸੂ ਮਹੀਨੇ ਦੇ ਦੂਜੇ ਦਿਨ ਮੁਤਾਬਕ ਸੰਮਤ 1638 (ਸਤੰਬਰ 1581 ਈ:) ਨੂੰ ਜੋਤੀ ਜੋਤ ਸਮਾ ਗਏ।

ਅਧਿਆਤਮਿਕ ਆਗੂ ਹੋਣ ਦੇ ਨਾਲ-ਨਾਲ ਸ੍ਰੀ ਗੁਰੂ ਰਾਮਦਾਸ ਜੀ ਇੱਕ ਉੱਚ ਕੋਟੀ ਦੇ ਬਾਣੀਕਾਰ ਵੀ ਸਨ ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵਾਲੇ 19 ਰਾਗਾਂ ਦੀ ਵਰਤੋਂ ਕਰਦਿਆਂ ਅਤੇ 11 ਹੋਰ ਰਾਗਾਂ ਸਮੇਤ ਕੁੱਲ 30 ਰਾਗਾਂ ਵਿਚ ਬਾਣੀ ਰਚੀ ਹੈ। ਇਹ ਬਾਣੀ ਬੜੇ ਹੀ ਅਦਬ ਅਤੇ ਸਤਿਕਾਰ ਨਾਲ ਪੜ੍ਹੀ/ਸੁਣੀ ਜਾਂਦੀ ਹੈ।

# ਸ੍ਰੀ ਗੁਰੂ ਹਰਿ ਰਾਇ ਜੀ

## ਜੋਤੀ ਜੋਤ ਦਿਵਸ 'ਤੇ ਵਿਸ਼ੇਸ਼

ਰਮੇਸ਼ ਬੱਗਾ ਚੋਹਲਾ
9463132719

ਸਿੱਖ ਧਰਮ ਬਾਕੀ ਧਰਮਾਂ ਨਾਲੋਂ ਉਮਰ ਵਿੱਚ ਬੇਸ਼ੱਕ ਕੁੱਝ ਛੁਟੇਰਾ ਹੈ, ਪਰ ਇਸ ਦੇ ਪੈਗੰਬਰਾਂ/ਗੁਰੂਆਂ ਵੱਲੋਂ ਮਨੁੱਖੀ ਆਤਮਾ ਦੇ ਵਿਕਾਸ ਹਿੱਤ ਜੋ ਫਿਲਾਸਫੀ ਦਿੱਤੀ ਗਈ ਹੈ, ਉਹ ਸਰਲਤਾ, ਸਹਿਜਤਾ ਅਤੇ ਸਮਾਜਿਕਤਾ ਦੇ ਕਾਫੀ ਨੇੜੇ ਹੈ। ਸਿੱਖੀ ਅਸਲ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਪ੍ਰਚਾਰੀ ਅਤੇ ਪ੍ਰਸਾਰੀ ਇੱਕ ਅਜਿਹੀ ਜੀਵਨ ਜਾਂਚ ਹੈ, ਜਿਸ ਨੂੰ ਅਪਣਾ ਕੇ ਕੋਈ ਵੀ ਵਿਅਕਤੀ ਜਿੱਥੇ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਸਫਲਤਾ ਪੂਰਵਕ ਨਿਭਾਅ ਸਕਦਾ ਹੈ, ਉੱਥੇ ਪਰਮ ਪਿਤਾ ਦੀ ਨੇੜ੍ਹਤਾ ਦਾ ਨਿੱਘ ਵੀ ਮਾਣ ਸਕਦਾ ਹੈ। ਗੁਰੂ ਸਾਹਿਬਾਨ ਨੇ ਇੱਕ ਅਜਿਹੀ ਉੱਚੀ ਤੇ ਸੁੱਚੀ ਵਿਚਾਰਧਾਰਾ ਮਨੁੱਖਤਾ ਨੂੰ ਬਖਸ਼ੀ ਹੈ, ਜੋ ਧਰਮ ਦੇ ਪਿੜ ਵਿਚਲੇ ਕਰਮਕਾਂਡੀ ਵਿਵਹਾਰ ਨੂੰ ਰੱਦ ਕਰਕੇ ਨਿਰੋਲ ਪ੍ਰੇਮ ਪੂਰਵਕ ਵਿਧਾਨ ਦਾ ਪੱਖ ਪੂਰਦੀ ਹੈ। ਇਸ ਵਿਧਾਨ ਦੀ ਪੁਸ਼ਟੀ ਜਿੱਥੇ ਦਸ ਪਾਤਸ਼ਾਹੀਆਂ ਨੇ ਆਪੋ-ਆਪਣੇ ਸਮਿਆਂ ਵਿੱਚ ਕੀਤੀ ਹੈ, ਉੱਥੇ ਉਨ੍ਹਾਂ ਭਗਤਾਂ, ਭੱਟਾਂ ਅਤੇ ਗੁਰੂ ਘਰ ਦੇ ਨਿਕਟਵਰਤੀਆਂ ਦਾ ਵੀ ਰੱਜਵਾਂ ਸਤਿਕਾਰ ਕੀਤਾ ਹੈ, ਜਿਨ੍ਹਾਂ ਦੀ ਅਧਿਆਤਮਕ ਸੋਚ ਇਸ ਵਿਧਾਨ ਦੇ ਨੇੜੇ ਲੱਗਦੀ ਸੀ।

ਦਸ ਗੁਰੂ ਸਾਹਿਬਾਨ ਨੇ ਆਪਣੇ-ਆਪਣੇ ਢੰਗ ਤਰੀਕਿਆਂ ਨਾਲ ਜਿੱਥੇ ਭਾਓ-ਭਗਤੀ ਦੇ ਵਿਧਾਨ ਨੂੰ ਸਾਰਥਿਕਤਾ ਪ੍ਰਦਾਨ ਕੀਤੀ ਹੈ, ਉੱਥੇ ਮਨੁੱਖੀ ਕਦਰਾਂ-ਕੀਮਤਾਂ ਦੀ ਵੀ ਡੱਟ ਕੇ ਪਹਿਰੇਦਾਰੀ ਕੀਤੀ ਹੈ। ਇਸ ਪਹਿਰੇਦਾਰੀ ਲਈ ਸੱਤਵੇਂ ਨਾਨਕ ਸਾਹਿਬ ਸ੍ਰੀ ਗੁਰੂ ਹਰਿਰਾਏ ਜੀ ਦਾ ਨਾਮ ਵੀ ਧੰਨਤਾ ਦੇ ਯੋਗ ਹੈ।

ਗੁਰੂ ਨਾਨਕ ਪਾਤਸ਼ਾਹ ਦੀ ਸੱਤਵੀਂ ਜੋਤ ਸ੍ਰੀ ਹਰਿ ਰਾਏ ਸਾਹਿਬ ਜੀ ਦਾ ਜਨਮ 16 ਜਨਵਰੀ 1630 ਈ. ਨੂੰ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਵੱਡੇ ਫਰਜੰਦ ਬਾਬਾ ਗੁਰਦਿੱਤਾ ਜੀ ਅਤੇ ਮਾਤਾ ਨਿਹਾਲ ਕੌਰ ਦੀ ਕੁੱਖੋਂ ਕੀਰਤਪੁਰ ਸਾਹਿਬ (ਹੁਸ਼ਿਆਰਪੁਰ) ਵਿੱਚ ਹੋਇਆ। ਗੁਰੂ ਸਾਹਿਬ ਦੇ ਬਚਪਨ ਦਾ ਸਮਾਂ ਕੀਰਤਪੁਰ ਸਾਹਿਬ ਵਿਖੇ ਹੀ ਬੀਤਿਆ। ਜਦੋਂ ਆਪ 8 ਕੁ ਸਾਲ ਦੇ ਹੋਏ, ਆਪ ਜੀ ਦੇ ਪਿਤਾ ਬਾਬਾ ਗੁਰਦਿੱਤਾ ਜੀ ਗੁਰਪੁਰੀ ਪਿਆਨਾ ਕਰ ਗਏ। ਉਮਰ ਦੇ ਅਗਲੇਰੇ 10 ਸਾਲ ਆਪ ਜੀ ਨੇ ਆਪਣੇ ਦਾਦਾ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਦੀ ਨਜ਼ਰਸਾਨੀ ਹੇਠ ਬਤੀਤ ਕੀਤੇ। ਇਸ ਨਜ਼ਰਸਾਨੀ ਸਦਕਾ ਹੀ ਆਪ ਦੇ ਵਿਅਕਤੀਤਵ ਵਿੱਚ ਦਾਦਾ ਗੁਰੂ ਵਾਲੀਆਂ ਸਿਫਤਾਂ ਪ੍ਰਤੀਬਿੰਬ ਹੁੰਦੀਆਂ ਰਹੀਆਂ ਹਨ।

ਗੁਰੂ ਹਰਿਰਾਏ ਸਾਹਿਬ ਨੇ ਆਪਣੀ ਪ੍ਰਾਇਮਰੀ ਤਲੀਮ ਭਾਈ ਦਰਗਾਹ ਮੱਲ ਤੋਂ ਹਾਸਲ ਕੀਤੀ ਅਤੇ ਸ਼ਸਤਰ ਕਲਾ ਭਾਈ ਬਿਧੀ ਚੰਦ ਛੀਨਾ ਤੋਂ ਗ੍ਰਹਿਣ ਕੀਤੀ। ਆਪ ਜੀ ਦੀ ਵਿਸ਼ੇਸ਼ ਲਗਨ ਅਤੇ ਮਿਹਨਤ ਅਤੇ ਉਸਤਾਦਾਂ ਦੀ ਸੰਜੀਦਗੀ ਕਰਨ ਤੇ ਆਪ 13-14 ਸਾਲ ਦੀ ਉਮਰ ਤੱਕ ਸ਼ਸ਼ਤਰ ਅਤੇ ਸ਼ਾਸਤਰ ਸਿੱਖਿਆ ਵਿੱਚ ਬਰਾਬਰਤਾ ਨਾਲ ਮੁਹਾਰਤ ਪ੍ਰਾਪਤ ਕਰ ਗਏ। ਆਪ ਜੀ ਦੇ ਉਸਤਾਦਾਂ ਵਿੱਚ ਪੁਰੋਹਿਤ ਜਾਤੀ ਮੱਲ ਦਾ ਨਾਮ ਵੀ ਜ਼ਿਕਰਯੋਗ ਹੈ।



ਸੱਤਵੇਂ ਪਾਤਸ਼ਾਹ ਜਿੱਥੇ ਗਿਆਨਵਾਨ, ਮਿੱਠੇ ਅਤੇ ਨਿੱਘੜੇ ਸੁਭਾਅ ਦੇ ਮਾਲਕ ਸਨ, ਉੱਥੇ ਉਨ੍ਹਾਂ ਦਾ ਹਿਰਦਾ ਵੀ ਬੜਾ ਕੋਮਲ ਅਤੇ ਤਰਸੀਲਾ ਸੀ। ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਇੱਕ ਵਾਰੀ ਕਰਤਾਰਪੁਰ ਦੇ ਬਾਗ ਵਿੱਚ ਸੈਰ ਕਰ ਰਹੇ ਸਨ, ਉਸ ਸਮੇਂ ਹਵਾ ਬੜੀ ਤੇਜੀ ਨਾਲ ਵੱਗ ਰਹੀ ਸੀ। ਹਵਾ ਦੇ ਕਾਰਨ ਆਪ ਜੀ ਦਾ ਜਾਮਾ ਕੁੱਝ ਬੂਟਿਆਂ ਨਾਲ ਉਲਝ ਗਿਆ। ਇਸ ਉਲਝਣ ਸਦਕਾ ਕੁੱਝ ਫੁੱਲ ਟਹਿਣੀ ਨਾਲੋਂ ਟੁੱਟ ਕੇ ਹੇਠਾਂ ਡਿੱਗ ਪਏ। ਟੁੱਟੇ ਫੁੱਲਾਂ ਨੂੰ ਦੇਖ ਕੇ ਗੁਰੂ ਸਾਹਿਬ ਦੇ ਕੋਮਲ ਹਿਰਦੇ ਨੂੰ ਬਹੁਤ ਠੇਸ ਪਹੁੰਚੀ। ਇੰਨੇ ਚਿਰ ਵਿੱਚ ਸ੍ਰੀ ਹਰਗੋਬਿੰਦ ਜੀ ਕੋਲ ਆਏ ਅਤੇ ਉਦਾਸੀ ਦਾ ਕਾਰਨ ਪੁੱਛਿਆ। ਆਪ ਜੀ ਨੇ ਕਿਹਾ ਕਿ ਸੱਚੇ ਪਾਤਸ਼ਾਹ ਮੇਰੇ ਖੁੱਲ੍ਹੇ ਜਾਮੇ ਨਾਲ ਅੜ੍ਹ ਕੇ ਇਹ ਵਿਚਾਰੇ ਨਿਰਦੋਸ਼ ਫੁੱਲ ਹੇਠਾਂ ਡਿੱਗ ਪਏ ਹਨ। ਇਸ ਮੌਕੇ 'ਤੇ ਛੇਵੇਂ ਪਾਤਸ਼ਾਹ ਨੇ ਇੱਕ ਉਪਦੇਸ਼ਮਈ ਜਵਾਬ ਦਿੰਦਿਆਂ ਕਿਹਾ ਕਿ ਜੇ ਜਾਮਾ ਵੱਡਾ ਪਹਿਨੀਏ ਤਾਂ ਸੰਭਲ ਕੇ ਤੁਰਨਾ ਚਾਹੀਦਾ ਹੈ। ਉਪਦੇਸ਼ ਬੜਾ ਸਪੱਸ਼ਟ ਸੀ ਕਿ ਜੇ ਜ਼ਿੰਮੇਵਾਰੀ ਵੱਡੀ ਚੁੱਕ ਲਈਏ ਤਾਂ ਤਾਕਤ ਦੀ ਵਰਤੋਂ ਸੋਚ ਸਮਝ ਕੇ ਕਰਨੀ ਚਾਹੀਦੀ ਹੈ। ਇਹ ਤਾਕਤ ਨਿਆਸਰਿਆਂ ਦਾ ਆਸਰਾ ਬਣਨੀ ਚਾਹੀਦੀ ਹੈ। ਸ੍ਰੀ ਗੁਰੂ ਹਰਿਰਾਏ ਜੀ ਨੇ ਆਪਣੇ ਦਾਦਾ ਗੁਰੂ ਜੀ ਦੇ ਉਪਦੇਸ਼ ਨੂੰ ਘੁੱਟ ਕੇ ਪੱਲ੍ਹੇ ਨਾਲ ਬੰਨ੍ਹ ਲਿਆ। ਸਾਰੀ ਹਯਾਤੀ ਇਸ ਉਪਦੇਸ਼ ਦੀ ਕਮਾਈ ਕੀਤੀ ਅਤੇ ਤਾਣ ਹੁੰਦਿਆਂ ਵੀ ਨਿਤਾਣੇ ਬਣੇ ਰਹੇ। ਗੁਰੂ ਸਾਹਿਬ ਸ਼ੇਖ ਫਰੀਦ ਜੀ ਦੇ ਇਹ ਬਚਨ ਬੜੇ ਪ੍ਰੇਮ ਨਾਲ ਉਚਾਰਿਆ ਕਰਦੇ ਸਨ :-

ਸਭਨਾ ਮਨ ਮਾਣਿਕ
ਠਾਹੁਣ ਮੂਲ ਮਚਾਂਗਣਾ॥
ਜੇ ਤਉ ਪਿਰੀਆ ਦੀ ਸਿੱਕ ਹਿਆਉ ਨਾ ਠਾਹੇ ਕਹੀਦਾ॥

ਇਸ ਤੋਂ ਇਲਾਵਾ ਉਹ ਸ਼ਬਦ 'ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਓ' ਵੀ ਬੜੇ ਵਿਸਮਾਦ ਵਿੱਚ ਗਾਇਆ ਕਰਦੇ ਸਨ।

ਸ੍ਰੀ ਗੁਰੂ ਹਰਿ ਰਾਏ ਸਾਹਿਬ ਦੀ ਸ਼ਾਦੀ ਅਨੂਪ ਸ਼ਹਿਰ (ਯੂ.ਪੀ.) ਦੇ ਵਸਨੀਕ ਸ੍ਰੀ ਦਇਆ ਰਾਮ ਦੀ ਸਪੁੱਤਰੀ ਬੀਬੀ ਕ੍ਰਿਸ਼ਨ ਕੌਰ ਜੀ ਨਾਲ ਹੋਈ।ਆਪ ਜੀ ਦੇ ਘਰ ਦੋ ਸਪੁੱਤਰ ਸ੍ਰੀ ਰਾਮ ਰਾਏ ਅਤੇ ਸ੍ਰੀ ਹਰਿਕ੍ਰਿਸ਼ਨ ਜੀ ਪੈਦਾ ਹੋਏ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ 3 ਮਾਰਚ 1644 ਈ. ਨੂੰ ਐਤਵਾਰ ਵਾਲੇ ਦਿਨ ਜੋਤੀ ਜੋਤ ਸਮਾ ਗਏ ਸਨ। ਉਸ ਤੋਂ ਪੰਜ ਦਿਨ ਬਾਅਦ 8 ਮਾਰਚ ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਭਾਈ ਭਾਨਾ (ਸਪੁੱਤਰ ਬਾਬਾ ਬੁੱਢਾ ਸਾਹਿਬ) ਜੀ ਨੇ ਗੁਰੂ ਹਰਿ ਰਾਏ ਜੀ ਨੂੰ ਗੁਰਿਆਈ ਦਾ ਤਿਲਕ ਲਗਾਇਆ। ਸੱਤਵੇਂ ਨਾਨਕ ਸ੍ਰੀ ਹਰਿ ਰਾਏ ਨੇ ਆਪਣੇ ਦਾਦਾ ਗੁਰੂ ਵਾਂਗ ਸਿੱਖਾਂ ਵਿੱਚੋਂ ਬੀਰ ਰਸ ਨੂੰ ਮੱਧਮ ਨਹੀਂ ਪੈਣ ਦਿੱਤਾ।2000 ਤੋਂ ਵੀ ਵਧੇਰੇ ਸੈਨਿਕ ਜਿੱਥੇ ਯੁੱਧ ਕਲਾਵਾਂ ਦਾ ਅਕਸਰ ਅਭਿਆਸ ਕਰਦੇ ਰਹਿੰਦੇ ਸਨ, ਉੱਥੇ ਕਿਸੇ ਵੀ ਔਖੀ ਘੜੀ ਦਾ ਸਾਹਮਣਾ ਕਰਨ ਲਈ ਸਦਾ ਚੜ੍ਹਦੀ ਕਲਾ ਵਿੱਚ ਰਹਿੰਦੇ ਸਨ।

ਆਪ ਜੀ ਵੱਲੋਂ ਗੁਰੂ ਦੇ ਲੰਗਰ ਲਈ ਇੱਕ ਵਿਸ਼ੇਸ਼ ਹਦਾਇਤ ਸੀ ਕਿ ਭੁੱਖ ਦਾ ਕੋਈ ਸਮਾਂ ਨਹੀਂ ਹੁੰਦਾ, ਜਦੋਂ ਵੀ ਕੋਈ ਲੋੜਵੰਦ ਲੰਗਰ ਵਿੱਚ ਆ ਜਾਵੇ, ਉਸ ਨੂੰ ਪ੍ਰਸ਼ਾਦਾ ਪਾਣੀ ਤਿਆਰ ਕਰਕੇ ਛਕਾਇਆ ਜਾਵੇ। ਆਪ ਇੰਨੇ ਰਹਿਮ ਦਿਲ ਸਨ ਕਿ ਕਿਸੇ ਵੀ ਦੁੱਖੀ ਦੇ ਦੁੱਖ ਨੂੰ ਸਹਿਣ ਨਹੀਂ ਸਨ ਕਰ ਸਕਦੇ। ਇਸ ਲਈ ਰੋਗੀਆਂ ਨੂੰ ਨਿਰੋਗ ਕਰਨ ਲਈ ਉਨ੍ਹਾਂ ਨੇ ਇੱਕ ਦਵਾਖਾਨਾ ਵੀ ਖੋਲ੍ਹਿਆ ਹੋਇਆ ਸੀ। ਇਸ ਦਵਾਖਾਨੇ ਵਿੱਚੋਂ ਗਰੀਬਾਂ ਅਤੇ ਲੋੜਵੰਦਾਂ ਨੂੰ ਦਵਾਈਆਂ ਮੁਫਤ ਦਿੱਤੀਆਂ ਜਾਂਦੀਆਂ ਸਨ। ਮੁਗਲ ਬਾਦਸ਼ਾਹ ਸ਼ਾਹਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਵੀ ਉਨ੍ਹਾਂ ਵੱਲੋਂ ਦਿੱਤੀਆਂ ਦਵਾਈਆਂ ਦੀ ਬਦੌਲਤ ਹੀ ਸਿਹਤਯਾਬ ਹੋਇਆ ਸੀ। ਇੱਥੇ ਹੀ ਬੱਸ ਨਹੀਂ, ਲੋੜ ਪੈਣ 'ਤੇ ਗੁਰੂ ਸਾਹਿਬ ਨੇ ਦਾਰਾ ਸ਼ਿਕੋਹ ਦੀ ਮੱਦਦ ਵੀ ਕੀਤੀ।

ਜਦੋਂ ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਦਿੱਲੀ ਬੁਲਾਇਆ ਤਾਂ ਆਪ ਨੇ ਆਪਣੇ ਜੇਠੇ ਪੁੱਤਰ ਰਾਮਰਾਇ ਨੂੰ ਭੇਜ ਦਿੱਤਾ ਅਤੇ ਨਾਲ ਹੀ ਹਦਾਇਤ ਕੀਤੀ ਕਿ ਔਰੰਗਜ਼ੇਬ ਦੇ ਦਰਬਾਰ ਵਿੱਚ ਜਾ ਕੇ ਜੋ ਵੀ ਬਚਨ ਬਿਲਾਸ ਕਰਨੇ ਹਨ, ਉਹ ਗੁਰੂ ਨਾਨਕ ਪਾਤਸ਼ਾਹ ਦੇ ਆਸ਼ੇ ਦੇ ਅਨੁਸਾਰੀ ਹੋਣੇ ਚਾਹੀਦੇ ਹਨ, ਪਰ ਗੁਰੂ ਸਾਹਿਬ ਦੀ ਹਦਾਇਤ ਦੇ ਉਲਟ ਰਾਮ ਰਾਇ ਨੇ ਬਾਦਸ਼ਾਹ ਨੂੰ ਖੁਸ਼ ਕਰਨ ਹਿੱਤ ਰੱਬੀ ਬਾਣੀ ਵਿੱਚ ਹੇਰ-ਫੇਰ ਕਰਦਿਆਂ ਮਿੱਟੀ ਮੁਸਲਮਾਨ ਦੀ ਵਾਲੀ ਪੰਕਤੀ ਨੂੰ ਮਿੱਟੀ ਬੇਈਮਾਨ ਦੀ ਕਹਿ ਕੇ ਬਾਦਸ਼ਾਹ ਨੂੰ ਤਾਂ ਖੁਸ਼ ਕਰ ਲਿਆ ਪਰ ਗੁਰੂ ਨਾਨਕ ਦੇ ਘਰ ਨਾਲ ਸਦਾ ਵਾਸਤੇ ਨਰਾਜ਼ਗੀ ਮੁੱਲ ਲੈ ਲਈ।

ਗੁਰੂ ਹਰਿਰਾਏ ਸਾਹਿਬ ਨੂੰ ਰਾਮ ਰਾਇ ਦੀ ਇਸ ਕਾਰਵਾਈ ਨਾਲ ਬੜਾ ਦੁੱਖ ਹੋਇਆ ਅਤੇ ਉਨ੍ਹਾਂ ਨੇ ਫੈਸਲਾ ਕੀਤਾ ਕਿ ਉਹ ਸਾਰੀ ਉਮਰ ਉਸ ਨੂੰ ਮੂੰਹ ਨਹੀਂ ਲਗਾਉਣਗੇ। ਇਸੇ ਕਰਕੇ ਉਨ੍ਹਾਂ ਨੇ ਗੁਰਗੱਦੀ ਦਾ ਹੱਕਦਾਰ ਆਪਣੇ ਛੋਟੇ ਪੁੱਤਰ ਸ੍ਰੀ (ਗੁਰੂ) ਹਰਿਕ੍ਰਿਸ਼ਨ ਨੂੰ ਬਣਾਇਆ ਸੀ। ਗੁਰੂ ਹਰਿਰਾਏ ਸਾਹਿਬ ਦਾ ਅਖਰੀਲਾ ਸਮਾਂ ਕੀਰਤਪੁਰ ਸਾਹਿਬ ਵਿੱਚ ਹੀ ਬੀਤਿਆ। 6 ਅਕਤੂਬਰ 1661 ਈ. (ਸੰਮਤ 1718) ਦਿਨ ਐਤਵਾਰ ਵਾਲੇ ਦਿਨ ਜੋਤੀ ਜੋਤ ਸਮਾ ਗਏ। ਆਪ ਜੀ ਦਾ ਅੰਤਿਮ ਸਸਕਾਰ ਸਤਿਲੁਜ ਦਰਿਆ ਦੇ ਕੰਢੇ ਪਾਤਾਲਪੁਰੀ ਵਿੱਚ ਕੀਤਾ ਗਿਆ।

# • ਪੰਜਾਬੀ ਫ਼ਿਲਮ ਦਰਪਣ •

## ਨੀਰੂ ਬਾਜਵਾ, ਘੁੱਗੀ ਤੇ ਦੇਵ ਖਰੋੜ ਦੀ ਫ਼ਿਲਮ "ਮਧਾਣੀਆਂ"



ਪੰਜਾਬੀ ਫ਼ਿਲਮਾਂ ਦਾ ਵਿਸ਼ਾ ਵਸਤੂ ਬਦਲ ਰਿਹਾ ਹੈ ਤੇ ਨਵ ਬਾਜਵਾ ਸੁਨੱਖਾ ਹੀਰੋ ਤੇ ਨਿਰਦੇਸ਼ਕ ਇਸ ਵੇਲੇ ਫ਼ਿਲਮ "ਮਧਾਣੀਆਂ" ਬਣਾ ਰਿਹਾ ਹੈ ਨਵ ਨੇ ਇਸ ਦੀ ਕਹਾਣੀ ਆਪ ਤਿਆਰ ਕੀਤੀ ਹੈ ਤੇ ਜਿੱਥੇ ਉਹ ਫ਼ਿਲਮ ਵਿੱਚ ਅਦਾਕਾਰੀ ਕਰੇਗਾ ਉਥੇ ਉਸ ਨੇ ਦੇਵ ਖਰੋੜ ਨੂੰ ਲਿਆ ਹੈ। ਦੇਵ ਖਰੋੜ ਦੀ ਇਹ ਵੱਖਰੀ ਦਿੱਖ ਫ਼ਿਲਮ ਪੇਸ਼ ਕਰੇਗੀ ਤੇ ਨਾਲ ਗੁਰਪ੍ਰੀਤ ਘੁੱਗੀ ਵੀ ਅਹਿਮ ਭੂਮਿਕਾ ਨਿਭਾ ਰਹੇ ਹਨ। ਫ਼ਿਲਮ ਦੀ ਨਾਇਕਾ ਨੀਰੂ ਬਾਜਵਾ ਹੈ। ਦੇਵ ਖਰੋੜ ਇਸ ਚਣੌਤੀ ਨੂੰ ਸਵੀਕਾਰ ਕਰ ਦਰਸ਼ਕਾਂ ਨੂੰ ਅਹਿਸਾਸ ਹੈਕਰਵਾ ਦੇਣਗੇ ਕਿ ਉਹ ਐਕਸ਼ਨ ਹੀਰੋ ਦੇ ਨਾਲ ਬੇਜੋੜ ਅਭਿਨੇਤਾ ਵੀ ਹਨ। ਬਾਕੀ ਨੀਰੂ ਬਾਜਵਾ ਅੱਜ ਵੀ ਸੋਲਾਂ ਸਾਲ ਦੀ ਲੱਗਦੀ ਹੈ। ਬਾਕੀ ਨਵ ਬਾਜਵਾ ਫ਼ਿਲਮ ਨੂੰ ਹਰ ਪੱਖ ਤੋਂ ਮਨੋਰੰਜਨ ਭਰਪੂਰ ਬਣਾ ਦੇਣਗੇ ਇਹੀ ਉਮੀਦ ਹੈ। ਦੀਵਾਲੀ ਤੇ ਇਹ ਨਵ ਬਾਜਵਾ ਦਾ ਤੋਹਫ਼ਾ ਨੀਰੂ ਤੇ ਦੇਵ ਦੇ ਨਾਲ ਘੁੱਗੀ ਲਈ ਵੀ ਅਮੁੱਲ ਹੈ।

## "ਮੀਆਂ ਬੀਵੀ ਰਾਜੀ ਤੇ ਕੀ ਕਰਨਗੇ ਭਾਜੀ" ਰਾਜਨ ਬੱਤਰਾ ਕਰਨਗੇ ਰਲੀਜ਼




ਬੱਤਰਾ ਸ਼ੋਅਬਿਜ ਫਿਰ ਪਾਲੀਵੁੱਡ ਵਿੱਚ ਸਰਗਰਮ ਹੋਈ ਹੈ ਤੇ ਸਨੇਹ ਮਹਿਤਾ ਅਨਿਲ ਮਹਿਤਾ ਦੀ ਨਵੀਂ ਫ਼ਿਲਮ "ਮੀਆਂ ਬੀਵੀ ਰਾਜੀ ਤੇ ਕੀ ਕਰਨਗੇ ਭਾਜੀ" ਦੀਵਾਲੀ ਬਾਅਦ ਇਸ ਨਵੰਬਰ ਨੂੰ ਆ ਰਹੀ ਹੈ। ਰਾਜਨ ਬੱਤਰਾ ਪਾਲੀਵੁੱਡ ਦੇ ਦਿੱਗਜ ਵਿਤਰਕ ਹਨ ਤੇ ਉਹ ਇਸ ਫ਼ਿਲਮ ਨੂੰ ਰਲੀਜ਼ ਕਰਨਗੇ। ਫ਼ਿਲਮ ਵਿੱਚ ਸ਼ਹਿਨਾਜ਼ ਸੇਹਰ ਹੀਰੋਇਨ ਹੈ ਤੇ ਨਾਲ ਹੀਰੋ ਯੁਵਰਾਜ ਹੰਸ ਹੈ। ਫ਼ਿਲਮ ਦੇ ਨਾਚ ਨਿਰਦੇਸ਼ਕ ਪੱਪੂ ਖੰਨਾ ਹਨ ਜਦ ਕਿ ਪਿੱਠਵਰਤੀ ਸੰਗੀਤ ਮਨੋਜ ਸਿੰਘ ਨੇ ਤਿਆਰ ਕੀਤਾ ਹੈ। ਫ਼ਿਲਮ ਦੇ ਪੋਸਟਰ ਨੂੰ ਮਿਲ ਰਹੇ ਹੁੰਗਾਰੇ ਨੇ ਸਪੱਸ਼ਟ ਕੀਤਾ ਹੈ ਕਿ ਫ਼ਿਲਮ ਚਲੇਗੀ ਤੇ ਦਰਸ਼ਕ ਇਸ ਤੋਂ ਪੈਸਾ ਵਸੂਲ ਟਿਕਟ ਦਾ ਕਰਨਗੇ। ਫ਼ਿਲਮ ਦੇ ਗੀਤ ਕਾਲਾ ਨਿਜ਼ਾਮਪੁਰੀ ਨੇ ਲਿਖੇ ਹਨ ਤੇ ਇਸ ਤਰ੍ਹਾਂ ਫ਼ਿਲਮ ਸੰਗੀਤਕ ਵੀ ਕਾਫੀ ਹੋਏਗੀ ਤੇ ਬਾਕੀ ਹਸਾ ਹਸਾ ਕਿ ਲੋਟ ਪੋਟ ਵੀ ਕਰੇਗੀ।

## ਗੋਗੀ ਘੁਮਾਣ ਦੇ ਗਾਣੇ ਇੱਕ ਤੋਂ ਬਾਅਦ ਇੱਕ



ਕੁਲਦੀਪ ਪਾਰਸ ਨਾਲ ਕੀਤੀਆਂ ਸਟੇਜਾਂ ਨੇ ਨਿੱਖਰ ਕਿ ਲਿਆਂਦਾ ਹੈ ਆਵਾਜ਼ ਦੇ ਧਨੀ ਗਾਇਕ ਗੋਗੀ ਘੁਮਾਣ ਨੂੰ ਜਿਸ ਦੀ ਆਵਾਜ਼ ਹਰ ਤਰਾਂ ਦੇ ਗੀਤ ਗਾ ਕਿ ਕਾਮਯਾਬੀ ਪ੍ਰਾਪਤ ਕਰ ਰਹੀ ਹੈ। ਪ੍ਰਵਾਸੀ ਗਾਇਕ ਗੋਗੀ ਘੁਮਾਣ ਨੇ ਹੁਣ ਪੰਦਰਾਂ ਦਿਨ ਬਾਅਦ ਨਵਾਂ ਗਾਣਾ ਦੇਣ ਦਾ ਮਨ ਬਣਾਇਆ ਹੈ। ਉਹ ਆਪਣਾ ਗਾਇਕੀ ਕੈਰੀਅਰ ਮਜ਼ਬੂਤ ਕਰਨ ਲਈ ਅਮਰੀਕਾ ਦੇ ਸੰਗੀਤਕਾਰਾਂ ਤੇ ਗਾਇਕ ਲੋਕਾਂ ਦੀ ਸਲਾਹ ਲੈਂਦਾ ਹੈ। ਖੁਦ ਉਹ ਗੀਤ ਲਿਖ ਲੈਂਦਾ ਹੈ ਤੇ ਤਰਜ਼ ਵੀ ਬਣਾ ਲੈਂਦਾ ਹੈ। ਗੋਗੀ ਘੁਮਾਣ ਨੇ "ਬਿਟਰ ਤਰੁੱਥ" ਨਾਲ ਕਾਫ਼ੀ ਪ੍ਰਸਿੱਧੀ ਹਾਸਲ ਕੀਤੀ ਹੈ ਤੇ ਹੁਣ ਉਹ ਦੋਗਾਣੇ ਵੀ ਕਰ ਰਿਹਾ ਹੈ। ਗੋਗੀ ਘੁਮਾਣ ਨੇ ਫ਼ਿਲਮ ਛੱਡ ਦਿੱਤੀ ਸੀ ਕਿਉਂ ਕਿ ਅਚਾਨਕ ਯੂ ਐਸ ਏ ਆਓਣ ਦਾ ਉਸ ਦਾ ਪ੍ਰੋਗਰਾਮ ਬਣ ਗਿਆ ਸੀ। ਗੋਗੀ ਘੁਮਾਣ ਹੁਣ ਫਿਰ ਸਰਗਰਮ ਹੈ ਤੇ ਨਿਸ਼ਾਨਾ ਅਗਲਾ ਫ਼ਿਲਮਾਂ ਹੀ ਹਨ। ਬੌਬੀ ਉੱਤਮ ਤੇ ਵਿਜੇ ਪਾਹਵਾ ਉਸ ਦੇ ਪੰਜਾਬ ਤੋਂ ਸੰਗੀਤ ਤੇ ਵੀਡਿਓ ਦੇ ਸਾਥੀ ਹਨ। ਦੀਵਾਲੀ ਤੇ ਉਹ ਨਵਾਂ ਗੀਤ ਰਲੀਜ਼ ਕਰਨ ਵਾਲਾ ਹੈ।

## ਕੁਲਜੀਤ ਗ਼ਜ਼ਲ ਪੰਜਾਬੀਅਤ ਦੀ ਸ਼ਾਨ ਹੈ



ਬਹੁਤ ਪਿਆਰੀ ਕਵਿੱਤਰੀ ਕੁਲਜੀਤ ਕੌਰ ਗ਼ਜ਼ਲ ਹੈ ਤੇ ਗ਼ਜ਼ਲ ਜਿਹੀ ਪਿਆਰੀ ਉਸ ਦੀ ਸਖਸ਼ੀਅਤ ਹੈ। ਸਾਹਿਤ ਉਸ ਦੇ ਖ਼ੂਨ ਵਿੱਚ ਰਚਿਆ ਹੋਇਆ ਹੈ ਤੇ ਗੀਤ ਉਸ ਦੇ ਦਿਲ ਦੀ ਤਰਜ਼ਮਾਨੀ ਕਰਦੇ ਹਨ। ਆਸਟ੍ਰੇਲੀਆ ਰਹਿ ਕਿ ਕਿਸ ਕਦਰ ਉਹ ਪੰਜਾਬੀ ਭਾਸ਼ਾ, ਸੱਭਿਆਚਾਰ ਤੇ ਸੰਗੀਤ ਨੂੰ ਉਤਸ਼ਾਹਿਤ ਕਰ ਰਹੀ ਹੈ ਤਰੀਫ ਦੇ ਕਾਬਿਲ ਹੈ। ਮਧੂ ਤਨਹਾ ਜਿਹੀ ਸ਼ਾਇਰ ਉਸ ਦੀ ਮਿੱਤਰ ਹੈ। ਕੁਲਜੀਤ ਕੌਰ ਗ਼ਜ਼ਲ ਦੇ ਗੀਤ ਤੇ ਗ਼ਜ਼ਲ ਬਿਲਕੁਲ ਗੁਲਜ਼ਾਰ ਦੇ ਗੀਤਾਂ ਦੀ ਤਰਾਂ ਫ਼ਿਲਮਾਂ ਦਾ ਹਿੱਸਾ ਬਣ ਸਕਦੇ ਹਨ। ਉਹ ਕਿਸੇ ਵੀ ਸਥਿਤੀ ਤੇ ਕਾਫੀ, ਗੀਤ, ਗ਼ਜ਼ਲ ਤੇ ਕਵਾਲੀ ਫ਼ਿਲਮਾਂ ਲਈ ਲਿਖ ਸਕਦੀ ਹੈ।

## ਗੁਰਦੀਪ ਸਿੰਘ ਸੰਧੂ ਤਹਿਸੀਲਦਾਰ ਸ਼ਾਹਕੋਟ ਦੀ "ਰਾਮ" ਬਣ ਸਿਲਵਰ ਜੁਬਲੀ

ਪੰਜਾਬ ਦੇ ਅੰਗਰੇਜ਼ੀ ਮੀਡੀਆ ਨੇ ਸ਼ਾਹਕੋਟ ਦੇ ਤਹਿਸੀਲਦਾਰ ਗੁਰਦੀਪ ਸਿੰਘ



ਸੰਧੂ ਨੂੰ ਜਨਤਾ ਦੇ ਰੂ ਬ ਰੂ ਕਲਾਕਾਰ ਤੌਰ ਤੇ ਕਰ ਕਮਾਲ ਕਰ ਦਿਖਾਈ ਹੈ। ਪਤਾ ਚਲਿਆ ਕਿ ਕਾਰਜਕਾਰੀ ਮੈਜਿਸਟਰੇਟ ਨਕੋਦਰ ਤੇ ਤਹਿਸੀਲਦਾਰ ਸ਼ਾਹਕੋਟ ਗੁਰਦੀਪ ਸਿੰਘ ਸੰਧੂ ਬੇਹਤਰੀਨ ਕਲਾਕਾਰ ਵੀ ਹਨ। ਉਹ ਢਿੱਲਵਾਂ ਦੀ ਰਾਮ ਲੀਲਾ ਵਿੱਚ ਰਾਮ ਬਣਨ ਦੀ ਸਿਲਵਰ ਜੁਬਲੀ ਮਨਾ ਚੁੱਕੇ ਹਨ। ਕਈ ਵੀਡਿਓ ਗੀਤਾਂ ਦੇ ਮਾਡਲ ਤੇ ਦੂਰਦਰਸ਼ਨ ਦੇ ਡਰਾਮਾ ਨਾਇਕ ਰਹੇ ਤਹਿਸੀਲਦਾਰ ਗੁਰਦੀਪ ਸਿੰਘ ਸੰਧੂ ਬਾਬਤ ਟ੍ਰਿਬਿਊਨ ਦੀ ਅਪਰਣਾ ਬੈਨਰਜੀ ਨੇ ਖਾਸ ਮੈਟਰ ਲਿਖਿਆ। ਗੁਰਦੀਪ ਸਿੰਘ ਸੰਧੂ "ਇਸ਼ਕ ਮੁਹੱਬਤ" ਫ਼ਿਲਮ ਦੇ ਹੀਰੋ ਹਨ ਤੇ ਬਲਕਾਰ ਅਣਖੀਲਾ ਮਨਜਿੰਦ ਰ ਗੁਲਸ਼ਨ ਦੇ ਐਲਬਮ ਦੋਗਾਣੇ ਦੇ ਵੀ ਹੀਰੋ ਰਹੇ ਹਨ। ਤਹਿਸੀਲਦਾਰ ਤੇ ਕਲਾਕਾਰ, ਰਾਮ ਲੀਲਾ ਤੇ ਲਗਾਤਾਰ 25 ਸਾਲ ਰਾਮ ਵਾਹ ਤੇ ਰਾਮ ਜੀ ਦੀ ਵੀ ਲੱਗਦਾ ਉਹਨਾਂ ਤੇ ਪੂਰੀ ਦਯਾ ਦ੍ਰਿਸ਼ਟੀ ਹੈ।

## ਅਸ਼ੋਕ ਪੁਰੀ, ਫਿਲਮੀ ਗੱਲ ਅੱਗੇ ਤੁਰੀ ਤੇ ਹੋਊ ਪੁਰੀ-ਪੁਰੀ



ਇੱਕ ਦਮ ਜਿਵੇਂ ਸ਼ੇਅਰ ਬਾਜ਼ਾਰ ਵਿੱਚ ਉਛਾਲ ਆਉਂਦਾ ਹੈ ਐਕਟਰ ਅਸ਼ੋਕ ਪੁਰੀ ਨਾਲ ਵੀ ਇੰਜ ਹੀ ਹੀ ਹੋ ਰਿਹਾ ਹੈ। ਦਰਜਨ ਪੰਜਾਬੀ ਫ਼ਿਲਮਾਂ ਤੇ ਸੈਂਕੜੇ ਟੈਲੀ ਫ਼ਿਲਮਾਂ ਤੇ ਸ਼ੋਰਟ ਫ਼ਿਲਮਾਂ ਦੇ ਅਭਿਨੇਤਾ ਅਸ਼ੋਕ ਪੁਰੀ ਨੇ ਡੀ ਡੀ ਪੰਜਾਬੀ ਤੇ "ਰੱਖੜੀ" ਫ਼ਿਲਮ ਕੀਤੀ ਜਿਸ ਨੂੰ ਹੱਥੀਂ ਛਾਂ ਓਟ ਬਜ਼ਾਰ ਨੇ ਕੀਤੀ ਹੈ। ਇਧਰ ਓਹਨਾਂ ਦੀ ਫ਼ਿਲਮ "ਕਰਮੀ ਆਪੋ ਆਪਣੀ" ਕਰਨ ਸਿੰਘ ਮਾਨ ਨਿਰਦੇਸ਼ਤ ਆ ਰਹੀ ਦੀਵਾਲੀ ਦਾ ਤੋਹਫ਼ਾ ਹੈ। ਵੱਡੀ ਗੱਲ ਕਿ ਇੱਕ ਹੋਰ ਫ਼ਿਲਮ ਉਹ ਕਰ ਰਹੇ ਹਨ ਤੇ ਅਵਿਨਾਸ਼ ਰਾਏ ਖੰਨਾ ਦੀ ਕਹਾਣੀ ਤੇ ਫ਼ਿਲਮ ਬਣਾ ਰਹੇ ਹਨ। ਅਹਿਮ ਗੱਲ ਕਿ ਓਹਨਾਂ ਨੇ ਸੰਜੇ ਮਿਸ਼ਰਾ ਦੀ ਹਿੰਦੀ, ਤਮਿਲ, ਤੇਲਗੂ, ਮਲਿਆਲਮ ਤੇ ਕੰਨੜ ਵਿੱਚ ਬਣ ਰਹੀ ਫ਼ਿਲਮ "ਕਹੀ ਭੀ ਕਭੀ ਭੀ" ਵਿੱਚ ਐਮ ਐਲ ਏ ਦੀ ਭੂਮਿਕਾ ਕਰ ਲਈ ਹੈ। ਗੱਲ ਕੀ ਸਦਕੇ ਜਾਵਾਂ ਅਸ਼ੋਕ ਪੁਰੀ ਦੇ ਕਿ ਬੱਲੇ ਬੱਲੇ ਜਾਰੀ ਹੈ, ਇਸ ਤੋਂ ਵਧੀਆ ਹੋਰ ਕੀ ਦੀਵਾਲੀ ਹੋਏਗੀ।

-ਅੰਮ੍ਰਿਤ ਪਵਾਰ

## ਬਾਬਾ ਬੁੱਢਾ ਦਲ ਗਲਾਸਗੋ ਨੇ ਮਨਾਇਆ ਬਾਬਾ ਬੁੱਢਾ ਜੀ ਦਾ ਜਨਮ ਦਿਹਾੜਾ ਹਰਜੀਤ ਸਿੰਘ ਖਹਿਰਾ ਤੇ ਰੇਸ਼ਮ ਸਿੰਘ ਕੂਨਰ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ



ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) ਬਾਬਾ ਬੁੱਢਾ ਦਲ ਗਲਾਸਗੋ ਵੱਲੋਂ ਐਲਬਰਟ ਡਰਾਈਵ ਗੁਰਦੁਆਰਾ ਸਾਹਿਬ ਵਿਖੇ ਸਿੱਖ ਧਰਮ ਵਿੱਚ ਸਤਿਕਾਰਤ ਸਖਸ਼ੀਅਤ ਬਾਬਾ ਬੁੱਢਾ ਜੀ ਦਾ ਜਨਮ ਦਿਹਾੜਾ ਸ਼ਰਧਾਪੂਰਵਕ ਮਨਾਇਆ ਗਿਆ। ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਨੂੰ ਸੰਬੋਧਨ ਦੌਰਾਨ ਬੀਬੀ ਜਸਪ੍ਰੀਤ ਕੌਰ ਵੱਲੋਂ ਇਸ ਦਿਹਾੜੇ ਦੀ ਵਧਾਈ ਦੇਣ ਦੇ ਨਾਲ-ਨਾਲ ਬਾਬਾ ਬੁੱਢਾ ਜੀ ਦੇ ਜੀਵਨ ਬਾਰੇ ਵਿਸਥਾਰਪੂਰਵਕ ਦੱਸਿਆ। ਇਸ ਉਪਰੰਤ ਗੁਰੂ ਘਰ ਦੇ ਵਜੀਰ ਭਾਈ ਅਮਰੀਕ ਸਿੰਘ, ਭਾਈ ਮਨਪ੍ਰੀਤ ਸਿੰਘ ਤੇ ਭਾਈ ਗਗਨਦੀਪ ਸਿੰਘ ਦੇ ਜੱਥੇ ਵੱਲੋਂ ਕੀਰਤਨ ਤੇ ਕਥਾ ਵਿਚਾਰ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਉਪਰੰਤ ਵਿਸ਼ਵ ਪ੍ਰਸਿੱਧ ਜਾਗੋ ਵਾਲੇ ਜੱਥੇ ਵੱਲੋਂ ਇੱਕ ਤੋਂ ਬਾਅਦ ਇੱਕ ਕਵੀਸ਼ਰੀ ਰਾਹੀਂ ਸੰਗਤਾਂ ਨੂੰ ਗੁਰਇਤਿਹਾਸ ਨਾਲ ਜੋੜਿਆ। ਬਾਬਾ ਬੁੱਢਾ ਦਲ ਦੇ ਸੇਵਾਦਾਰਾਂ ਵੱਲੋਂ ਪਿਛਲੇ ਤਿੰਨ ਦਿਨਾਂ ਤੋਂ ਨਿਰੰਤਰ ਸੇਵਾ ਕਾਰਜਾਂ ਵਿੱਚ ਹਿੱਸਾ ਲਿਆ ਜਾਂਦਾ ਰਿਹਾ। ਦਲ ਦੇ ਮੁੱਖ ਸੇਵਾਦਾਰ ਹਰਜੀਤ ਸਿੰਘ ਖਹਿਰਾ ਤੇ ਰੇਸ਼ਮ ਸਿੰਘ ਕੂਨਰ ਵੱਲੋਂ ਦੂਰ ਦੁਰੇਡੇ ਤੋਂ ਪਹੁੰਚੀਆਂ ਸੰਗਤਾਂ, ਸਮੂਹ ਸੇਵਾਦਾਰਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ, ਜਿਹਨਾਂ ਦੇ ਸਹਿਯੋਗ ਨਾਲ ਸਮਾਗਮ ਸਫਲਤਾਪੂਰਵਕ ਨੇਪਰੇ ਚੜ੍ਹਿਆ।

# ਬਾਸਕਟਬਾਲ ਦਾ ਬਾਦਸ਼ਾਹ ਲੇਬਰਾਨ ਜੇਮਸ

## ਵਿਸ਼ਵ ਦੇ ਮਹਾਨ ਖਿਡਾਰੀ

ਪ੍ਰਿੰ. ਸਰਵਣ ਸਿੰਘ



ਲੇਬਰਾਨ ਜੇਮਸ ਨੇ ਓਲੰਪਿਕ ਖੇਡਾਂ 'ਚੋਂ ਇਕ ਬਰਾਂਜ਼ ਤੇ ਤਿੰਨ ਗੋਲਡ ਮੈਡਲ ਜਿੱਤੇ ਹਨ। ਚਾਰ ਵਾਰ ਐੱਨਬੀਏ ਦੀ ਚੈਂਪੀਅਨਸ਼ਿਪ ਜਿੱਤਿਆ ਤੇ ਅੱਠ ਵਾਰ ਐੱਨਬੀਏ ਦੇ ਫਾਈਨਲ ਮੈਚ ਖੇਡਿਆ ਹੈ। ਚਾਰ ਵਾਰ ਉਸ ਨੂੰ ਬਾਸਕਟਬਾਲ ਦਾ ਸਭ ਤੋਂ ਮੁੱਲਵਾਨ ਖਿਡਾਰੀ ਹੋਣ ਦਾ ਖ਼ਿਤਾਬ ਮਿਲਿਆ। 2024 ਦੀਆਂ ਓਲੰਪਿਕ ਖੇਡਾਂ ਦਾ ਵੀ ਉਹ ਐੱਮਵੀਐੱਸ ਹੈ ਮਤਲਬ ਮੋਸਟ ਵੈਲਿਊਏਬਲ ਖਿਡਾਰੀ। ਖੇਡ ਦੇ ਸਿਰ 'ਤੇ ਬਿਲੀਅਨ ਡਾਲਰਾਂ ਤੋਂ ਵੱਧ ਨਾਵਾਂ ਕਮਾ ਚੁੱਕੈ। 2003 ਤੋਂ ਉਹ ਐੱਨਬੀਏ 'ਚ ਖੇਡਣ ਲੱਗਾ ਸੀ ਅਤੇ ਉਮਰ ਦੇ 40ਵੇਂ ਸਾਲ ਵਿਚ ਵੀ ਖੇਡ ਰਿਹੈ। 2005 ਤੋਂ 2024 ਤਕ ਵੀਹ ਵਾਰ ਉਹ ਐੱਨਬੀਏ ਦੀ ਆਲ ਸਟਾਰ ਟੀਮ ਵਿਚ ਚੁਣਿਆ ਗਿਆ। 2008 ਦੀ ਐੱਮਬੀਏ ਚੈਂਪੀਅਨਸ਼ਿਪ 'ਚ ਉਹਦੇ ਸਭ ਤੋਂ ਵੱਧ ਅੰਕ ਸਨ। 2012 'ਚ ਉਹ ਬਾਸਕਟਬਾਲ ਦਾ 'ਅਥਲੀਟ ਆਫ਼ ਦਾ ਯੀਅਰ ਐਲਾਨਿਆ ਗਿਆ। ਕਿਸੇ ਖਿਡਾਰੀ ਦਾ ਲਗਾਤਾਰ 21 ਸਾਲ ਖੇਡੀ ਜਾਣਾ ਤੇ ਉਹ ਵੀ ਵਿਸ਼ਵ ਪੱਧਰ 'ਤੇ, ਦੰਗ ਕਰ ਦੇਣ ਵਾਲੀ ਗੱਲ ਹੈ!

ਲੇਬਰਾਨ ਜੇਮਸ ਨੂੰ ਅਮਰੀਕਾ ਦਾ 'ਧਰਤੀਧੱਕ ਕਿਹਾ ਜਾ ਸਕਦੈ। ਉਹਦਾ ਕੱਦ 6 ਫੁੱਟ 9 ਇੰਚ ਹੈ ਤੇ ਭਾਰ 113 ਕਿਲੋਗਰਾਮ। ਉਹਦੇ ਕੱਦ-ਕਾਠ ਤੋਂ ਮੈਨੂੰ ਸਰਹਾਲੀ ਦਾ ਡਿਸਕਸ ਥਰੋਅਰ ਪਰਵੀਨ ਕੁਮਾਰ ਯਾਦ ਆ ਗਿਆ ਹੈ। ਉਸ ਦਾ ਕੱਦ 6 ਫੁੱਟ 7 ਇੰਚ ਤੇ ਭਾਰ 125 ਕਿਲੋਗਰਾਮ ਸੀ। 1966 'ਚ ਲਿਖੇ ਉਹਦੇ ਸ਼ਬਦ ਚਿੱਤਰ ਦਾ ਨਾਂ ਮੈਂ 'ਧਰਤੀਧੱਕ ਰੱਖਿਆ ਸੀ ਜੋ ਸਾਹਿਤਕ ਰਸਾਲੇ 'ਆਰਸੀ ਵਿਚ ਛਪਿਆ। ਉਦੋਂ ਤੋਂ ਹੀ ਮੈਨੂੰ ਖਿਡਾਰੀਆਂ ਬਾਰੇ ਲਿਖਣ ਦੀ ਚੇਟਕ ਲੱਗੀ। ਏਸ਼ੀਆ ਦੇ ਚੈਂਪੀਅਨ ਪਰਵੀਨ ਨੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਖੇਡਾਂ ਦੇ ਮੈਡਲ ਜਿੱਤਣ ਪਿੱਛੋਂ ਟੀਵੀ ਦੇ ਮਹਾਂਭਾਰਤ ਸੀਰੀਅਲ ਵਿਚ ਭੀਮ ਸੈਨ ਦਾ ਰੋਲ ਵੀ ਅਦਾ ਕੀਤਾ ਸੀ। ਦਾਰੇ ਪਹਿਲਵਾਨ ਵਾਂਗ ਹਿੰਦੀ ਡਾਇਲਾਗ ਉਹ ਵੀ ਪੰਜਾਬੀ ਵਾਂਗ ਹੀ ਬੋਲਦਾ ਸੀ। ਕਹਿੰਦੇ ਹਨ ਕਿ ਫਿਲਮਾਂ ਬਣਾਉਣ ਵਾਲਿਆਂ ਨੇ ਦਾਰੇ ਨੂੰ ਹਿੰਦੀ ਬੋਲਣੀ ਸਿਖਾਉਣ ਲਈ ਹਿੰਦੀ ਦੇ ਟਿਊਟਰ ਦਾ ਪ੍ਰਬੰਧ ਕੀਤਾ। ਮਹੀਨਿਆਂ ਦੀ ਮਗਜ਼ ਖਪਾਈ ਪਿੱਛੋਂ ਦਾਰਾ ਤਾਂ ਹਿੰਦੀ ਬੋਲਣੀ ਸਿੱਖ ਨਾ ਸਕਿਆ ਪਰ ਹਿੰਦੀ ਦਾ ਟਿਊਟਰ ਹਿੰਦੀ ਭੁੱਲ ਗਿਆ ਤੇ ਦਾਰੇ ਵਾਂਗ ਪੰਜਾਬੀ ਬੋਲਣ ਲੱਗ ਪਿਆ!

ਪਟਿਆਲੇ ਕੋਚਿੰਗ ਕੈਂਪ 'ਚ ਪਰਵੀਨ ਭਾਊ ਨੇ ਮੈਨੂੰ ਭੇਤ ਦੀ ਗੱਲ ਦੱਸੀ, "ਭਾਅ ਜੀ, ਲੰਮੇ ਕੱਦ ਦਾ ਫੈਦਾ ਵੀ ਆ ਤੇ ਨੁਕਸਾਨ ਵੀ।" ਮੈਂ ਪੁੱਛਿਆ "ਉਹ ਕਿਵੇਂ?" ਕਹਿੰਦਾ, "ਰਿਕਸ਼ੇ 'ਤੇ ਚੜ੍ਹਾਂ ਤਾਂ ਡੂਢਾ ਕਿਰਾਇਆ ਦੇਣਾ ਪੈਂਦਾ। ਸਿਨਮਾ ਦੇਖਾਂ ਤਾਂ ਪਿਛਲੀਆਂ ਕਤਾਰਾਂ ਵਾਲੇ 'ਪਲੀਜ਼-ਪਲੀਜ਼ ਕਰੀ ਜਾਂਦੇ ਆ। ਜਹਾਜ਼ ਚੜ੍ਹਾਂ ਤਾਂ ਕੁਰਸੀ ਹੇਠੋਂ ਫਿਲਕ ਜਾਂਦੀ ਆ। ਲੱਗਦੈ ਗਈ ਕਿ ਗਈ! ਗੱਡੀ ਚੜ੍ਹਾਂ ਤਾਂ ਬੱਚੇ ਵੇਖ ਕੇ ਹੱਸਣ ਲੱਗਦੇ ਆ। ਅੱਗੋਂ ਮੈਂ ਵੀ ਮੂੰਹ ਖੋਲ੍ਹ ਲਵਾਂ ਤਾਂ ਡਾਡਾਂ ਮਾਰਦੇ ਮਾਵਾਂ ਦੀਆਂ ਗੋਦੀਆਂ 'ਚ ਲੁਕਣ ਲੱਗਦੇ ਆ ਪਈ ਆਹ ਦਿਓ ਜਿਆ ਕਿਤੇ ਖਾ ਈ ਨਾ ਜਾਵੇ!"

ਇਕੇਰਾਂ ਉਹ ਰੇਲ ਗੱਡੀ 'ਚ ਰਜਾਈ ਲੈ ਕੇ ਸੌਂ ਗਿਆ। ਉਹਦੇ ਵਰਗਾ ਇਕ ਹੋਰ ਮੁਸਾਫ਼ਿਰ ਆਇਆ ਜੀਹਨੂੰ ਸੌਣ ਨੂੰ ਤਾਂ ਕੀ, ਬਹਿਣ ਨੂੰ ਥਾਂ ਵੀ ਨਹੀਂ ਸੀ ਮਿਲ ਰਹੀ। ਉਸ ਨੇ ਪਰਵੀਨ ਨੂੰ ਕਿਹਾ, "ਭਾਅ ਜੀ, ਰਤਾ ਗੋਡੇ ਮੋੜ ਲਓ, ਮੈਂ ਵੀ ਬਹਿ ਲਵਾਂ।"


ਗੋਡੇ ਮਖੌਲੀਏ ਪਰਵੀਨ ਦੇ ਪਹਿਲਾਂ ਹੀ ਮੋੜੇ ਹੋਏ ਸਨ। ਉਸ ਨੇ ਸਿੱਧੇ ਕਰ ਲਏ। ਸਿਰ ਪਹਿਲਾਂ ਹੀ ਰਜਾਈ ਤੋਂ ਬਾਹਰ ਸੀ, ਫਿਰ ਪੈਰ ਵੀ ਬਾਹਰ ਨਿਕਲ ਆਏ। ਮੁਸਾਫ਼ਿਰ ਕਦੇ ਸਿਰ ਵੱਲ ਤੇ ਕਦੇ ਪੈਰਾਂ ਵੱਲ ਵੇਖਦਾ ਬੋਲਿਆ, "ਤਾਂਹੀਏਂ।" ਪਰਵੀਨ ਨੇ ਪੁੱਛਿਆ, "ਤਾਂਹੀਏਂ ਕੀ?"

"ਮੈਂ ਸਮਝਿਆ ਸੀ, ਕੋਈ ਬੰਦਾ ਪਿਆ!"

ਲੇਬਰਾਨ ਜੇਮਸ ਦਾ ਰੰਗ ਸਾਂਵਲਾ, ਨੈਣ ਨਕਸ਼ ਮੋਟੇ ਠੁੱਲ੍ਹੇ, ਲੱਤਾਂ ਬਾਹਾਂ ਲੰਮੀਆਂ ਤੇ ਵਾਲ਼ ਛੱਲੇਦਾਰ ਹਨ। ਮੱਥਾ ਖੁੱਲ੍ਹਾ, ਨੱਕ ਚੌੜਾ, ਬੁੱਲ੍ਹ ਢਾਲੂ, ਦੰਦ ਚਿੱਟੇ, ਦਾੜ੍ਹੀ ਭਰਵੀਂ ਤੇ ਕੰਨ ਗੋਲ ਮੋਲ। ਸਮੁੱਚਾ ਪ੍ਰਭਾਵ ਬਾਤਾਂ ਵਿਚਲੇ ਦਿਓ ਦਾ ਹੀ ਪੈਂਦਾ ਹੈ। ਉਸ ਨੂੰ ਵੀ ਕੋਈ ਬੱਚਾ ਵੇਖੇ ਤਾਂ ਪਹਿਲਾਂ ਹੱਸੇ ਤੇ ਫਿਰ ਜਦੋਂ ਲੇਬਰਾਨ ਮੁਸਕਰਾਉਂਦਾ ਹੋਇਆ ਬੱਚੇ ਵੱਲ ਬਾਹਾਂ ਵਧਾਵੇ ਤਾਂ ਉਹੀ ਬੱਚਾ ਡਰਦਾ ਮਾਰਾ ਡਾਡਾਂ ਮਾਰਨ ਲੱਗੇ ਪਈ ਦਿਓ ਮੈਨੂੰ ਪੈ ਚੱਲਿਆ!

ਕੰਗਾਲ ਤੋਂ ਅਰਬਪਤੀ ਬਣੇ ਲੇਬਰਾਨ ਜੇਮਸ ਦਾ ਜਨਮ 30 ਦਸੰਬਰ 1984 ਨੂੰ ਅਮਰੀਕਾ ਦੀ ਓਹਾਇਓ ਸਟੇਟ ਦੇ ਸ਼ਹਿਰ ਐਕਰਨ ਵਿਚ ਗਲੋਰੀਆ ਮੈਰੀ ਜੇਮਸ ਦੀ ਕੁੱਖੋਂ ਹੋਇਆ ਸੀ। ਉਹਦਾ ਪਿਓ ਐਂਥੋਨੀ ਮਕਲੈਂਡ ਜਰਾਇਮ ਪੇਸ਼ਾ ਬੰਦਾ ਸੀ ਜੋ ਸੋਲਾਂ ਸਾਲ ਦੀ ਨਵਵਿਆਹੀ ਪਤਨੀ ਤੇ ਨਵਜੰਮੇ ਪੁੱਤ ਨੂੰ ਛੱਡ ਕੇ ਕਿਤੇ ਟਿੱਭ ਗਿਆ ਸੀ। ਵਿਚਾਰੀ 'ਕੱਲੀ ਕਾਰੀ ਮਾਂ ਨੇ ਰੁਲ਼ਦਿਆਂ ਖੁਲ਼ਦਿਆਂ ਨਾ ਸਿਰਫ਼ ਪੁੱਤਰ ਨੂੰ ਪਾਲਿਆ ਸਗੋਂ ਬਾਸਕਟਬਾਲ ਦਾ ਅਜਿਹਾ ਖਿਡਾਰੀ ਬਣਾਇਆ ਜੋ ਬਾਸਕਟਬਾਲ ਦਾ ਕਿੰਗ ਕਹਾਇਆ। ਉਹ 2003 ਤੋਂ ਪ੍ਰੋਫ਼ੈਸ਼ਨਲ ਬਾਸਕਟਬਾਲ ਖੇਡ ਰਿਹੈ ਤੇ 40000 ਤੋਂ ਵੱਧ ਅੰਕ ਹਾਸਲ ਕਰ ਚੁੱਕੈ! 40 ਸਾਲਾਂ ਨੂੰ ਢੁੱਕ ਕੇ ਵੀ ਉਹ ਐੱਨਬੀਏ ਲੀਗ ਦਾ ਸਰਗਰਮ ਖਿਡਾਰੀ ਹੈ।

ਜਨਮ ਤੋਂ ਪਿਉ ਵਿਹੂਣੇ ਪੁੱਤ ਨੇ ਮਾਂ ਦੀ ਮਿਹਨਤ ਸਦਕਾ ਆਪਣੀ ਖੇਡ ਨਾਲ ਬਿਲੀਅਨ ਡਾਲਰਾਂ ਤੋਂ ਵੱਧ ਨਾਵਾਂ ਤੇ ਵਿਸ਼ਵ ਪੱਧਰ 'ਤੇ ਨਾਮਣਾ ਖੱਟ ਲਿਆ ਹੈ। ਉਹਦੇ ਵਾਂਗ ਹੋਰਨਾਂ ਦੇਸ਼ ਵਿਚ ਹੀ ਐਸੇ ਖਿਡਾਰੀ ਹਨ ਜੋ ਗੋਦੜੀ ਦੇ ਲਾਲ ਸਾਬਤ ਹੋਏ ਹਨ। ਲੇਬਰਾਨ ਦੀ ਮਾਂ ਕੋਲ ਨਾ ਕੋਈ ਪੱਕਾ ਰੈਣ ਬਸੇਰਾ ਸੀ ਤੇ ਨਾ ਕੋਈ ਪੱਕੀ ਨੌਕਰੀ। 'ਕੱਲੀ ਕਾਰੀ ਮਾਂ ਨੇ ਕੰਮ ਵੀ ਲੱਭਿਆ ਤੇ ਰੈਣਬਸੇਰਾ ਵੀ। ਲੇਬਰਾਨ ਨੂੰ ਐਕਰਨ ਦੇ ਪ੍ਰਾਇਮਰੀ ਸਕੂਲ 'ਚ ਪੜ੍ਹਨੇ ਪਾਇਆ ਤਾਂ ਪਹਿਲਾਂ ਉਸ ਨੂੰ ਫੁੱਟਬਾਲ ਖੇਡਣ ਦੀ ਚੇਟਕ ਲੱਗੀ। ਸੇਂਟ ਵਿਨਸੈਂਟ-ਸੇਂਟ ਮੈਰੀ ਕੈਥੋਲਿਕ ਹਾਈ ਸਕੂਲ 'ਚ ਉਹ ਬਾਸਕਟਬਾਲ ਖੇਡਣ ਲੱਗਾ। ਉਥੇ ਉਹ ਓਹਾਇਓ ਦੇ ਸਕੂਲਾਂ ਦਾ ਸਟਾਰ ਖਿਡਾਰੀ ਬਣ ਗਿਆ। ਉਸ ਦਾ ਪਹਿਲਾਂ ਕੋਚ ਫਰੈਂਕ ਵਾਕਰ ਸੀ ਜਿਸ ਨੇ ਜੇਮਸ ਅੰਦਰ ਛੁਪੀ ਬਾਸਕਟਬਾਲ ਦੀ ਪ੍ਰਤਿਭਾ ਭਾਂਪੀ। ਸਕੂਲ 'ਚ ਖੇਡਦਿਆਂ ਹੀ ਉਸ ਦਾ ਨਾਂ ਸਟੇਟ ਪੱਧਰ ਤੋਂ ਨੈਸ਼ਨਲ ਪੱਧਰ ਤਕ ਪੁੱਜ ਗਿਆ। ਉਹ ਅਮਰੀਕਾ ਦੇ ਬਾਸਕਟਬਾਲ ਅੰਬਰ 'ਤੇ ਚੜ੍ਹਿਆ ਨਵਾਂ ਸਿਤਾਰਾ ਸਮਝਿਆ ਜਾਣ ਲੱਗਾ। ਫਿਰ ਉਸ ਨੂੰ ਐੱਨਬੀਏ 'ਚ ਸ਼ਾਮਲ ਕੀਤੇ ਜਾਣ ਦੀਆਂ ਗੱਲਾਂ ਹੋਣ ਲੱਗੀਆਂ।



ਨੈਸ਼ਨਲ ਬਾਸਕਟਬਾਲ ਐਸੋਸੀਏਸ਼ਨ ਨਾਰਥ ਅਮਰੀਕਾ ਦੀ ਪੇਸ਼ਾਵਰ ਬਾਸਕਟਬਾਲ ਲੀਗ ਹੈ। ਉਸ ਵਿਚ ਕੈਨੇਡਾ ਦੀ 1 ਤੇ ਅਮਰੀਕਾ ਦੀਆਂ 29 ਟੀਮਾਂ ਸ਼ਾਮਲ ਹਨ। ਉਹ ਵਿਸ਼ਵ ਦੀ ਪ੍ਰੀਮੀਅਰ ਪ੍ਰੋਫੈਸ਼ਨਲ ਲੀਗ ਸਮਝੀ ਜਾਂਦੀ ਹੈ ਜੋ ਬਾਸਕਟਬਾਲ ਐਸੋਸੀਏਸ਼ਨ ਆਫ਼ ਅਮਰੀਕਾ ਅਤੇ ਨੈਸ਼ਨਲ ਬਾਸਕਟਬਾਲ ਲੀਗ ਨੂੰ ਮਿਲਾ ਕੇ 3 ਅਗੱਸਤ 1949 ਨੂੰ ਹੋਂਦ ਵਿਚ ਆਈ ਸੀ। ਬੀਏਏ ਕਿਉਂਕਿ 6 ਜੂਨ 1946 ਨੂੰ ਬਣੀ ਸੀ ਇਸ ਲਈ ਐੱਨਬੀਏ ਦਾ ਇਤਿਹਾਸ 6 ਜੂਨ 1946 ਤੋਂ ਹੀ ਅੰਕਿਆ ਜਾਂਦਾ ਹੈ। ਐੱਨਬੀਏ ਦਾ ਬਾਕਾਇਦਾ ਸੀਜ਼ਨ ਅਕਤੂਬਰ ਤੋਂ ਅਪ੍ਰੈਲ ਤਕ ਚਲਦਾ ਹੈ ਜਿਸ ਵਿਚ ਹਰ ਟੀਮ 82 ਮੈਚ ਖੇਡਦੀ ਹੈ। ਜੂਨ ਤਕ ਫਾਈਨਲ ਚੈਂਪੀਅਨਸ਼ਿਪਸ ਦੀ ਲੜੀ ਚਲਦੀ ਹੈ। 2020 ਦੀ ਗੱਲ ਕਰੀਏ ਤਾਂ ਐੱਨਬੀਏ ਦੇ ਖਿਡਾਰੀਆਂ ਨੂੰ ਬਾਕੀ ਸਭ ਲੀਗਾਂ ਨਾਲੋਂ ਔਸਤਨ ਸਭ ਤੋਂ ਵੱਧ ਪੈਸੇ ਮਿਲੇ। ਇਸ ਦਾ ਹੈੱਡ ਆਫਿਸ ਨਿਊ ਯੌਰਕ ਦੇ ਮਿਡਟਾਊਨ ਮੈਨਹਟਨ ਵਿਚ ਹੈ। ਇਸ ਵੇਲੇ ਆਮਦਨ ਪੱਖੋਂ ਨੈਸ਼ਨਲ ਫੁੱਟਬਾਲ ਲੀਗ ਸਭ ਤੋਂ ਵੱਧ ਅਮੀਰ ਹੈ, ਦੂਜੇ ਨੰਬਰ 'ਤੇ ਮੇਜਰ ਲੀਗ ਬੇਸਬਾਲ ਤੇ ਤੀਜੇ ਥਾਂ ਐੱਨਬੀਏ ਹੈ। 2024 ਤਕ ਬੋਸਟਨ ਸੈਲਟਿਕਸ ਨੇ ਐੱਨਬੀਏ ਦੇ 18 ਟਾਈਟਲ ਜਿੱਤੇ ਹਨ ਜੋ ਸਭ ਤੋਂ ਵੱਧ ਹਨ।

ਲੇਬਰਾਨ 2003 ਤੋਂ ਕਲੀਵਲੈਂਡ ਕੈਵਲੀਅਰਜ਼ ਕਲੱਬ ਵੱਲੋਂ ਐੱਨਬੀਏ ਚੈਂਪੀਅਨਸ਼ਿਪ ਖੇਡਣ ਲੱਗਾ ਸੀ ਜੋ ਲਗਾਤਾਰ 2010 ਤਕ ਖੇਡਦਾ ਰਿਹਾ। 2010 ਤੋਂ ਉਹ ਮਿਆਮੀ ਹੀਟ ਵੱਲੋਂ ਖੇਡਣ ਲੱਗ ਪਿਆ ਜਿਸ ਵਿਚ 2014 ਤਕ ਖੇਡਿਆ। ਇਸ ਦੌਰਾਨ ਲੇਬਰਾਨ ਨੇ 2012 ਤੇ 13 ਵਿਚ ਦੋ ਬੀਐੱਨਏ ਚੈਂਪੀਅਨਸ਼ਿਪਸ ਜਿੱਤੀਆਂ। ਦੋ ਵਾਰ ਉਹ ਸਭ ਤੋਂ ਮੁੱਲਵਾਨ ਖਿਡਾਰੀ ਸਿੱਧ ਹੋਇਆ। ਮਿਆਮੀ ਹੀਟ ਨਾਲ ਇਹ ਸਮਾਂ ਉਹਦੇ ਖੇਡ ਕੈਰੀਅਰ ਦਾ ਬਿਹਤਰੀਨ ਸਮਾਂ ਗਿਣਿਆ ਜਾਂਦਾ ਹੈ। ਮਿਆਮੀ ਹੀਟ ਵਿਚ ਖੇਡਦਿਆਂ ਉਸ ਨੇ ਆਪਣੀ ਖੇਡ ਤਕਨੀਕ ਵਿਚ ਕਈ ਸੁਧਾਰ ਕੀਤੇ। ਖ਼ਾਸ ਕਰਕੇ 3-ਪੁਆਇੰਟ ਤਕਨੀਕ ਨੂੰ ਸੁਧਾਰਿਆ। 2014 ਤੋਂ 2018 ਤਕ ਉਹ ਮੁੜ ਕਲੀਵਲੈਂਡ ਕੈਵਲੀਅਰਜ਼ ਨੂੰ ਰੰਗ ਭਾਗ ਲਾਉਂਦਾ ਰਿਹਾ। ਕੈਰੀ ਆਇਰਵਿੰਗ ਤੇ ਕੇਵਿਨ ਲਵ ਦੇ ਸਹਿਯੋਗ ਨਾਲ 2016 ਦੀ ਐੱਨਬੀਏ ਚੈਂਪੀਅਨਸ਼ਿਪ ਆਪਣੇ ਸ਼ਹਿਰ ਦੇ ਕਲੱਬ ਨੂੰ ਜਿੱਤਾਈ। ਤਦ ਤਕ ਉਹਦੀ ਗੁੱਡੀ ਏਨੀ ਚੜ੍ਹ ਚੁੱਕੀ ਸੀ ਕਿ ਨਾਮੀ ਕਲੱਬ ਲਾਸ ਏਂਜਲਸ ਲੇਕਰਜ਼ ਨੇ ਉਸ ਨੂੰ ਮੂੰਹ ਮੰਗੇ ਡਾਲਰ ਦੇ ਕੇ ਆਪਣੇ ਵੱਲੋਂ ਖੇਡਣ ਲਾ ਲਿਆ। ਉਦੋਂ ਤੋਂ ਹੁਣ ਤਕ ਉਹ ਉਸੇ ਕਲੱਬ ਵੱਲੋਂ ਖੇਡ ਰਿਹੈ ਤੇ ਲਾਸ ਏਂਜਲਸ ਲੇਕਰਜ਼ ਦਾ ਨਾਂ ਕੁਲ ਦੁਨੀਆ 'ਚ ਚਮਕਾ ਰਿਹੈ।

2018 'ਚ ਲੇਬਰਾਨ ਜੇਮਸ ਨੇ ਲਾਸ ਏਂਜਲਸ ਲੇਕਰਜ਼ ਨਾਲ ਇਕ ਇਸ਼ਤਿਹਾਰੀ ਕਾਂਟ੍ਰੈਕਟ 'ਤੇ ਦਸਖ਼ਤ ਕੀਤੇ। ਲੇਕਰਜ਼ ਵੱਲੋਂ ਖੇਡਦਿਆਂ ਉਸ ਨੇ ਕਾਂਟ੍ਰੈਕਟ ਦਾ ਪੂਰਾ ਮੁੱਲ ਮੋੜਿਆ। 2020 'ਚ ਉਸ ਨੇ ਲੇਕਰਜ਼ ਨੂੰ ਐੱਨਬੀਏ ਚੈਂਪੀਅਨਸ਼ਿਪ ਜਿੱਤ ਦਿੱਤੀ। ਲੇਬਰਾਨ ਦੀ ਖੇਡ ਕਲਾ ਸਿਰਫ਼ ਸਕੋਰ ਕਰਨ ਤਕ ਹੀ ਸੀਮਤ ਨਹੀਂ। ਉਹ ਸ਼ਾਨਦਾਰ ਸਹਾਇਕ ਖਿਡਾਰੀ, ਰੀਬਾਉਂਡਰ ਤੇ ਡਿਫੈਂਸਿਵ ਖਿਡਾਰੀ ਵੀ ਹੈ। ਕੋਰਟ ਵਿਚ ਉਸ ਦੀ ਹੌਸਲੇ ਵਾਲੀ ਮੌਜੂਦਗੀ ਤੇ ਅਗਵਾਈ ਉਸ ਨੂੰ 'ਮਹਾਨ ਖਿਡਾਰੀਆਂ ਦੀ ਲਿਸਟ 'ਚ ਲਿਆ ਖੜ੍ਹਾ ਕਰਦੀ ਹੈ। 2023 ਵਿਚ ਉਸ ਨੇ ਲਾਸ ਏਂਜਲਸ ਲੇਕਰਜ਼ ਲਈ ਪਹਿਲਾ ਐੱਨਬੀਏ ਕੱਪ ਵੀ ਜਿੱਤਿਆ। ਉਹ ਇਸ ਵੇਲੇ ਐੱਨਬੀਏ 'ਚ ਖੇਡਣ ਵਾਲਾ ਸਭ ਤੋਂ ਵੱਡਉਮਰਾ ਖਿਡਾਰੀ ਹੈ। 7 ਫਰਵਰੀ 2023 ਤੋਂ ਪਹਿਲਾਂ ਐੱਨਬੀਏ ਲੀਗ 'ਚੋਂ ਸਭ ਤੋਂ ਵੱਧ ਅੰਕ ਲੈਣ ਦਾ ਰਿਕਾਰਡ ਕਰੀਮ ਅਬਦੁੱਲ-ਜੱਬਾਰ ਦੇ ਨਾਂ ਹੁੰਦਾ ਸੀ ਜੋ ਹੁਣ ਲੇਬਰਾਨ ਜੇਮਸ ਦੇ ਨਾਂ ਹੈ। 'ਟਾਈਮ ਮੈਗਜ਼ੀਨ ਅਨੁਸਾਰ 2005, 2013, 2017 ਤੇ 2019 ਦੇ ਵਿਸ਼ਵ ਪ੍ਰਸਿੱਧ 100 ਪ੍ਰਭਾਵਸ਼ਾਲੀ ਵਿਅਕਤੀਆਂ ਵਿਚ ਉਹਦਾ ਨਾਂ ਸ਼ਾਮਲ ਕੀਤਾ ਜਾਂਦਾ ਰਿਹਾ। ਉਸ ਨੂੰ ਮਿਲੇ ਮਾਣ ਸਨਮਾਨਾਂ ਦਾ ਕੋਈ ਲੇਖਾ ਨਹੀਂ। ਉਹ 1911 ਤੋਂ ਲਿਵਰਪੂਲ ਫੁੱਟਬਾਲ ਕਲੱਬ ਦਾ ਵੀ ਪਾਰਟਨਰ ਹੈ। ਉਸ ਨੇ ਲੇਬਰਾਨ ਫੈਮਿਲੀ ਫਾਊਂਡੇਸ਼ਨ ਬਣਾਈ ਹੈ ਜੋ ਐਕਰੋਨ ਵਿਖੇ ਐਲੀਮੈਂਟਰੀ ਸਕੂਲ, ਹਾਊਸਿੰਗ ਕੰਪਲੈਕਸ, ਰੀਟੇਲ ਪਲਾਜ਼ਾ ਤੇ ਮੈਡੀਕਲ ਸੈਂਟਰ ਚਲਾ ਰਹੀ ਹੈ।

**ਬਾਕੀ ਹਿਸਾ ਸਫਾ 61 ਤੇ ਪੜ੍ਹੋ**

### 60 ਸਫ਼ੇ ਦੀ ਬਾਕੀ

ਲੇਬਰਾਨ ਜੇਮਸ ਕੇਵਲ 19 ਸਾਲਾਂ ਦਾ ਸੀ ਜਦੋਂ ਏਥਨਜ਼ ਦੀਆਂ ਓਲੰਪਿਕ ਖੇਡਾਂ ਲਈ ਅਮਰੀਕਾ ਦੀ ਬਾਸਕਟਬਾਲ ਟੀਮ 'ਚ ਚੁਣਿਆ ਗਿਆ। ਅਮਰੀਕੀ ਟੀਮ ਨੇ ਕਾਂਸੀ ਦਾ ਤ਼ਗਮਾ ਜਿੱਤਿਆ। 2006 ਦੀ ਫੀਬਾ ਵਿਸ਼ਵ ਚੈਂਪੀਅਨਸ਼ਿਪ ਲਈ ਉਹ ਫਿਰ ਅਮਰੀਕਾ ਦੀ ਟੀਮ ਵਿਚ ਖੇਡਿਆ। ਉਥੇ ਵੀ ਅਮਰੀਕੀ ਟੀਮ ਨੇ ਕਾਂਸੀ ਦਾ ਤ਼ਗਮਾ ਜਿੱਤਿਆ। ਪਰ ਬੀਜਿੰਗ-2008 ਦੀਆਂ ਓਲੰਪਿਕ ਖੇਡਾਂ 'ਚੋਂ ਅਮਰੀਕਾ ਦੀ ਟੀਮ ਨੇ ਗੋਲਡ ਮੈਡਲ ਜਿੱਤਿਆ ਜੋ ਲੇਬਰਾਨ ਦਾ ਪਹਿਲਾ ਓਲੰਪਿਕ ਗੋਲਡ ਬਣਿਆ। ਉਥੇ ਅਮਰੀਕੀ ਟੀਮ ਕੋਈ ਵੀ ਮੈਚ ਨਹੀਂ ਹਾਰੀ। 2012 ਵਿਚ ਲੰਡਨ ਦੀਆਂ ਓਲੰਪਿਕ ਖੇਡਾਂ 'ਚੋਂ ਵੀ ਅਮਰੀਕਾ ਦੀ ਟੀਮ ਗੋਲਡ ਮੈਡਲ ਜਿੱਤੀ ਜਿਸ ਨਾਲ ਲੇਬਰਾਨ ਦੇ ਦੋ ਓਲੰਪਿਕ ਗੋਲਡ ਮੈਡਲ ਹੋ ਗਏ।

12 ਸਾਲ ਓਲੰਪਿਕ ਖੇਡਾਂ ਲਾਂਭੇ ਰਹਿਣ ਪਿੱਛੋਂ ਉਹ 2024 ਦੀਆਂ ਓਲੰਪਿਕ ਖੇਡਾਂ ਵਿਚ ਫਿਰ ਸ਼ਾਮਲ ਹੋਇਆ ਜੋ ਪੈਰਿਸ ਵਿਖੇ ਹੋਈਆਂ। ਅਮਰੀਕਾ ਦੇ 592 ਖਿਡਾਰੀਆਂ ਦੇ ਦਲ ਦੀ ਅਗਵਾਈ ਇਕ ਪੁਰਸ਼ ਖਿਡਾਰੀ ਤੇ ਇਕ ਔਰਤ ਖਿਡਾਰਨ ਨੇ ਕਰਨੀ ਸੀ। ਪੁਰਸ਼ ਖਿਡਾਰੀਆਂ 'ਚੋਂ ਅਮਰੀਕਾ ਦਾ ਝੰਡਾਬਰਦਾਰ ਲੇਬਰਾਨ ਜੇਮਸ ਨੂੰ ਬਣਾਇਆ ਗਿਆ। ਓਲੰਪਿਕ ਖੇਡਾਂ ਦੇ ਇਤਿਹਾਸ 'ਚ ਇਹ ਪਹਿਲਾ ਮੌਕਾ ਸੀ ਕਿ ਅਮਰੀਕਾ ਵੱਲੋਂ ਨੈਸ਼ਨਲ ਫਲੈਗ ਕਿਸੇ ਬਾਸਕਟਬਾਲ ਦੇ ਖਿਡਾਰੀ ਨੂੰ ਫੜਾਇਆ ਗਿਆ। ਅਮਰੀਕਾ ਦੀ ਬਾਸਕਟਬਾਲ ਟੀਮ ਨੇ ਫਿਰ ਗੋਲਡ ਮੈਡਲ ਜਿੱਤਿਆ। ਇੰਜ ਲੇਬਰਾਨ ਦੇ ਓਲੰਪਿਕ ਖੇਡਾਂ 'ਚੋਂ 3 ਗੋਲਡ ਮੈਡਲ ਹੋ ਗਏ। ਸੈਮੀ ਫਾਈਨਲ ਮੈਚ ਸਰਬੀਆ ਦੀ ਟੀਮ ਵਿਰੁੱਧ ਸੀ ਜਿਸ ਵਿਚ ਲੇਬਰਾਨ ਦੇ 16 ਅੰਕ 12 ਰੀਬਾਊਂਡ ਤੇ 10 ਅਸਿਸਟ ਅੰਕ ਸਨ। ਫਾਈਨਲ ਮੈਚ ਫਰਾਂਸ ਦੀ ਟੀਮ ਵਿਰੁੱਧ ਸੀ ਜੋ ਅਮਰੀਕਾ ਨੇ 98-87 ਅੰਕਾਂ ਨਾਲ ਜਿੱਤਿਆ। ਉਸ ਵਿਚ ਉਹਦੇ 14 ਆਪਣੇ ਅੰਕ, 6 ਰੀਬਾਊਂਡ ਤੇ 10 ਸਹਾਇਕ ਅੰਕ ਸਨ। ਉਸ ਦੀ ਸਮੁੱਚੀ ਕਾਰਗੁਜ਼ਾਰੀ ਦੇ ਆਧਾਰ 'ਤੇ ਉਸ ਨੂੰ ਫੀਬਾ ਓਲੰਪਿਕਸ ਆਲ ਸਟਾਰ ਟੀਮ 'ਚ ਚੁਣਿਆ ਗਿਆ। ਇੰਜ ਉਹ ਬਾਸਕਟਬਾਲ ਦੇ ਮਹਾਨ ਖਿਡਾਰੀ ਆਸਕਰ ਰੌਬਰਟਸਨ, ਮੈਜਿਕ ਜੌਨ੍ਹਸਨ ਤੇ ਮਾਈਕਲ ਜੋਰਡਨ ਦੀ ਕਤਾਰ ਵਿਚ ਸ਼ਾਮਲ ਹੋ ਗਿਆ।

ਸਕੂਲੇ ਪੜ੍ਹਦਿਆਂ ਉਹਦਾ ਮਿਸ ਸਵਾਨਾਹ ਨਾਲ ਸਨੇਹ ਹੋ ਗਿਆ ਸੀ। ਜਿਵੇਂ ਉਸ ਦੀ ਖੇਡ 'ਚ ਗੁੱਡੀ ਚੜ੍ਹਦੀ ਗਈ ਉਵੇਂ ਪਿਆਰ ਵੀ ਪ੍ਰਫੁੱਲਤ ਹੁੰਦਾ ਗਿਆ। 14 ਸਤੰਬਰ 2013 ਨੂੰ ਉਨ੍ਹਾਂ ਨੇ ਸਾਨ ਡੀਗੋ, ਕੈਲੇਫੋਰਨੀਆ ਵਿਚ ਵਿਆਹ ਕਰਵਾ ਲਿਆ। ਉਨ੍ਹਾਂ ਦੇ ਦੋ ਪੁੱਤਰ ਹੋਏ ਤੇ ਇਕ ਧੀ। ਉਨ੍ਹਾਂ ਦੇ ਨਾਂ ਬਰੌਨੀ, ਬ੍ਰਾਈਸ ਤੇ ਜ਼ਹੂਰੀ ਹਨ। ਬਰੌਨੀ ਹੁਣ ਬਾਸਕਟਬਾਲ ਦਾ ਉਭਰਦਾ ਖਿਡਾਰੀ ਹੈ ਜਿਸ ਤੋਂ ਵੱਡੀਆਂ ਆਸਾਂ ਹਨ। ਲੇਬਰਾਨ ਦਾ ਇਕ ਘਰ 'ਕੋਕੋਨਟ ਗ੍ਰੋਵ ਬਿਸਕੇਨੇ ਬੇਅ ਚ ਹੈ ਜੋ 9 ਮਿਲੀਅਨ ਡਾਲਰਾਂ 'ਚ ਖਰੀਦਿਆ ਸੀ। ਦੂਜਾ ਘਰ 21 ਮਿਲੀਅਨ ਦਾ ਮੈਨਸਨ ਬਰੈਂਟਵੁੱਡ, ਲਾਸ ਏਂਜਲਸ 'ਚ ਹੈ। ਉਥੇ ਇਕ ਹੋਰ ਘਰ 2017 ਵਿਚ 23 ਮਿਲੀਅਨ ਡਾਲਰ ਦਾ ਖਰੀਦ ਰੱਖਿਆ ਹੈ। 30000 ਵਰਗ ਫੁੱਟ ਦਾ ਮੈਨਸਨ ਆਪਣੇ ਜੱਦੀ ਸ਼ਹਿਰ ਐਕਰਨ ਵਿਚ ਹੈ। ਹੁਣ ਉਹ ਕੁਝ ਵੀ ਖਰੀਦ ਸਕਦਾ ਹੈ।

ਖਿਡਾਰੀਆਂ ਦੇ ਸੱਟਾਂ ਫੇਟਾਂ ਤਾਂ ਲੱਗਦੀਆਂ ਹੀ ਹਨ ਜੋ ਉਹਦੇ ਵੀ ਲੱਗੀਆਂ। ਉਂਜ ਉਹ ਪੂਰਾ ਸਿਹਤਮੰਦ ਹੈ। ਸਿਹਤ ਕਾਇਮ ਰੱਖਣ ਲਈ ਉਹ ਹਰ ਸਾਲ ਡੇਢ ਮਿਲੀਅਨ ਡਾਲਰ ਖਰਚਦਾ ਹੈ। ਵਾਈਨ ਉਸ ਨੂੰ ਮਾਫ਼ਕ ਹੈ ਇਸ ਲਈ ਵਿਸਕੀ ਤੋਂ ਪ੍ਰਹੇਜ਼ ਕਰਦਾ ਹੈ। ਜਨਵਰੀ 2009 ਵਿਚ ਉਸ ਦੇ ਜਬਾੜੇ 'ਚ ਟਿਊਮਰ ਉੱਗ ਪਿਆ ਸੀ ਜੋ ਪੰਜ ਘੰਟਿਆਂ ਦੀ ਸਰਜਰੀ ਨਾਲ ਸਾਫ਼ ਕਰ ਦਿੱਤਾ ਗਿਆ। ਉਸ ਦਾ ਪਬਲਿਕ ਇਮੇਜ਼ ਬਹੁਤ ਵਧੀਆ ਹੈ। ਮੀਡੀਏ 'ਚ ਉਹਦੀ ਮਹਿਮਾ ਹੁੰਦੀ ਰਹਿੰਦੀ ਹੈ। ਸ਼ੌਕ ਵੀ ਬਥੇਰੇ ਪਾਲਦਾ ਹੈ ਤੇ ਸਿਆਸਤ ਵਿਚ ਵੀ ਮਾੜੀ ਮੋਟੀ ਦਿਲਚਸਪੀ ਰੱਖਦਾ ਹੈ। ਕੰਪਨੀਆਂ ਉਸ ਦੀ ਇਸ਼ਤਿਹਾਰਬਾਜ਼ੀ ਨਾਲ ਆਪੋ ਆਪਣਾ ਮਾਲ ਵੇਚਦੀਆਂ ਹਨ। ਉਹ 2020 'ਚ ਐਨਬੀਏ ਆਲ ਸਟਾਰ ਟੀਮ ਵਿਚ ਚੁਣਿਆ ਗਿਆ ਤਾਂ ਟੀਮ ਨੂੰ ਵਿਸ਼ੇਸ਼ ਜਰਸੀਆਂ ਪਹਿਨਾਈਆ ਗਈਆਂ। ਬਾਅਦ ਵਿਚ ਚੈਰਟੀ ਲਈ ਜਰਸੀਆਂ ਦੀ ਬੋਲੀ ਲੱਗੀ ਤਾਂ ਲੇਬਰਾਨ ਜੇਮਸ ਦੀ ਪਹਿਨੀ ਜਰਸੀ 630000 ਡਾਲਰ 'ਚ ਵਿਕੀ।

ਵੱਡੇ ਖਿਡਾਰੀਆਂ ਦੀਆਂ ਗੱਲਾਂ ਵੱਡੀਆਂ ਹੁੰਦੀਆਂ ਹਨ ਜੋ ਕਦੇ ਮੁੱਕਦੀਆਂ ਨਹੀਂ। ਜੀਹਨੇ ਲੇਬਰਾਨ ਜੇਮਸ ਬਾਰੇ ਬਹੁਤਾ ਕੁਝ ਜਾਣਨਾ ਹੋਵੇ ਉਹ ਉਸ ਦੀ ਜੀਵਨੀ ਪੜ੍ਹ ਸਕਦਾ ਹੈ ਜਾਂ ਉਸ ਦੀਆਂ ਫਿਲਮਾਂ ਤੇ ਵੀਡੀਓਜ਼ ਵੇਖ ਸਕਦਾ ਹੈ। ਖ਼ੁਦ ਗ਼ਰੀਬੀ ਹੰਢਾਈ ਹੋਣ ਕਰਕੇ ਉਹ 2300 ਲੋੜਵੰਦ ਬੱਚਿਆਂ ਨੂੰ ਪੜ੍ਹਾਈ ਤੇ ਸਿਹਤ ਬਣਾਈ ਰੱਖਣ ਲਈ ਵਜ਼ੀਫ਼ੇ ਦੇ ਰਿਹਾ ਹੈ। ਉਸ ਨੂੰ ਜਿਥੇ ਹੋਰ ਦਰਜਨਾਂ ਅਵਾਰਡ ਮਿਲੇ ਹਨ ਉਥੇ ਕਮਿਊਨਿਟੀ ਦੀ ਉੱਤਮ ਸੇਵਾ ਲਈ ਐਨਬੀਏ ਦਾ ਜੇ. ਵਾਲਟਰ ਕੈਨੇਡੀ ਸਿਟੀਜ਼ਨਸ਼ਿਪ ਅਵਾਰਡ ਵੀ ਦਿੱਤਾ ਗਿਆ ਹੈ। ਲੇਬਰਾਨ ਜੇਮਸ ਸੱਚਮੁੱਚ ਖੇਡ ਦਰਸ਼ਕਾਂ ਦੇ ਦਿਲਾਂ ਦਾ ਬਾਦਸ਼ਾਹ ਹੈ।

*******

# ਕਮਲਾ ਹੈਰਿਸ ਨੇ ਬਾਈਡਨ ਪ੍ਰਸ਼ਾਸਨ ਦੀ ਗੈਰ ਕਾਨੂੰਨੀ ਪ੍ਰਵਾਸੀਆਂ ਪ੍ਰਤੀ ਪਹੁੰਚ ਦੀ ਕੀਤੀ ਜੋਰਦਾਰ ਵਕਾਲਤ

## ✪ ਕਿਹਾ ਰਿਪਬਲੀਕਨ ਸਰਹੱਦ ਸੁਰੱਖਿਆ ਬਿੱਲ ਪਾਸ ਕਰਨ ਵਿੱਚ ਹੋਏ ਨਾਕਾਮ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਡੈਮੋਕਰੈਟਿਕ ਪਾਰਟੀ ਦੇ ਰਾਸ਼ਟਰਪਤੀ ਅਹੁੱਦੇ ਲਈ ਉਮੀਦਵਾਰ ਕਮਲਾ ਹੈਰਿਸ ਨੇ ਇਕ ਮੁਲਾਕਾਤ/ਬਹਿਸ ਦੌਰਾਨ ਬਾਈਡਨ ਪ੍ਰਸ਼ਾਸਨ ਵੱਲੋਂ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਨਜਿੱਠਣ ਦੇ ਮਾਮਲੇ ਵਿਚ ਅਪਨਾਈ ਪਹੁੰਚ ਦੀ ਜੋਰਦਾਰ ਵਕਾਲਤ ਕੀਤੀ ਹੈ ਤੇ ਰਿਪਬਲੀਕਨਾਂ ਉਪਰ ਦੋਸ਼ ਲਾਇਆ ਹੈ ਕਿ ਉਹ ਸਰਹੱਦ ਸੁਰੱਖਿਆ ਬਿੱਲ ਪਾਸ ਕਰਨ ਵਿੱਚ ਨਾਕਾਮ ਰਹੇ ਹਨ। ਇਕ ਟੈਲੀਵੀਜ਼ਨ ਉਪਰ ਮੁਲਾਕਾਤ/ਬਹਿਸ ਦੌਰਾਨ ਫੌਕਸ ਨਿਊਜ਼ ਮੇਜ਼ਬਾਨ ਬਰੈਟ ਬੇਰ ਨੇ ਉਸ ਨੂੰ ਵਾਰ ਵਾਰ ਟੋਕਿਆ। ਆਮ ਤੌਰ 'ਤੇ ਚੈਨਲ ਅਜਿਹਾ ਨਹੀਂ ਕਰਦੇ। ਹਾਲਾਂ ਕਿ ਹੈਰਿਸ ਤੇ ਬਰੈਟ ਇਕ ਦੂਸਰੇ ਨੂੰ ਨਿਰੰਤਰ ਟੋਕਦੇ ਰਹੇ ਤੇ ਇਕ ਮੌਕੇ 'ਤੇ ਹੈਰਿਸ ਕੁਝ ਪ੍ਰੇਸ਼ਾਨ ਵੀ ਨਜਰ ਆਈ ਪਰੰਤੂ ਉਹ ਰਿਪਬਲੀਕਨ ਸਰੋਤਿਆਂ ਤੱਕ ਆਪਣਾ ਸੁਨੇਹਾ ਪਹੁੰਚਾਉਣ ਵਿਚ ਸਫਲ ਰਹੀ ਜਿਸ ਨੂੰ ਅਕਸਰ ਉਹ ਸੁਣਦੇ ਨਹੀਂ ਹਨ।



ਕੰਜ਼ਰਵੇਟਿਵ ਮੀਡੀਆ ਮੇਜ਼ਬਾਨ ਬਰੈਟ ਬੇਰ ਨਾਲ ਮੁਲਾਕਾਤ ਦੌਰਾਨ ਕਮਲਾ ਹੈਰਿਸ

ਜਦੋਂ ਹੈਰਿਸ ਨੂੰ ਪੁੱਛਿਆ ਗਿਆ ਕਿ ਡੋਨਾਲਡ ਟਰੰਪ ਜਦੋਂ ਰਾਸ਼ਟਰਪਤੀ ਸਨ ਤਾਂ ਉਨਾਂ ਦੀਆਂ ਸਰਹੱਦ ਉਪਰ ਰੋਕਾਂ ਸਬੰਧੀ ਨੀਤੀਆਂ ਵਿਚੋਂ ਕੁਝ ਨੂੰ ਬਾਈਡਨ ਪ੍ਰਸ਼ਾਸਨ ਵੱਲੋਂ ਸੱਤਾ ਸੰਭਾਲਦਿਆਂ ਹੀ ਵਾਪਿਸ ਲੈਣ ਨੂੰ ਉਹ ਕਿਵੇਂ ਜਾਇਜ਼ ਠਹਿਰਾਉਂਦੇ ਹਨ ਤਾਂ ਉਨਾਂ ਕਿਹਾ ਕਿ ਟਰੰਪ ਨੇ ਰਿਪਬਲੀਕਨਾਂ ਨੂੰ ਇਸ ਸਾਲ ਦੇ ਸ਼ੁਰੂ ਵਿਚ ਕਿਹਾ ਸੀ ਕਿ ਉਹ ਇਮੀਗ੍ਰੇਸ਼ਨ ਬਿੱਲ ਨੂੰ ਰੱਦ ਕਰ ਦੇਣ ਜਦ ਕਿ ਇਸ ਬਿੱਲ ਉਪਰ ਦੋਨਾਂ ਧਿਰਾਂ ਦੀ ਸਹਿਮਤੀ ਸੀ। ਹੈਰਿਸ ਨੇ ਕਿਹਾ ਕਿ ਟਰੰਪ ਨੇ ਇਹ ਇਸ ਲਈ ਕੀਤਾ ਸੀ ਕਿਉਂਕਿ ਉਹ ਸਮੱਸਿਆ ਹੱਲ ਕਰਨ ਦੀ ਬਜਾਏ ਇਸ ਨੂੰ ਜਿਉਂ ਦਾ ਤਿਉਂ ਕਾਇਮ ਰੱਖਣਾ ਚਹੁੰਦੇ ਸਨ। ਇਥੇ ਇਹ ਵੀ ਜਿਕਰਯੋਗ ਹੈ ਕਿ ਟਰੰਪ ਤੇ ਰਿਪਬਲੀਕਨ ਦਾਅਵਾ ਕਰਦੇ ਆ ਰਹੇ ਹਨ ਕਿ ਪ੍ਰਵਾਸੀ ਹਿੰਸਕ ਅਪਰਾਧਾਂ ਨੂੰ ਬੜਾਵਾ ਦੇ ਰਹੇ ਹਨ ਪਰੰਤੂ ਵਿਸ਼ਲੇਸ਼ਣਾਂ ਵਿਚ ਸਪੱਸ਼ਟ ਹੋਇਆ ਹੈ ਕਿ ਦੂਸਰਿਆਂ ਦੀ ਤੁਲਨਾ ਵਿਚ ਪ੍ਰਵਾਸੀਆਂ ਦੀ ਅਪਰਾਧ ਦਰ ਘੱਟ ਹੈ। ਬਰੈਟ ਵੱਲੋਂ ਹੈਰਿਸ ਨੂੰ ਪੁੱਛਿਆ ਗਿਆ ਕਿ ਬਹੁਤ ਸਾਰੇ ਅਮਰੀਕੀ ਟਰੰਪ ਦਾ ਸਮਰਥਨ ਕਰ ਰਹੇ ਹਨ ਕੀ ਉਹ ਮੂਰਖ ਹਨ?

ਹੈਰਿਸ ਨੇ ਜਵਾਬ ਵਿਚ ਕਿਹਾ "ਪ੍ਰਮਾਤਮਾ ਮੁਆਫ ਕਰੀਂ, ਮੈ ਅਮਰੀਕੀ ਲੋਕਾਂ ਬਾਰੇ ਅਜਿਹਾ ਕਦੇ ਵੀ ਕਹਿ ਜਾਂ ਸੋਚ ਨਹੀਂ ਸਕਦੀ।" ਮੁਲਾਕਾਤ ਦੌਰਾਨ ਬਰੈਟ ਬੇਰ ਨੇ ਟਰੰਪ ਦੀ ਇਕ ਟਿੱਪਣੀ ਵਿਖਾਈ ਜਿਸ ਵਿਚ ਉਸ ਨੇ ਕਿਹਾ "ਮੈ ਕਿਸੇ ਨੂੰ ਵੀ ਧਮਕਾ ਨਹੀਂ ਰਿਹਾ" ਦੇ ਜਵਾਬ ਵਿਚ ਹੈਰਿਸ ਨੇ ਕਿਹਾ ਤੁਸੀਂ ਉਹ ਸਾਰਾ ਕੁਝ ਨਹੀਂ ਵਿਖਾਇਆ ਜੋ ਟਰੰਪ ਨੇ ਕਿਹਾ ਸੀ ਇਹ ਤਾਂ ਕੇਵਲ ਆਖਰੀ ਲਾਈਨ ਹੈ। ਟਰੰਪ ਨੇ ਵਾਰ ਵਾਰ ਜੋ ਦੁਹਰਾਇਆ ਸੀ ਤੁਸੀਂ ਤੇ ਮੈ ਬਾਖੂਬੀ ਜਾਣਦੇ ਹਾਂ। ਤੁਸੀਂ ਤੇ ਮੈ ਜਾਣਦੇ ਹਾਂ ਕਿ ਟਰੰਪ ਨੇ ਕਿਹਾ ਸੀ ਕਿ ਉਹ ਅਮਰੀਕੀ ਲੋਕਾਂ ਉਪਰ ਫੌਜ ਤਾਇਨਾਤ ਕਰ ਦੇਣਗੇ। ਕੀ ਇਹ ਲੋਕਤੰਤਰ ਹੈ?

ਇਹ ਪੁੱਛੇ ਜਾਣ 'ਤੇ ਕਿ ਬਾਈਡਨ ਪ੍ਰਸ਼ਾਸਨ ਦੀ ਕੋਈ ਵੀ ਅਜਿਹੀ ਚੀਜ਼ ਨਹੀਂ ਹੈ ਜਿਸ ਨੂੰ ਉਹ ਬਦਲਣਾ ਚਹੁੰਣਗੇ ਤਾਂ ਹੈਰਿਸ ਨੇ ਕਿਹਾ ਮੈ ਸਪੱਸ਼ਟ ਕਰਨਾ ਚਹੁੰਦੀ ਹਾਂ ਕਿ ਮੇਰਾ ਕਾਰਜਕਾਲ ਬਾਈਡਨ ਪ੍ਰਸ਼ਾਸਨ ਦੇ ਕਾਰਜਕਾਲ ਦੀ ਨਿਰੰਤਰਤਾ ਨਹੀਂ ਹੋਵੇਗਾ। ਮੈ ਆਪਣੇ ਤਰੀਕੇ ਨਾਲ ਕੰਮ ਕਰਾਂਗੀ। ਹੈਰਿਸ ਨੇ ਕਿਹਾ ਕਿ ਉਹ ਘਰਾਂ ਦੀ ਘਾਟ ਦੀ ਸਮੱਸਿਆ ਨੂੰ ਹੱਲ ਕਰਨ ਤੇ ਛੋਟੇ ਕਾਰੋਬਾਰਾਂ ਨੂੰ ਉਤਸ਼ਾਹਿਤ ਕਰਨ ਵਾਸਤੇ ਰਿਪਬਲੀਕਨਾਂ ਤੇ ਕਾਰੋਬਾਰੀ ਮਾਲਕਾਂ ਦੇ ਵਿਚਾਰਾਂ ਨੂੰ ਅਹਿਮੀਅਤ ਦੇਣਗੇ। ਉਨਾਂ ਕਿਹਾ ਬਾਈਡਨ ਕੋਲ ਨਿਰਨੇ ਲੈਣ ਤੇ ਰਾਸ਼ਟਰਪਤੀ ਵਜੋਂ ਕੰਮ ਕਰਨ ਦਾ ਤਜ਼ਰਬਾ ਹੈ। ਉਨਾਂ ਨੇ ਅਹੁੱਦਾ ਸੰਭਾਲਣ ਸਬੰਧੀ ਟਰੰਪ ਦੀ ਯੋਗਤਾ ਉਪਰ ਸਵਾਲ ਉਠਾਇਆ ਤੇ ਕਿਹਾ ਚੋਣ ਟਰੰਪ ਲੜ ਰਿਹਾ ਹੈ ਬਾਈਡਨ ਨਹੀਂ। ਇਹ ਪਹਿਲੀ ਵਾਰ ਹੈ ਕਿ ਹੈਰਿਸ ਨੇ ਇਕ ਰਾਸ਼ਟਰਪਤੀ ਉਮੀਦਵਾਰ ਵਜੋਂ ਕੰਜ਼ਰਵੇਟਿਵ ਮੀਡੀਆ ਨੈੱਟਵਰਕ ਉਪਰ 30 ਮਿੰਟ ਗੱਲਬਾਤ ਕੀਤੀ ਹੈ ਜੋ ਮੀਡੀਆ ਅਕਸਰ ਅਜਿਹੇ ਪ੍ਰੋਗਰਾਮ ਅਯੋਜਿਤ ਕਰਦਾ ਹੈ ਜਿਨਾਂ ਵਿਚ ਹੈਰਿਸ ਤੇ ਹੋਰ ਡੈਮੋਕਰੈਟਿਕ ਆਗੂਆਂ ਦਾ ਮਜ਼ਾਕ ਉਡਾਇਆ ਜਾਂਦਾ ਹੈ ਤੇ ਟਰੰਪ ਦੀਆਂ ਨੀਤੀਆਂ ਦੀ ਪ੍ਰਸੰਸਾ ਕੀਤੀ ਜਾਂਦੀ ਹੈ। ਮੁਲਾਕਾਤ ਉਪਰੰਤ ਹੈਰਿਸ ਦੇ ਇਕ ਬੁਲਾਰੇ ਬਰੀਅਨ ਫਾਲੋਨ ਨੇ ਕਿਹਾ ਕਿ "ਅਸੀਂ ਮਹਿਸੂਸ ਕਰਦੇ ਹਾਂ ਕਿ ਨਿਸ਼ਚਤ ਤੌਰ 'ਤੇ ਜੋ ਅਸੀਂ ਚਹੁੰਦੇ ਸੀ ਉਹ ਹਾਸਲ ਕੀਤਾ ਹੈ ਤੇ ਹੈਰਿਸ ਉਨਾਂ ਅਮਰੀਕੀਆਂ ਤੱਕ ਪਹੁੰਚ ਕਰਨ ਵਿਚ ਕਾਮਯਾਬ ਹੋਈ ਹੈ ਜੋ ਸੰਭਾਵੀ ਤੌਰ 'ਤੇ ਪਹਿਲਾਂ ਹੈਰਿਸ ਬਾਰੇ ਸਹਿਜ ਨਹੀਂ ਸਨ।"

ਬੁਲਾਰੇ ਨੇ ਹੋਰ ਕਿਹਾ ਇਕ ਗੈਰ ਦੋਸਤ ਮੇਜ਼ਬਾਨ ਅੱਗੇ ਹੈਰਿਸ ਮਜ਼ਬੂਤੀ ਨਾਲ ਪੇਸ਼ ਆਈ ਹੈ। ਇਥੇ ਜਿਕਰਯੋਗ ਹੈ ਕਿ ਇਹ ਮੁਲਾਕਾਤ ਹੈਰਿਸ ਦੁਆਰਾ ਰਿਪਬਲੀਕਨਾਂ ਵੋਟਰਾਂ ਨੂੰ ਸਿੱਧੀ ਅਪੀਲ ਕਰਨ ਦਾ ਹਿੱਸਾ ਹੈ। ਫੌਕਸ ਨਿਊਜ਼ ਨਾਲ ਮੁਲਾਕਾਤ ਤੋਂ ਪਹਿਲਾਂ ਹੈਰਿਸ ਨੇ ਕਿਹਾ ਸੀ ਕਿ ਪੈਨਸਿਲਵਾਨੀਆ ਵਿਚ ਅਹਿਮ ਕਾਊਂਟੀ ਦੇ ਰਿਪਬਲੀਕਨ ਉਸ ਦਾ ਸਮਰਥਨ ਕਰ ਰਹੇ ਹਨ।

# ਰੋਮ ਦੇ ਸ਼ਹਿਰ ਲਵੀਨੀਓ ਵਿਖੇ ਧੂਮ-ਧਾਮ ਨਾਲ ਮਨਾਇਆ ਭਗਵਾਨ ਵਾਲਮੀਕਿ ਜੀ ਦਾ ਪ੍ਰਗਟ ਦਿਵਸ





ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ)- ਇਟਲੀ ਦੇ ਸੂਬੇ ਲਾਸੀਓ ਦੇ ਪ੍ਰਸਿੱਧ ਸ਼ਹਿਰ ਲਵੀਨੀਓ ਵਿਖੇ ਸਥਿਤ ਪ੍ਰਸਿੱਧ ਸ੍ਰੀ ਸਨਾਤਨ ਧਰਮ ਮੰਦਿਰ ਦੀ ਪ੍ਰਬੰਧਕ ਕਮੇਟੀ ਵੱਲੋਂ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਹਾਨ ਤੱਪਸਵੀ, ਦੂਰਦਰਸ਼ੀ, ਮਹਾਨ ਧਾਰਮਿਕ ਗ੍ਰੰਥ "ਸ਼੍ਰੀ ਰਮਾਇਣ" ਰਚੇਤਾ ਭਗਵਾਨ ਵਾਲਮੀਕਿ ਜੀ ਦਾ ਪ੍ਰਗਟ ਦਿਵਸ ਬਹੁਤ ਹੀ ਧੂਮ-ਧਾਮ ਨਾਲ 2 ਨਵੰਬਰ ਦਿਨ ਸ਼ਨੀਵਾਰ ਨੂੰ ਮਨਾਇਆ। ਇਸ ਮੌਕੇ "ਸ਼੍ਰੀ ਰਮਾਇਣ" ਦੇ ਜਾਪਾਂ ਦੇ ਭੋਗ ਉਪੰਰਤ ਸਜਾਏ ਕੀਰਤਨ ਦਰਬਾਰ ਵਿੱਚ ਭਜਨ ਮੰਡਲੀਆਂ ਵੱਲੋਂ ਆਪਣੀ ਬੁਲੰਦ ਅਤੇ ਸੁਰੀਲੀ ਆਵਾਜ਼ ਵਿੱਚ ਭਗਵਾਨ ਵਾਲਮੀਕਿ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ।

ਇਟਾਲੀਅਨ ਇੰਡੀਅਨ ਪ੍ਰੈੱਸ ਕਲੱਬ ਨੂੰ ਇਹ ਜਾਣਕਾਰੀ ਦਲਬੀਰ ਭੱਟੀ ਪ੍ਰਧਾਨ ਵਾਲਮੀਕਿ ਸਭਾ ਯੂਰਪ ਤੇ ਸ਼੍ਰੀ ਸਨਾਤਨ ਧਰਮ ਮੰਦਿਰ ਲਵੀਨਿਓ(ਰੋਮ) ਨੇ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਦੀ ਵਧਾਈ ਸਮੁੱਚੀ ਕਾਇਨਾਤ ਨੂੰ ਦਿੰਦਿਆਂ ਕਿਹਾ ਕਿ ਭਗਵਾਨ ਵਾਲਮੀਕਿ ਜੀ ਦੀ ਮਹਾਨ ਤਪੱਸਿਆ ਪੂਰੀ ਦੁਨੀਆਂ ਲਈ ਮੁੱਕਤੀ ਦਾ ਪ੍ਰੇਰਨਾ ਸਰੋਤ ਹੈ ਉਹਨਾਂ ਦੀ ਮਹਾਨ ਭਗਤੀ ਤਪੱਸਿਆ ਆਪਣੇ ਆਪ ਵਿੱਚ ਇੱਕ ਵਿੱਲਖਣ ਮਿਸਾਲ ਹੈ।

ਭਗਵਾਨ ਵਾਲਮੀਕਿ ਜੀ ਨੇ ਜਿਸ ਤਿਆਗ, ਸਿੱਦਤ ਅਤੇ ਲਗਨ ਨਾਲ ਪ੍ਰਭੂ ਭਗਤੀ ਕੀਤੀ ਉਹ ਅਦਭੁਤ ਮਿਸ਼ਾਲ ਹੈ। ਉਹਨਾਂ ਦੁਆਰਾ ਰਚਿਤ ਮਹਾਨ ਧਾਰਮਿਕ ਗ੍ਰੰਥ "ਸ਼੍ਰੀ ਰਮਾਇਣ" ਅੱਜ ਸਮੁੱਚੇ ਸੰਸਾਰ ਲਈ ਮੁੱਕਤੀ ਮਾਰਗ ਹੈ। 2 ਨਵੰਬਰ ਨੂੰ ਮਨਾਏ ਜਾ ਰਹੇ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਸਮਾਗਮ ਵਿੱਚ ਸਭ ਸੰਗਤਾਂ ਪਹੁੰਚ ਕੇ ਆਪਣਾ ਲੋਕ ਸੁੱਖੀ ਤੇ ਪ੍ਰਲੋਕ ਸੁਹੇਲਾ ਕਰਨਾ ਚਾਹੀਦਾ ਹੈ ਕਿਉਂਕਿ ਭਗਵਾਨ ਵਾਲਮੀਕਿ ਜੀ ਨੇ ਆਪਣੀ ਦੂਰਦਰਸ਼ੀ ਸ਼ਕਤੀ ਨਾਲ ਹੀ ਸ਼੍ਰੀ ਰਾਮ ਜੀ ਦੇ ਜਨਮ ਤੋਂ ਸੈਂਕੜੇ ਸਾਲ ਪਹਿਲਾਂ ਮਹਾਨ ਧਾਰਮਿਕ ਗ੍ਰੰਥ "ਸ਼੍ਰੀ ਰਮਾਇਣ" ਦੀ ਰਚਨਾ ਕੀਤੀ ਜਿਸ ਦਾ ਫ਼ਲਸਫ਼ਾ ਸਾਡੇ ਲਈ ਕਿਸੇ ਖਜ਼ਾਨੇ ਤੋਂ ਘੱਟ ਨਹੀ ਹੈ।

ਸਾਨੂੰ ਵਿਦੇਸ਼ ਆਕੇ ਵੀ ਆਪਣੇ ਰਹਿਬਰਾਂ, ਗੁਰੂਆਂ ਅਤੇ ਮਹਾਂਪੁਰਸ਼ਾਂ ਨੂੰ ਜ਼ਰੂਰ ਯਾਦ ਕਰਨਾ ਚਾਹੀਦਾ ਹੈ ਉਹਨਾਂ ਦੇ ਦੱਸੇ ਮਾਰਗ ਉਪੱਰ ਚੱਲਕੇ ਆਪਣਾ ਜੀਵਨ ਸਫ਼ਲਾ ਕਰਨਾ ਚਾਹੀਦਾ ਹੈ।

# ਪਹਿਲੀ ਔਰਤ ਰਾਸ਼ਟਰਪਤੀ ਬਣੇ ਇਹ ਸਾਡੇ ਲਈ ਮਾਣ ਵਾਲੀ ਗੱਲ-ਏ ਆਰ ਰਹਿਮਾਨ

## ✪ ਕਮਲਾ ਹੈਰਿਸ ਦੇ ਸਮਰਥਨ ਵਿੱਚ ਆਸਕਰ ਤੇ ਗੈਮੀ ਪੁਰਸਕਾਰ ਵਿਜੇਤਾ ਦੀ ਵੀਡੀਓ ਰਿਕਾਰਡਿੰਗ ਜਾਰੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਆਸਕਰ ਤੇ ਗੈਮੀ ਪੁਰਸਕਾਰ ਜੇਤੂ ਸੰਗੀਤਕਾਰ ਏ ਆਰ ਰਹਿਮਾਨ ਨੇ 2024 ਦੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਜਾਰੀ ਇਕ 30 ਮਿੰਟ ਦੀ ਵੀਡੀਓ ਰਿਕਾਰਡਿੰਗ ਵਿਚ ਆਪਣੀ ਆਵਾਜ਼ ਤੇ ਸੰਗੀਤ ਰਾਹੀਂ ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਦਾ ਸਮਰਥਨ ਕੀਤਾ ਹੈ।

ਇਸ ਗੀਤ ਰਾਹੀਂ ਰਹਿਮਾਨ ਨੇ ਕਮਲਾ ਹੈਰਿਸ ਦੀ ਚੋਣ ਮੁਹਿੰਮ ਨੂੰ ਹੁਲਾਰਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਰਹਿਮਾਨ ਦੱਖਣੀ ਏਸ਼ੀਆ ਤੋਂ ਪਹਿਲਾ ਕੌਮਾਂਤਰੀ ਕਲਾਕਾਰ ਹੈ ਜਿਸ ਨੇ ਹੈਰਿਸ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਹੈ।





*ਜਾਰੀ ਵੀਡੀਓ ਵਿਚ ਨਜਰ ਆ ਰਿਹਾ ਏ ਆਰ ਰਹਿਮਾਨ*

ਪਿਛਲੇ ਦਿਨ ਜਾਰੀ ਆਪਣੀ ਵੀਡੀਓ ਵਿਚ ਉਸ ਨੇ 'ਜੈ ਹੋ' ਸਮੇਤ ਆਪਣੇ ਸਾਰੇ ਲੋਕਪ੍ਰਿਯ ਗਾਣੇ ਸ਼ਾਮਿਲ ਕੀਤੇ ਹਨ ਜਿਨਾਂ ਰਾਹੀਂ ਉਸ ਨੇ ਭਾਰਤੀ ਅਮਰੀਕੀ ਮੱਤਦਾਤਾਵਾਂ ਨੂੰ ਪ੍ਰੇਰਿਤ ਕੀਤਾ ਹੈ ਤੇ ਹੈਰਿਸ ਦੇ ਵਿਸ਼ਵ ਪ੍ਰਤੀ ਨਜ਼ਰੀਏ ਦਾ ਸਮਰਥਨ ਕੀਤਾ ਹੈ। ਰਹਿਮਾਨ ਨੇ ਵੀਡੀਓ ਰਿਕਾਰਡਿੰਗ ਸਮੇ ਐਮ ਆਰ ਰੰਗਾਸਵਾਮੀ ਨਾਲ ਗੱਲਬਾਤ ਕਰਦਿਆਂ ਕਿਹਾ ਕਿ " ਇਹ ਵੇਖਣਾ ਇਕ ਬਹੁਤ ਪ੍ਰੇਰਿਤ ਕਰਨ ਵਾਲੀ ਗੱਲ ਹੈ ਕਿ ਸਾਡੇ ਵਿਚੋਂ ਇਕ ਅਗਵਾਈ ਕਰਨ ਜਾ ਰਿਹਾ ਹੈ। ਇਹ ਬਹੁਤ ਹੀ ਵਧੀਆ ਹੋਵੇਗਾ ਕਿ ਸਾਡੀ ਪਹਿਲੀ ਔਰਤ ਰਾਸ਼ਟਰਪਤੀ ਹੋਵੇਗੀ ਜੋ ਊਰਜਾ ਨਾਲ ਭਰੀ ਹੋਈ ਹੈ ਤੇ ਉਸ ਨੂੰ ਸਾਡੇ ਸਾਰਿਆਂ ਦਾ ਸਮਰਥਨ ਤੇ ਪਿਆਰ ਮਿਲ ਰਿਹਾ ਹੈ।" ਵੀਡੀਓ ਵਿਚ ਰਹਿਮਾਨ ਨੇ ਹੈਰਿਸ ਤੇ ਵਿਸ਼ਵ ਭਰ ਦੀਆਂ ਔਰਤਾਂ ਨੂੰ ਸਮਰਪਿਤ ਇਕ ਵਿਸ਼ੇਸ਼ ਗੀਤ ਵੀ ਸ਼ਾਮਿਲ ਕੀਤਾ ਹੈ ਜਿਸ ਦੇ ਬੋਲ ਹਨ "ਯੇਰੂ ਯੇਰੂ ਯੇਰੂ ਨਿਨਜਿਲ ਪਾਲਮੀ ਕੁੰਡੂ ਯੇਰੂ"।

ਰਹਿਮਾਨ ਨੇ ਕਿਹਾ ਹੈ ਕਿ ਇਹ ਗੀਤ ਵਿਸ਼ਵ ਦੀਆਂ ਸਾਰੀਆਂ ਔਰਤਾਂ ਤੇ ਵਿਸ਼ੇਸ਼ ਕਰਕੇ ਕਮਲਾ ਜੀ ਨੂੰ ਸਮਰਪਿਤ ਹੈ। ਉਨਾਂ ਕਿਹਾ "ਇਹ ਗੀਤ ਤੁਹਾਡੇ ਲਈ ਹੈ ਜਿਸ ਦੇ ਅਰਥ ਤੁਸੀਂ ਜਾਣਦੇ ਹੋ। ਮੈ ਤੁਹਾਡੀ ਸਫਲਤਾ ਦੀ ਕਾਮਨਾ ਕਰਦਾ ਹਾਂ।"

ਰਹਿਮਾਨ ਦੀ ਇਹ ਵੀਡੀਓ ਆਪੀ ਵਿਕਟਰੀ ਫੰਡ ਦੇ ਯੂ ਟਿਊਬ ਚੈਨਲ ਉਪਰ ਜਾਰੀ ਕੀਤੀ ਗਈ ਹੈ। ਆਪੀ ਵਿਕਟਰੀ ਫੰਡ ਦੇ ਚੇਅਰਮੈਨ ਸ਼ੇਖਰ ਨਰਾਸਿਮਹਾਨ ਨੇ ਕਿਹਾ ਹੈ ਕਿ ਇਹ ਕੇਵਲ ਸੰਗੀਤਕ ਵੀਡੀਓ ਹੀ ਨਹੀਂ ਹੈ ਬਲਕਿ ਸਾਡੇ ਭਾਈਚਾਰੇ ਲਈ ਸੱਦਾ ਹੈ ਕਿ ਉਹ ਉਸ ਭਵਿੱਖ ਲਈ ਵੋਟ ਪਾਉਣ ਜਿਸ ਨੂੰ ਉਹ ਚਹੁੰਦੇ ਹਨ।

# ਇਟਲੀ ਵਿਚ ਚਲਾਉਂਦੀ ਹੈ ਰਾਜਦੀਪ ਕੌਰ ਬੱਸ

ਵੈਨਿਸ (ਇਟਲੀ)-ਸੈਂਟਰਲ ਇਟਲੀ ਦੇ ਤੋਸਕਾਨਾ ਸੂਬੇ ਦੇ ਵਿਚ ਸਥਿੱਤ ਪੀਜਾ ਸ਼ਹਿਰ ਨੇੜੇ ਰਹਿਣ ਵਾਲੀ ਪੰਜਾਬਣ ਲੜਕੀ ਰਾਜਦੀਪ ਕੌਰ ਨੇ ਸਖਤ ਮਿਹਨਤ ਅਤੇ ਲਗਨ ਸਦਕਾ ਡਰਾਇਵਿੰਗ ਦੇ ਖੇਤਰ ਵਿਚ ਕਠਿਨ ਪ੍ਰੀਖਿਆਵਾਂ ਨੂੰ ਪਾਸ ਕਰਦੇ ਹੋਇਆ ਇੱਥੇ ਬੱਸ ਚਲਾਉਣ ਦਾ ਇਟਾਲੀਅਨ ਲਾਇਸੈਂਸ ਹਾਸਿਲ ਕੀਤਾ ਹੈ ਤੇ ਹੁਣ ਉਹ ਇਟਲੀ ਦੀ ਨਾਮਵਰ ਕੰਪਨੀ 'ਦਾਂਤੀ' ਵਿਚ ਬਤਨਰ ਬੱਸ ਡਰਾਈਵਰ ਦੇ ਤੌਰ 'ਤੇ ਨੌਕਰੀ ਹਾਸਿਲ ਕਰਕੇ ਸੇਵਾਵਾਂ ਨਿਭਾਅ ਰਹੀ ਹੈ।

ਪਿਛੋਕੜ ਤੋਂ ਰਾਜਦੀਪ ਕੌਰ ਜਲੰਧਰ ਜਿਲੇ ਦੇ ਪਿੰਡ ਜੱਲੋਵਾਲ ਨਾਲ਼ ਸਬੰਧਿਤ ਹੈ ਤੇ ਵਿਆਹ ਉਪਰੰਤ ਸਾਲ 2012 ਵਿਚ ਆਪਣੇ ਪਤੀ ਕੁਲਵਿੰਦਰ ਸਿੰਘ ਨਾਲ਼ ਇਟਲੀ ਪਹੁੰਚੀ ਸੀ।' ਰਾਜਦੀਪ ਕੌਰ ਨੇ ਦੱਸਿਆ ਕਿ ਬੱਸ ਦੇ ਲਾਇਸੈਂਸ ਦੀ ਪੜ੍ਹਾਈ ਉਸ ਨੇ ਇਟਲੀ ਦੇ ਪ੍ਰਸਿੱਧ ਪੰਜਾਬੀ ਡਰਾਈਵਿੰਗ ਸਕੂਲ ਤੋਂ ਹਾਸਿਲ ਕੀਤੀ ਹੈ।

